
# ਮਾਲਣ ਤੇ ਫੁਲਵਾੜੀ



ਸ. ਨ. ਸੇਵਕ

# ਮਾਲਣ ਤੇ ਫੁਲਵਾੜੀ

(ਜੀਵਨੀ)

SUCHET

ਏਸੇ ਕਲਮ 'ਚੋਂ :

| | | |
|---|---|---|
| ਇਕ ਸੁਪਨਾ ਇਕ ਸਮਾਜ (ਵਾਰਤਕ) | - | 1965 |
| ਕਾਲਾ ਸੋਨਾ ਗੋਰੇ ਲੋਕ (ਸਫ਼ਰਨਾਮਾ) | - | 1972 |
| ਪੰਝੀ ਨਵੀਆਂ ਕਹਾਣੀਆਂ (ਸੰਪਾਦਨ) | - | 1973 |
| ਫ਼ਰਹਾਦ (ਕਾਵਿ-ਨਾਟਕ) | - | 1974 |
| ਰੁੱਤ ਕੰਡਿਆਲੀ (ਗ਼ਜ਼ਲ-ਕਾਵਿ-ਸੰਗ੍ਰਹਿ) | - | 1985 |
| ਮਦਾਰੀ (ਨੁੱਕੜ ਨਾਟਕ) | - | 1985 |
| ਤਖ਼ਤ ਸਿੰਘ : ਲੰਮੇ ਸਫ਼ਰ ਦੀ ਦਾਸਤਾਨ (ਸੰਪਾਦਨ) | - | 1986 |
| ਸੁਰਜੀਤ ਪਾਤਰ : ਸੂਰਜ ਦਾ ਹਮਸਫ਼ਰ (ਸੰਪਾਦਨ) | - | 1986 |
| ਜੀਵਨ-ਮੰਚ (ਨਾਟਕ ਸੰਗ੍ਰਹਿ) | - | 1989 |
| ਜਨਮ ਦਿਨ (ਪੂਰਾ ਨਾਟਕ) | - | 1998 |
| ਚੋਣਵੇਂ ਪਾਕਿਸਤਾਨੀ ਪੰਜਾਬੀ ਇਕਾਂਗੀ (ਸੰਪਾਦਨ) | - | 1999 |
| ਰਿਸ਼ਤੇ (ਪੂਰਾ ਨਾਟਕ) | - | 2003 |
| ਦੁੱਲਾ : ਕੁਕਨੁਸ ਮਰਦਾ ਨਹੀਂ (ਪੂਰਾ ਨਾਟਕ) | - | 2006 |
| Current Problems of Indian Education | - | 1966 |
| Teaching of English | - | 1969 |
| Scientific and Technical Writing | - | 1991 |
| Guru Gobind Singh : The Apostle of Universal Brotherhood | - | 1999 |
| Reflections on Sikh Scripture (Translation) | - | 2006 |

# ਮਾਲਣ ਤੇ ਫੁਲਵਾੜੀ

ਸ. ਨ. ਸੇਵਕ

SUCHET

ਕਲਾ ਸੰਚਾਰ
ਲੁਧਿਆਣਾ

**Malan Te Phulwari**
A Biography
By
Dr. S.N.Sewak
2998, Gurdev Nagar
Ludhiana.

ਕਾਪੀ ਰਾਈਟ : ਡਾ: ਸਤਿਆ ਨੰਦ ਸੇਵਕ

ਪਹਿਲੀ ਵਾਰ : 2006
ਸਰਵਰਕ : ਫਸਟਵਰਡ ਪਬਲੀਕੇਸ਼ਨਜ਼, ਲੁਧਿਆਣਾ, 98722-74145
ਪ੍ਰਕਾਸ਼ਕ : **ਕਲਾ ਸੰਚਾਰ**
2998, ਗੁਰਦੇਵ ਨਗਰ, ਲੁਧਿਆਣਾ, 0161-2403432
ਛਾਪਕ : ਸਵਾਮੀ ਪ੍ਰਿੰਟਰਜ਼, ਹੈਬੋਵਾਲ ਕਲਾਂ, ਲੁਧਿਆਣਾ
ਸ਼ਬਦ-ਜੜਤ : ਹਰਜੀਤ ਕੌਰ
ਮੁੱਲ : 100 ਰੁਪਏ (ਸਜਿਲਦ)
50 ਰੁਪਏ (ਪੇਪਰ ਬੈਕ)

SUCHET

# ਚਾਰ ਹੰਝੂ

ਮੈਂ ਇਹ ਕਿਤਾਬ ਆਪਣੇ ਹੰਝੂਆਂ ਨਾਲ ਲਿਖੀ ਹੈ।

ਸਾਹਿੱਤ ਦੇ ਹੋਰ ਰੂਪਾਂ ਵਾਂਗ ਜੀਵਨੀ ਵੀ ਇਕ ਵੱਖਰਾ ਸਾਹਿੱਤ ਰੂਪ ਹੈ। ਇਹ ਜੀਵਨੀ ਮੇਰੀ ਆਤਮ-ਕਥਾ ਨਹੀਂ, ਭਰਾਵਾਂ ਬਾਈ ਦੀ ਜੀਵਨ-ਕਥਾ ਹੈ। ਉਹ ਮੇਰੀ ਮਾਂ ਹੀ ਨਹੀਂ ਸੀ, ਪਰਿਵਾਰ ਦੀ ਮੁਖੀ ਵੀ ਸੀ ਤੇ ਸਾਡੀ ਰਹਿਬਰ ਵੀ। ਉਸ ਦਾ ਜੀਵਨ ਕਾਲ ਦੇਸ਼ ਦੀ ਗ਼ੁਲਾਮੀ, ਆਜ਼ਾਦੀ ਲਈ ਜੱਦੋ ਜਹਿਦ, ਸੁਤੰਤਰਤਾ ਤੋਂ ਬਾਅਦ ਦੇਸ਼ ਦੇ ਵਿਕਾਸ, ਅਤੇ ਕਈ ਸਮਾਜਕ ਤੇ ਸਭਿਆਚਾਰਕ ਤਬਦੀਲੀਆਂ ਦਾ ਸਮਾਂ ਵੀ ਸੀ। ਦਰਅਸਲ ਉਨ੍ਹਾਂ ਦਾ ਜੀਵਨ ਦੇਸ਼ ਦੇ ਸਮਾਜ-ਸਾਸ਼ਤ੍ਰੀ ਪਰਿਵਰਤਨ ਨਾਲ ਜੁੜਿਆ ਹੋਇਆ ਸੀ। ਇਸ ਲਈ ਉਨ੍ਹਾਂ ਦੀ ਜੀਵਨ-ਕਥਾ ਸਾਡੀ ਸਮਾਜ ਤੇ ਦੇਸ਼ ਦੇ ਕਈ ਇਹੋ ਜਿਹੇ ਪੱਖਾਂ ਦੀ ਤਸਵੀਰ ਪੇਸ਼ ਕਰਦੀ ਹੈ ਜਿਸ ਨੂੰ ਸਮਝਣਾ ਤੇ ਪਰਖਣਾ ਬੜਾ ਜ਼ਰੂਰੀ ਹੈ। ਉਨ੍ਹਾਂ ਦਾ ਜੀਵਨ ਕਿਸੇ ਸ਼ਾਂਤ ਝੀਲ ਵਾਂਗ ਨਹੀਂ ਸਗੋਂ ਇਕ ਅਸ਼ਾਂਤ ਨਦੀ ਵਾਂਗ ਹੈ ਜਿਹੜੀ ਕਠਿਨ ਰਾਹਵਾਂ 'ਚੋਂ ਗੁਜ਼ਰਦੀ ਹੋਈ ਅਤੇ ਆਪਣੇ ਆਲੇ ਦੁਆਲੇ ਨੂੰ ਪ੍ਰਭਾਵਿਤ ਕਰਦਿਆਂ ਆਪਣੀ ਮੰਜ਼ਿਲ ਤੇ ਪਹੁੰਚਦੀ ਹੈ। ਉਸ ਦਾ ਜੀਵਨ ਸਾਡੀ ਸਮਾਜਕ ਟੋਰ ਦੀ ਸਹੀ ਅੱਕਾਸੀ ਕਰਦਾ ਹੈ।

ਹਰ ਸਾਹਿੱਤਕ ਵਿਧਾ ਆਪਣੇ ਵਿਸ਼ੇ ਵਸਤੂ ਦੀ ਲੋੜ ਅਨੁਸਾਰ ਆਪਣੀ ਸ਼ੈਲੀ ਨਿਰਧਾਰਿਤ ਕਰਦੀ ਹੈ। ਮੇਰੀ ਵੱਡੀ ਸਮੱਸਿਆ ਇਹ ਸੀ ਕਿ ਮੈਂ ਇਕ ਜੀਵਨੀ ਲੇਖਕ ਵੀ ਸਾਂ ਤੇ ਇਕ ਦਲੇਰ ਮਾਂ ਦਾ ਪੁੱਤਰ ਵੀ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਕਿਸੇ ਜੀਵਨੀ-ਲੇਖਕ ਵਾਲੀ ਨਿਰਪੱਖਤਾ ਤੇ ਬੇਟੇ ਵਾਲੀ ਭਾਵੁਕਤਾ ਵਿਚਲੇ ਫ਼ਾਸਲੇ ਨੂੰ ਮੈਂ ਕਿਵੇਂ ਤੈਅ ਕਰਾਂ ਗਾ? ਹੰਝੂਆਂ ਦਾ ਤੇ ਵਿਚਾਰਾਂ ਦਾ ਸੁਮੇਲ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਪਰ ਜਦੋਂ ਮੈਂ ਇਸ ਪੁਸਤਕ ਦਾ ਪਹਿਲਾ ਅਧਿਆਇ ਲਿਖਣਾ ਸ਼ੁਰੂ ਕੀਤਾ ਤਾਂ ਇਹ ਗੁੰਝਲ ਆਪੇ ਹੱਲ ਹੋ ਗਈ। ਮੇਰੇ ਅੰਦਰਲੇ ਭਾਵਾਂ ਤੇ ਖ਼ਿਆਲਾਂ ਨੇ ਆਪਣਾ ਰਸਤਾ ਆਪੇ ਲਭ ਲਿਆ – ਠੀਕ ਉਸ ਨਦੀ ਵਾਂਗ ਜੋ ਆਪਣੇ ਰਾਹ ਬਣਾਉਂਦੀ ਹੋਈ ਹੋਂਦ-ਅਣਹੋਂਦ ਦੇ ਵਿਸ਼ਾਲ ਸਾਗਰ ਵਿਚ ਸਮਾ ਗਈ। ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਭਰਾਵਾਂ ਬਾਈ ਆਪ ਮੇਰਾ ਮਾਰਗ ਦਰਸ਼ਨ ਕਰ ਰਹੀ ਹੋਵੇ। ਇਹੀ ਕਾਰਣ ਹੈ ਕਿ ਇਸ ਜੀਵਨੀ ਦੀ ਨਾਇਕਾ ਕਈ ਵਾਰੀ ਮੇਰੇ ਲਈ ਸੰਘਰਸ਼ਪੂਰਣ ਭਰਾਵਾਂ ਬਾਈ ਹੈ, ਕਈ ਵਾਰੀ ਮਾਂ, ਤੇ ਕਈ ਵਾਰੀ ਸ਼ੂਕਦੀ ਨਦੀ ਜਿਸ ਵਿਚ ਸਮਾਜਕ ਬੰਧਨਾਂ,

ਧਾਰਮਕ ਕੱਟੜਤਾਵਾਂ, ਤੇ ਨਿਰਮੂਲ ਵਹਿਮਾਂ-ਭਰਮਾਂ ਨੂੰ ਤੋੜਨ ਦੀ ਸ਼ਕਤੀ ਹੈ। ਮੈਨੂੰ ਆਸ ਹੈ ਕਿ ਹੰਝੂ ਕੇਰਦਾ ਹੋਇਆ ਵੀ ਮੈਂ ਉਸ ਨਾਲ ਲੇਖਕ ਵਜੋਂ ਨਿਆਂ ਕਰ ਸਕਿਆ ਹਾਂ।

ਇਸ ਕਿਤਾਬ ਨੂੰ ਲਿਖਣ ਦੀ ਪ੍ਰੇਰਣਾ ਮੈਨੂੰ ਬਿਆਸ ਦੇ ਆਪਣੇ ਪਿੰਡ ਵਾਸੀਆਂ ਤੋਂ ਮਿਲੀ। ਪਿਛਲੇ ਸਾਲ 8 ਅਕਤੂਬਰ ਨੂੰ ਬਿਆਸ ਵਿਚ ਮਾਤਾ ਜੀ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ ਇੰਗਲੈਂਡ ਤੋਂ ਆਈ ਮੇਰੀ ਭੈਣ ਅੰਮ੍ਰਿਤ ਵੀ ਸ਼ਾਮਿਲ ਸੀ। ਅਸੀਂ ਮਾਤਾ ਜੀ ਦੀ ਜੀਵਨੀ ਬਾਰੇ ਦੋ ਸਫ਼ਿਆਂ ਦਾ ਇਕ ਲੇਖ ਅੰਗ੍ਰੇਜ਼ੀ ਵਿਚ ਵੰਡਿਆ। ਸਾਰੇ ਲੋਕਾਂ ਨੇ ਇਕ ਆਵਾਜ਼ ਵਿਚ ਮੈਨੂੰ ਆਖਿਆ ਕਿ ਮਾਤਾ ਜੀ ਬਾਰੇ ਪੰਜਾਬੀ ਵਿਚ ਇਕ ਕਿਤਾਬ ਲਿਖੋ, ਸਾਨੂੰ ਅੰਗ੍ਰੇਜ਼ੀ ਵਿਚ ਉਨ੍ਹਾਂ ਬਾਰੇ ਨਾ ਦੱਸੋ। ਮੈਂ ਉਸੇ ਵੇਲੇ ਐਲਾਨ ਕੀਤਾ ਕਿ ਮੈਂ ਇਹ ਜੀਵਨੀ ਅਗਲੇ ਸਾਲ ਉਨ੍ਹਾਂ ਨੂੰ ਜ਼ਰੂਰ ਦੇ ਦੇਵਾਂ ਗਾ। ਇਸ ਤਰ੍ਹਾਂ ਇਹ ਪੁਸਤਕ ਉਨ੍ਹਾਂ ਦੇ ਅਨੁਰੋਧ ਤੇ ਲਿਖੀ ਗਈ ਹੈ। ਉਸ ਮੌਕੇ ਤੇ ਪ੍ਰਸਿੱਧ ਉਰਦੂ ਕਵੀ ਸਰਦਾਰ ਪੰਛੀ ਵੀ ਮੌਜੂਦ ਸਨ ਤੇ ਉਨ੍ਹਾਂ ਇਕ ਸ਼ਰਧਾਂਜਲੀ 'ਗੁਲਹਾਏ ਅਕੀਦਤ' ਪੜ੍ਹੀ ਸੀ। ਅੰਮ੍ਰਿਤ ਨੇ ਵੀ ਇਕ ਕਵਿਤਾ ਸੁਣਾਈ ਸੀ। ਇਹ ਦੋਵੇਂ ਨਜ਼ਮਾਂ ਤੇ ਮੇਰੀ ਆਪਣੀ ਪਹਿਲੋਂ ਲਿਖੀ ਇਕ ਕਵਿਤਾ 'ਸਮਰੱਪਣ' ਵੀ ਇਸ ਵਿਚ ਸ਼ਾਮਿਲ ਹਨ।

ਮੈਂ ਆਪਣੇ ਸਾਰੇ ਪਿੰਡ ਵਾਸੀਆਂ ਤੇ ਖ਼ਾਸ ਕਰ ਕੇ ਸਰਪੰਚ ਬਾਵਾ ਸ਼ਿਵ ਸਿੰਘ, ਬਾਵਾ ਗੁਰਸ਼ਰਨ ਸਿੰਘ, ਬਾਬੂ ਸ਼ਾਮ ਲਾਲ, ਸ: ਭਜਨ ਸਿੰਘ ਚੀਮਾ, ਸ: ਸੰਤੋਖ ਸਿੰਘ, ਡਾ: ਪਵਨ ਕੁਮਾਰ ਭਾਰਦਵਾਜ, ਸ: ਹੰਸਾ ਸਿੰਘ ਤੇ ਹੋਰ ਕਈ ਦੋਸਤਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਇਸ ਸੰਬੰਧੀ ਮੈਨੂੰ ਬੜਾ ਉਤਸਾਹ ਦਿੱਤਾ। ਮੈਂ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਦਾ ਵੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੈਨੂੰ ਮਾਤਾ ਜੀ ਬਾਰੇ ਕਈ ਅਜਿਹੀਆਂ ਗੱਲਾਂ ਦੱਸੀਆਂ ਜਿਨ੍ਹਾਂ ਦਾ ਮੈਨੂੰ ਵੀ ਪਤਾ ਨਹੀਂ ਸੀ। ਇਨ੍ਹਾਂ ਵਿਚ ਮਾਸੀ ਲਛਮੀ ਬਾਈ, ਸ੍ਰੀਮਤੀ ਸ਼ੀਲਾ ਦੇਵੀ, ਸ੍ਰੀ ਧਰਮ ਪਾਲ, ਤੇ ਸ੍ਰੀਮਤੀ ਪਾਰਬੱਤੀ ਦੇ ਨਾਂ ਉੱਘੇ ਹਨ ਜਿਨ੍ਹਾਂ ਨੂੰ ਮੈਂ ਆਪ ਜਾ ਕੇ ਮਿਲਿਆ ਜਾਂ ਫ਼ੋਨਾਂ ਰਾਹੀਂ ਸੂਚਨਾ ਪ੍ਰਾਪਤ ਕੀਤੀ।

ਮੇਰੀ ਪਤਨੀ ਅੰਮ੍ਰਿਤਾ ਸੇਵਕ, ਭੈਣਾਂ ਈਸ਼ਵਰ ਤੇ ਅੰਮ੍ਰਿਤ, ਤੇ ਬੱਚਿਆਂ ਵਿਜੈ ਤੇ ਆਦਿਤਯ ਨੇ ਤਾਂ ਇਸ ਕਿਤਾਬ ਲਈ ਇਕ ਇਕ ਅਧਿਆਇ ਵੀ ਲਿਖਿਆ ਹੈ। ਮੈਂ ਉਨ੍ਹਾਂ ਦੇ ਵਿਚਾਰਾਂ ਨੂੰ ਉਸੇ ਤਰ੍ਹਾਂ ਪੇਸ਼ ਕੀਤਾ ਹੈ ਜਿਵੇਂ ਉਨ੍ਹਾਂ ਹਿੰਦੀ ਜਾਂ ਅੰਗ੍ਰੇਜ਼ੀ ਵਿਚ ਲਿਖਿਆ ਸੀ। ਇਨ੍ਹਾਂ ਸਾਰਿਆਂ ਦਾ ਮੈਂ ਦਿਲੋਂ ਆਭਾਰੀ ਹਾਂ।

ਸਰਦਾਰ ਪੰਛੀ ਮਾਤਾ ਜੀ ਨੂੰ ਮਿਲੇ ਵੀ ਸਨ ਤੇ ਉਨ੍ਹਾਂ ਬਾਰੇ ਮੈਂ ਉਨ੍ਹਾਂ ਨੂੰ ਵਿਸਥਾਰ ਵਿਚ ਦਸਿਆ ਵੀ ਸੀ। ਮਾਤਾ ਜੀ ਬਾਰੇ ਉਨ੍ਹਾਂ ਦੀ ਨਜ਼ਮ ਇਕ ਕਲਾਸੀਕਲ ਰਚਨਾ ਹੈ ਜਿਸ ਲਈ ਮੈਂ ਉਨ੍ਹਾਂ ਦਾ ਤਹਿ ਦਿਲ ਤੋਂ ਸ਼ੁਕਰੀਆ ਅਦਾ ਕਰਦਾ ਹਾਂ। ਇਸ ਕਿਤਾਬ ਦੀ ਖ਼ੂਬਸੂਰਤ ਸ਼ਬਦ

ਜੜਤ ਲਈ ਮੈਂ ਹਰਜੀਤ ਕੌਰ ਦਾ ਤੇ ਵਧੀਆ ਛਪਾਈ ਲਈ ਸੁਆਮੀ ਪ੍ਰਿੰਟਰਜ਼ ਦਾ ਧੰਨਵਾਦੀ ਹਾਂ।

ਇਸ ਪੁਸਤਕ ਵਿਚਲੀਆਂ ਉਕਾਈਆਂ ਲਈ ਮੈਂ ਆਪ ਜ਼ਿੰਮੇਵਾਰ ਹਾਂ ਤੇ ਇਸ ਵਿਚਲੀਆਂ ਖ਼ੂਬੀਆਂ ਕੇਵਲ ਤੇ ਕੇਵਲ ਭਰਾਵਾਂ ਬਾਈ ਦੀਆਂ ਹਨ, ਹੋਰ ਕਿਸੇ ਦੀਆਂ ਨਹੀਂ।

- **ਡਾ: ਸਤਿਆ ਨੰਦ ਸੇਵਕ**
2998, ਗੁਰਦੇਵ ਨਗਰ
ਲੁਧਿਆਣਾ-141001
24 ਸਤੰਬਰ, 2006

SUCHET

# ਤਤਕਰਾ


| | | |
|---|---|---|
| | ਚਾਰ ਹੰਝੂ | 5 |
| 1. | ਇਕ ਆਸ ਦਾ ਜਨਮ | 9 |
| 2. | ਚੱਕ ਨੰਬਰ ਚੁਰਾਨਵੇਂ | 14 |
| 3. | ਕੰਡਿਆਂ ਦਾ ਸਫ਼ਰ | 20 |
| 4. | ਅਸਲੀ ਸਾਥ | 27 |
| 5. | ਚੀਚਾ ਵਤਨੀ | 34 |
| 6. | ਖ਼ੂਨ ਦੀ ਹੋਲੀ | 42 |
| 7. | ਟ੍ਰੇਨ ਟੂ ਇੰਡੀਆ | 50 |
| 8. | ਅੰਮ੍ਰਿਤਸਰ ਸਾਡਾ ਘਰ | 59 |
| 9. | ਕਦੇ ਖ਼ੁਸ਼ੀ ਕਦੇ ਗ਼ਮ | 70 |
| 10. | ਸ਼ਹੁ ਸਾਗਰ ਵਿਚਕਾਰ | 80 |
| 11. | ਮਾਲਣ ਤੇ ਫੁਲਵਾੜੀ | 89 |
| 12. | ਸਫ਼ਰ ਦਾ ਅੰਤ | 97 |
| 13. | ਅਧੂਰੀਆਂ ਗੱਲਾਂ : ਅੰਮ੍ਰਿਤਾ ਸੇਵਕ | 106 |
| 14. | ਮਾਵਾਂ ਧੀਆਂ | 113 |
| | ਅਭੁੱਲ ਯਾਦਾਂ : ਈਸ਼ਵਰ ਦੇਵੀ | |
| | ਮੇਰੀ ਮਾਂ : ਅੰਮ੍ਰਿਤਾ ਸੁਰਿੰਦਰ ਮੋਹਨ | |
| 15. | ਫੁੱਲਾਂ ਦੀ ਮਹਿਕ | 122 |
| | ਵਿਸ਼ਵਾਸ ਦੀ ਮੂਰਤ : ਡਾ: ਵਿਜੈ ਅਰੋੜਾ | |
| | ਸੁਪਨਿਆਂ ਦੀ ਰਾਣੀ : ਡਾ: ਆਦਿਤਯ ਸੇਵਕ | |
| 16. | ਸ਼ਰਧਾਂਜਲੀ | 132 |
| | ਗੁਲਹਾਏ ਅਕੀਦਤ : ਸਰਦਾਰ ਪੰਛੀ | |
| | ਸਮੱਰਪਣ : ਸ. ਨ. ਸੇਵਕ | |
| 17. | ਚਿਤ੍ਰਾਵਲੀ | 139 |

ਇਸ ਪੁਸਤਕ ਨੂੰ ਆਰੀਆ ਸਮਾਜ ਬਿਆਸ ਟ੍ਰਸਟ, ਬਿਆਸ, ਜ਼ਿਲ੍ਹਾ ਅੰਮ੍ਰਿਤਸਰ ਲਈ ਕਲਾ ਸੰਚਾਰ, ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ ਤੇ ਇਸ ਨੂੰ ਭਰਾਵਾਂ ਬਾਈ ਆਰੀਆ ਜਨਰਲ ਤੇ ਡੈਂਟਲ ਹਸਪਤਾਲ ਬਿਆਸ (ਅੰਮ੍ਰਿਤਸਰ) ਦੇ ਉਦਘਾਟਨ ਦੇ ਅਵਸਰ ਤੇ 1 ਅਕਤੂਬਰ, 2006 ਨੂੰ ਰਿਲੀਜ਼ ਕੀਤਾ ਗਿਆ।

# ਇਕ ਆਸ ਦਾ ਜਨਮ

ਇਹ ਗੱਲ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੀ ਹੈ-ਸ਼ਾਇਦ 1914 ਦੀ।

ਉਦੋਂ ਪਹਿਲਾ ਵਿਸ਼ਵ ਮਹਾਂ ਯੁੱਧ ਜ਼ੋਰਾਂ ਤੇ ਸੀ। ਹਿੰਦੁਸਤਾਨ ਤੇ ਵੀ ਇਸ ਦਾ ਅਸਰ ਪੈ ਰਿਹਾ ਸੀ ਕਿਉਂਕਿ ਲੱਖਾਂ ਹਿੰਦੁਸਤਾਨੀ ਸਿਪਾਹੀ ਦੁਨੀਆਂ ਭਰ ਵਿਚ ਵੱਖ ਵੱਖ ਮੋਰਚਿਆਂ ਤੇ ਇਤਹਾਦੀਆਂ ਦੀ ਕਮਾਨ ਵਿਚ ਲੜ ਰਹੇ ਸਨ। ਪੰਜਾਬੀ ਸਿਪਾਹੀਆਂ ਤੇ ਵਿਸ਼ੇਸ਼ ਕਰ ਕੇ ਸਿੱਖ ਫ਼ੌਜੀਆਂ ਦੀ ਬਹਾਦਰੀ ਦੇ ਕਾਰਨਾਮੇ ਲੋਕਾਂ ਤੱਕ ਪਹੁੰਚ ਰਹੇ ਸਨ। ਹਿੰਦੋਸਤਾਨ ਦੀ ਅੰਗਰੇਜ਼ੀ ਸਰਕਾਰ ਹਿੰਦੋਸਤਾਨੀ ਸਿਪਾਹੀਆਂ ਦੀ ਦਲੇਰੀ ਤੇ ਖ਼ੁਸ਼ ਸੀ ਕਿਉਂਕਿ ਕਈ ਮੋਰਚਿਆਂ ਤੇ ਤਾਂ ਉਨ੍ਹਾਂ ਨੇ ਜੰਗ ਦਾ ਨਕਸ਼ਾ ਹੀ ਪਲਟ ਦਿੱਤਾ ਸੀ।

ਪੰਜਾਬ ਦੇ ਪਿੰਡਾਂ ਦੀ ਹਾਲਤ ਕਾਫ਼ੀ ਮਾੜੀ ਸੀ। ਨਾ ਚੱਜ ਦੀਆਂ ਸੜਕਾਂ, ਨਾ ਸਕੂਲ, ਨਾ ਹਸਪਤਾਲ। ਜੇ ਕੋਈ ਬੀਮਾਰ ਪੈ ਜਾਂਦਾ ਤਾਂ ਦਵਾਈ ਲੈਣ ਲਈ ਦਸ ਵੀਹ ਮੀਲ ਦੂਰ ਕਿਸੇ ਸਿਵਲ ਹਸਪਤਾਲ ਜਾਣਾ ਪੈਂਦਾ। ਕਈ ਗੰਭੀਰ ਰੋਗੀ ਤਾਂ ਰੱਬ ਨੂੰ ਪਿਆਰੇ ਹੋ ਜਾਂਦੇ। ਸਥਾਨਕ ਵੈਦ ਜਾਂ ਹਕੀਮ ਜੋ ਕੁਝ ਕਰ ਸਕਦੇ ਸਨ ਕਰਦੇ ਰਹਿੰਦੇ। ਲੋਕਾਂ ਨੂੰ ਉਨ੍ਹਾਂ ਦਾ ਬੜਾ ਆਸਰਾ ਸੀ। ਜੇ ਕੋਈ ਔਰਤ ਬੀਮਾਰ ਹੋ ਜਾਂਦੀ ਤਾਂ ਕਿਸੇ ਲੇਡੀ ਡਾਕਟਰ ਤੱਕ ਪਹੁੰਚਣਾ ਨਾ-ਮੁਮਕਿਨ ਹੁੰਦਾ। ਕੋਈ ਲੇਡੀ ਡਾਕਟਰ ਜ਼ਿਲੇ ਦੇ ਸਿਵਲ ਹਸਪਤਾਲ ਵਿਚ ਤਾਂ ਮਿਲ ਸਕਦੀ ਸੀ, ਪਿੰਡਾਂ ਤੇ ਕਸਬਿਆਂ ਦੇ ਹਸਪਤਾਲਾਂ ਵਿਚ ਨਹੀਂ। ਜੇ ਕੋਈ ਮਹਾਂਮਾਰੀ ਫੈਲ ਜਾਂਦੀ ਤਾਂ ਲੋਕੀਂ ਆਪਣਾ ਬਚਾਅ ਬਹੁਤ ਮੁਸ਼ਕਿਲ ਨਾਲ ਕਰਦੇ। ਚੀਚਕ, ਪਲੇਗ, ਤੇ ਹੈਜ਼ੇ ਵਰਗੀਆਂ ਬੀਮਾਰੀਆਂ ਕਈ ਲੋਕਾਂ ਲਈ ਕਾਲ ਦਾ ਰੂਪ ਬਣ ਜਾਂਦੀਆਂ। ਸਰਕਾਰ ਜੰਗ ਲੜਦੀ ਕਿ ਲੋਕਾਂ ਦੀਆਂ ਬੁਨਿਆਦੀ ਲੋੜਾਂ ਵਲ ਧਿਆਨ ਦਿੰਦੀ। ਹਿੰਦੁਸਤਾਨ ਵਰਗੇ ਗ਼ੁਲਾਮ ਦੇਸ਼ ਦਾ ਪਛੜੇ ਰਹਿਣਾ ਲੋਕਾਂ ਦੀ ਮਜਬੂਰੀ ਸੀ।

ਝੰਗ (ਹੁਣ ਪਾਕਿਸਤਾਨ) ਦੇ ਇਕ ਛੋਟੇ ਜਿਹੇ ਪਿੰਡ ਦਵਾਣਾ ਵਿਚ ਪਲੇਗ ਨਾਲ ਕਈ ਮੌਤਾਂ ਹੋ ਚੁੱਕੀਆਂ ਸਨ। ਕਈ ਲੋਕੀਂ ਆਪਣੇ ਘਰ ਛੱਡ ਕੇ ਹੋਰ ਥਾਵਾਂ ਤੇ ਚਲੇ ਗਏ ਸਨ। ਪਿੰਡ ਦੀ ਇਕ ਵਿਚਕਾਰਲੀ ਉਮਰ ਦੀ ਔਰਤ ਪ੍ਰਸੂਤ ਵਿਚ ਸੀ। ਉਸ ਨੂੰ ਕਿਸੇ ਜਨਾਨਾ ਹਸਪਤਾਲ ਵਿਚ ਲਿਜਾਣ ਦੀ ਲੋੜ ਸੀ ਪਰ ਘਰ ਦੇ ਲੋਕਾਂ ਲਈ ਇਹ ਕਰ ਸਕਣਾ ਮੁਮਕਿਨ ਨਹੀਂ ਸੀ। ਔਰਤ ਦਾ ਨਾਂ ਸੀ ਹੇਮੀ ਬਾਈ ਜਿਸ ਦਾ ਪਹਿਲੋਂ ਇਕ ਲੜਕਾ ਸੀ ਤੋਲਾ ਰਾਮ ਤੇ ਇਕ ਧੀ ਰਾਮ ਬਾਈ। ਇਸ ਤੋਂ ਪਹਿਲੋਂ ਉਹ ਹੋਰ ਕਈ ਧੀਆਂ ਨੂੰ ਜਨਮ ਦੇ ਚੁੱਕੀ ਸੀ, ਜੋ ਗੁਜ਼ਰ

ਗਈਆਂ ਸਨ। ਪਰਿਵਾਰ ਨੂੰ ਮੁੰਡੇ ਦੀ ਤਾਂਘ ਸੀ, ਕੁੜੀ ਦੀ ਨਹੀਂ। ਹੇਮੀ ਬਾਈ ਦਾ ਪਤੀ ਤੇਜ ਭਾਨ ਚਾਹੁੰਦਾ ਸੀ ਕਿ ਤੋਲਾ ਰਾਮ ਦਾ ਭਰਾ ਆਵੇ, ਭੈਣ ਨਹੀਂ। ਪਿੰਡ ਤਕਰੀਬਨ ਖ਼ਾਲੀ ਹੋ ਚੁੱਕਾ ਸੀ। ਪਲੇਗ ਦੇ ਖ਼ੌਫ਼ ਨੇ ਲੋਕਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ ਸੀ। ਤੇਜ ਭਾਨ ਲਈ ਇਹ ਮੁਮਕਿਨ ਨਹੀਂ ਸੀ ਕਿ ਆਪਣੇ ਪਰਿਵਾਰ ਨੂੰ ਲੈ ਕੇ ਕਿਸੇ ਹੋਰ ਪਿੰਡ ਚਲੇ ਜਾਂਦਾ, ਖ਼ਾਸ ਕਰਕੇ ਉਦੋਂ ਜਦੋਂ ਹੇਮੀ ਬਾਈ ਨੂੰ ਪ੍ਰਸੂਤ ਦੀਆਂ ਪੀੜਾਂ ਸ਼ੁਰੂ ਹੋ ਚੁੱਕੀਆਂ ਸਨ। ਉਨ੍ਹਾਂ ਦਾ ਪਿੰਡ ਰਾਵੀ ਦੇ ਨੇੜੇ ਸੀ ਤੇ ਕਈ ਲੋਕ ਰਾਤੀਂ ਨਦੀ ਕਿਨਾਰੇ ਬੇੜੀਆਂ ਵਿਚ ਚਲੇ ਜਾਂਦੇ ਸਨ। ਤੇਜ ਭਾਨ ਨੇ ਵੀ ਇਕ ਬੇੜੀ ਵਾਲੇ ਨਾਲ ਗੱਲ ਕੀਤੀ ਤੇ ਆਪਣੇ ਪਰਿਵਾਰ ਨੂੰ ਲੈ ਕੇ ਉਸ ਦੀ ਬੇੜੀ ਵਿਚ ਚਲਾ ਗਿਆ। ਤੇਜ ਭਾਨ ਦਾ ਖ਼ਿਆਲ ਸੀ ਕਿ ਉਸਦਾ ਆਉਣ ਵਾਲਾ ਮੁੰਡਾ ਦਰਿਆ ਵਿਚ ਬੀਮਾਰੀਆਂ ਤੋਂ ਦੂਰ ਰਹੇ ਗਾ। ਬੱਚਾ ਪੈਦਾ ਕਰਾਉਣ ਲਈ ਇਕ ਦਾਈ ਵੀ ਸੱਦ ਲਈ ਗਈ ਸੀ।

ਗਰਮੀ ਦੀ ਰੁੱਤ ਸੀ। ਹੇਮੀ ਬਾਈ ਬੇੜੀ ਵਿਚ ਇਕ ਮੰਜੀ ਤੇ ਪਈ ਸੀ। ਉਸ ਦੇ ਆਲੇ ਦੁਆਲੇ ਇਕ ਦਾਈ ਤੇ ਕੁਝ ਔਰਤਾਂ ਥੱਲੇ ਬੈਠੀਆਂ ਸਨ ਤੇ ਉਸ ਨੂੰ ਹੌਂਸਲਾ ਦੇ ਰਹੀਆਂ ਸਨ, ਉਹਨਾਂ ਦੋ ਖੇਸਾਂ ਨਾਲ ਪਰਦਾ ਕੀਤਾ ਹੋਇਆ ਸੀ। ਤੇਜ ਭਾਨ ਦੇ ਬੱਚੇ ਬੇੜੀ ਦੇ ਇਕ ਕੋਨੇ ਵਿਚ ਬੈਠੇ ਰਾਮ ਰਾਮ ਕਰ ਰਹੇ ਸਨ। ਹੇਮੀ ਬਾਈ ਦੀਆਂ ਪੀੜਾਂ ਤੇਜ਼ ਹੋ ਗਈਆਂ ਸਨ ਤੇ ਉਹ ਜ਼ੋਰ ਨਾਲ ਚੀਕਾਂ ਮਾਰ ਰਹੀ ਸੀ। ਦਾਈ ਜੋ ਔੜ੍ਹ ਪੌੜ੍ਹ ਹੋ ਸਕਦਾ ਸੀ, ਕਰ ਰਹੀ ਸੀ। ਸਾਰਿਆਂ ਨੂੰ ਇਕ ਬੱਚੇ ਦੀ ਇੰਤਜ਼ਾਰ ਸੀ- ਇਕ ਮੁੰਡਾ ਜੋ ਤੇਜ ਭਾਨ ਦੇ ਘਰ ਵਿਚ ਰੌਣਕ ਲੈ ਆਵੇ ਗਾ।

ਹੇਮੀ ਬਾਈ ਦੀਆਂ ਚੀਕਾਂ ਹੋਰ ਉੱਚੀਆਂ ਹੋ ਗਈਆਂ........ ਤੇ ਫਿਰ ਇਕ ਜ਼ੋਰਦਾਰ ਚੀਕ ਤੇ ਬੱਚੇ ਦੇ ਰੋਣ ਦੀ ਆਵਾਜ਼!

ਤੇਜ ਭਾਨ ਦੇ ਕੰਨ ਖੜੇ ਹੋ ਗਏ।

ਤੋਲਾ ਰਾਮ ਦੱਸ ਸਾਲ ਦਾ ਸੀ ਤੇ ਰਾਮ ਬਾਈ ਅੱਠ ਸਾਲ ਦੀ। ਦੋਵੇਂ ਬੱਚੇ ਵੀ ਆਪਣੇ ਨਵੇਂ ਭਰਾ ਜਾਂ ਭੈਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ।

'ਵੇ ਤੇਜ ਭਾਨ! ਹੇਮੀ ਬਾਈ ਨੇ ਮੁੜ ਨੀਂਗਰ ਚਾ ਜੰਮੀ ਏ!!' ਝਾਂਗੀ ਬੋਲੀ ਵਿਚ ਦਾਈ ਨੇ ਕੁੜੀ ਦੇ ਜੰਮਣ ਦੀ ਸੂਚਨਾ ਦਿੱਤੀ।

ਤੇਜ ਭਾਨ ਨਿੰਮੋਝੂਣਾ ਹੋ ਕੇ ਬਹਿ ਗਿਆ।

ਇਕ ਵਾਰੀ ਤਾਂ ਉਸ ਦਾ ਜੀ ਕੀਤਾ ਕਿ ਨੀਂਗਰ ਨੂੰ ਦਰਿਆ ਵਿਚ ਸੁੱਟ ਦੇਵੇ।

ਪਰ ਉਸ ਦਾ ਹੌਸਲਾ ਨਾ ਪਿਆ।

ਉਨ੍ਹਾਂ ਚਾਲ੍ਹੀ ਦਿਨ ਬੇੜੀ ਵਿਚ ਹੀ ਬਿਤਾਏ। ਦਿਨ ਵੇਲੇ ਉਹ ਚਾਦਰਾਂ ਨਾਲ ਛਾਂ ਕਰ ਲੈਂਦੇ ਤੇ ਪੱਖੀਆਂ ਝਲਦੇ ਰਹਿੰਦੇ। ਤੇਜ ਭਾਨ ਪਿੰਡੋਂ ਖਾਣ ਪੀਣ ਦਾ ਸਮਾਨ ਲੈ ਆਉਂਦਾ। ਉਹ

ਆਪ ਇਕ ਹਲਵਾਈ ਸੀ ਤੇ ਉਸ ਦੀਆਂ ਬਣਾਈਆਂ ਜਲੇਬੀਆਂ, ਲੱਡੂ ਤੇ ਪਕੌੜੇ ਆਲੇ ਦੁਆਲੇ ਦੇ ਪਿੰਡਾਂ ਵਿਚ ਵੀ ਮਸ਼ਹੂਰ ਸਨ। ਵਿਆਹ ਸ਼ਾਦੀ ਦੇ ਮੌਕੇ ਤੇ ਹਿੰਦੂ ਸਿੱਖ ਤਾਂ ਕੀ, ਮੁਸਲਮਾਨ ਵੀ ਤੇਜ ਭਾਨ ਨੂੰ ਹੀ ਸੌਂਦਿਆ ਕਰਦੇ ਸਨ। ਸੋ ਖਾਣ ਪੀਣ ਦੇ ਮੁਆਮਲੇ 'ਚ ਤੇਜ ਭਾਨ ਦਾ ਪਰਿਵਾਰ ਬੜਾ ਸੌਖਾ ਸੀ।

ਤੇਜ ਭਾਨ ਦੀ ਬੀਵੀ ਹੇਮੀ ਬਾਈ ਬੜੀ ਸੋਹਣੀ ਸੀ। ਨਵੀਂ ਜਨਮੀ ਕੁੜੀ ਵੀ ਇੰਨੀ ਸੋਹਣੀ ਸੀ ਕਿ ਤੇਜ ਭਾਨ ਨੂੰ ਆਪਣੀ ਸੋਚ ਤੇ ਬੜਾ ਅਫ਼ਸੋਸ ਹੋਇਆ। ਉਨ੍ਹਾਂ ਦਿਨਾਂ ਵਿਚ ਲੋਕੀਂ ਕੁੜੀਆਂ ਨੂੰ ਮਾਰ ਦੇਣ ਤੋਂ ਸੰਕੋਚ ਨਹੀਂ ਸਨ ਕਰਦੇ। ਨਵੀਂ ਬੱਚੀ ਦਾ ਗਲਾ ਘੁੱਟ ਕੇ ਜ਼ਮੀਨ ਵਿਚ ਇਹ ਕਹਿ ਕੇ ਦਬਾ ਦਿੱਤਾ ਜਾਂਦਾ ਸੀ: ਪੂਣੀਂ ਕੱਤੀਂ ਤੇ ਗੁੜ ਖਾਈਂ, ਵੀਰ ਨੂੰ ਘੱਲੀ ਤੇ ਆਪ ਨਾ ਆਈਂ!

ਪਰ ਤੇਜ ਭਾਨ ਨੇ ਇਹ ਕੁਕਰਮ ਨਾ ਕੀਤਾ।

ਪਲੇਗ ਵਿਚ ਕੁਝ ਠਲ੍ਹ ਪੈ ਗਿਆ ਸੀ। ਸਰਕਾਰ ਨੇ ਵੀ ਇਸ ਬਾਰੇ ਥੋੜ੍ਹੀ ਬਹੁਤ ਕਾਰਵਾਈ ਕੀਤੀ ਸੀ। ਤੇਜ ਭਾਨ ਨੇ ਪੰਡਿਤ ਨੂੰ ਸਦ ਕੇ ਆਪਣੇ ਘਰ ਹਵਨ ਕਰਵਾਇਆ। ਸਾਰੇ ਕਮਰਿਆਂ ਨੂੰ ਸਾਫ਼ ਕਰਨ ਤੋਂ ਬਾਅਦ ਉਨ੍ਹਾਂ ਵਿਚ ਹਵਨ ਕੁੰਡ ਨਾਲ ਪਵਿੱਤਰ ਧੂਆਂ ਲਿਜਾਇਆ ਗਿਆ। ਹੇਮੀ ਬਾਈ ਤੇ ਉਸ ਦੀ ਖ਼ੂਬਸੂਰਤ ਬੱਚੀ ਨੂੰ ਇਕ ਸਾਫ਼ ਸੁਥਰੇ ਕਮਰੇ ਵਿਚ ਲਿਆਂਦਾ ਗਿਆ। ਪੰਡਿਤ ਨੇ ਪੁੱਛਿਆ ਕਿ ਬੇਟੀ ਦਾ ਨਾਂ ਕੀ ਰਖਣਾ ਹੈ ਤਾਂ ਤੇਜ ਭਾਨ ਨੇ ਝਟ ਜਵਾਬ ਦਿੱਤਾ-ਭਰਾਵਾਂ ਬਾਈ! ਉਸ ਦੀ ਇਹ ਦਿਲੀ ਇੱਛਾ ਸੀ ਕਿ ਅਗਲਾ ਬੱਚਾ ਮੁੰਡਾ ਹੀ ਹੋਵੇ। ਇਸ ਲਈ ਉਸ ਨੇ ਧੀ ਦਾ ਨਾਮ ਭਰਾਵਾਂ ਵਾਲੀ ਜਾਂ ਭਰਾਵਾਂ ਬਾਈ ਤਜਵੀਜ਼ ਕੀਤਾ। ਸਾਰਿਆਂ ਨੇ ਇਸ ਨਾਂ ਦੀ ਪ੍ਰਵਾਨਗੀ ਦੇ ਦਿੱਤੀ। ਹੇਮੀ ਬਾਈ ਖ਼ੁਸ਼ ਸੀ ਕਿ ਉਸ ਦੀ ਧੀ ਸਹੀ ਸਲਾਮਤ ਸੀ। ਉਸ ਦੀ ਸੁੰਦਰਤਾ ਨੂੰ ਵੇਖ ਕੇ ਤਾਂ ਉਹ ਡਰ ਹੀ ਗਈ। ਉਹ ਤਾਂ ਹੀਰ ਵਾਂਗ ਸੋਹਣੀ ਸੀ। ਹੀਰ ਦਾ ਜਨਮ ਵੀ ਇਸੇ ਇਲਾਕੇ ਵਿਚ ਅਹਿਮਦ ਪੁਰ ਸਿਆਲ ਵਿਚ ਹੋਇਆ ਸੀ, ਹੇਮੀ ਬਾਈ ਨੇ ਆਪਣੀ 'ਹੀਰ' ਨੂੰ ਕਈ ਵਾਰ ਚੁੰਮਿਆ। ਫਿਰ ਉਸ ਨੇ ਭਰਾਵਾਂ ਬਾਈ ਨੂੰ ਇਕ ਕਾਲਾ ਟਿੱਕਾ ਲਾ ਦਿੱਤਾ ਤਾਂ ਕਿ ਉਸ ਨੂੰ ਕਿਸੇ ਦੀ ਬੁਰੀ ਨਜ਼ਰ ਨਾ ਲੱਗੇ। ਤੋਲਾ ਰਾਮ ਗੋਰਾ ਸੀ ਪਰ ਰਾਮ ਬਾਈ ਕਾਲੀ। ਭਰਾਵਾਂ ਬਾਈ ਤਾਂ ਬਹੁਤ ਗੋਰੀ ਸੀ ਤੇ ਉਸ ਦੇ ਨੈਣ ਨਕਸ਼ ਵੀ ਬੜੇ ਸੋਹਣੇ ਸਨ। ਹੇਮੀ ਬਾਈ ਆਪਣੀ ਧੀ ਭਰਾਵਾਂ ਬਾਈ ਨੂੰ ਬੜਾ ਪਿਆਰ ਕਰਦੀ ਸੀ।

ਹੈਰਾਨੀ ਦੀ ਗੱਲ ਹੈ ਕਿ ਤੇਜ ਭਾਨ ਦਾ ਅਗਲਾ ਬੱਚਾ ਲੜਕਾ ਹੀ ਹੋਇਆ। ਇਸ ਦਾ ਨਾਂ ਰੱਖਿਆ ਗਿਆ ਦੇਵ ਰਾਜ ਭਾਵੇਂ ਉਹ ਬੜਾ ਕਾਲਾ ਸੀ ਪਰ ਸੀ ਤਾਂ ਮੁੰਡਾ। ਉਹ ਚੀਚਕ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਤੇ ਉਸਦੇ ਚਿਹਰੇ ਤੇ ਮਾਤਾ ਦੇ ਦਾਗ਼ ਬਣ ਗਏ ਪਰ ਉਹ ਬੱਚ ਗਿਆ। ਸ਼ਾਇਦ ਇਹ ਭਰਾਵਾਂ ਬਾਈ ਦਾ ਹੀ ਚਮਤਕਾਰ ਸੀ ਕਿ ਉਸ ਤੋਂ ਬਾਅਦ ਸੱਚ ਮੁੱਚ ਭਰਾ ਆ ਗਿਆ। ਦੇਵ ਰਾਜ ਤੋਂ ਬਾਅਦ ਤਿੰਨ ਕੁੜੀਆਂ ਨੇ ਜਨਮ ਲਿਆ। ਵਿਦਿਆ ਦਾ

ਰੰਗ ਕੁਝ ਸਾਫ਼ ਸੀ ਪਰ ਭਾਗ ਵੰਤੀ ਦੇਵ ਰਾਜ ਵਾਂਗ ਕਾਲੀ ਸੀ। ਆਖ਼ਰੀ ਕੁੜੀ ਲਛਮੀ ਰੱਜ ਕੇ ਸੁਹਣੀ ਸੀ, ਭਰਾਵਾਂ ਬਾਈ ਵਾਂਗ। ਤੇ ਉਸ ਤੋਂ ਕੁਝ ਸਾਲ ਬਾਅਦ ਹੇਮੀ ਬਾਈ ਰੱਬ ਨੂੰ ਪਿਆਰੀ ਹੋ ਗਈ ਵਰਨਾ ਤੇਜ ਭਾਨ ਨੇ ਮੁੰਡਿਆਂ ਦੀ ਤਾਂਘ ਵਿਚ ਹੋਰ ਕੁੜੀਆਂ ਪੈਦਾ ਕਰ ਲੈਣੀਆਂ ਸਨ। ਪਰਿਵਾਰ ਨਿਯੋਜਨ ਦਾ ਤਾਂ ਉਨ੍ਹਾਂ ਦਿਨਾਂ ਵਿਚ ਕਿਸੇ ਨੂੰ ਖ਼ਿਆਲ ਵੀ ਨਹੀਂ ਸੀ ਹੁੰਦਾ। ਇਸ ਤਰ੍ਹਾਂ ਤੇਜ ਭਾਨ ਦੇ ਪਰਿਵਾਰ ਵਿਚ ਦੋ ਮੁੰਡੇ ਤੇ ਪੰਜ ਕੁੜੀਆਂ ਹੋ ਗਈਆਂ ਸਨ ਜਿਨ੍ਹਾਂ ਨੇ ਜ਼ਿੰਦਗੀ ਵਿਚ ਕਈ ਪਲਾਂਘਾਂ ਪੁਟਣੀਆਂ ਸਨ।

ਤੋਲਾ ਰਾਮ ਪੜ੍ਹਾਈ ਵਿਚ ਚੰਗਾ ਸੀ। ਉਸ ਨੇ ਮਿਡਲ ਯਾਨੀ ਅਠਵੀਂ ਪਾਸ ਕਰ ਕੇ ਪ੍ਰਾਇਮਰੀ ਸਕੂਲ ਟੀਚਰ ਬਣਨ ਲਈ ਨਾਰਮਲ ਦੀ ਟ੍ਰੇਨਿੰਗ ਲੈ ਲਈ ਤੇ ਅਧਿਆਪਕ ਲਗ ਗਿਆ। ਉਸ ਦੀ ਸ਼ਾਦੀ ਤੁਲਸੀ ਬਾਈ ਨਾਲ ਹੋ ਗਈ ਤੇ ਉਸ ਨੇ ਆਪਣਾ ਘਰ ਵਸਾ ਲਿਆ। ਰਾਮ ਬਾਈ ਦੀ ਸ਼ਾਦੀ ਲਕਸ਼ਮੀ ਦਾਸ ਕਮਰਾ ਨਾਲ ਹੋਈ ਜੋ ਤੋਲਾ ਰਾਮ ਵਾਂਗ ਨਾਰਮਲ ਦਾ ਕੋਰਸ ਕਰ ਕੇ ਸਕੂਲ ਅਧਿਆਪਕ ਲੱਗਿਆ ਹੋਇਆ ਸੀ। ਰਾਮ ਬਾਈ ਨੇ ਨਰਸ ਦੀ ਟ੍ਰੇਨਿੰਗ ਲੈ ਲਈ ਤੇ ਉਸ ਨੂੰ ਹਸਪਤਾਲ ਵਿਚ ਨੌਕਰੀ ਮਿਲ ਗਈ। ਬਾਅਦ ਵਿਚ ਉਸ ਨੇ ਆਪਣੀਆਂ ਤਿੰਨ ਭੈਣਾਂ, ਭਰਾਵਾਂ ਬਾਈ, ਵਿਦਿਆ ਵੰਤੀ ਤੇ ਭਾਗ ਵੰਤੀ ਨੂੰ ਵੀ ਇਸ ਕਿੱਤੇ ਵਿਚ ਆਉਣ ਲਈ ਪ੍ਰੇਰਿਆ। ਚੌਥੀ ਭੈਣ ਲਛਮੀ ਬਾਈ ਨੇ ਉਸ ਦੀ ਸਲਾਹ ਨਾ ਮੰਨੀ ਪਰ ਤੇਜ ਭਾਨ ਦੀਆਂ ਚਾਰ ਧੀਆਂ ਬਹੁਤ ਕਾਮਯਾਬ ਨਰਸਾਂ ਬਣੀਆਂ ਤੇ ਇਸ ਕਿੱਤੇ ਵਿਚ ਉਨ੍ਹਾਂ ਨੂੰ ਬੜਾ ਮਾਣ ਤੇ ਧਨ ਪ੍ਰਾਪਤ ਹੋਇਆ। ਦੇਵ ਰਾਜ ਦੀ ਪੜ੍ਹਾਈ ਵਿਚ ਦਿਲਚਸਪੀ ਨਹੀਂ ਸੀ ਤੇ ਉਹ ਤੇਜ ਭਾਨ ਵਾਂਗ ਹੀ ਛੋਟੇ ਮੋਟੇ ਕੰਮ ਕਰਦਾ ਰਿਹਾ। ਉਸ ਦੀ ਸ਼ਾਦੀ ਸ਼ਾਂਤੀ ਦੇਵੀ ਨਾਲ ਹੋਈ ਤੇ ਭਰਾਵਾਂ ਬਾਈ ਦੀ ਟਿਕਾਇਆ ਰਾਮ ਨਾਲ ਜੋ ਇਕ ਹਕੀਮ ਸੀ। ਵਿਦਿਆ ਵੰਤੀ ਭਗਵਾਨ ਦਾਸ ਚੁੱਘ ਨਾਲ, ਭਾਗਵੰਤੀ ਪ੍ਰਭ ਦਿਆਲ ਬਤਰਾ ਨਾਲ, ਤੇ ਲਛਮੀ ਬਾਈ ਰੋਸ਼ਨ ਲਾਲ ਖੁਰਾਣਾ ਨਾਲ ਵਿਆਹੀਆਂ ਗਈਆਂ। ਇਸ ਤਰ੍ਹਾਂ ਤੇਜ ਭਾਨ ਦੇ ਸਾਰੇ ਬੱਚੇ ਆਪੋ ਆਪਣੇ ਘਰ ਵਸਾਉਣ ਵਿਚ ਰੁਝ ਗਏ ਤੇ ਹਰ ਇਕ ਦਾ ਪਰਿਵਾਰ ਵੱਧਦਾ ਫੁਲਦਾ ਰਿਹਾ, ਭਾਵੇਂ ਭਾਗਵੰਤੀ ਨੂੰ ਇਹ ਖ਼ੁਸ਼ੀ ਨਸੀਬ ਨਾ ਹੋ ਸਕੀ। ਉਸ ਦਾ ਕੋਈ ਬੱਚਾ ਨਾ ਹੋਇਆ ਤੇ ਪ੍ਰਭ ਦਿਆਲ ਬਤਰਾ ਨਾਲ ਵੀ ਉਸ ਦੇ ਸੰਬੰਧ ਸੁਖਾਵੇਂ ਨਾ ਰਹਿ ਸਕੇ। ਉਸ ਨੇ ਆਪਣੀ ਵੱਡੀ ਭੈਣ ਵਿਦਆ ਦੇ ਲੜਕੇ ਰਾਜਿੰਦਰ ਨੂੰ ਗੋਦ ਲੈ ਲਿਆ ਜੋ ਉਸ ਦਾ ਵਾਰਿਸ ਬਣਿਆ।

ਪਾਕਿਸਤਾਨ ਬਣਨ ਤੋਂ ਪਹਿਲੋਂ ਤੇਜ ਭਾਨ ਦਾ ਪਰਿਵਾਰ ਮੁਲਤਾਨ ਤੇ ਮਿੰਟਗੁਮਰੀ ਜ਼ਿਲਿਆ ਦੇ ਵੱਖੋ ਵੱਖਰੇ ਪਿੰਡਾਂ ਤੇ ਕਸਬਿਆਂ ਵਿਚ ਰਿਹਾ। ਪਾਕਿਸਤਾਨ ਬਣਨ ਤੋਂ ਬਾਅਦ ਉਹ ਸਾਰੇ ਭਾਰਤ ਆ ਗਏ। ਤੇਜ ਭਾਨ ਆਪਣੇ ਵੱਡੇ ਪੁੱਤਰ ਤੋਲਾ ਰਾਮ ਕੋਲ ਹੀ ਰਿਹਾ ਜਿਸ ਦਾ ਪਰਿਵਾਰ ਗਿੱਦੜਵਾਹਾ ਵਿਚ ਆ ਕੇ ਵੱਸ ਗਿਆ। ਗਿੱਦੜਵਾਹਾ ਦੇ ਨੇੜੇ ਇਕ ਪਿੰਡ ਦੌਲੇ ਵਿਚ ਮਾਸਟਰ ਤੋਲਾ ਰਾਮ ਨੂੰ ਨੌਕਰੀ ਮਿਲ ਗਈ ਤੇ ਇੱਥੇ ਰਹਿ ਕੇ ਹੀ ਉਸ ਨੇ ਆਪਣੇ

ਪਰਿਵਾਰ ਦਾ ਪਾਲਣ ਪੋਸ਼ਣ ਕੀਤਾ। ਤੇਜ ਭਾਨ ਦੀ 1950 ਵਿਚ ਮੌਤ ਹੋ ਗਈ। ਪਿਉ ਵਾਂਗ ਮਾਸਟਰ ਤੋਲਾ ਰਾਮ ਨੇ ਵੀ ਇਕ ਵੱਡੇ ਪਰਿਵਾਰ ਦੀ ਸਿਰਜਣਾ ਕੀਤੀ। ਦੋ ਬੀਵੀਆਂ, ਚਾਰ ਪੁੱਤਰ, ਪੰਜ ਧੀਆਂ। ਇਨ੍ਹਾਂ ਸਾਰੇ ਬੱਚਿਆਂ ਨੇ ਜ਼ਿੰਦਗੀ ਵਿਚ ਬੜੀਆਂ ਮੱਲਾਂ ਮਾਰੀਆਂ ਹਨ ਤੇ ਉੱਚੇ ਅਹੁਦੇ ਪ੍ਰਾਪਤ ਕੀਤੇ ਹਨ। ਦੇਵ ਰਾਜ ਦਾ ਇਕ ਪੁੱਤਰ ਤੇ ਤਿੰਨ ਧੀਆਂ ਸਨ ਪਰ ਉਹ ਤੋਲਾ ਰਾਮ ਦੇ ਬੱਚਿਆਂ ਜਿੰਨੀ ਉਨੱਤੀ ਨਹੀਂ ਕਰ ਸਕੇ। ਰਾਮ ਬਾਈ, ਭਰਾਵਾਂ ਬਾਈ, ਵਿਦਿਆ ਵੰਤੀ ਤੇ ਲਛਮੀ ਬਾਈ ਦੇ ਬੱਚਿਆਂ ਨੇ ਕਾਫ਼ੀ ਤਰੱਕੀ ਕੀਤੀ ਹੈ ਤੇ ਵੱਖੋ ਵੱਖਰੇ ਖੇਤਰਾਂ ਵਿਚ ਉੱਚੀਆਂ ਪਦਵੀਆਂ ਤਕ ਪੁੱਜੇ ਹਨ। ਭਾਗ ਵੰਤੀ ਦੇ ਗੋਦ ਲਏ ਪੁੱਤਰ ਰਾਜਿੰਦਰ ਨੇ ਵੀ ਚੰਗਾ ਨਾਂ ਕਮਾਇਆ ਹੈ। ਸਮੁੱਚੇ ਤੌਰ ਤੇ ਤੇਜ ਭਾਨ ਦੇ ਸਾਰੇ ਬੱਚੇ ਜ਼ਿੰਦਗੀ ਦੇ ਸਫ਼ਰ ਵਿਚ ਕਾਮਯਾਬ ਹੋਏ ਅਤੇ ਉਨ੍ਹਾਂ ਦੀ ਸੰਤਾਨ ਆਪਣੇ ਮਾਂ ਬਾਪ ਤੋਂ ਬਹੁਤ ਅੱਗੇ ਨਿਕਲ ਗਈ ਹੈ।

ਸ਼ਾਇਦ ਤੇਜ ਭਾਨ ਦੇ ਸਾਰੇ ਬੱਚਿਆਂ ਵਿਚੋਂ ਭਰਾਵਾਂ ਬਾਈ ਦਾ ਸਫ਼ਰ ਸਭ ਤੋਂ ਜ਼ਿਆਦਾ ਦਿਲਚਸਪ, ਕਾਰਜ ਭਰਪੂਰ ਤੇ ਕਠਿਨ ਰਿਹਾ ਹੈ। ਜਨਮ ਤੋਂ ਲੈ ਕੇ ਅੰਤ ਤਕ ਉਸ ਦਾ ਜੀਵਨ ਇਕ ਅਜਿਹੇ ਸੰਘਰਸ਼ ਦੀ ਦਾਸਤਾਨ ਹੈ ਜਿਸ ਦੀ ਮਿਸਾਲ ਆਮ ਨਹੀਂ ਮਿਲਦੀ। ਦਰਅਸਲ ਭਰਾਵਾਂ ਬਾਈ ਇਕ ਅਜਿਹੀ ਸ਼ਖ਼ਸੀਅਤ ਦਾ ਨਾਂ ਹੈ ਜਿਸ ਨੇ ਹਾਲਾਤ ਦਾ ਮੁਕਾਬਲਾ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਬਦਲਿਆ ਵੀ ਹੈ। ਉਸ ਦਾ ਸੰਘਰਸ਼ ਸਿਰਫ਼ ਆਪਣੇ ਬੱਚਿਆ ਦੇ ਪਾਲਣ ਪੋਸ਼ਣ ਤਕ ਹੀ ਸੀਮਿਤ ਨਹੀਂ ਸੀ ਸਗੋਂ ਆਪਣੀ ਸਮਾਜ ਤੇ ਆਪਣੇ ਦੇਸ਼ ਦੇ ਵਿਕਾਸ ਨਾਲ ਵੀ ਸੰਬੰਧਿਤ ਸੀ। ਇਸ ਤਰ੍ਹਾਂ ਉਸ ਦਾ ਕਾਰਜ ਖੇਤਰ ਮੁਲਤਾਨ ਤੇ ਮਿੰਟਗੁਮਰੀ ਹੀ ਨਹੀਂ ਸਗੋਂ ਭਾਰਤੀ ਪੰਜਾਬ ਵੀ ਸੀ ਜਿਸ ਦੇ ਕਈ ਪਿੰਡਾਂ, ਕਸਬਿਆਂ, ਤੇ ਸ਼ਹਿਰਾਂ ਵਿਚ ਰਹਿਣ ਦਾ ਉਸ ਨੂੰ ਮੌਕਾ ਮਿਲਿਆ। ਇੱਥੇ ਹੀ ਬਸ ਨਹੀਂ, ਉਸ ਨੂੰ ਦੇਸ਼ ਤੇ ਵਿਦੇਸ਼ ਵਿਚ ਵੀ ਕਈ ਥਾਵਾਂ ਤੇ ਜਾਣਾ ਪਿਆ ਜਿੱਥੇ ਉਸ ਨੇ ਲੋਕਾਂ ਉੱਪਰ ਆਪਣੀਆਂ ਬਹੁ-ਪੱਖੀ ਸਰਗਰਮੀਆਂ ਹੀ ਅਮਿੱਟ ਛਾਪ ਛੱਡੀ। ਉਸ ਦਾ ਸੰਘਰਸ਼ ਕੇਵਲ ਪਰਿਵਾਰ ਕਲਿਆਣ ਲਈ ਹੀ ਨਹੀਂ ਸੀ ਸਗੋਂ ਸਮਾਜ ਕਲਿਆਣ ਲਈ ਵੀ ਸੀ। ਉਸ ਦੇ ਜੀਵਨ ਦਾ ਹੋਣੀ ਭਰਿਆ  ਤੇ ਸਾਰਥਕ ਸਫ਼ਰ ਹਰ ਵਿਅਕਤੀ ਲਈ ਪ੍ਰੇਰਣਾ ਦਾ ਸੋਮਾ ਹੈ ਤੇ ਉਸ ਦੁਆਰਾ ਕੀਤੇ ਸਮਾਜ ਭਲਾਈ ਦੇ ਕੰਮ ਇੰਨੇ ਉੱਘੇ ਹਨ ਕਿ ਉਨ੍ਹਾਂ ਦੇ ਵਰਣਨ ਨਾਲ ਸਮਾਜ ਨੂੰ ਸਚੁੱਜੀ ਸੇਧ ਮਿਲ ਸਕਦੀ ਹੈ।

ਮੇਰੇ ਲਈ ਭਰਾਵਾਂ ਬਾਈ ਮੇਰੀ ਮਾਂ ਹੀ ਨਹੀਂ, ਇਕ ਮਹਾਨ ਹਸਤੀ ਹੈ ਜਿਸ ਦੇ ਜੀਵਨ ਦੀਆਂ ਘਟਨਾਵਾਂ ਇੰਨੀਆਂ ਰੋਚਕ, ਹੌਸਲੇ ਭਰਪੂਰ, ਤੇ ਵਿਲੱਖਣ ਹਨ ਕਿ ਉਨ੍ਹਾਂ ਨੂੰ ਜਾਣਨਾ ਹਰ ਇਕ ਲਈ ਲਾਭਦਾਇਕ ਹੈ। ਜਿੰਨ੍ਹਾਂ ਲੋਕਾਂ ਨੇ ਉਸ ਨੂੰ ਨੇੜਿਉਂ ਵੇਖਿਆ ਹੈ, ਉਹ ਤਾਂ ਉਨ੍ਹਾਂ ਦੀ ਮਹਾਨਤਾ ਨੂੰ ਸਮਝਦੇ ਹਨ। ਜਿਨ੍ਹਾਂ ਨੂੰ ਉਸ ਮਹਾਨ ਹਸਤੀ ਦੇ ਦਰਸ਼ਨ ਦਾ ਮੌਕਾ ਨਹੀਂ ਮਿਲਿਆ, ਉਹ ਇਸ ਵਰਨਣ ਤੋਂ ਉਸ ਦੀ ਮਹਾਨਤਾ ਦਾ ਅਨੁਮਾਨ ਸਹਿਜੇ ਹੀ ਲਗਾ ਸਕਦੇ ਹਨ।

ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਆਪਣੀ ਮਾਂ ਬਾਰੇ ਲਿਖਦਿਆਂ ਮੈਂ ਭਾਵੁਕ ਵੀ ਹੋ ਸਕਦਾ ਹਾਂ ਪਰ ਮੈਂ ਹਰ ਮੁਮਕਿਨ ਕੋਸ਼ਿਸ਼ ਕਰਾਂ ਗਾ ਕਿ ਉਸ ਦੇ ਜੀਵਨ ਨਾਲ ਸੰਬੰਧਿਤ ਸਾਰੀਆਂ ਘਟਨਾਵਾਂ ਦਾ ਵੇਰਵਾ ਮੈਂ ਵੱਧ ਤੋਂ ਵੱਧ ਨਿਰਪੱਖ ਹੋ ਕੇ ਦਿਆਂ। ਸ਼ਾਇਦ ਅਜਿਹੀ ਨਿਰਪੱਖਤਾ ਸੰਭਵ ਨਾ ਹੋਵੇ ਪਰ ਮੈਂ ਕੋਸ਼ਿਸ਼ ਜ਼ਰੂਰ ਕਰਾਂਗਾ, ਪੂਰੀ ਈਮਾਨਦਾਰੀ ਨਾਲ।

ਭਰਾਵਾਂ ਬਾਈ ਦਾ ਜਨਮ ਤੇਜ ਭਾਨ ਦੇ ਪਰਿਵਾਰ ਲਈ ਹੀ ਇਕ ਆਸ ਦਾ ਜਨਮ ਨਹੀਂ ਸੀ ਸਗੋਂ ਭਰਾਵਾਂ ਬਾਈ ਦੇ ਭਾਵੀ ਪਰਿਵਾਰ ਤੇ ਸਮਾਜ ਲਈ ਵੀ ਆਸ ਦੀ ਕਿਰਨ ਸੀ।

# ਚੱਕ ਨੰਬਰ ਚੁਰਾਨਵੇਂ

ਲਾਲਾ ਤੇਜ ਭਾਨ ਨੇ ਇਕ ਵੱਡੇ ਪਰਿਵਾਰ ਦੀ ਸਿਰਜਣਾ ਕੀਤੀ - ਦੋ ਲੜਕੇ ਤੋਲਾ ਰਾਮ ਤੇ ਦੇਵ ਰਾਜ ਅਤੇ ਪੰਜ ਲੜਕੀਆਂ ਰਾਮ ਬਾਈ, ਭਰਾਵਾਂ ਬਾਈ, ਵਿਦਿਆ ਵੰਤੀ, ਭਾਗ ਵੰਤੀ ਤੇ ਲਛਮੀ ਬਾਈ। ਲਛਮੀ ਬਾਈ ਆਖ਼ਰੀ ਬੱਚਾ ਸੀ ਤੇ ਉਸ ਦੇ ਜਨਮ ਤੋਂ ਕੁਝ ਮਹੀਨੇ ਪਿੱਛੋਂ ਹੇਮੀ ਬਾਈ ਸਵਰਗਵਾਸ ਹੋ ਗਈ। ਤੋਲਾ ਰਾਮ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਨੌਕਰੀ ਮਿਲ ਗਈ। ਦੇਵਰਾਜ ਪੜ੍ਹਾਈ ਵਿਚ ਕਮਜ਼ੋਰ ਸੀ ਤੇ ਉਹ ਆਪਣੇ ਬਾਪ ਨਾਲ ਹੀ ਕੰਮ ਕਰਦਾ ਰਿਹਾ। ਲਛਮੀ ਨੂੰ ਛੱਡ ਕੇ ਸਾਰੀਆਂ ਭੈਣਾਂ ਨਰਸਾਂ ਬਣ ਗਈਆ ਤੇ ਉਨ੍ਹਾਂ ਨੂੰ ਵੀ ਹਸਪਤਾਲਾਂ ਵਿਚ ਨੌਕਰੀਆਂ ਮਿਲ ਗਈਆਂ। ਲਾਲਾ ਤੇਜ ਭਾਨ ਨੇ ਸਾਰੇ ਬੱਚਿਆਂ ਦੇ ਵਿਆਹ ਚੰਗੇ ਤਰੀਕੇ ਨਾਲ ਕੀਤੇ ਤੇ ਭਾਗ ਵੰਤੀ ਨੂੰ ਛੱਡ ਕੇ ਸਾਰਿਆਂ ਨੇ ਆਪੋ ਆਪਣੇ ਘਰਾਂ ਵਿਚ ਹਰ ਤਰ੍ਹਾਂ ਦੀ ਪਰਿਵਾਰਕ ਖ਼ੁਸ਼ੀ ਹਾਸਿਲ ਕੀਤੀ।

ਉਨ੍ਹਾਂ ਦਿਨਾਂ ਵਿਚ ਬਹੁਤੇ ਵਿਆਹ ਵੱਟ ਤੇ ਹੁੰਦੇ ਸਨ। ਇਕ ਧੀ ਦੇਣੀ ਤੇ ਦੂਜੀ ਉਨ੍ਹਾਂ ਦੇ ਘਰੋਂ ਲੈ ਆਉਣੀ ਨੂੰਹ ਬਣਾ ਕੇ। ਵੱਟੇ ਦੀ ਰਸਮ ਇੰਨੀ ਆਮ ਸੀ ਕਿ ਕੋਈ ਇਸ ਨੂੰ ਬੁਰਾ ਨਹੀਂ ਸੀ ਸਮਝਦਾ। ਤੋਲਾ ਰਾਮ ਦਾ ਪਹਿਲਾ ਵਿਆਹ ਵੱਟੇ ਤੇ ਹੋਇਆ ਤੁਲਸੀ ਬਾਈ ਨਾਲ। ਵੱਟੇ ਦੇ ਤੌਰ ਤੇ ਉਸ ਦੀ ਭੈਣ ਰਾਮ ਬਾਈ ਦਾ ਵਿਆਹ ਲਕਸ਼ਮੀ ਦਾਸ ਨਾਲ ਹੋਇਆ ਜੋ ਤੁਲਸੀ ਬਾਈ ਦਾ ਭਰਾ ਸੀ। ਇਹ ਵੱਟੇ ਦੇ ਰਿਸ਼ਤੇ ਕਾਮਯਾਬ ਵੀ ਰਹਿੰਦੇ ਸਨ ਤੇ ਕਿਸੇ ਦੀ ਧੀ ਜਾਂ ਨੂੰਹ ਨੂੰ ਦਾਜ ਕਾਰਣ ਕਿਸੇ ਤਰ੍ਹਾਂ ਸਤਾਇਆ ਨਹੀਂ ਸੀ ਜਾਂਦਾ। ਇਹ ਇਕ ਪ੍ਰਕਾਰ ਦਾ ਸੌਦਾ ਹੁੰਦਾ ਸੀ, ਇਕ ਪ੍ਰਕਾਰ ਦਾ ਸਮਝੌਤਾ ਜਿਸ ਵਿਚ ਬੇਈਮਾਨੀ ਦੀ ਕੋਈ ਗੁੰਜਾਇਸ਼ ਨਹੀਂ ਸੀ ਹੁੰਦੀ। ਇਸ ਤਰ੍ਹਾਂ ਦੇ ਰਿਸ਼ਤਿਆਂ ਨੂੰ ਪੂਰੀ ਤਰ੍ਹਾਂ ਸਮਾਜਕ ਪ੍ਰਵਾਨਗੀ ਪ੍ਰਾਪਤ ਸੀ। ਅਜਕੱਲ ਵੱਟੇ ਦੇ ਰਿਸ਼ਤੇ ਕਈ ਪਛੜੇ ਹੋਏ ਕਬੀਲਿਆਂ ਵਿਚ ਤਾਂ ਹੁੰਦੇ ਹਨ, ਆਮ ਭਾਈਚਾਰੇ ਵਿਚ ਨਹੀਂ। ਇਹ ਰਿਵਾਜ ਮੁਸਲਿਮ ਸਮਾਜ ਵਿਚ ਵੀ ਪ੍ਰਚਲਿਤ ਸੀ। ਮੁਸਲਮਾਨਾਂ ਵਿਚ ਅਜੇ ਵੀ ਵਿਆਹ ਸੰਬੰਧੀ ਬੜੀ ਖੁੱਲ੍ਹ ਮੌਜੂਦ ਹੈ। ਮੁਸਲਮਾਨ ਗੱਭਰੂ ਆਪਣੇ ਚਾਚੇ, ਮਾਮੇ, ਜਾਂ ਮਾਸੜ ਦੀ ਧੀ ਨਾਲ ਵਿਆਹ ਕਰ ਸਕਦੇ ਹਨ ਜਦ ਕਿ ਹਿੰਦੂ ਸਮਾਜ ਵਿਚ ਇਸ ਨੂੰ ਠੀਕ ਨਹੀਂ ਸਮਝਿਆ ਜਾਂਦਾ।

ਤੋਲਾ ਰਾਮ ਤੇ ਤੁਲਸੀ ਬਾਈ ਦੇ ਚਾਰ ਬੱਚੇ ਹੋਏ- ਦੋ ਲੜਕੇ ਸਤ ਪਾਲ ਤੇ ਧਰਮ ਪਾਲ ਅਤੇ ਦੋ ਧੀਆਂ ਸੱਤਿਆ ਤੇ ਕ੍ਰਿਸ਼ਨਾ। ਇਸ ਤੋਂ ਬਾਅਤ ਤੁਲਸੀ ਬਾਈ ਦਾ ਦੇਹਾਂਤ ਹੋ ਗਿਆ। ਮਾਸਟਰ ਤੋਲਾ ਰਾਮ ਉਸ ਵੇਲੇ 40-45 ਸਾਲਾਂ ਦੇ ਸਨ। ਲਾਲਾ ਤੇਜ ਭਾਨ ਨੇ ਉਸ ਦਾ ਘਰ ਦੁਬਾਰਾ ਵਸਾਉਣ ਦੀ ਯੋਜਨਾ ਬਣਾ ਲਈ। ਅਜ ਕੱਲ ਚਾਰ ਬੱਚਿਆਂ ਦੇ ਬਾਪ ਨੂੰ ਕੋਈ ਆਪਣੀ ਕੁਆਰੀ ਧੀ ਦੇਣ ਲਈ ਕਦੇ ਵੀ ਤਿਆਰ ਨਹੀਂ ਹੁੰਦਾ। ਪਰ ਮਾਸਟਰ ਜੀ ਦੀ ਕਿਸਮਤ ਚੰਗੀ ਸੀ। ਉਸ ਦੀ ਸਭ ਤੋਂ ਛੋਟੀ ਭੈਣ ਲਛਮੀ ਜਵਾਨ ਹੋ ਗਈ ਸੀ ਤੇ ਵਿਆਹੁਣ-ਯੋਗ ਸੀ। ਵੱਟੇ ਦੀ ਰਸਮ ਦਾ ਇਸ ਖ਼ਾਨਦਾਨ ਵਿਚ ਸਭ ਤੋਂ ਵੱਧ ਫ਼ਾਇਦਾ ਮਾਸਟਰ ਤੋਲਾ ਰਾਮ ਨੂੰ ਹੋਇਆ। ਲਾਲਾ ਤੇਜ ਭਾਨ ਨੇ ਲਛਮੀ ਦੀ ਸ਼ਾਦੀ ਰੋਸ਼ਨ ਲਾਲ ਖੁਰਾਣਾ ਨਾਲ ਕਰ ਦਿੱਤੀ ਤੇ ਰੋਸ਼ਨ ਲਾਲ ਦੀ ਭੈਣ ਸੁਰਸਤੀ ਦੇਵੀ ਦਾ ਵਿਆਹ ਮਾਸਟਰ ਤੋਲਾ ਰਾਮ ਨਾਲ ਹੋ ਗਿਆ। ਨਾਲੇ ਪੁੰਨ ਤੇ ਨਾਲੇ ਫਲੀਆਂ। ਦੋ ਪਰਿਵਾਰ ਵਸ ਗਏ। ਮਾਸਟਰ ਤੋਲਾ ਰਾਮ ਦੀ ਦੂਜੀ ਸ਼ਾਦੀ ਵਿੱਚੋਂ ਛੇ ਬੱਚੇ ਹੋਏ, ਦੋ ਪੁੱਤਰ ਯੱਸ਼ ਪਾਲ ਤੇ ਸੁਰਿੰਦਰ ਕੁਮਾਰ ਅਤੇ ਚਾਰ ਧੀਆਂ ਸੰਤੋਸ਼, ਸ਼ਕੁੰਤਲਾ, ਇੰਦਰਾ, ਤੇ ਕਾਂਤਾ। ਲਛਮੀ ਬਾਈ - ਮੇਰੀ ਮਾਸੀ- ਤੇ ਰੋਸ਼ਨ ਲਾਲ ਖੁਰਾਣਾ ਦੀ ਸ਼ਾਦੀ ਗ਼ਾਲਬਨ 1942 ਵਿਚ ਹੋਈ ਤੇ ਇਸ ਵਿਚ ਮੈਂ ਵੀ ਸ਼ਾਮਿਲ ਸਾਂ। ਉਸ ਵੇਲੇ ਮੇਰੀ ਉਮਰ 4-5 ਸਾਲ ਦੀ ਸੀ ਪਰ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਲਾੜਾ ਤੇ ਲਾੜੀ ਪਵਿੱਤਰ ਅਗਨੀ ਦੁਆਲੇ ਫੇਰੇ ਲੈ ਰਹੇ ਸਨ ਤਾਂ ਉਨ੍ਹਾਂ ਤੇ ਫੁੱਲਾਂ ਤੇ ਫੁੱਲੀਆਂ ਦੀ ਵਰਖਾ ਕੀਤੀ ਜਾ ਰਹੀ ਸੀ। ਅਜ ਮਾਸਟਰ ਤੋਲਾ ਰਾਮ ਮਦਾਨ (ਮੇਰਾ ਮਾਮਾ) ਤੇ ਲਾਲਾ ਰੋਸ਼ਨ ਲਾਲ ਖੁਰਾਣਾ (ਮੇਰਾ ਮਾਸੜ) ਤਾਂ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਮੇਰੀ ਮਾਮੀ ਸੁਰਸਤੀ ਦੇਵੀ ਲਗਭਗ 90 ਸਾਲ ਤੇ ਮਾਸੀ ਲਛਮੀ ਦੇਵੀ ਲਗਭਗ 80 ਸਾਲ ਜੀਵਿਤ ਹਨ ਅਤੇ ਉਨ੍ਹਾਂ ਦੇ ਬੱਚੇ ਚੰਗੀ ਜ਼ਿੰਦਗੀ ਬਿਤਾ ਰਹੇ ਹਨ।

ਇਨ੍ਹਾਂ ਸ਼ਾਦੀਆਂ ਨਾਲੋਂ ਵਧੇਰੇ ਦਿਲਚਸਪ ਸ਼ਾਦੀ ਸੀ ਭਰਾਵਾਂ ਬਾਈ ਦੀ। ਵੱਟਾ ਤਾਂ ਹੋਣਾ ਹੀ ਸੀ ਪਰ ਕਿਸ ਦੇ ਨਾਲ ਤੇ ਕਿਵੇਂ, ਇਹ ਸਭ ਕੁਝ ਲਾਲਾ ਤੇਜ ਭਾਨ ਤੇ ਉਨ੍ਹਾਂ ਦੇ ਵੱਡੇ ਸਿਆਣੇ ਪੁੱਤਰ ਮਾਸਟਰ ਤੋਲਾ ਰਾਮ ਤੇ ਨਿਰਭਰ ਸੀ। ਦੇਵ ਰਾਜ ਦੀ ਸ਼ਾਦੀ ਨਹੀਂ ਸੀ ਹੁੰਦੀ ਕਿਉਂਕਿ ਉਹ ਬੜਾ ਕਾਲਾ ਸੀ ਤੇ ਉਸ ਦੇ ਮੂੰਹ ਤੇ ਮਾਤਾ ਅਥਵਾ ਚੇਚਕ ਦੇ ਦਾਗ਼ ਸਨ। ਮੁਲਤਾਨ ਦੇ ਨੇੜੇ ਇਕ ਛੋਟੇ ਜਿਹੇ ਪਿੰਡ ਮੌਜ਼ਾ ਐੱਲ ਵਿਚ ਲਾਲਾ ਘਮੰਡੀ ਰਾਮ ਚਰਾਇਆ ਦੇ ਦੋ ਪੁੱਤਰ ਰਹਿੰਦੇ ਸਨ-ਰਾਮ ਚੰਦ ਤੇ ਟਿਕਾਇਆ ਰਾਮ। ਰਾਮ ਚੰਦ ਦੁਕਾਨਦਾਰ ਸੀ, ਤੇ ਉਸ ਦਾ 30-35 ਸਾਲਾਂ ਦਾ ਭਰਾ ਟਿਕਾਇਆ ਰਾਮ ਕੁਆਰਾ ਸੀ ਪਰ ਉਸ ਦੀ ਵੀ ਸ਼ਾਦੀ ਨਹੀਂ ਸੀ ਹੁੰਦੀ। ਉਂਝ ਉਹ ਸੁਹਣਾ, ਸੁਨੱਖਾ, ਲੰਮਾ ਜਵਾਨ ਸੀ ਤੇ ਮੁਲਤਾਨ ਤੋਂ ਹਿਕਮਤ ਸਿਖ ਆਇਆ ਸੀ। ਉਹ ਆਪਣੇ ਭਰਾ ਨਾਲ ਦੁਕਾਨ ਤੇ ਵੀ ਕੰਮ ਕਰਦਾ ਤੇ ਯੂਨਾਨੀ ਦਵਾਈਆਂ ਵੀ ਦਿੰਦਾ। ਉਸ ਦੀ ਭਰਜਾਈ ਤਣੇਜੀ ਬਾਈ ਨੂੰ ਵੀ ਆਪਣੇ ਦਿਉਰ ਦੇ ਵਿਆਹ ਨਾ ਹੋਣ ਦਾ ਬੜਾ

ਫ਼ਿਕਰ ਸੀ। ਰਾਮ ਚੰਦ ਦਾ ਇਕ ਪੁੱਤਰ ਸੀ ਵਜ਼ੀਰ ਚੰਦ ਤੇ ਦੋ ਧੀਆਂ ਸ਼ਾਂਤੀ ਤੇ ਪਾਰਬੱਤੀ। ਸ਼ਾਂਤੀ ਵਿਆਹੁਣ ਜੋਗੀ ਹੋ ਚੱਲੀ ਸੀ ਤੇ ਲਾਲਾ ਤੇਜ ਭਾਨ ਨੂੰ ਇਸ ਦਾ ਪਤਾ ਸੀ ਕਿਉਂਕਿ ਲਾਲਾ ਘਮੰਡੀ ਰਾਮ ਚਰਾਇਆ ਉਨ੍ਹਾਂ ਦੇ ਮਿੱਤਰ ਸਨ ਪਰ ਉਸ ਦੀ ਮੌਤ ਹੋ ਚੁੱਕੀ ਸੀ। ਲਾਲਾ ਤੇਜ ਭਾਨ ਉਸ ਦੇ ਪਰਿਵਾਰ ਨੂੰ ਮਿਲਦੇ ਵੀ ਰਹਿੰਦੇ ਸਨ ਅਤੇ ਬੱਚਿਆ ਦੀ ਸੁਖ ਸਾਂਦ ਬਾਰੇ ਕਦੇ ਕਦਾਈਂ ਪੁੱਛ ਲੈਂਦੇ ਸਨ। ਇਕ ਸ਼ਾਮੀਂ ਲਾਲਾ ਤੇਜ ਭਾਨ ਤੇ ਮਾਸਟਰ ਤੋਲਾ ਰਾਮ ਲਾਲਾ ਰਾਮ ਚੰਦ ਦੇ ਪਿੰਡ ਆਏ ਤੇ ਦੇਵ ਰਾਜ ਦੀ ਸ਼ਾਂਤੀ ਨਾਲ ਸ਼ਾਦੀ ਬਾਰੇ ਗੱਲ ਚਲਾਈ। ਪਹਿਲੋਂ ਤਾਂ ਰਾਮ ਚੰਦ ਨਾ ਮੰਨਿਆ ਕਿਉਂਕਿ ਉਨ੍ਹਾਂ ਦੇਵ ਰਾਜ ਨੂੰ ਵੇਖਿਆ ਹੋਇਆ ਸੀ। ਪਰ ਜਦੋਂ ਲਾਲਾ ਤੇਜ ਭਾਨ ਨੇ ਆਪਣੀ ਸੁਹਣੀ ਧੀ ਭਰਾਵਾਂ ਬਾਈ ਦਾ ਹੱਥ ਟਿਕਾਇਆ ਰਾਮ ਨੂੰ ਦੇਣ ਦੀ ਗੱਲ ਕਹੀ ਤਾਂ ਉਹ ਝੱਟ ਮੰਨ ਗਿਆ। ਤਣੋਜੀ ਬਾਈ ਪਹਿਲੋਂ ਤਾਂ ਨਹੀਂ ਸੀ ਮੰਨਦੀ ਤੇ ਸ਼ਾਂਤੀ ਦਾ ਹੱਥ ਦੇਵ ਰਾਜ ਨੂੰ ਦੇਣ ਲਈ ਬਿਲਕੁਲ ਤਿਆਰ ਨਹੀਂ ਸੀ ਪਰ ਬਾਅਦ ਵਿਚ ਰਾਜ਼ੀ ਹੋ ਗਈ ਕਿਉਂਕਿ ਇਸ ਨਾਲ  ਉਸ ਦੇ ਦਿਉਰ ਦਾ ਵਿਆਹ ਇਕ ਗੋਰੀ ਤੇ ਖ਼ੂਬਸੂਰਤ ਲੜਕੀ ਨਾਲ ਹੋ ਜਾਣਾ ਸੀ। ਸ਼ਾਂਤੀ ਦਾ ਕੀ ਸੀ, ਕਿਧਰੇ ਤਾਂ ਉਸ ਦਾ ਵਿਆਹ ਕਰਨਾ ਹੀ ਸੀ। ਦੋਵੇਂ ਰਿਸ਼ਤੇ ਪੱਕੇ ਹੋ ਗਏ। ਮਾਸਟਰ ਤੋਲਾ ਰਾਮ ਨੂੰ ਟਿਕਾਇਆ ਰਾਮ ਦੀ ਉਮਰ ਵੱਡੀ ਜਾਪੀ ਸੀ ਕਿਉਂਕਿ ਭਰਾਵਾਂ ਤਾਂ ਮਸੇਂ ਪੰਦਰਾਂ ਸੋਲ੍ਹਾਂ ਸਾਲ ਦੀ ਸੀ, ਟਿਕਾਇਆ ਰਾਮ ਤੋਂ ਉਮਰ ਵਿਚ ਅੱਧੀ ਪਰ ਭਰਾ ਦਾ ਕੰਮ ਬਣਦਾ ਵੇਖ ਕੇ ਉਸ ਨੇ ਕੋਈ ਇਤਰਾਜ਼ ਨਾ ਕੀਤਾ। ਇਸ ਤਰ੍ਹਾਂ ਵੱਟੇ ਦੇ ਇਹ ਦੋਵੇਂ ਸਾਕ ਹੋ ਗਏ ਤੇ ਦੋ ਨਵੇਂ ਘਰ ਹੋਂਦ ਵਿਚ ਆ ਗਏ : ਟਿਕਾਇਆ ਰਾਮ ਤੇ ਭਰਾਵਾਂ ਬਾਈ ਅਤੇ ਦੇਵਰਾਜ ਤੇ ਸ਼ਾਂਤੀ ਦੇ। ਦੇਵਰਾਜ ਤੇ ਸ਼ਾਂਤੀ ਦੇ ਵਿਆਹ ਵਿਚ ਇਕ ਵਿਘਨ ਵੀ ਆ ਪਿਆ ਕਿਉਂਕਿ ਉਹ ਅਜੇ 15 ਤੇ 12 ਸਾਲਾਂ ਦੇ ਸਨ ਤੇ ਪੰਜਾਬ ਵਿਚ ਬਾਲ ਵਿਆਹ ਕਰਨ ਦੀ ਮਨਾਹੀ ਸੀ। ਉਨ੍ਹਾਂ ਦਾ ਵਿਆਹ ਕਰਨ ਲਈ ਸਾਰਿਆਂ ਨੂੰ ਬਹਾਵਲਪੁਰ ਜਾਣਾ ਪਿਆ ਜੋ ਇਕ ਰਿਆਸਤ ਸੀ ਤੇ ਉਥੇ ਇਸ ਬਾਰੇ ਕੋਈ ਪਾਬੰਦੀ ਨਹੀਂ ਸੀ।

ਵਿਆਹ ਤੋਂ ਬਾਅਦ ਟਿਕਾਇਆ ਰਾਮ ਨੇ ਮੁਲਤਾਨ ਤੋਂ ਕੁਝ ਦੂਰ ਇਕ ਪਿੰਡ ਸੈਂਫ਼ਪੁਰ ਵਿਚ ਆਪਣੀ ਪੰਸਾਰੀ ਦੀ ਦੁਕਾਨ ਬਣਾ ਲਈ ਤੇ ਨਾਲ ਹੀ ਹਿਕਮਤ ਵੀ ਸ਼ੁਰੂ ਕਰ ਦਿੱਤੀ। ਉਹ ਬੜਾ ਕਾਮਯਾਬ ਹਕੀਮ ਸੀ ਤੇ ਉਸ ਦੇ ਨੁਸਖ਼ੇ ਬੜੇ ਕਾਰਗਰ ਹੁੰਦੇ ਸਨ। ਆਪਣੇ ਨੇਕ ਸੁਭਾਅ, ਮਿੱਠੇ ਬੋਲਾਂ, ਤੇ ਸੇਵਾ ਭਾਵ ਕਾਰਣ ਸਾਰੇ ਲੋਕ ਉਸ ਨੂੰ ਬੜਾ ਪਿਆਰ ਕਰਦੇ ਸਨ ਅਤੇ ਉਸ ਦੀਆਂ ਦਵਾਈਆਂ ਦੇ ਜਾਦੂਮਈ ਅਸਰ ਤੋਂ ਉਹ ਬੜੇ ਸੰਤੁਸ਼ਟ ਹੁੰਦੇ ਸਨ। ਭਰਾਵਾਂ ਬਈ ਉਸ ਦੇ ਨੁਸਖ਼ੇ ਤਿਆਰ ਕਰਦੀ ਸੀ ਅਤੇ ਵੱਖੋ ਵੱਖਰੀਆਂ ਦੇਸੀ ਤੇ ਯੂਨਾਨੀ ਦਵਾਈਆਂ ਹਮਾਮ-ਦਸਤੇ ਵਿਚ ਕੁੱਟ ਕੇ ਦਿੰਦੀ ਸੀ। ਇਸ ਤਰ੍ਹਾਂ ਉਸ ਨੂੰ ਬਹੁਤ ਸਾਰੇ ਨੁਸਖ਼ਿਆ ਦਾ ਪਤਾ ਲਗ ਗਿਆ ਸੀ। ਵੱਖੋ ਵੱਖਰੇ ਅਰਕਾਂ ਦੀ ਤਿਆਰੀ ਵਿਚ ਵੀ ਉਹ ਟਿਕਾਇਆ ਰਾਮ ਦੀ ਮਦਦ ਕਰਦੀ ਸੀ। ਟਿਕਾਇਆ ਰਾਮ ਤੇ ਭਰਾਵਾਂ  ਬਾਈ ਦੇ ਪੰਜ ਬੱਚੇ ਹੋਏ ਜਿਨ੍ਹਾਂ' ਚੋਂ ਦੋ ਭਰਾ

ਤੇ ਦੋ ਭੈਣਾਂ ਸੈਂਫ਼ਪੁਰ ਵਿਚ ਹੀ ਹੋਏ। ਪੰਜਵਾਂ ਬੱਚਾ ਸ਼ਹਿਰ ਦੇ ਇਕ ਹਸਪਤਾਲ ਵਿਚ ਹੋਇਆ ਜੋ ਜਨਮ ਤੋਂ ਬਾਅਦ ਹੀ ਦਮ ਤੋੜ ਗਿਆ। ਦਇਆ ਨੰਦ ਤੇ ਸਤਿਆ ਨੰਦ ਅਤੇ ਈਸ਼ਵਰ ਦੇਵੀ ਤੇ ਅੰਮ੍ਰਿਤ ਕੈਲਾਸ਼ ਨੇ ਆਪਣਾ ਮੁੱਢਲਾ ਬਚਪਨ ਸੈਂਫ਼ਪੁਰ ਵਿਚ ਹੀ ਬਿਤਾਇਆ। ਟਿਕਾਇਆ ਰਾਮ ਆਪਣੇ ਵੱਡੇ ਭਰਾ ਰਾਮ ਚੰਦ ਨੂੰ ਵੀ ਸੈਂਫ਼ਪੁਰ ਲੈ ਆਇਆ ਤੇ ਪਿੰਡ ਵਿਚ ਉਨ੍ਹਾਂ ਦੀ ਆਟੇ ਦੀ ਚੱਕੀ ਬਣਵਾ ਦਿੱਤੀ ਜਿਸ ਵਿੱਚੋਂ ਚੰਗਾ ਲਾਭ ਹੋਣ ਲੱਗਾ। ਇਸ ਤਰ੍ਹਾਂ ਚਰਾਇਆ ਪਰਿਵਾਰ ਸੈਂਫ਼ ਪੁਰ ਵਿਚ ਮੁੜ ਇਕੱਠਾ ਹੋ ਗਿਆ।

ਲਾਲਾ ਤੇਜ ਭਾਨ ਦਾ ਪਰਿਵਾਰ ਪੂਰੀ ਤਰ੍ਹਾਂ ਸਨਾਤਨੀ ਸੀ ਤੇ ਲਾਲਾ ਘਮੰਡੀ ਰਾਮ ਵੀ ਸਨਾਤਨੀ ਹੀ ਸਨ। ਦੋਵਾਂ ਪਰਿਵਾਰਾਂ ਵਿਚ ਮੂਰਤੀ ਪੂਜਾ ਦਾ ਰਿਵਾਜ ਸੀ। ਮਾਸਟਰ ਤੋਲਾ ਰਾਮ ਦੇ ਪੜ੍ਹ ਜਾਣ ਨਾਲ ਪਰਿਵਾਰ ਵਿਚ ਵਿਚਾਰ ਪੱਖੋਂ ਵੀ ਕੁਝ ਤਬਦੀਲੀ ਵਾਪਰੀ। ਮੁਲਤਾਨ ਵਿਚ ਆਰੀਆ ਸਮਾਜ ਦਾ ਪ੍ਰਚਾਰ ਹੋਣਾ ਸ਼ੁਰੂ ਹੋ ਗਿਆ ਸੀ। ਮਾਸਟਰ ਤੋਲਾ ਰਾਮ ਨੇ ਕਈ ਜਲਸੇ ਵੇਖੇ ਤੇ ਉਹ ਆਰੀਆ ਸਮਾਜੀ ਬਣ ਗਿਆ। ਉਸ ਦੇ ਵਿਚਾਰਾਂ ਦਾ ਪ੍ਰਭਾਵ ਆਪਣੇ ਭਰਾ ਨਾਲੋਂ ਵੱਧ ਆਪਣੀਆਂ ਭੈਣਾਂ ਤੇ ਪਿਆ ਅਤੇ ਭਰਾਵਾਂ ਬਾਈ ਨੇ ਇਹ ਅਸਰ ਸਭ ਤੋਂ ਵੱਧ ਕਬੂਲਿਆ। ਬਚਪਨ ਵਿਚ ਆਪਣੇ ਪਿੰਡ ਵਿਚ ਉਹ ਇਕ ਧਰਮਸ਼ਾਲਾ ਵਿਚ ਗੁਰਮੁਖੀ ਪੜ੍ਹਨ ਜਾਇਆ ਕਰਦੀ ਸੀ। ਉਸ ਧਰਮਸਾਲਾ ਦਾ ਸੰਚਾਲਕ ਵੀ ਇਕ ਸੂਝਵਾਨ ਸੰਨਿਆਸੀ ਸੀ ਜਿਸ ਨੇ ਭਰਾਵਾਂ ਬਾਈ ਨੂੰ ਗੁਰਮੁਖੀ ਲਿਪੀ ਵਿਚ ਛਪੇ ਹੋਏ ਸਤਿਆਰਥ ਪ੍ਰਕਾਸ਼ ਦੀ ਇਕ ਕਾਪੀ ਦਿੱਤੀ ਜੋ ਸੁਆਮੀ ਦਇਆ ਨੰਦ ਦੀ ਰਚਨਾ ਹੈ ਤੇ ਆਰੀਆ ਸਿੱਧਾਂਤਾਂ ਦੀ ਚਰਚਾ ਕਰਦੀ ਹੈ। ਭਰਾਵਾਂ ਬਾਈ ਉੱਪਰ ਸਵਾਮੀ ਦਇਆ ਨੰਦ ਦੇ ਵਿਚਾਰਾਂ ਦਾ ਬਹੁਤ ਅਸਰ ਹੋਇਆ ਸੀ। ਸ਼ਾਇਦ ਇਹੀ ਕਾਰਣ ਸੀ ਕਿ ਉਸ ਨੇ ਆਪਣੇ ਪਹਿਲੇ ਬੇਟੇ ਦਾ ਨਾਮ 'ਦਇਆ ਨੰਦ' ਰਖਿਆ। ਦੂਜੇ ਦਾ ਨਾਂ 'ਸਤਿਆ ਨੰਦ' ਵੀ ਉਨ੍ਹਾਂ ਕਿਸੇ ਸੰਨਿਆਸੀ ਬਾਰੇ ਸੋਚ ਕੇ ਹੀ ਰਖਿਆ ਹੋਣਾ ਹੈ। 'ਈਸ਼ਵਰ ਦੇਵੀ' ਤੇ 'ਅੰਮ੍ਰਿਤ ਕੈਲਾਸ਼' ਦੇ ਨਾਵਾਂ ਵਿਚ ਟਿਕਾਇਆ ਰਾਮ ਦੀ ਸਲਾਹ ਲਈ ਜਾਪਦੀ ਹੈ। ਉਹ ਪੂਰੇ ਸਨਾਤਨੀ ਸਨ ਪਰ ਘਰ ਨੂੰ ਚਲਾਉਣ ਤੇ ਧਾਰਮਕ ਰਸਮਾਂ ਸੰਬੰਧੀ ਸਾਰੇ ਅਧਿਕਾਰ ਭਰਾਵਾਂ ਬਾਈ ਕੋਲ ਹੀ ਸਨ ਜਿਸ ਦੀ ਸ਼ਖ਼ਸੀਅਤ ਦੀ ਛਾਪ ਸਾਰੇ ਪਰਿਵਾਰ ਤੇ ਪ੍ਰਤੱਖ ਵੇਖੀ ਜਾ ਸਕਦੀ ਹੈ।

ਸੈਂਫ਼ਪੁਰ ਤੋਂ ਛੇ ਮੀਲ ਦੂਰ ਇਕ ਵੱਡਾ ਪਿੰਡ ਸੀ ਸਲਾਰਵਹਿਣ ਜਿੱਥੇ ਇਕ ਪ੍ਰਾਇਮਰੀ ਸਕੂਲ ਸੀ। ਦਇਆ ਨੰਦ ਤੇ ਸਤਿਆ ਨੰਦ ਦੀ ਮੁਢਲੀ ਸਿਖਿਆ ਇੱਥੋਂ ਸ਼ੁਰੂ ਹੋਈ। ਦੋਵੇਂ ਭਰਾ ਉੱਥੇ ਪੈਦਲ ਜਾਂਦੇ ਸਨ ਤੇ ਪੈਦਲ ਹੀ ਆਉਂਦੇ ਸਨ। ਕਦੇ ਕਦਾਈਂ ਟਿਕਾਇਆ ਰਾਮ ਹੋਰੀਂ ਆਪ ਉਨ੍ਹਾਂ ਨੂੰ ਆਪਣੇ ਸਾਈਕਲ ਤੇ ਲੈ ਜਾਂਦੇ। ਕੁੜੀਆਂ ਦੀ ਪੜ੍ਹਾਈ ਭਰਾਵਾਂ ਬਾਈ ਦੇ ਜ਼ਿੰਮੇ ਸੀ। ਸੈਂਫ਼ਪੁਰ ਵਿਚ ਮੁਸਲਮਾਨਾਂ ਦਾ ਗ਼ਲਬਾ ਸੀ ਤੇ ਉੱਥੇ ਕੁਝ ਮੁਸਲਿਮ ਦਰਵੇਸ਼ ਵੀ ਰਹਿੰਦੇ ਸਨ। ਉਨ੍ਹਾਂ ਦੇ ਹੁਕਮ ਅਨੁਸਾਰ ਜੁੰਮੇਰਾਤ ਅਥਵਾ ਵੀਰਵਾਰ ਨੂੰ ਦੁਕਾਨਾਂ ਤੇ ਕਾਰੋਬਾਰ ਬੰਦ ਰੱਖੇ

ਜਾਂਦੇ ਸੀ। ਇਕ ਵਾਰੀ ਰਾਮ ਚੰਦ ਦੀ ਚੱਕੀ ਤੇ ਬਹੁਤ ਕਣਕ ਆ ਗਈ ਜਿਸ ਨੂੰ ਪੀਹਣ ਲਈ ਰਾਮ ਚੰਦ ਨੇ ਜੁੱਮੇਰਾਤ ਨੂੰ ਵੀ ਚੱਕੀ ਚਲਾ ਦਿੱਤੀ। ਦੇਰ ਰਾਤ ਤਕ ਚੱਕੀ ਚਲਦੀ ਰਹੀ ਤੇ ਰਾਮ ਚੰਦ ਬਹੁਤ ਥਕ ਕੇ ਦੁਕਾਨ ਦੇ ਬਾਹਰ ਬੜੀ ਦੇਰ ਨਾਲ ਸੁੱਤਾ। ਦੂਜੇ ਦਿਨ ਧੁੱਪ ਚੜ੍ਹ ਆਈ ਪਰ ਉਹ ਨਾ ਉੱਠਿਆ। ਵਜ਼ੀਰ ਚੰਦ ਨੇ ਆ ਕੇ ਉਸ ਨੂੰ ਉਠਾਇਆ ਪਰ ਉਹ ਨਾ ਹਿੱਲਿਆ। ਟਿਕਾਇਆ ਰਾਮ ਆਪ ਆਇਆ ਤੇ ਆਪਣੇ ਵੱਡੇ ਭਰਾ ਨੂੰ ਵੇਖਿਆ। ਉਹ ਤਾਂ ਇਸ ਦੁਨੀਆਂ ਤੋਂ ਜਾ ਚੁੱਕਾ ਸੀ। ਪਿੰਡ ਦੇ ਲੋਕ ਇਕੱਠੇ ਹੋ ਗਏ। ਉਨ੍ਹਾਂ ਦਾ ਖ਼ਿਆਲ ਇਹ ਸੀ ਕਿ ਉਸ ਨੂੰ ਅੱਲਾ ਦੇ ਫ਼ਰਿਸ਼ਤਿਆ ਨੇ ਮਾਰ ਦਿੱਤਾ ਹੈ ਕਿਉਂ ਕਿ ਉਸ ਨੇ ਜੁੱਮੇਰਾਤ ਨੂੰ ਚੱਕੀ ਚਲਾਈ ਸੀ। ਕੁਝ ਕਹਿੰਦੇ ਸਨ ਕਿ ਦਰਵੇਸ਼ਾਂ ਨੇ ਉਸ ਦਾ ਗਲਾ ਘੁੱਟ ਦਿੱਤਾ ਹੈ। ਪੋਲੀਸ ਕਾਰਵਾਈ ਬਾਰੇ ਕਿਸੇ ਸੋਚਿਆ ਹੀ ਨਹੀਂ। ਇਸ ਦੁਖਾਂਤ ਦੇ ਵਾਪਰਣ ਨਾਲ ਚਰਾਇਆ ਪਰਿਵਾਰ ਦਹਿਸ਼ਤ ਵਿਚ ਆ ਗਿਆ।

ਉਨ੍ਹਾਂ ਹੀ ਦਿਨਾਂ ਵਿਚ ਇਕ ਘਟਨਾ ਹੋਰ ਵੀ ਵਾਪਰ ਗਈ। ਉਹ ਮੁਸਲਮਾਨ ਦਰਵੇਸ਼ ਟਿਕਾਇਆ ਰਾਮ ਦੇ ਪਿਛਵਾੜੇ ਰਹਿੰਦੇ ਸਨ। ਉਸ ਪਾਸੇ ਕਿਸੇ ਮੁਸਲਮਾਨ ਔਰਤ ਦੇ ਘਰ ਬੱਚਾ ਹੋਣ ਵਾਲਾ ਸੀ। ਭਰਾਵਾਂ ਬਾਈ ਨੇ ਨਰਸ-ਦਾਈ ਦਾ ਥੋੜ੍ਹਾ ਬਹੁਤ ਕੰਮ ਆਪਣੀ ਭੈਣ ਰਾਮ ਬਾਈ ਤੋਂ ਸਿਖ ਲਿਆ ਸੀ। ਆਪਣੇ ਪਤੀ ਟਿਕਾਇਆ ਰਾਮ ਤੋਂ ਵੀ ਉਨ੍ਹਾਂ ਕਈ ਦਵਾਈਆਂ ਬਾਰੇ ਜਾਣਕਾਰੀ ਹਾਸਿਲ ਕਰ ਲਈ ਸੀ। ਉਸ ਮੁਸਲਮਾਨ ਔਰਤ ਦੇ ਜਣੇਪੇ ਤੇ ਭਰਾਵਾਂ ਬਾਈ ਨੂੰ ਸੱਦਿਆ ਗਿਆ। ਉਹ ਦਰਵੇਸ਼ ਉਸ ਘਰ ਜਾਇਆ ਕਰਦੇ ਸਨ। ਉਨ੍ਹਾਂ ਸੁਨੇਹਾ ਭੇਜਿਆ ਕਿ ਭਰਾਵਾਂ ਬਾਈ ਉਨ੍ਹਾਂ ਦੇ ਡੇਰੇ ਆ ਕੇ ਪਵਿੱਤਰ ਜਲ ਲੈ ਜਾਵੇ ਤੇ ਬਾਅਦ ਵਿਚ ਕੇਸ ਨੂੰ ਹੱਥ ਪਾਵੇ। ਭਰਾਵਾਂ ਬਾਈ ਨੇ ਉੱਥੇ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਭਰਾਵਾਂ ਬਾਈ ਦੀ ਮਦਦ ਨਾਲ ਬੱਚੇ ਦਾ ਜਨਮ ਸਹੀ ਸਲਾਮਤ ਹੋ ਗਿਆ। ਲੜਕਾ ਪੈਦਾ ਹੋਇਆ ਤੇ ਘਰ ਵਾਲੇ ਬੜੇ ਖ਼ੁਸ਼ ਹੋਏ। ਪੈਸਿਆਂ ਤੋਂ ਇਲਾਵਾ ਉਨ੍ਹਾਂ ਭਰਾਵਾਂ ਬਾਈ ਨੂੰ ਕਪੜੇ ਵੀ ਦਿੱਤੇ। ਪਰ ਦਰਵੇਸ਼ ਸਖ਼ਤ ਨਾਰਾਜ਼ ਸਨ। ਉਨ੍ਹਾਂ ਸੁਨੇਹਾ ਭੇਜਿਆ ਕਿ ਉਹ ਭਰਾਵਾਂ ਬਾਈ ਵੱਲ ਕਹਿਰ ਦੇ ਫ਼ਰਿਸ਼ਤੇ ਭੇਜਣ ਗੇ ਜੋ ਉਸ ਨੂੰ ਖ਼ਤਮ ਕਰ ਦੇਣ ਗੇ। ਭਰਾਵਾਂ ਬਾਈ ਨੇ ਉਨ੍ਹਾਂ ਨੂੰ ਅਖਵਾ ਭੇਜਿਆ ਕਿ ਉਹ ਆਪਣੇ ਗਾਇਤ੍ਰੀ ਮੰਤਰ ਦੇ ਜਾਪ ਨਾਲ ਸ਼ੈਤਾਨੀ ਰੂਹਾਂ ਨੂੰ ਭਜਾ ਦੇਵੇ ਗੀ। ਟਿਕਾਇਆ ਰਾਮ ਡਰ ਗਿਆ ਪਰ ਭਰਾਵਾਂ ਬਾਈ ਡਟੀ ਰਹੀ। ਉਹ ਸਾਰੀ ਰਾਤ ਗਾਇਤ੍ਰੀ ਮੰਤਰ ਦਾ ਜਾਪ ਕਰਦੀ ਰਹੀ ਤੇ ਸਵੇਰ ਹੋ ਗਈ। ਟਿਕਾਇਆ ਰਾਮ ਦਾ ਸਾਰਾ ਪਰਿਵਾਰ ਸੁਰਖਿਅਤ ਸੀ।

ਇਨ੍ਹਾਂ ਦੋਵਾਂ ਘਟਨਾਵਾਂ ਤੋਂ ਬਾਅਦ ਟਿਕਾਇਆ ਰਾਮ ਨੇ ਸੈਂਫ਼ਪੁਰ ਛੱਡ ਦੇਣ ਦਾ ਫ਼ੈਸਲਾ ਕਰ ਲਿਆ। ਉਹ ਆਪਣੀ ਸੁਹਣੀ ਤੇ ਸਿਆਣੀ ਬੀਵੀ ਨੂੰ ਅਤੇ ਆਪਣੇ ਬੱਚਿਆਂ ਨੂੰ ਬੁਰੀਆਂ ਨਜ਼ਰਾਂ ਤੋਂ ਬਚਾਉਣਾ ਚਾਹੁੰਦਾ ਸੀ। ਵਜ਼ੀਰ ਚੰਦ ਨੂੰ ਉਸ ਦੀ ਮਾਂ ਤੇ ਭੈਣ ਸਣੇ ਉਹ ਮੰਜ਼ਾ ਐਲ ਲੈ ਗਿਆ ਤੇ ਉੱਥੇ ਦੁਬਾਰਾ ਦੁਕਾਨ ਸ਼ੁਰੂ ਕਰਵਾ ਦਿੱਤੀ। ਲਾਲਾ ਤੇਜ ਭਾਨ ਵੀ ਆਪਣਾ ਪਿੰਡ

ਛੱਡ ਕੇ ਚੱਕ ਨੰਬਰ ਚੁਰਾਨਵੇਂ ਆ ਗਏ ਸਨ ਜੋ ਇਕ ਹਿੰਦੂ ਜਾਗੀਰਦਾਰ ਛੱਤਾ ਰਾਮ ਦਾ ਪਿੰਡ ਸੀ। ਉਸ ਨੇ ਟਿਕਾਇਆ ਰਾਮ ਨੂੰ ਵੀ ਉੱਥੇ ਆ ਜਾਣ ਦੀ ਸਲਾਹ ਦਿੱਤੀ ਤੇ ਪੂਰੀ ਮਦਦ ਦਾ ਭਰੋਸਾ ਦਵਾਇਆ। ਸੈਂਫ਼ਪੁਰ ਵਿਚ ਟਿਕਾਇਆ ਰਾਮ ਕੋਲ ਇਕ ਵੱਡਾ ਘਰ ਸੀ, ਤੇ ਪਿੰਡ ਦੀ ਬਾਹਰਲੀ ਸੜਕ ਕੋਲ ਇਕ ਵਧੀਆ ਦੁਕਾਨ। ਟਿਕਾਇਆ ਰਾਮ ਨੇ ਆਪਣੀ ਦੁਕਾਨ ਤੇ ਮਕਾਨ ਵੇਚ ਦਿੱਤੇ। ਵਾਧੂ ਸਾਮਾਨ ਵੀ ਉਨ੍ਹਾਂ ਦੇ ਦਿੱਤਾ ਤੇ ਜ਼ਰੂਰੀ ਸਾਮਾਨ ਲੈ ਕੇ ਚੱਕ ਨੰਬਰ ਚੁਰਾਨਵੇਂ ਵਲ ਹਿਜਰਤ ਕੀਤੀ। ਇਹ ਪਿੰਡ ਨਹਿਰ ਐੱਲ-14 ਦੇ ਨੇੜੇ ਮੀਆਂ ਚੰਨੂੰ ਤਹਿਸੀਲ ਵਿਚ ਪੈਂਦਾ ਸੀ। ਉੱਥੇ  ਜਾਣ ਲਈ ਟਿਕਾਇਆ ਰਾਮ ਨੇ ਤਿੰਨ ਚਾਰ ਊਂਠ ਕਿਰਾਏ ਤੇ ਲਏ। ਕੁਝ ਊਠਾਂ ਤੇ ਸਮਾਨ ਲੱਦ ਦਿੱਤਾ ਤੇ ਇਕ ਊਠ ਤੇ ਕਚਾਵੇ ਵਿਚ ਭਰਾਵਾਂ ਬਾਈ ਤੇ ਚਾਰ ਬੱਚਿਆਂ ਨਾਲ ਆਪ ਬੈਠ ਗਿਆ। ਊਠਾਂ ਵਾਲੇ ਚੱਕ ਚੁਰਾਨਵੇਂ ਵੱਲ ਰਵਾਨਾ ਹੋ ਪਏ। ਮੈਂ ਕਾਫ਼ੀ ਛੋਟਾ ਸਾਂ ਪਰ ਊਠਾਂ ਤੇ ਇਸ ਸਫ਼ਰ ਦੀਆਂ ਧੁੰਦਲੀਆਂ ਯਾਦਾਂ ਅਜੇ ਵੀ ਮੇਰੇ ਜ਼ਿਹਨ ਵਿਚ ਉਕਰੀਆਂ ਹੋਈਆਂ ਹਨ।

ਸ਼ੈਂਫ਼ਪੁਰ ਦੀ ਇਕ ਹੋਰ ਗੱਲ ਵੀ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਦਇਆ ਨੰਦ ਤੇ ਮੈਂ ਸਲਾਰਵਹਿਣ ਤੋਂ ਪੜ੍ਹ ਕੇ ਆ ਰਹੇ ਸਾਂ। ਰਸਤੇ ਵਿਚ ਇਕ ਬਾਗ਼ ਸੀ ਅੰਬਾਂ ਦਾ। ਦਇਆ ਨੰਦ ਮੈਨੂੰ ਉਥੇ ਲੈ ਗਿਆ ਤੇ ਅਸੀਂ ਕਾਫ਼ੀ ਦੇਰ ਤਕ ਅੰਬ ਚੂਪਦੇ ਰਹੇ। ਗਰਮੀਆਂ ਦੀ ਰੁੱਤ ਸੀ। ਰਾਤ ਹੋ ਗਈ। ਮੈਨੂੰ ਤਾਂ ਰਸਤਾ ਵੀ ਨਹੀਂ ਸੀ ਦਿਸਤਾ। ਦਇਆ ਨੰਦ ਨੇ ਮੇਰਾ ਹੱਥ ਫੜਿਆ ਹੋਇਆ ਤੇ ਮੈਨੂੰ ਉੱਚੇ ਨੀਂਵੇ ਰਸਤੇ ਤੋਂ ਲਈ ਜਾ ਰਿਹਾ ਸੀ। ਦੂਰ ਬਹੁਤ ਦੂਰ ਇਕ ਲਾਲਟੈਨ ਜਗਦੀ ਪਈ ਸੀ ਜਿਹੜੀ ਸੈਂਫ਼ਪੁਰ ਵਿਚ ਸਾਡੀ ਦੁਕਾਨ ਦੇ ਬਾਹਰ ਵਾਲੇ ਬਰਾਂਡੇ ਵਿਚ ਲਟਕੀ ਹੁੰਦੀ ਸੀ। ਦਇਆ ਨੰਦ ਮੈਨੂੰ ਕਹਿ ਰਿਹਾ ਸੀ, “ਵੇਖ ਸਤਿਆ ਨੰਦ, ਆਪਣੀ ਦੁਕਾਨ ਵਾਲੀ ਲਾਲਟੈਨ। ਅਸੀਂ ਹੁਣੇ ਪਹੁੰਚੇ ਕਿ ਪਹੁੰਚੇ।” ਬਹੁਤ ਸਾਲਾਂ ਬਾਅਦ ਸ਼ਾਇਦ ਇਹੀ ਦ੍ਰਿਸ਼ ਮੇਰੀ ਇਕ ਗ਼ਜ਼ਲ ਦੇ ਇਸ ਸ਼ਿਅਰ ਵਿਚ ਇਸ ਤਰ੍ਹਾਂ ਆ ਗਿਆ।

ਕਾਲੀ ਘੁੱਪ ਹਨੇਰੀ ਰਾਤੇ ਕਿਹੜਾ ਦੀਵਾ ਬਲਦਾ ਸੀ।
ਮੇਰੀ ਉੱਚੀ ਨੀਵੇਂ ਵਾਟੇ ਦੂਰੋਂ ਲੋਆਂ ਘਲਦਾ ਸੀ।

ਅਸੀਂ ਬੜੀ ਸਵੇਰੇ ਸੈਂਫ਼ਪੁਰ ਤੋਂ ਚੱਲੇ ਸਾਂ ਤੇ ਕਿਧਰੇ ਜਾ ਕੇ ਸ਼ਾਮ ਵੇਲੇ ਚੱਕ ਨੰਬਰ ਚੁਰਾਨਵੇਂ ਪੁੱਜੇ। ਲਾਲਾ ਤੇਜ ਭਾਨ ਨੇ ਸਾਡੇ ਲਈ ਰਹਿਣ ਵਾਲੇ ਦੋ ਕਮਰੇ ਖ਼ਾਲੀ ਕਰਵਾਏ ਹੋਏ ਸਨ। ਮਕਾਨ ਦੇ ਬਾਹਰਲੇ ਕਮਰੇ ਵਿਚ ਦੁਕਾਨ ਦਾ ਇੰਤਜ਼ਾਮ ਵੀ ਕੀਤਾ ਹੋਇਆ ਸੀ। ਵਿਹੜੇ ਵਿਚ ਇਕ ਨਿੰਮ ਦਾ ਦਰੱਖ਼ਤ ਸੀ।  ਲਾਲਾ ਤੇਜ ਭਾਨ ਦੀ ਆਪਣੀ ਦੁਕਾਨ ਵੀ ਬਾਹਰ ਵਾਲੇ ਪਾਸੇ ਸੀ। ਬਾਹਰਲੀ ਸੜਕ ਕਾਫ਼ੀ ਖੁੱਲ੍ਹੀ ਸੀ ਜਿਹੜੀ ਪਿੰਡ ਦੇ ਵਿਚਕਾਰੋਂ ਲੰਘਦੀ ਹੋਈ ਇਕ ਬਾਗ਼ ਤਕ ਜਾਂਦੀ ਸੀ। ਸੜਕ ਦੇ ਦੂਜੇ ਸਿਰੇ ਤੇ ਵੀ ਇਕ ਵੱਡਾ ਬਾਗ਼ ਸੀ ਜਿਸ ਵਿਚ ਅੰਬਾਂ, ਅਨਾਰਾਂ ਤੇ ਨਿੰਬੂਆਂ ਦੇ ਬੂਟਿਆਂ ਤੋਂ ਇਲਾਵਾਂ ਕਚਨਾਰ ਦੇ ਵੀ ਕਈ ਰੁੱਖ ਸਨ। ਦੋਵਾਂ ਬਾਗ਼ਾਂ

ਦੁਆਲੇ ਪਾਣੀ ਦੇ ਖਾਲ ਸਨ ਤੇ ਸਿੰਜਾਈ ਦਾ ਇਹ ਪਾਣੀ ਐੱਲ-14 ਤੋਂ ਆਉਂਦਾ ਸੀ। ਇਸ ਖਾਲ ਦੇ ਸਾਹਮਣੇ ਸਰਕਾਰੀ ਪ੍ਰਾਇਮਰੀ ਸਕੂਲ ਸੀ ਜਿਸ ਵਿਚ ਅਸੀਂ ਵੀ ਦਾਖ਼ਲਾ ਲਿਆ। ਪਿੰਡ ਦੇ ਅੱਧ ਵਿਚ ਇਕ ਖੂਹ ਸੀ ਜਿਹੜਾ ਚਾਰੇ ਪਾਸਿਉਂ ਪੱਕਾ ਸੀ। ਪਿੰਡ ਵਾਸੀ ਇੱਥੋਂ ਪੀਣ ਦਾ ਪਾਣੀ ਲੈ ਕੇ ਜਾਂਦੇ ਸਨ।

ਲਾਲਾ ਛੱਤਾ ਰਾਮ ਦੀ ਹਵੇਲੀ ਵੀ ਪਿੰਡ ਦੇ ਵਿਚਕਾਰ ਸੀ ਜਿਸ ਵਿਚ ਉਸ ਦੀ ਸੰਤਾਨ ਰਹਿੰਦੀ ਸੀ। ਇਹ ਪਿੰਡ ਦੇ ਚੌਧਰੀ ਸਨ ਤੇ ਇਨ੍ਹਾਂ ਦਾ ਆਲੇ ਦੁਆਲੇ ਦੇ ਪਿੰਡਾਂ ਵਿਚ ਵੀ ਚੰਗਾ ਅਸਰ ਰਸੂਖ਼ ਸੀ। ਪਿੰਡ ਵਿਚ ਕਿਸੇ ਹਿੰਦੂ ਲੜਕੀ ਦੀ ਸ਼ਾਦੀ ਹੋਵੇ, ਬਰਾਤ ਦੀ ਰੋਟੀ ਦਾ ਇੰਤਜ਼ਾਮ ਲਾਲਾ ਛੱਤਾ ਰਾਮ ਤੇ ਉਸਦੇ ਪੁੱਤਰ ਘਨਸ਼ਿਆਮ ਵੱਲੋਂ ਹੁੰਦਾ ਸੀ। ਲਛਮੀ ਦੀ ਸ਼ਾਦੀ ਤੇ ਵੀ ਇਹ ਇੰਤਜ਼ਾਮ ਉਨ੍ਹਾਂ ਵੱਲੋਂ ਹੋਇਆ ਸੀ। ਪਿੰਡ ਵਿਚ ਉਨ੍ਹਾਂ ਧਰਮਸ਼ਾਲਾ ਵੀ ਬਣਵਾਈ ਸੀ ਜਿੱਥੇ ਪਾਠ ਆਦਿ ਹੁੰਦੇ ਸਨ। ਇਸ ਧਰਮਸ਼ਾਲਾ ਵਿਚ ਕੁੜੀਆਂ ਦੇ ਪੜ੍ਹਨ ਦਾ ਵੀ ਇੰਤਜ਼ਾਮ ਸੀ।

ਟਿਕਾਇਆ ਰਾਮ ਤੇ ਭਰਾਵਾਂ ਬ੍ਰਾਈ ਲਈ ਜ਼ਿੰਦਗੀ ਦੀ ਇਹ ਨਵੀਂ ਸ਼ੁਰੂਆਤ ਸੀ। ਉਨ੍ਹਾਂ ਦੀ ਸ਼ਾਦੀ ਨੂੰ 10-12 ਸਾਲ ਹੋ ਗਏ ਸਨ। ਤੇ ਉਨ੍ਹਾਂ ਦੇ ਚਾਰ ਬੱਚੇ ਸਨ। ਦੋਵਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਲਿਖਾਈ ਦਾ ਬੜਾ ਫ਼ਿਕਰ ਸੀ। ਦਇਆ ਨੰਦ ਨੂੰ ਆਪਣੇ ਸ਼ਰਾਰਤੀ ਸੁਭਾਅ ਤੇ ਪੜ੍ਹਾਈ ਤੋਂ ਬੇਧਿਆਨੀ ਲਈ ਆਪਣੇ ਬਾਪ ਕੋਲੋਂ ਮਾਰ ਵੀ ਪੈਂਦੀ ਸੀ ਪਰ ਸਤਿਆ ਨੰਦ ਨਾਲ ਇਹੋ ਜਿਹੇ ਮੌਕੇ ਘਟ ਹੀ ਵਾਪਰਦੇ ਸਨ। ਸ਼ਾਇਦ ਉਹ ਪੜ੍ਹਾਈ ਵਿਚ ਹੁਸ਼ਿਆਰ ਸੀ! ਤੇ ਸ਼ਾਇਦ ਮਾਂ ਪਿਉ ਦਾ ਵਧੇਰੇ ਲਾਡਲਾ ਵੀ!

ਲਾਲਾ ਤੇਜ ਭਾਨ ਵੱਲੋਂ ਆਪਣੇ ਧੀ ਤੇ ਜਵਾਈ ਨੂੰ ਪੂਰਾ ਸਹਿਯੋਗ ਮਿਲਿਆ। ਫਿਰ ਇਹ ਦੋਵੇਂ ਮਿਹਨਤੀ ਵੀ ਤਾਂ ਰੱਜ ਕੇ ਸਨ। ਸੈਂਫਪੁਰ ਵਾਂਗ ਇੱਥੇ ਵੀ ਇਨ੍ਹਾਂ ਨੂੰ ਬੜੀ ਕਾਮਯਾਬੀ ਮਿਲੀ। ਭਰਾਵਾਂ ਬਾਈ ਲਈ ਇਸ ਪਿੰਡ ਵਿਚ ਵਾਸ ਚੰਗਾ ਵੀ ਰਿਹਾ ਤੇ ਮਾੜਾ ਵੀ ਕਿਉਂਕਿ ਇੱਥੇ ਉਸ ਦਾ ਜੀਵਨ ਕਈ ਚੁਣੌਤੀਆਂ ਨਾਲ ਭਰ ਗਿਆ।

# ਕੰਡਿਆਂ ਦਾ ਸਫ਼ਰ

ਭਰਾਵਾਂ ਬਾਈ ਤੇ ਟਿਕਾਇਆ ਰਾਮ ਦਾ ਪਰਿਵਾਰ ਗ਼ਾਲਬਨ 1942 ਵਿਚ ਚੱਕ ਨੰਬਰ ਚੁਰਾਨਵੇਂ ਆਇਆ। ਉਦੋਂ ਦੂਜੀ ਆਲਮੀ ਜੰਗ ਜ਼ੋਰਾਂ ਤੇ ਸੀ ਤੇ ਸਰਕਾਰ ਫ਼ੌਜੀ ਭਰਤੀ ਲਈ ਉਚੇਚੇ ਯਤਨ ਕਰ ਰਹੀ ਸੀ। ਨੰਬਰਦਾਰਾਂ, ਜ਼ੈਲਦਾਰਾਂ, ਸਕੂਲ ਮਾਸਟਰਾਂ ਤੇ ਪਟਵਾਰੀਆਂ ਆਦਿ ਨੂੰ ਭਰਤੀ ਵਾਸਤੇ ਪ੍ਰਚਾਰ ਕਰਨ ਦੀਆਂ ਜ਼ਿੰਮੇਵਾਰੀਆ ਸੌਂਪੀਆਂ ਹੋਈਆਂ ਸਨ। ਸਰਕਾਰ ਨੇ ਜ਼ਿਮੀਦਾਰਾਂ ਨੂੰ ਘੋੜੇ ਘੋੜੀਆਂ ਪਾਲਣ ਲਈ ਮੁਰੱਬੇ ਦਿੱਤੇ ਹੋਏ ਸਨ। ਇਕ ਮੁਰੱਬੇ ਵਿਚ ਤਕਰੀਬਨ ਪੱਚੀ ਏਕੜ ਹੁੰਦੇ ਹਨ। ਘੋੜੇ ਜੰਗ ਦੇ ਮੈਦਾਨ ਵਿਚ ਰਸਦ ਤੇ ਅਸਲਾ ਪੁਚਾਉਣ ਲਈ ਵਰਤੇ ਜਾਂਦੇ ਸਨ। ਭਾਵੇਂ ਮੈਂ ਬਹੁਤ ਛੋਟਾ ਸਾਂ ਪਰ ਮੈਨੂੰ ਅਜੇ ਵੀ ਯਾਦ ਹੈ ਕਿ ਘੋੜ-ਸਵਾਰ ਫ਼ੌਜੀ ਬੈਂਡ ਵਜਾਉਂਦੇ ਆਉਂਦੇ ਸਨ ਤੇ ਇਕ ਕੋਰਸ ਗਾਇਆ ਜਾ ਰਿਹਾ ਹੁੰਦਾ ਸੀ: “ਬਾਹਰ ਖੜੇ ਰੰਗਰੂਟ ਭਰਤੀ ਹੋ ਜਾਣਾ।” ਬਾਰ ਦੇ ਇਲਾਕੇ ਘੋੜਿਆਂ ਦੀ ਸਪਲਾਈ ਤੇ ਘੋੜ-ਸਵਾਰ ਫ਼ੌਜੀਆਂ ਦੀ ਭਰਤੀ ਲਈ ਮਸ਼ਹੂਰ ਸਨ। ਵੱਡੇ ਹੋ ਕੇ ਮੈਨੂੰ ਬਾਰਾ ਬਾਰੇ ਪੜ੍ਹਨ ਦਾ ਮੌਕਾ ਵੀ ਮਿਲਿਆ। ਬਾਰ ਉਸ ਇਲਾਕੇ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਕੁਦਰਤੀ ਘਾਹ ਤੇ ਜੰਗਲ ਆਦਿ ਹੁੰਦੇ ਸਨ ਤੇ ਉੱਥੇ ਅਕਸਰ ਜਾਂਗਲੀ ਲੋਕ ਰਹਿੰਦੇ ਸਨ। ਉਹ ਭੇਡਾਂ ਬਕਰੀਆਂ, ਗਾਈਆਂ ਮੱਝਾਂ, ਤੇ ਘੋੜੇ ਘੋੜੀਆਂ ਪਾਲਦੇ ਸਨ ਅਤੇ ਖੁੱਲ੍ਹਾ, ਸਾਦਾ ਤੇ ਸੁਖੱਲਾ ਜੀਵਨ ਬਿਤਾਉਂਦੇ ਸਨ। ਮੁਲਤਾਨ, ਲਾਇਲਪੁਰ ਤੇ ਮਿੰਟਗੁਮਰੀ ਦਾ ਇਲਾਕਾ ਸਾਂਦਲ ਬਾਰ ਤੇ ਗੰਜੀ ਬਾਰ ਵਿਚ ਪੈਂਦਾ ਸੀ। ਅੰਗਰੇਜ਼ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਉਚੇਚੇ ਯਤਨ ਕੀਤੇ ਕਿਉਂਕਿ ਉਨ੍ਹਾਂ ਨੂੰ ਇੱਥੋਂ ਦੀ ਉਪਜਾਊ ਧਰਤੀ ਤੇ ਚੰਗੀ ਨਸਲ ਦੇ ਜਾਨਵਰਾਂ ਦੀ ਲੋੜ ਸੀ। ਉਨ੍ਹਾਂ ਬਾਰਾਂ ਨੂੰ ਆਬਾਦ ਕਰਨ ਲਈ ਮਾਝੇ ਤੇ ਦੁਆਬੇ ਦੇ ਇਲਾਕਿਆਂ ਵਿੱਚੋਂ ਕਿਸਾਨਾਂ ਨੂੰ ਸੱਦਿਆ ਅਤੇ ਉਨ੍ਹਾਂ ਮੁਫ਼ਤ ਜਾਂ ਸਸਤੇ ਮੁੱਲ ਤੇ ਜ਼ਮੀਨਾਂ ਦਿੱਤੀਆਂ। ਹੌਲੀ-ਹੌਲੀ ਬਾਰਾਂ ਆਬਾਦ ਹੋ ਗਈਆਂ ਤੇ ਪੰਜਾਬ ਵਿਚ ਨਹਿਰਾਂ ਦਾ ਜਾਲ ਵਿੱਛ ਗਿਆ। ਬਾਰਾਂ ਦੀ ਧਰਤੀ ਬੜੀ ਉਪਜਾਊ ਸੀ ਤੇ ਨਹਿਰੀ ਪਾਣੀ ਨਾਲ ਫ਼ਸਲਾਂ ਵਿਚ ਬੜਾ ਵਾਧਾ ਹੋਇਆ। ਇਹੀ ਕਾਰਣ ਸੀ ਕਿ ਪੰਜਾਬ ਸਮਾਂ ਪਾ ਕੇ ਦੇਸ਼ ਦਾ ਅੰਨਦਾਤਾ ਬਣ ਗਿਆ। ਚੱਕ ਨੰਬਰ ਚੁਰਾਨਵੇਂ ਵੀ ਇਕ ਛੋਟੀ ਨਹਿਰ ਦੇ ਨੇੜੇ ਆਬਾਦ ਸੀ ਜਿਸ ਦਾ ਨੰਬਰ ਸੀ ਚੌਦਾਂ-ਐੱਲ। ਕਿਉਂਕਿ ਬਾਰਾਂ ਵਿਚ ਕੋਈ ਸਭਿਆਚਾਰਕ ਚਿੰਨ੍ਹ ਮੌਜੂਦ ਨਹੀਂ ਸਨ, ਨਵੇਂ ਆਬਾਦ ਹੋਏ ਪਿੰਡਾਂ ਦੇ ਨਾਂ ਚੱਕ ਨੰਬਰ ਅਨੁਸਾਰ ਪ੍ਰਚਲਿਤ ਹੋ ਗਏ ਸਨ। ਚੱਕ ਨੰਬਰ ਚੁਰਾਨਵੇਂ ਨੂੰ ਲਾਲਾ ਛੱਤਾ ਰਾਮ ਦਾ ਚੱਕ

ਕਰ ਕੇ ਵੀ ਜਾਣਿਆ ਜਾਂਦਾ ਸੀ ਪਰ ਪ੍ਰਚਲਿਤ ਨਾਂ ਚੁਰਾਨਵੇਂ ਹੀ ਸੀ। ਇਸ ਪਿੰਡ ਨਾਲ ਸਾਡੀਆਂ ਬਹੁਤ ਯਾਦਾਂ ਜੁੜੀਆਂ ਹੋਈਆਂ ਹਨ।

ਇਕ ਦਿਨ ਟਿਕਾਇਆ ਰਾਮ ਆਪਣੇ ਦੋ ਬੱਚਿਆਂ ਨੂੰ ਲੈ ਕੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਗਿਆ। ਸਕੂਲ ਦੀ ਇਮਾਰਤ ਵਿਚ ਤਿੰਨ-ਚਾਰ ਕਮਰੇ ਸਨ ਤੇ ਖੁਲ੍ਹੀ ਥਾਂ ਤੇ ਟਾਹਲੀਆਂ ਦੇ ਹਰੇ ਭਰੇ ਦਰੱਖ਼ਤ ਸਨ। ਸਾਹਮਣੇ ਇਕ ਬਾਗ਼ ਸੀ ਜਿਸ ਦੇ ਨਾਲ ਪਾਣੀ ਦੀ ਇਕ ਖਾਲ ਸੀ ਜੋ ਚੌਦਾਂ-ਐੱਲ ਵਿੱਚੋਂ ਨਿਕਲਦੀ ਸੀ। ਇਹ ਪਾਣੀ ਬਾਗ਼ ਨੂੰ ਵੀ ਮਿਲਦਾ ਸੀ ਤੇ ਖੇਤਾਂ ਨੂੰ ਵੀ। ਸਕੂਲ ਵਿਚ ਪਹਿਲੀ ਤੋਂ ਲੈ ਕੇ ਚੌਥੀ ਤਕ ਚਾਰ ਜਮਾਤਾਂ ਸਨ। ਉਦੋਂ ਪ੍ਰਾਇਮਰੀ ਸਕੂਲ ਚਾਰ ਜਮਾਤਾਂ ਤਕ ਹੀ ਹੁੰਦਾ ਸੀ ਤੇ ਚੌਥੀ ਦੇ ਇਮਤਿਹਾਨ ਬੋਰਡ ਦੁਆਰਾ ਲਏ ਜਾਂਦੇ ਸਨ। ਸਾਰੀ ਪੜ੍ਹਾਈ ਉਰਦੂ ਵਿਚ ਹੁੰਦੀ ਸੀ। ਸਕੂਲ ਵਿਚ ਇੱਕੋ ਇਕ ਅਧਿਆਪਕ ਸੀ ਰਾਮ ਲਾਲ ਤੇ ਇਕ ਚਪੜਾਸੀ ਸੀ ਅੱਲਾ ਦਿੱਤਾ। ਰਾਮ ਲਾਲ ਸਕੂਲ ਦਾ ਕਲਰਕ ਵੀ ਸੀ, ਸਾਰੀਆਂ ਜਮਾਤਾਂ ਦਾ ਅਧਿਆਪਕ ਵੀ, ਤੇ ਹੈੱਡਮਾਸਟਰ ਸੀ। ਅੱਲਾ ਦਿੱਤਾ ਸਕੂਲ ਦੀ ਸਫ਼ਾਈ ਤੇ ਹੋਰ ਕਈ ਤਰ੍ਹਾਂ ਦੇ ਛੋਟੇ ਵੱਡੇ ਕੰਮ ਕਰਦਾ ਸੀ। ਮਾਸਟਰ ਰਾਮ ਲਾਲ ਬੜਾ ਨੇਕ ਪਰ ਸਖ਼ਤ ਬੰਦਾ ਸੀ। ਪਿੰਡ ਵਾਲੇ ਉਸ ਦੀ ਇੱਜ਼ਤ ਕਰਦੇ ਸਨ ਕਿਉਂਕਿ ਉਹ ਲੋਕਾਂ ਦੀਆਂ ਚਿੱਠੀਆਂ ਵੀ ਪੜ੍ਹ ਦਿੰਦਾ ਸੀ ਤੇ ਲਿਖ ਵੀ ਦਿੰਦਾ ਸੀ। ਅੱਲਾ ਦਿੱਤਾ ਉਸ ਦਾ ਮਿਹਨਤੀ ਚਪੜਾਸੀ ਸੀ ਜੋ ਕਦੇ ਕਿਸੇ ਕੰਮ ਨੂੰ ਨਾਂਹ ਨਹੀਂ ਸੀ ਕਰਦਾ। ਸਕੂਲੀ ਬੱਚੇ ਮਾਸਟਰ ਰਾਮ ਲਾਲ ਤੋਂ ਡਰਦੇ ਸਨ ਤੇ ਉਸ ਦੀ ਇਜ਼ੱਤ ਵੀ ਕਰਦੇ ਸਨ। ਉਹ ਹਰ ਜਮਾਤ ਨੂੰ ਤੇ ਹਰ ਬੱਚੇ ਨੂੰ ਲੋੜ ਅਨੁਸਾਰ ਧਿਆਨ ਦਿੰਦਾ ਸੀ। ਹਰ ਜਮਾਤ ਲਈ ਉਸ ਨੇ ਮੌਨੀਟਰ ਬਣਾਏ ਹੋਏ ਸਨ ਜੋ ਉਸ ਦੇ ਕੰਮ ਨੂੰ ਕਰਵਾਉਂਦੇ ਰਹਿੰਦੇ ਸਨ। ਮਾਸਟਰ ਰਾਮ ਲਾਲ ਨੇ ਦਇਆ ਨੰਦ ਨੂੰ ਦੂਜੀ ਤੇ ਸਤਿਆ ਨੰਦ ਨੂੰ ਪਹਿਲੀ ਜਮਾਤ ਵਿਚ ਦਾਖ਼ਿਲ ਕਰ ਲਿਆ। ਟਿਕਾਇਆ ਰਾਮ ਨੇ ਮਾਸਟਰ ਰਾਮ ਲਾਲ ਨੂੰ ਇਕ ਸੇਰ ਲੱਡੂ ਦਿੱਤੇ ਤੇ ਘਰ ਆ ਕੇ ਵੀ ਲੱਡੂ ਵੰਡੇ। ਇਸ ਤਰ੍ਹਾਂ ਦਇਆ ਨੰਦ ਤੇ ਸਤਿਆ ਨੰਦ ਦੀ ਪੜ੍ਹਾਈ ਸ਼ੁਰੂ ਹੋ ਗਈ।

ਈਸ਼ਵਰ ਤਾਂ ਪੜ੍ਹਨ ਜੋਗੀ ਸੀ ਪਰ ਉਸ ਨੂੰ ਭਰਾਵਾਂ ਬਾਈ ਨੇ ਧਰਮਸ਼ਾਲਾ ਭੇਜਣਾ ਸ਼ੁਰੂ ਕਰ ਦਿੱਤਾ ਜਿੱਥੇ ਧਰਮਸ਼ਾਲਾ ਦਾ ਭਾਈ ਲੜਕੀਆਂ ਨੂੰ ਪੜ੍ਹਾਉਂਦਾ ਹੁੰਦਾ ਸੀ। ਕੱਲੋ ਅਜੇ ਛੋਟੀ ਸੀ ਪਰ ਗੱਲਾਂ ਖ਼ੂਬ ਕਰਦੀ ਸੀ। ਭਰਾਵਾਂ ਬਾਈ ਨੇ ਆਪਣੇ ਬੱਚਿਆਂ ਨੂੰ ਇਕ ਭਜਨ ਜਾਂ ਗੀਤ ਸਿਖਾਇਆ: "ਈਸ਼ਵਰ ਪਾਰ ਲਗਾ ਕੇ ਬੇੜੀ ਭਾਰਤ ਦੀ।" ਅਸੀਂ ਸਾਰੇ ਇਹ ਗੀਤ ਜ਼ੋਰ ਜ਼ੋਰ ਦੀ ਗਾਇਆ ਕਰਦੇ ਸਾਂ ਪਰ ਕੱਲੋ ਰੋਣ ਲਗ ਜਾਂਦੀ ਸੀ। ਉਸ ਨੂੰ ਗੁੱਸਾ ਇਸ ਗਲ ਦਾ ਸੀ ਕਿ ਈਸ਼ਵਰ ਦਾ ਨਾਂ ਇਸ ਗੀਤ ਵਿਚ ਕਿਉਂ ਆਉਂਦਾ ਹੈ। ਉਹ ਚਾਹੁੰਦੀ ਸੀ ਕਿ ਅਸੀਂ ਗਾਈਏ : "ਕੱਲੋ ਪਾਰ ਲਗਾ ਕੇ ਬੇੜੀ ਭਾਰਤ ਦੀ।" ਉਹ ਨਹੀਂ ਸੀ ਚਾਹੁੰਦੀ ਕਿ ਸਾਰਾ ਕੁਝ 'ਈਸ਼ਵਰ' ਹੀ ਕਰੇ, ਕੱਲੋ ਕਿਉਂ ਨਾ ਕਰੇ। ਇਹ ਤਾਂ ਉਹ ਸੋਚ ਵੀ ਨਹੀਂ ਸੀ ਸਕਦੀ ਕਿ ਈਸ਼ਵਰ ਤੋਂ ਭਾਵ ਹੈ

'ਰੱਬ', ਪਰ ਉਹ ਕੀ ਜਾਣੇ ਰੱਬ ਕੀ ਹੁੰਦਾ ਹੈ! ਅਜ ਈਸ਼ਵਰ ਫ਼ਰੀਦਾਬਾਦ ਰਹਿੰਦੀ ਹੈ। ਇਕ ਵਾਰੀ ਮੈਂ ਉਸ ਨੂੰ ਫ਼ੋਨ ਕੀਤਾ ਪਰ ਗ਼ਲਤ ਨੰਬਰ ਮਿਲ ਗਿਆ। ਮੈਂ ਫ਼ੋਨ ਤੇ ਕਿਹਾ, "ਈਸ਼ਵਰ ਹੈ?" ਫ਼ੋਨ ਸੁਣ ਰਹੇ ਬੰਦੇ ਨੇ ਜਵਾਬ ਦਿੱਤਾ, " ਈਸ਼ਵਰ ਤਾਂ ਹਰ ਥਾਂ ਤੇ ਹੈ!" ਮੈਂ ਗ਼ਲਤ ਨੰਬਰ ਮਿਲਾਉਣ ਦੀ ਮੁਆਫ਼ੀ ਤਾਂ ਮੰਗ ਲਈ ਪਰ ਮੈਨੂੰ ਉਸ ਵੇਲੇ ਕੱਲੋ ਜ਼ਰੂਰ ਯਾਦ ਆ ਗਈ।

ਮੈਂ ਤੇ ਦਇਆ ਨੰਦ ਅਕਸਰ ਚੌਂਦਾਂ-ਔਲ ਨਹਿਰ ਤੇ ਚਲੇ ਜਾਂਦੇ ਸਾਂ ਤੇ ਗਰਮੀਆ ਵਿੱਚ ਨਹਿਰ ਦੇ ਠੰਡੇ ਪਾਣੀ ਵਿਚ ਨਹਾਇਆ ਕਰਦੇ ਸਾਂ। ਦਇਆ ਨੰਦ ਨੂੰ ਪਤਾ ਹੁੰਦਾ ਸੀ ਕਿ ਨਹਿਰ ਕਿੱਥੋ ਨੀਵੀਂ ਹੈ ਤੇ ਕਿੱਥੇ ਡੂੰਘੀ। ਉਹ ਮੈਨੂੰ ਸਦਾ ਨੀਵੇਂ ਪਾਣੀ ਵਿਚ ਰਹਿਣ ਲਈ ਕਹਿੰਦਾ ਹੁੰਦਾ ਸੀ ਜਿੱਥੋਂ ਅਸੀਂ ਨਹਿਰ ਦੇ ਦੂਜੇ ਪਾਸੇ ਵੀ ਚਲੇ ਜਾਇਆ ਕਰਦੇ ਸਾਂ। ਇਕ ਵਾਰੀ ਮੈਂ ਖਿਸਕਦਾ ਡੂੰਘੇ ਪਾਣੀ ਵਿਚ ਚਲਾ ਗਿਆ। ਨਹਿਰ ਦਾ ਕੰਢਾ ਬਹੁਤੀ ਦੂਰ ਨਹੀਂ ਸੀ ਪਰ ਮੈਨੂੰ ਤਰਨਾ ਨਹੀਂ ਸੀ ਆਉਂਦਾ। ਪਾਣੀ ਮੇਰੇ ਗੱਲ ਤਕ ਵਹਿ ਰਿਹਾ ਸੀ ਤੇ ਮੈਨੂੰ ਲਗ ਰਿਹਾ ਸੀ ਕਿ ਕੁਝ ਹੀ ਪਲਾਂ ਵਿਚ ਮੈਂ ਡੁੱਬ ਜਾਵਾਂ ਗਾ। ਮੈਂ ਬੜੇ ਹੱਥ ਪੈਰ ਮਾਰੇ ਪਰ ਦਇਆ ਨੰਦ ਦਾ ਕਿਧਰੇ ਪਤਾ ਨਹੀਂ ਸੀ ਲਗ ਰਿਹਾ। ਮੈਂ ਸੋਚਿਆ ਕਿ ਡੁੱਬ ਤਾਂ ਜਾਣਾ ਹੀ ਹੈ, ਕਿਉਂ ਨਾ ਜ਼ੋਰ ਨਾਲ ਵਾਜ ਮਾਰਾਂ ਆਪਣੇ ਭਰਾ ਨੂੰ। ਮੈਂ ਉੱਚੀ ਆਵਾਜ਼ ਵਿਚ ਚੀਕਿਆ, 'ਦਇਆ ਨੰਦ!' ਅਚਾਨਕ ਦਇਆ ਨੰਦ ਨੇ ਦੂਜੇ ਪਾਸਿਉਂ ਨਹਿਰ ਵਿਚ ਛਾਲ ਮਾਰੀ ਤੇ ਝਟ ਹੀ ਮੇਰੇ ਕੋਲ ਪਹੁੰਚ ਗਿਆ। ਉਸ ਵੇਲੇ ਮੇਰਾ ਸਿਰ ਪਾਣੀ ਵਿਚ ਡੁੱਬ ਚੁੱਕਾ ਸੀ ਤੇ ਉੱਪਰ ਵਾਲ ਹੀ ਦਿਸ ਰਹੇ ਸਨ। ਉਸ ਨੇ ਮੈਨੂੰ ਵਾਲਾਂ ਤੋਂ ਫੜ ਲਿਆ ਤੇ ਪਾਣੀ 'ਚੋਂ ਬਾਹਰ ਕਢ ਲਿਆਂਦਾ। ਅਜੇ ਮੇਰੇ ਅੰਦਰ ਪਾਣੀ ਨਹੀਂ ਸੀ ਗਿਆ ਤੇ ਮੈਂ ਪੂਰੀ ਹੋਸ਼ ਵਿਚ ਸਾਂ। ਕਈ ਵਾਰੀ ਮੇਰਾ ਜੀ ਕਰਦਾ ਹੈ ਕਿ ਮੈਂ ਚੱਕ ਚੁਰਾਨਵੇਂ ਜਾਵਾਂ ਤੇ ਨਹਿਰ ਦੇ ਉਸ ਕੰਢੇ ਤੇ ਬੈਠਾਂ ਜਿੱਥੇ ਮੇਰੇ ਭਰਾ ਨੇ ਮੈਨੂੰ ਡੁੱਬਣ ਤੋਂ ਬਚਾਇਆ ਸੀ।

ਦਇਆ ਨੰਦ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਨਹੀਂ ਸੀ ਤੇ ਉਸ ਨੂੰ ਕਈ ਵਾਰੀ ਮਾਸਟਰ ਰਾਮ ਲਾਲ ਤੋਂ ਮਾਰ ਵੀ ਖਾਣੀ ਪੈਂਦੀ ਸੀ। ਕਦੇ ਕਦਾਈਂ ਮਾਸਟਰ ਰਾਮ ਲਾਲ ਸਾਡੇ ਘਰ ਵੀ ਆ ਜਾਂਦੇ ਸਨ ਤੇ ਲਾਲਾ ਟਿਕਾਇਆ ਰਾਮ ਨੂੰ ਉਸ ਦੀ ਸ਼ਿਕਾਇਤ ਲਾ ਜਾਂਦੇ ਸਨ। ਉਸ ਦਿਨ ਦਇਆ ਨੰਦ ਨੂੰ ਘਰੋਂ ਵੀ ਕੁੱਟ ਪੈਂਦੀ ਸੀ। ਲਾਲਾ ਟਿਕਾਇਆ ਰਾਮ ਵੀ ਦਇਆ ਨੰਦ ਨਾਲ ਬੜੀ ਸਖ਼ਤੀ ਵਰਤਦਾ ਸੀ ਤੇ ਕਈ ਵਾਰੀ ਤਾਂ ਉਸ ਦੀ ਰੋਟੀ ਵੀ ਬੰਦ ਕਰ ਦਿੱਤੀ ਜਾਂਦੀ ਸੀ। ਇਹੋ ਜਿਹੇ ਮੰਦ-ਭਾਗੇ ਦਿਨ ਦਇਆ ਨੰਦ ਸਕੂਲ ਦੇ ਸਾਹਮਣੇ ਵਾਲੇ ਬਾਗ਼ ਵਿਚ ਭੱਜ ਜਾਂਦਾ ਸੀ ਤੇ ਉੱਥੇ ਇਕ ਸ਼ਹਿਤੂਤ ਦੇ ਰੁੱਖ ਤੇ ਚੜ੍ਹ ਕੇ ਮਿੱਠੇ ਸ਼ਹਿਤੂਤ ਖਾ ਲੈਂਦਾ ਸੀ। ਮੈਂ ਉਸ ਦੇ ਪਿੱਛੇ ਜਾਂਦਾ ਤਾਂ ਉਹ ਮੈਨੂੰ ਵੀ ਸ਼ਹਿਤੂਤ ਖਵਾਉਂਦਾ ਸੀ। ਭਰਾਵਾਂ ਬਾਈ ਸਜ਼ਾ ਦੇ ਹੱਕ ਵਿਚ ਤਾਂ ਸੀ ਪਰ ਉਹ ਬੱਚਿਆਂ ਨੂੰ ਭੁੱਖਾ ਨਹੀਂ ਸੀ ਰਖਦੀ। ਉਹ ਮੈਨੂੰ ਇਕ ਪੋਣੇ ਵਿਚ ਰੋਟੀਆ ਤੇ ਆਚਾਰ ਬੰਨ੍ਹ ਦਿੰਦੇ ਸਨ ਜੋ ਮੈਂ ਦਇਆ ਨੰਦ ਕੋਲ ਲੈ ਜਾਂਦਾ ਸਾਂ। ਅਸੀਂ ਦੋਵੇਂ ਭਰਾ ਸ਼ਹਿਤੂਤ ਦੇ ਰੁੱਖ

ਥੱਲੇ ਬਹਿ ਕੇ ਉਹ ਰੋਟੀਆਂ ਖਾਂਦੇ ਤੇ ਸ਼ਹਿਤੂਤ ਵੀ। ਲਾਲਾ ਟਿਕਾਇਆ ਰਾਮ ਨੂੰ ਇਸ ਚੋਰੀ ਦਾ ਪਤਾ ਨਹੀਂ ਸੀ ਲਗਦਾ।

ਚੱਕ ਨੰਬਰ ਚੁਰਾਨਵੇਂ ਵਿਚ ਲਾਲ ਟਿਕਾਇਆ ਰਾਮ ਦੀ ਪੰਸਾਰੀ ਦੀ ਦੁਕਾਨ ਤੇ ਹਿਕਮਤ ਦੋਵੇਂ ਹੀ ਖ਼ੂਬ ਚਲ ਪਏ। ਸੈਂਫ਼ਪੁਰ ਨਾਲੋਂ ਵੀ ਇੱਥੇ ਉਨ੍ਹਾਂ ਨੂੰ ਜ਼ਿਆਦਾ ਕਾਮਯਾਬੀ ਤੇ ਸ਼ੁਹਰਤ ਮਿਲੀ। ਭਰਾਵਾਂ ਬਾਈ ਨੇ ਵੀ ਹਿਕਮਤ ਦਾ ਕੰਮ ਸਮਝਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੀ ਵੱਡੀ ਭੈਣ ਰਾਮ ਬਾਈ ਚੀਚਾ ਵਤਨੀ ਵਿਚ ਨਰਸ ਲਗ ਗਈ ਸੀ। ਉਸ ਨੇ ਭਰਾਵਾਂ ਬਾਈ ਨੂੰ ਨਰਸ ਦਾਈ ਦਾ ਕੋਰਸ ਕਰਨ ਦੀ ਸਲਾਹ ਦਿੱਤੀ। ਟਿਕਾਇਆ ਰਾਮ ਨੇ ਉਨ੍ਹਾਂ ਦੀ ਤਜਵੀਜ਼ ਪ੍ਰਵਾਨ ਕਰ ਲਈ ਤੇ ਭਰਾਵਾਂ ਬਾਈ ਨੂੰ ਚੀਚਾ ਵਤਨੀ ਹਸਪਤਾਲ ਵਿਚ ਨਰਸ ਦੇ ਕੋਰਸ ਵਿਚ ਦਾਖ਼ਲਾ ਲੈ ਦਿੱਤਾ। ਛੇ ਮਹੀਨੇ ਦੇ ਇਸ ਕੋਰਸ ਦੌਰਾਨ ਅੰਮ੍ਰਿਤ ਕੈਲਾਸ਼ ਤਾਂ ਮਾਂ ਨਾਲ ਰਹੀ ਤੇ ਬਾਕੀ ਤਿੰਨੇ ਬੱਚੇ ਬਾਪ ਕੋਲ। ਕੋਰਸ ਖ਼ਤਮ ਹੋਣ ਤੋਂ ਬਾਅਦ ਭਰਾਵਾਂ ਬਾਈ ਨੂੰ ਸਰਟੀਫ਼ਿਕੇਟ ਮਿਲ ਗਿਆ ਤੇ ਨੌਕਰੀ ਦੀ ਪੇਸ਼ਕਸ਼ ਵੀ ਹੋਈ ਪਰ ਭਰਾਵਾਂ ਬਾਈ ਨੇ ਆਪਣੇ ਪਰਿਵਾਰ ਕੋਲ ਆਉਣਾ ਹੀ ਠੀਕ ਸਮਝਿਆ। ਪਿੰਡ ਵਿਚ ਆ ਕੇ ਉਸ ਨੂੰ ਬੜੀ ਕਾਮਯਾਬੀ ਮਿਲੀ। ਪਿੰਡ ਦੇ ਆਲੇ ਦੁਆਲੇ ਵੀ ਕਈ ਪਿੰਡਾਂ ਤੋਂ ਮਰੀਜ਼ ਭਰਾਵਾਂ ਬਾਈ ਕੋਲ ਆਉਣ ਲੱਗ ਪਏ। ਕਈ ਵਾਰੀ ਤਾਂ ਉਨ੍ਹਾਂ ਨੂੰ ਜਣੇਪੇ ਆਦਿ ਲਈ ਆਲੇ ਦੁਆਲੇ ਦੇ ਪਿੰਡਾਂ ਵਿਚ ਵੀ ਜਾਣਾ ਪੈਂਦਾ। ਅਜਿਹੀ ਹਾਲਤ ਵਿਚ ਲਾਲਾ ਟਿਕਾਇਆ ਰਾਮ ਆਪ ਭਰਾਵਾਂ ਬਾਈ ਨਾਲ ਜਾਂਦੇ। ਉਨ੍ਹਾਂ ਇਕ ਵਧੀਆਂ ਸਾਈਕਲ ਲੈ ਲਿਆ ਸੀ ਜਿਸ ਤੇ ਉਹ ਆਪਣੀ ਪਤਨੀ ਤੇ ਬੱਚਿਆਂ ਨੂੰ ਲੈ ਜਾਂਦੇ ਸਨ। ਜੇ ਭਰਾਵਾਂ ਬਾਈ ਨੇ ਕਿਸੇ ਨੇੜੇ ਦੇ ਪਿੰਡ ਜਾਣਾ ਹੁੰਦਾ, ਤਾਂ ਲਾਲਾ ਟਿਕਾਇਆ ਰਾਮ ਉਨ੍ਹਾਂ ਨੂੰ ਸਾਈਕਲ ਤੇ ਹੀ ਲੈ ਕੇ ਜਾਂਦੇ। ਤੇ ਜੇ ਪਿੰਡ ਦੂਰ ਹੁੰਦਾ, ਤਾਂ ਉਹ ਊਠਾਂ ਰਾਹੀਂ ਜਾਂਦੇ ਹੁੰਦੇ ਸਨ। ਕਈ ਵਾਰੀ ਕਿਸੇ ਜ਼ਨਾਨਾ ਮਰੀਜ਼ ਸੰਬੰਧੀ ਨਰਸ ਭਰਾਵਾਂ ਬਾਈ ਨੂੰ ਹਕੀਮ ਟਿਕਾਇਆ ਰਾਮ ਦੀ ਸਲਾਹ ਦੀ ਲੋੜ ਵੀ ਪੈਂਦੀ। ਇਸ ਲਈ ਇਸ ਜੋੜੀ ਨੂੰ ਹਰ ਪਿੰਡ ਤੇ ਹਰ ਘਰ ਵਿਚ ਬੜਾ ਪਿਆਰ ਤੇ ਸਤਿਕਾਰ ਮਿਲਦਾ। ਲੋਕੀਂ ਲਾਲਾ ਤੇਜ ਭਾਨ ਦੇ ਵੀ ਸ਼ੁਕਰਗੁਜ਼ਾਰ ਸਨ ਕਿ ਉਸ ਨੇ ਆਪਣੀ ਧੀ ਤੇ ਜਵਾਈ ਨੂੰ ਚੁਰਾਨਵੇਂ ਲੈ ਆਂਦਾ ਸੀ ਜਿੱਥੇ ਉਨ੍ਹਾਂ ਨੇ ਲੋਕਾਂ ਦੀ ਬੜੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ। ਲਾਲਾ ਛੱਤਾ ਰਾਮ ਦੇ ਪਰਿਵਾਰ ਵੱਲੋਂ ਵੀ ਭਰਾਵਾਂ ਬਾਈ ਤੇ ਟਿਕਾਇਆ ਰਾਮ ਦੀ ਆਮਦ ਦਾ ਬੜਾ ਸੁਆਗਤ ਕੀਤਾ ਗਿਆ ਸੀ। ਲਾਲਾ ਛੱਤਾ ਰਾਮ ਦਾ ਲੜਕਾ ਘਣਸ਼ਿਆਮ ਆਪ ਲਾਲਾ ਟਿਕਾਇਆ ਰਾਮ ਕੋਲ ਆ ਜਾਂਦਾ ਸੀ ਤੇ ਆਪਣੇ ਪਰਿਵਾਰ ਦੇ ਦਵਾ ਦਾਰੂ ਲਈ ਉਨ੍ਹਾਂ ਦੀ ਮਦਦ ਲਿਆ ਕਰਦਾ ਸੀ। ਇਸ ਤਰ੍ਹਾਂ ਭਰਾਵਾਂ ਬਾਈ ਤੇ ਟਿਕਾਇਆ ਰਾਮ ਦਾ ਪਰਿਵਾਰ ਚੱਕ ਨੰਬਰ ਚੁਰਾਨਵੇਂ ਵਿਚ ਆਰਾਮ ਦੀ ਜ਼ਿੰਦਗੀ ਬਿਤਾਉਣ ਲੱਗ ਪਿਆ ਸੀ।

ਲਾਲਾ ਟਿਕਾਇਆ ਰਾਮ ਨੂੰ ਦੂਰ ਦੁਰਾਡੇ ਸਫ਼ਰ ਤੇ ਜਾਣ ਅਤੇ ਸੈਰ ਸਪਾਟੇ ਦਾ ਬੜਾ ਸ਼ੌਕ ਸੀ। ਆਮ ਤੌਰ ਤੇ ਉਹ ਆਪਣੇ ਸਾਈਕਲ ਤੇ ਹੀ ਜਾਇਆ ਕਰਦਾ ਸੀ। ਮੇਰੇ ਨਾਲ ਉਨ੍ਹਾਂ ਨੂੰ ਬਹੁਤ ਪਿਆਰ ਸੀ ਤੇ ਆਪਣੀਆਂ ਕਈ ਯਾਤ੍ਰਾਵਾਂ ਤੇ ਉਹ ਮੈਨੂੰ ਨਾਲ ਲੈ ਜਾਂਦੇ ਸਨ। ਮੈਂ ਅਕਸਰ ਪਿਛਲੀ ਸੀਟ ਤੇ ਬਹਿੰਦਾ ਹੁੰਦਾ ਸਾਂ। ਇਕ ਵਾਰੀ ਤਾਂ ਮੇਰਾ ਸੱਜਾ ਪੈਰ ਪਿਛਲੇ ਪਹੀਏ ਦੀਆਂ ਤਾਰਾਂ ਵਿਚ ਆ ਕੇ ਛਿੱਲਿਆ ਗਿਆ ਸੀ ਤੇ ਉਹ ਕਈ ਦਿਨ ਮੈਨੂੰ ਪੱਟੀਆਂ ਕਰਦੇ ਰਹੇ ਸਨ। ਜ਼ਖ਼ਮ ਇੰਨਾ ਡੂੰਘਾ ਸੀ ਕਿ ਉਸ ਦਾ ਦਾਗ਼ ਅਜੇ ਵੀ ਮੇਰੇ ਪੈਰ ਤੇ ਮੌਜੂਦ ਹੈ। ਇਕ ਵਾਰੀ ਉਹ ਮੈਨੂੰ ਹੜੱਪਾ ਲੈ ਗਏ ਜੋ ਚੀਚਾ ਵਤਨੀ ਤੋਂ ਵੀਹ-ਪੱਚੀ ਮੀਲ ਦੂਰ ਸੀ। ਮੈਨੂੰ ਅਜੇ ਵੀ ਯਾਦ ਹੈ ਕਿ ਉਨ੍ਹਾਂ ਹੜੱਪੇ ਦੇ ਖੰਡਰਾਂ ਵਿਚ ਇਕ ਖੂਹੀ ਦੀ ਚੌੜਾਈ ਨਾਪਣ ਲਈ ਆਪਣੀ ਪਗੜੀ ਲਾਹੀ ਤੇ ਉਸ ਦੇ ਲੜ ਨਾਲ ਉਸ ਦੀ ਚੌੜਾਈ ਨਾਪੀ। ਫਿਰ ਉਨ੍ਹਾਂ ਖੂਹੀ ਵਿਚ ਇਕ ਰੋੜਾ ਵੀ ਸੁੱਟਿਆ ਇਹ ਜਾਨਣ ਲਈ ਕਿ ਇਸ ਵਿਚ ਪਾਣੀ ਹੈ ਕਿ ਨਹੀਂ। ਸਾਲ 2004 ਵਿਚ ਮੈਂ ਪੰਜਾਬੀ ਸਭਿਆਚਾਰ ਅਕਾਡਮੀ ਲੁਧਿਆਣਾ ਦੇ ਡੈਲੀਗੇਸ਼ਨ ਨਾਲ ਪਾਕਪਟਨ ਗਿਆ ਤੇ ਉੱਥੇ ਸ਼ੇਖ਼ ਫ਼ਰੀਦ ਦੇ ਮਜ਼ਾਰ ਤੇ ਸਿਜਦਾ ਕੀਤਾ। ਮੈਨੂੰ ਯਾਦ ਆ ਗਿਆ ਕਿ ਸੱਠ ਸਾਲ ਪਹਿਲੋਂ ਵੀ ਮੈਂ ਇੱਥੇ ਆਇਆ ਸਾਂ ਆਪਣੇ ਬਾਪ ਲਾਲਾ ਟਿਕਾਇਆ ਰਾਮ ਨਾਲ। ਉਦੋਂ ਮਜ਼ਾਰ ਦੇ ਦੁਆਲੇ ਹਰੇ ਭਰੇ ਬਾਗ਼ ਸਨ ਪਰ ਹੁਣ ਉੱਥੇ ਪੱਕੇ ਮਕਾਨ ਤੇ ਦੁਕਾਨਾਂ ਬਣੀਆਂ ਹੋਈਆਂ ਹਨ। ਉਹੀ ਮਜ਼ਾਰ, ਉਹੀ ਥੜ੍ਹਾ, ਤੇ ਉਹੀ ਪੁਰਾਣਾ ਰੁੱਖ ਜਿਹੜਾ ਮੈਂ ਸੱਠ ਸਾਲ ਪਹਿਲੋਂ ਬਚਪਨ ਵਿਚ ਵੇਖਿਆ ਸੀ। ਸ਼ੇਖ਼ ਫ਼ਰੀਦ ਦੇ ਇਸ ਮਜ਼ਾਰ ਨਾਲ ਮੇਰੇ ਬਚਪਨ ਦੀਆਂ ਧੁੰਦਲੀਆਂ ਯਾਦਾਂ ਵੀ ਜੁੜੀਆਂ ਹੋਈਆਂ ਹਨ।

ਮੌਜ਼ਾ ਐੱਲ ਵਿਚ ਲਾਲਾ ਰਾਮ ਚੰਦ ਚਰਾਇਆ ਦੇ ਲੜਕੇ ਵਜ਼ੀਰ ਚੰਦ ਚਰਾਇਆ ਦੀ ਸ਼ਾਦੀ ਸੀ ਜਿਸ ਦਾ ਸਾਰਾ ਪ੍ਰਬੰਧ ਉਸ ਦੇ ਚਾਚੇ ਤੇ ਮੇਰੇ ਪਿਤਾ ਲਾਲਾ ਟਿਕਾਇਆ ਰਾਮ ਨੇ ਕਰਨਾ ਸੀ। ਸਾਰੇ ਪਰਿਵਾਰ ਦਾ ਉੱਥੇ ਜਾਣਾ ਜ਼ਰੂਰੀ ਸੀ। ਲਾਲਾ ਟਿਕਾਇਆ ਰਾਮ ਨੇ ਭਰਾਵਾਂ ਬਾਈ ਤੇ ਤਿੰਨ ਬੱਚਿਆਂ ਨੂੰ ਊਠ ਕਿਰਾਏ ਤੇ ਕਰ ਕੇ ਭੇਜ ਦਿੱਤਾ। ਊਠ ਨੂੰ ਚਲਾਉਣ ਵਾਲਾ ਬੰਦਾ ਊਠ ਨੂੰ ਫੜ ਕੇ ਪੈਦਲ ਤੁਰਦਾ ਹੁੰਦਾ ਸੀ। ਮੈਨੂੰ ਸਾਈਕਲ ਦੇ ਪਿੱਛੇ ਬਿਠਾ ਕੇ ਲਾਲਾ ਟਿਕਾਇਆ ਰਾਮ ਆਪ ਮੌਜ਼ਾ ਐੱਲ ਵਲ ਰਵਾਨਾ ਹੋਇਆ। ਤੀਹ-ਚਾਲੀ ਮੀਲ ਦਾ ਸਫ਼ਰ ਸੀ ਤੇ ਅਸੀਂ ਸਾਰੇ ਮੂੰਹ ਹਨੇਰੇ ਤੁਰ ਪਏ ਸਾਂ। ਅਸੀਂ ਸ਼ਾਮੀਂ ਦੇਰ ਨਾਲ ਹੀ ਉੱਥੇ ਪਹੁੰਚੇ। ਸ਼ਾਦੀ ਦੇ ਦਿਨਾਂ ਵਿਚ ਬੜੀ ਰੌਣਕ ਸੀ। ਬਰਾਤ ਵਿਚ ਮੈਂ ਵੀ ਸ਼ਾਮਿਲ ਸਾਂ। ਬਰਾਤ 10-15 ਮੀਲ ਦੂਰ ਕਿਸੇ ਪਿੰਡ ਊਠਾਂ ਤੇ ਗਈ ਸੀ। ਕਚਾਵੇ ਵਿਚ ਬੈਠਿਆ ਊਠ ਦੀ ਉਹ ਲੰਮੀ ਸਵਾਰੀ ਅਜੇ ਵੀ ਮੈਨੂੰ ਯਾਦ ਹੈ। ਵਿਆਹ ਤੋਂ ਬਾਅਦ ਅਸੀਂ ਵਾਪਸ ਵੀ ਉਸੇ ਤਰੀਕੇ ਨਾਲ ਆਉਣਾ ਸੀ, ਮੈਂ ਤੇ ਲਾਲਾ ਜੀ ਸਾਈਕਲ ਤੇ ਬਾਕੀ ਪਰਿਵਾਰ ਊਠ ਤੇ। ਪ੍ਰੋਗਰਾਮ ਦੇ ਮੁਤਾਬਿਕ ਭਰਾਵਾਂ ਬਾਈ ਤੇ

ਬਾਕੀ ਬੱਚਿਆਂ ਨੇ ਕੁਝ ਦਿਨਾਂ ਬਾਅਦ ਆਉਣਾ ਸੀ ਪਰ ਮੈਂ ਤੇ ਲਾਲਾ ਜੀ ਪਹਿਲੋਂ ਆ ਗਏ ਸਾਂ।

ਸਵੇਰ ਹੋਈ ਤਾਂ ਲਾਲ ਜੀ ਨਾ ਉੱਠੇ। ਮੈਨੂੰ ਤਾਂ ਕਿਸੇ ਨੇ ਕੀ ਜਗਾਉਣਾ ਸੀ, ਮੈਂ ਸੁੱਤਾ ਹੀ ਰਿਹਾ। ਲਾਲਾ ਤੇਜ ਭਾਨ ਨੇ ਜਦੋਂ ਵੇਖਿਆ ਕਿ ਦਿਨ ਬਹੁਤ ਚੜ੍ਹ ਆਇਆ ਹੈ ਤੇ ਟਿਕਾਇਆ ਰਾਮ ਅਜੇ ਉੱਠਿਆ ਹੀ ਨਹੀਂ, ਉਨ੍ਹਾਂ ਜਾ ਕੇ ਟਿਕਾਇਆ ਰਾਮ ਨੂੰ ਕਈ ਵਾਜਾਂ ਮਾਰੀਆਂ ਪਰ ਕੋਈ ਜਵਾਬ ਨਾ ਮਿਲਿਆ। ਉਨ੍ਹਾਂ ਜਾ ਕੇ ਟਿਕਾਇਆ ਰਾਮ ਨੂੰ ਹਿਲਾਇਆ ਪਰ ਉਨ੍ਹਾਂ ਦਾ ਸਰੀਰ ਤਾਂ ਅਹਿੱਲ ਹੋ ਚੁੱਕਾ ਸੀ। ਉਹ ਤਾਂ ਕਿਸੇ ਅਗੰਮੀ ਸਫ਼ਰ ਤੇ ਦੂਰ ਚਲੇ ਗਏ ਸਨ ਜਿਸ ਵਿਚ ਸਰੀਰ ਨਹੀਂ ਜਾਂਦਾ, ਕੇਵਲ ਆਤਮਾ ਹੀ ਜਾਂਦੀ ਹੈ। ਉਨ੍ਹਾਂ ਦਾ ਥਕਿਆ ਹੋਇਆ ਜਿਸਮ ਮੰਜੀ ਤੇ ਪਿਆ ਸੀ। ਉਨ੍ਹਾਂ ਦੀਆਂ ਅੱਖਾਂ ਬੰਦ ਸਨ ਤੇ ਸਾਹ ਰੁਕ ਗਿਆ ਸੀ। ਉਨ੍ਹਾਂ ਦੇ ਚਿਹਰੇ ਤੇ ਇਕ ਵਿਲੱਖਣ ਸ਼ਾਂਤੀ ਫੈਲੀ ਹੋਈ ਸੀ। ਉਨ੍ਹਾਂ ਦੇ ਛੱਤੇਦਾਰ ਵਾਲ ਮੱਥੇ ਦੇ ਪਿੱਛੇ ਖਿਲਰੇ ਹੋਏ ਸਨ ਤੇ ਉਨ੍ਹਾਂ ਦੇ ਬੁੱਲ੍ਹ ਥੋੜੇ ਜਿਹੇ ਖੁਲ੍ਹੇ ਹੋਏ ਸਨ। ਉਨ੍ਹਾਂ ਦੀਆਂ ਮੁੱਛਾਂ ਕਾਲੀਆਂ ਤੇ ਸੰਘਣੀਆਂ ਸਨ ਤੇ ਦਾੜ੍ਹੀ ਥੋੜ੍ਹੀ ਜਿਹੀ ਵਧੀ ਹੋਈ ਸੀ। ਮੈਂ ਘਰ ਵਿਚ ਪਏ ਚੀਕ ਚਿਹਾੜੇ ਦੇ ਰੌਲੇ ਨਾਲ ਜਾਗ ਪਿਆ ਸਾਂ ਤੇ ਆ ਕੇ ਆਪਣੇ ਬਾਪ ਨੂੰ ਚੰਬੜ ਗਿਆ ਸਾਂ। ਉਨ੍ਹਾਂ ਦੇ ਚਿਹਰੇ ਨੂੰ ਇੰਨੀ ਨੇੜਿਓਂ ਮੈਂ ਪਹਿਲੀ ਵਾਰੀ ਵੇਖਿਆ ਸੀ। ਸਾਰੇ ਕਹਿ ਰਹੇ ਸਨ ਕਿ ਟਿਕਾਇਆ ਰਾਮ ਦਾ ਸਵਰਗਵਾਸ ਹੋ ਗਿਆ ਹੈ। ਪਰ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ 'ਸਵਰਗਵਾਸ' ਕੀ ਹੁੰਦਾ ਹੈ। ਮੈਂ ਤਾਂ ਉਨ੍ਹਾਂ ਨੂੰ 'ਲਾਲਾ ਜੀ! ਲਾਲਾ ਜੀ' ਕਹਿ ਕੇ ਉਠਾ ਰਿਹਾ ਸਾਂ। ਪਰ ਉਹ ਵੀ ਸਨ ਕਿ ਉਠਦੇ ਹੀ ਨਹੀਂ ਸਨ। ਮੈਨੂੰ ਘਰ ਵਾਲੇ ਕਮਰੇ ਤੋਂ ਬਾਹਰ ਲੈ ਗਏ ਤੇ ਲਾਲਾ ਟਿਕਾਇਆ ਰਾਮ ਦੇ ਸਰੀਰ ਨੂੰ ਮੰਜੇ ਤੋਂ ਉਤਾਰ ਕੇ ਥੱਲੇ ਲਿਟਾ ਦਿੱਤਾ ਗਿਆ।

ਲਾਲਾ ਟਿਕਾਇਆ ਰਾਮ ਬੜੇ ਤਜਰਬੇਕਾਰ ਸੈਲਾਨੀ ਸਨ। ਉਹ ਕਈ ਵਾਰੀ ਧਾਰਮਕ ਯਾਤਰਾਵਾਂ ਤੇ ਵੀ ਜਾਇਆ ਕਰਦੇ ਸਨ। ਹਰਦੁਆਰ ਦੀ ਇਕ ਯਾਤਰਾ ਵੇਲੇ ਬੱਚੇ ਵੀ ਨਾਲ ਸਨ। ਮੈਂ ਤਾਂ ਸਦਾ ਆਪਣੇ ਪਿਤਾ ਦੇ ਨੇੜੇ ਰਹਿੰਦਾ ਸਾਂ ਤੇ ਉਨ੍ਹਾਂ ਦੀ ਉਂਗਲੀ ਫੜੀ ਰੱਖਦਾ ਸਾਂ। ਹਰਦੁਆਰ ਵਿਚ 'ਹਰ ਕੀ ਪੌੜੀ' ਕੋਲ ਇਕ ਪਾਸੇ ਮੈਂ ਖੜ੍ਹਾ ਸਾਂ ਤੇ ਲਾਲਾ ਟਿਕਾਇਆ ਰਾਮ ਥੋੜੀ ਦੂਰ ਕੁਝ ਲੈਣ ਗਏ ਸਨ। ਭਰਾਵਾਂ ਬਾਈ ਤੇ ਬਾਕੀ ਭੈਣ ਭਰਾ ਵੀ ਨੇੜੇ ਹੀ ਖੜੇ ਸਨ ਪਰ ਮੈਂ ਇਕ ਸਿੱਲ ਉੱਪਰ ਖੜ੍ਹਾ ਸਾਂ ਤੇ ਪਵਿੱਤਰ ਗੰਗਾ ਮੇਰੇ ਸਾਹਮਣੇ ਵਹਿ ਰਹੀ ਸੀ। ਮੇਰੇ ਹੱਥ ਵਿਚ ਇਕ ਅੰਬ ਸੀ ਜਿਸ ਨੂੰ ਮੈਂ ਅਜੇ ਖਾਣਾ ਸ਼ੁਰੂ ਨਹੀਂ ਸੀ ਕੀਤਾ। ਅਚਾਨਕ ਇਕ ਬਾਂਦਰ ਆਇਆ ਤੇ ਮੇਰੇ ਹੱਥੋਂ ਅੰਬ ਖੋਹ ਕੇ ਲੈ ਗਿਆ। ਮੈਂ ਚੀਕ ਮਾਰੀ ਤਾਂ ਸਾਰੇ ਮੇਰੇ ਵਲ ਭੱਜੇ। ਲਾਲਾ ਟਿਕਾਇਆ ਰਾਮ ਭਾਵੇਂ ਕੁਝ ਦੂਰ ਸੀ, ਉਹ ਦੌੜ ਕੇ ਆ ਗਏ ਤੇ ਮੈਨੂੰ ਚੁੱਕ ਲਿਆ। ਉਨ੍ਹਾਂ ਮੇਰੇ ਹੱਥਾਂ, ਪੈਰਾਂ ਤੇ ਲੱਤਾਂ ਨੂੰ ਧਿਆਨ ਨਾਲ ਵੇਖਿਆ। ਉਹ ਇਹ ਵੇਖਣਾ ਚਾਹੁੰਦੇ ਸਨ ਕਿ ਬਾਂਦਰ ਨੇ ਮੈਨੂੰ ਵੱਢਿਆ ਤਾਂ ਨਹੀਂ ਜਾਂ ਕਿਧਰੇ ਨਹੁੰਦਰ ਤਾਂ ਨਹੀਂ ਮਾਰੀ। ਮੇਰੇ ਮਾਂ ਬਾਪ

ਦਵਾ-ਦਾਰੂ ਬਾਰੇ ਜਾਣਦੇ ਸਨ ਤੇ ਉਨ੍ਹਾਂ ਨੂੰ ਪਤਾ ਸੀ ਕਿ ਬਾਂਦਰ ਨੇ ਕੱਟਿਆ ਹੈ ਤਾਂ ਟੀਕੇ ਲਵਾਉਣੇ ਪੈਣ ਗੇ। ਪਰ ਮੇਰਾ ਬਚਾਅ ਹੋ ਗਿਆ ਸੀ। ਮੇਰੇ ਬਾਪ ਨੇ ਮੈਨੂੰ ਚੁੱਕ ਕੇ ਬਹੁਤ ਪਿਆਰ ਕੀਤਾ ਸੀ ਤੇ ਮੈਨੂੰ ਆਪਣੀਆਂ ਬਾਹਵਾਂ ਵਿਚ ਘੁੱਟ ਲਿਆ ਸੀ। ਮੈਨੂੰ 'ਹਰ ਕੀ ਪੌੜੀ' ਦੀ ਉਹ ਥਾਂ ਚੰਗੀ ਤਰ੍ਹਾਂ ਯਾਦ ਹੈ ਜਿੱਥੇ ਮੈਨੂੰ ਆਪਣੇ ਬਾਪ ਦਾ ਨਿੱਘਾ ਪਿਆਰ ਮਿਲਿਆ ਸੀ ਪਰ ਹੁਣ ਉਹ ਬਾਹਵਾਂ ਅਹਿੱਲ ਹੋ ਚੁੱਕੀਆਂ ਸਨ ਤੇ ਮੈਨੂੰ ਪਤਾ ਵੀ ਨਹੀਂ ਸੀ ਲਗ ਰਿਹਾ ਕਿਉਂ? ਮੌਤ ਕੀ ਹੁੰਦੀ ਹੈ? ਮੈਨੂੰ ਕੁਝ ਪਤਾ ਨਹੀਂ ਸੀ। ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਅਜਿਹੀ ਘਟਨਾ ਵੇਖੀ ਸੀ। ਮੈਨੂੰ ਤਾਂ ਇਹ ਅਹਿਸਾਸ ਵੀ ਨਹੀਂ ਸੀ ਕਿ ਲਾਲਾ ਟਿਕਾਇਆ ਰਾਮ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਸਨ।

ਘਰ ਵਿਚ ਤੂਫ਼ਾਨ ਮੱਚਿਆ ਹੋਇਆ ਸੀ। ਪਿੰਡ ਦੇ ਲੋਕੀਂ ਹੈਰਾਨ ਤੇ ਦੁਖੀ ਸਨ। ਲਾਲਾ ਘਣਸ਼ਿਆਮ ਵੀ ਆ ਗਿਆ। ਵਿਹੜੇ ਵਿਚ ਸੋਗੀ ਔਰਤਾਂ ਦੀ ਪੀੜ ਜਮਾ ਹੋ ਗਈ। ਇਕ ਤੇਜ਼ ਊਠ ਮੌਜ਼ਾ ਔਲ ਭੇਜਿਆ ਗਿਆ ਤੇ ਦੇਰ ਰਾਤ ਤਕ ਭਰਾਵਾਂ ਬਾਈ ਤੇ ਬੱਚੇ ਆ ਸਕੇ। ਭਰਾਵਾਂ ਬਾਈ ਦੇ ਸਿਰ ਤੇ ਪਹਾੜ ਟੁੱਟ ਪਿਆ ਸੀ। ਜਵਾਨ ਉਮਰ, ਚਾਰ ਬੱਚੇ, ਤੇ ਅਨੇਕਾਂ ਜ਼ਿੰਮੇਵਾਰੀਆਂ। ਭਰਾਵਾਂ ਬਾਈ ਕੂਕ ਕੇ ਕਹਿ ਰਹੀ ਸੀ ਕਿ ਬੱਚਿਆਂ ਦਾ ਲਾਲਾ ਉਸ ਨੂੰ ਕਿਉਂ ਛੱਡ ਗਿਆ। ਮੌਤ ਵੇਲੇ ਟਿਕਾਇਆ ਰਾਮ ਦੀ ਉਮਰ 45-46 ਸਾਲਾਂ ਦੀ ਹੋਵੇਗੀ। ਲੱਗ ਭੱਗ ਪੱਚੀ ਸਾਲਾਂ ਦੀ ਭਰਾਵਾਂ ਬਾਈ ਵਿਧਵਾ ਹੋ ਗਈ ਸੀ ਤੇ ਜ਼ਿੰਦਗੀ ਦਾ ਸਫ਼ਰ ਉਸ ਨੂੰ ਕੰਡਿਆਂ ਭਰਿਆ ਜਾਪਣ ਲੱਗ ਪਿਆ ਸੀ। ਇਸ ਸਫ਼ਰ ਤੇ ਉਹ ਕਿਵੇਂ ਚੱਲੇ ਗੀ, ਉਸ ਨੂੰ ਪਤਾ ਨਹੀਂ ਸੀ ਲਗ ਰਿਹਾ। ਦਇਆ ਨੰਦ ਤੇ ਸਤਿਆ ਨੰਦ ਨਾਦਾਨ ਸਨ, ਈਸ਼ਵਰ ਤੇ ਅੰਮ੍ਰਿਤ ਬਾਲੜੀਆਂ। ਉਹ ਕੀ ਕਰੇ ਗੀ, ਉਸ ਨੂੰ ਸਮਝ ਨਹੀਂ ਸੀ ਆ ਰਹੀ।

ਦੂਜੇ ਦਿਨ ਸਵੇਰੇ ਲਾਲਾ ਟਿਕਾਇਆ ਰਾਮ ਦੀਆਂ ਅੰਤਿਮ ਰਸਮਾਂ ਅਦਾ ਕੀਤੀਆਂ ਗਈਆਂ। ਪਿੰਡ ਦੇ ਪੰਡਿਤ ਦੀਆਂ ਅੱਖਾਂ ਵਿਚ ਵੀ ਹੰਝੂ ਸਨ। ਜਦੋਂ ਲਾਲਾ ਟਿਕਾਇਆ ਰਾਮ ਦਾ ਸਰੀਰ ਬਾਹਰ ਖੇਤਾਂ ਵਿਚ ਸ਼ਮਸ਼ਾਨ ਘਾਟ ਵਲ ਲਿਜਾਇਆ ਜਾ ਰਿਹਾ ਸੀ ਤਾਂ ਮੈਂ 'ਲਾਲਾ ਜੀ! ਲਾਲਾ ਜੀ!' ਕਹਿੰਦਾ ਹੋਇਆ ਨਾਲ ਜਾ ਰਿਹਾ ਸਾਂ। ਮੈਨੂੰ ਪਤਾ ਨਹੀਂ ਸੀ ਲਗ ਰਿਹਾ ਕਿ ਕੀ ਹੋ ਰਿਹਾ ਹੈ। ਜਦੋਂ ਉਨ੍ਹਾਂ ਦਾ ਸਰੀਰ ਚਿਤਾ ਤੇ ਰਖ ਦਿੱਤਾ ਗਿਆ ਤਾਂ ਮੈਂ ਨਾਲ ਲਗਦੇ ਛੋਲਿਆਂ ਦੇ ਖੇਤ ਕੋਲ ਖੜਾ ਸਾਂ। ਮੈਂ ਛੋਲਿਆਂ ਦੇ ਕੁਝ ਡੱਡੇ ਤੋੜ ਲਏ ਤੇ ਉਨ੍ਹਾਂ ਵਿੱਚੋਂ ਦਾਣੇ ਕਢ ਕੇ ਖਾਣ ਲਗ ਪਿਆ। ਦਇਆ ਨੰਦ ਨੇ ਪੰਡਿਤ ਜੀ ਦੇ ਦੱਸੇ ਅਨੁਸਾਰ ਚਿਤਾ ਨੂੰ ਅਗਨੀ ਵਿਖਾਈ ਤੇ ਭਾਂਬੜ ਮਚ ਪਿਆ। ਮੈਂ ਹੈਰਾਨ ਸਾਂ ਕਿ ਲਾਲਾ ਜੀ ਨੂੰ ਕਿਉਂ ਸਾੜਿਆ ਜਾ ਰਿਹਾ ਹੈ। ਫ਼ਰਵਰੀ-ਮਾਰਚ ਦੇ ਦਿਨ ਸਨ ਤੇ ਮੌਸਮ ਖੁਲ੍ਹ ਗਿਆ ਸੀ। ਸਾਰੇ ਲੋਗ ਸੰਸਕਾਰ ਤੋਂ ਬਾਅਦ

ਨਾਲ ਲਗਦੀ ਇਕ ਖੂਹੀ ਤੇ ਇਸ਼ਨਾਨ ਕਰਨ ਲਗ ਪਏ ਸਨ। ਮਾਤਾ ਜੀ ਭਰਾਵਾਂ ਬਾਈ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਉਨ੍ਹਾਂ ਨੂੰ ਕਈ ਵਾਰੀ ਦੰਦਲ ਪੈ ਚੁੱਕੀ ਸੀ। ਔਰਤਾਂ ਉਨ੍ਹਾਂ ਦੇ ਮੂੰਹ ਵਿਚ ਪਾਣੀ ਪਾਉਂਦੀਆਂ ਤੇ ਚਮਚੇ ਨਾਲ ਦੰਦਲ ਖੋਲਦੀਆਂ। ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਘਰ ਲਿਆਂਦਾ ਗਿਆ। ਲਾਲਾ ਤੇਜ ਭਾਨ ਤੇ ਭਰਾਵਾਂ ਬਾਈ ਨੂੰ ਲਗ ਰਿਹਾ ਸੀ ਕਿ ਉਹ ਬਿਲਕੁਲ ਇਕੱਲੀ ਹੋ ਗਈ ਹੈ ਤੇ ਉਸ ਦੀ ਦੁਨੀਆਂ ਉੱਜੜ ਗਈ ਹੈ। ਉਸ ਨੇ ਕਈ ਦਿਨ ਕੁਝ ਨਾ ਖਾਧਾ। ਹੌਲੀ ਹੌਲੀ ਭੈਣਾਂ ਦੇ ਸਮਝਾਉਣ ਤੇ ਉਸ ਨੇ ਸੁਰਤ ਸੰਭਾਲੀ ਤੇ ਆਪਣੇ ਮਾਸੂਮ ਬੱਚਿਆਂ ਵੱਲ ਵੇਖ ਕੇ ਉਸ ਨੇ ਆਪਣੇ ਆਪ ਨੂੰ ਕੰਡਿਆਂ ਦੇ ਇਕ ਲੰਮੇ ਸਫ਼ਰ ਲਈ ਤਿਆਰ ਕਰ ਲਿਆ।

SUCHEL

# ਅਸਲੀ ਸਾਥ

ਲਾਲਾ ਟਿਕਾਇਆ ਰਾਮ ਆਪ ਤੇ ਟੁਰ ਗਏ ਪਰ ਭਰਾਵਾਂ ਬਾਈ ਤੇ ਇੰਨਾ ਭਾਰ ਪਾ ਗਏ ਜਿਸ ਨੂੰ ਚੁਕਣਾ ਜੇ ਅਸੰਭਵ ਨਹੀਂ ਸੀ ਤਾਂ ਅਤਿਅੰਤ ਕਠਿਨ ਜ਼ਰੂਰ ਸੀ। ਭਾਰਤੀ ਸਮਾਜ ਵਿਚ ਇਕ ਵਿਧਵਾ ਨੂੰ ਪੈਰ ਪੈਰ ਤੇ ਮੁਸ਼ਕਿਲਾਂ ਦਾ ਟਾਕਰਾ ਕਰਨਾ ਪੈਂਦਾ ਹੈ। ਫਿਰ ਜੇ ਵਿਧਵਾ ਔਰਤ ਜਵਾਨ ਹੋਵੇ, ਸੁਹਣੀ ਹੋਵੇ, ਤਾਂ ਉਸ ਦੀਆਂ ਮੁਸ਼ਕਿਲਾਂ ਹੋਰ ਵੀ ਵਧ ਜਾਂਦੀਆਂ ਹਨ। ਉਸ ਨੂੰ ਗ਼ੈਰਾਂ ਦੀ ਨਜ਼ਰਾਂ ਤੋਂ ਤਾਂ ਸਚੇਤ ਹੋਣਾ ਹੀ ਪੈਂਦਾ ਹੈ, ਆਪਣਿਆਂ ਦੀ ਨੀਯਤ ਨੂੰ ਪਰਖ ਕੇ ਹੀ ਉਨ੍ਹਾਂ ਤੋਂ ਕੋਈ ਮਦਦ ਲੈਣੀ ਪੈਂਦੀ ਹੈ। ਆਮ ਤੌਰ ਤੇ ਆਪਣੇ ਗ਼ੈਰਾਂ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਨਾਪਾਕ ਇਰਾਦਿਆਂ ਨੂੰ ਸਮਝਣਾ ਮੁਸ਼ਕਿਲ ਹੁੰਦਾ ਹੈ। ਸ਼ਾਇਦ ਲਾਲਾ ਟਿਕਾਇਆ ਰਾਮ ਨੂੰ ਇਹ ਅਹਿਸਾਸ ਸੀ ਕਿ ਉਨ੍ਹਾਂ ਛੇਤੀ ਚਲੇ ਜਾਣਾ ਹੈ। ਇਸੇ ਲਈ ਉਨ੍ਹਾਂ ਭਰਾਵਾ ਬਾਈ ਨੂੰ ਹਿਕਮਤ ਦੇ ਆਪਣੇ ਬਹੁਤ ਸਾਰੇ ਨੁਸਖ਼ੇ ਸਮਝਾਏ ਹੋਏ ਸਨ ਅਤੇ ਉਸ ਨੂੰ ਨਰਸ ਦੀ ਸਿਖਲਾਈ ਵੀ ਕਰਵਾ ਦਿੱਤੀ ਸੀ। ਇਹ ਉਨ੍ਹਾਂ ਦੀ ਦੂਰਦਰਸ਼ਤਾ ਹੀ ਸੀ ਕਿ ਉਨ੍ਹਾਂ ਭਰਾਵਾਂ ਬਾਈ ਨੂੰ ਦਵਾਈ-ਦਾਰੂ ਦੇ ਕਿੱਤੇ ਵਿਚ ਪਾ ਦਿੱਤਾ ਸੀ ਤੇ ਉਸ ਦੇ ਮਰੀਜ਼ਾਂ ਦੇ ਇਲਾਜ ਲਈ ਆਪਣੀ ਹਰ ਮੁਮਕਿਨ ਇਮਦਾਦ ਦਿੰਦੇ ਰਹੇ ਸਨ। ਦੂਰ ਦੁਰਾਡੇ ਪਿੰਡਾਂ ਵਿਚ ਭਰਾਵਾਂ ਬਾਈ ਦੇ ਨਾਲ ਜਾਣਾ ਤੇ ਇਲਾਜ ਸੰਬੰਧੀ ਸਲਾਹ-ਮਸ਼ਵਰਾ ਦੇਣਾ ਉਨ੍ਹਾਂ ਲਈ ਇਕ ਆਮ ਗੱਲ ਸੀ। ਪਰ ਹੁਣ ਭਰਾਵਾਂ ਬਾਈ ਮਰੀਜ਼ਾਂ ਨੂੰ ਵੇਖਣ ਕਿਵੇਂ ਜਾਵੇ ਗੀ? ਕਿਸੇ ਓਪਰੇ ਬੰਦੇ ਤੇ ਕਿਵੇਂ ਵਿਸ਼ਵਾਸ ਕੀਤਾ ਜਾ ਸਕਦਾ ਸੀ? ਉਸ ਵਰਗੀ ਸੁਹਣੀ ਤੇ ਜਵਾਨ ਨਰਸ ਨੂੰ ਵੇਖ ਕੇ ਕਈਆਂ ਦੇ ਈਮਾਨ ਡੋਲ ਜਾਂਦੇ ਸਨ। ਰੱਬ ਨੇ ਭਰਾਵਾਂ ਬਾਈ ਨੂੰ ਰੂਪ ਵੀ ਰਜ ਕੇ ਦਿੱਤਾ ਸੀ। ਆਪਣੇ ਬੇਵਾਪਨ ਦੇ ਪ੍ਰਤੀਕ ਚਿੱਟੇ ਸੂਟ ਵਿਚ ਵੀ ਉਹ ਕੋਈ ਅਰਸ਼ੋਂ ਉਤਰੀ ਪਰੀ ਜਾਪਦੀ ਸੀ ਪਰ ਹੁਣ ਉਸ ਦੀ ਸੁਰੱਖਿਆ ਲਈ ਟਿਕਾਇਆ ਰਾਮ ਮੌਜੂਦ ਨਹੀਂ ਸੀ। ਦਇਆ ਨੰਦ 7-8 ਸਾਲ ਦਾ ਹੀ ਸੀ, ਸਤਿਆ ਨੰਦ 5-6 ਸਾਲ ਦਾ, ਈਸ਼ਵਰ 4-5 ਸਾਲ ਦੀ, ਤੇ ਅੰਮ੍ਰਿਤ 2-3 ਸਾਲ ਦੀ। ਕੋਈ ਵੀ ਬੱਚਾ ਉਸ ਦੀ ਮਦਦ ਨਹੀਂ ਸੀ ਕਰ ਸਕਦਾ। ਆਉਣ ਵਾਲੀ ਜ਼ਿੰਦਗੀ ਦਾ ਸੰਘਰਸ਼ ਉਸ ਨੂੰ ਇਕੱਲਿਆ ਹੀ ਕਰਨਾ ਸੀ। ਸਚਮੁੱਚ ਉਸ ਦੇ ਪੈਰ ਪੈਰ ਤੇ ਕੰਡੇ ਸਨ ਤੇ ਰਸਤਾ ਬੜਾ ਔਝੜ ਸੀ। ਕਈ ਸਾਲਾਂ ਪਿੱਛੋਂ ਮੈਂ ਇਕ ਗ਼ਜ਼ਲ ਲਿਖੀ ਸੀ ਜਿਸ ਦਾ ਇਹ ਸ਼ਿਅਰ ਮੈਨੂੰ ਇਸੇ ਹਾਲਤ ਦਾ ਬਿਆਨ ਹੀ ਜਾਪਦਾ ਹੈ:

ਵਾਟ ਲੰਮੇਰੀ ਔਝੜ ਰਸਤਾ ਥਾਂ ਥਾਂ ਉੱਪਰ ਕੰਡੇ,

ਏਸ ਹਨੇਰੀ ਰੁੱਤੇ ਕੀਕਣ ਆਪਣਾ ਰਾਹ ਰੁਸ਼ਨਾਵਾਂ।

ਲਾਲਾ ਤੇਜ ਭਾਨ ਤੋਂ ਬਾਅਦ ਮਾਸਟਰ ਤੋਲਾ ਰਾਮ ਪਰਿਵਾਰ ਦੇ ਸਭ ਤੋਂ ਵੱਧ ਜ਼ਿੰਮੇਵਾਰ ਸ਼ਖ਼ਸ ਸਮਝੇ ਜਾਂਦੇ ਸਨ। ਉਸ ਤੋਂ ਬਾਅਦ ਮਾਸਟਰ ਲਕਸ਼ਮੀ ਦਾਸ ਜੋ ਸਭ ਤੋਂ ਵੱਡੀ ਭੈਣ ਰਾਮ ਬਾਈ ਦਾ ਪਤੀ ਸੀ। ਇਹ ਦੋਵੇਂ ਇਕ ਦੂਜੇ ਦੇ ਭਣਵਈਏ ਵੀ ਸਨ ਤੇ ਸਾਲੇ ਵੀ। ਮਾਸਟਰ ਤੋਲਾ ਰਾਮ ਦੀ ਨੌਕਰੀ ਚੱਕ ਨੰਬਰ  ਸਤਾਈ ਵਿਚ ਸੀ ਤੇ ਮਾਸਟਰ ਲਕਸ਼ਮੀ ਦਾਸ ਦੀ ਚੀਚਾ ਵਤਨੀ ਵਿਚ। ਇਹ ਦੋਵੇਂ ਭਦ੍ਰਪੁਰਸ਼ ਮਿਡਲ ਪਾਸ ਸਨ ਤੇ ਨਾਮਰਲ ਦੀ ਟ੍ਰੈਨਿੰਗ ਕਰ ਕੇ ਪ੍ਰਾਇਮਰੀ ਸਕੂਲ ਮਾਸਟਰ ਲੱਗੇ ਹੋਏ ਸਨ। ਇਨ੍ਹਾਂ ਤੋਂ ਵੱਧ ਪੜ੍ਹਿਆ ਹੋਇਆ ਬੰਦਾ ਮਦਾਨ ਜਾਂ ਚਰਾਇਆ ਪਰਿਵਾਰਾਂ ਵਿਚ ਕੋਈ ਨਹੀਂ ਸੀ। ਲਾਲਾ ਤੇਜ ਭਾਨ ਤਾਂ ਸਿਰਫ਼ ਲੰਡੇ ਜਾਣਦੇ ਸਨ ਤੇ ਆਪਣਾ ਹਿਸਾਬ-ਕਿਤਾਬ ਰੱਖ ਲੈਂਦੇ ਸਨ। ਲੰਡੇ ਗੁਰਮੁਖੀ ਅੱਖਰਾਂ ਦੀ ਪੁਰਾਣੀ ਲਿਪੀ ਸੀ ਜਿਸ ਵਿਚ ਲਗਾਂ-ਮਾਤ੍ਰਾਂ ਦੀ ਵਰਤੋਂ ਨਹੀਂ ਸੀ ਹੁੰਦੀ ਤੇ ਜਿਸ ਬਾਰੇ ਅੰਦਾਜ਼ੇ ਨਾਲ ਅਰਥ ਕਢ ਲਿਆ ਜਾਂਦਾ ਸੀ। ਮਿਸਾਲ ਵਲੋਂ ਜੇ ਤੋਲਾ ਰਾਮ ਲਿਖਣਾ ਹੋਵੇ ਤਾਂ 'ਤਲਰਮ' ਨਾਲ ਸਾਰ ਲਿਆ ਜਾਂਦਾ ਸੀ। ਲਾਲਾ ਟਿਕਾਇਆ ਰਾਮ ਉਰਦੂ ਦੇ ਨਾਲ ਲੰਡੇ ਵੀ ਜਾਣਦੇ ਸਨ ਤੇ ਉਨ੍ਹਾਂ ਹਿਕਮਤ ਦੇ ਅਨੇਕਾਂ ਨੁਸਖ਼ੇ ਇਸੇ ਲਿਪੀ ਵਿਚ ਲਿਖੇ ਹੋਏ ਸਨ। ਇਸ ਮੰਤਵ ਲਈ ਉਨ੍ਹਾਂ ਕੋਲ ਲਾਲ ਜਿਲਦ ਵਾਲੀ ਇਕ ਮੋਟੀ ਕਾਪੀ ਸੀ ਜੋ ਉਨ੍ਹਾਂ ਦੇ ਯੂਨਾਨੀ ਤੇ ਆਯੁਰਵੇਦ ਦੇ ਗਿਆਨ ਦਾ ਖ਼ਜ਼ਾਨਾ ਸੀ। ਉਨ੍ਹਾਂ ਦੇ ਬਣਵਾਏ ਹੋਏ ਅਰਕ, ਸ਼ਰਬਤ, ਮਾਜੂਨਾਂ, ਕੁਸ਼ਤੇ, ਚਟਣੀਆਂ, ਤੇ ਮੁਰੱਬੇ ਆਦਿ ਬੜੇ ਮਸ਼ਹੂਰ ਸਨ ਤੇ ਬੜੇ ਫ਼ਾਇਦੇਮੰਦ ਸਾਬਿਤ ਹੁੰਦੇ ਸਨ। ਕਦੇ ਉਹ ਦੁੱਧ ਨੂੰ ਫਿਟਾ ਕੇ ਪਨੀਰ ਕੱਢ ਲੈਂਦੇ ਸਨ ਤੇ ਬਾਕੀ ਪਦਾਰਥ ਦਾ ਅਰਕ ਬਣਾਉਂਦੇ ਸਨ। ਮੈਨੂੰ ਅਜੇ ਵੀ ਭੱਠੀਆਂ ਤੇ ਚੜ੍ਹੇ ਪਤੀਲਿਆਂ, ਨਲੀਆਂ ਤੇ ਹੋਰ ਬਰਤਨਾਂ ਦੇ ਦ੍ਰਿਸ਼ ਯਾਦ ਹਨ ਜਿਨ੍ਹਾਂ ਦੀ ਵਰਤੋਂ ਉਹ ਕਰਿਆ ਕਰਦੇ ਸਨ। ਉਸ ਦਿਨ ਸਾਨੂੰ ਪਨੀਰ ਰੱਜ ਕੇ ਖਾਣ ਨੂੰ ਮਿਲਿਆ ਕਰਦਾ ਸੀ। ਮਾਸਟਰ ਤੋਲਾ ਰਾਮ ਤੇ ਮਾਸਟਰ ਲਕਸ਼ਮੀ ਦਾਸ ਨੇ ਆਪਸ ਵਿਚ ਸਲਾਹ-ਮਸ਼ਵਰਾ ਕੀਤਾ ਕਿ ਭਰਾਵਾਂ ਬਾਈ ਤੇ ਉਸ ਦੇ ਬੱਚਿਆਂ ਦਾ ਭਵਿੱਖ ਕਿਵੇਂ ਸੁਨਿਸ਼ਚਿਤ ਕੀਤਾ ਜਾਏ। ਉਨ੍ਹਾਂ ਕੋਲੋਂ ਇੱਕੋ ਫ਼ਾਰਮੂਲਾ ਸੀ - ਭਰਾਵਾਂ ਬਾਈ ਦਾ ਵਿਆਹ ਇਸ ਨਾਲ ਉਸ ਦੀ ਜ਼ਿੰਦਗੀ ਵੀ ਕੱਟ ਜਾਵੇ ਗੀ ਬੱਚੇ ਵੀ ਪਲ ਜਾਣ ਗੇ। ਪਰ ਭਰਾਵਾਂ ਬਾਈ ਨੂੰ ਇਹ ਸਲਾਹ ਦੇਵੇ ਕੌਣ? ਲਾਲਾ ਤੇਜ ਭਾਨ ਨੇ ਇਸ ਲਈ ਮਾਸਟਰ ਤੋਲਾ ਰਾਮ ਤੇ ਮਾਸਟਰ ਲਕਸ਼ਮੀ ਦਾਸ ਦੀ ਡਿਊਟੀ ਲਾਈ। ਭਰਾਵਾਂ ਬਾਈ ਤਾਂ ਅਜੇ ਵੀ ਇੰਨੀ ਸੁਹਣੀ ਸੀ ਕਿ ਉਸ ਨੂੰ ਵੱਟੇ ਤੇ ਵੀ ਮੁੜ ਵਿਆਹਿਆ ਜਾ ਸਕਦਾ ਸੀ। ਪਰ ਉਸ ਨਾਲ ਗੱਲ ਕਰਨ ਦੀ ਹਿੰਮਤ ਕਿਸੇ ਕੋਲ ਨਹੀਂ ਸੀ।

ਆਖ਼ਿਰ ਮਾਸਟਰ ਤੋਲਾ ਰਾਮ ਤੇ ਮਾਸਟਰ ਲਕਸ਼ਮੀ ਦਾਸ ਨੇ ਭਰਾਵਾਂ ਬਾਈ ਨਾਲ ਗੱਲ ਕਰਨ ਦਾ ਇਰਾਦਾ ਕਰ ਹੀ ਲਿਆ ਤੇ ਇਕ ਦਿਨ ਪ੍ਰੋਗਰਾਮ ਅਨੁਸਾਰ ਚੁਰਾਨਵੇਂ ਆ ਗਏ। ਦੇਰ ਸ਼ਾਮ ਦਾ ਵੇਲਾ ਸੀ ਜਦੋਂ ਉਹ ਪਿੰਡ ਪਹੁੰਚੇ। ਭਰਾਵਾਂ ਬਾਈ ਬੱਚਿਆਂ ਲਈ ਰੋਟੀ ਬਣਾ ਰਹੀ

ਸੀ। ਸੁੱਖ ਸਾਂਦ ਤੋਂ ਬਾਅਦ ਦੋਨੋਂ ਲਾਲਾ ਤੇਜ ਭਾਨ ਕੋਲ ਜਾ ਕੇ ਬਹਿ ਗਏ ਤੇ ਉਸ ਨਾਲ ਗੱਲਾਂ ਕਰਦੇ ਰਹੇ। ਹੇਮੀ ਬਾਈ ਨੂੰ ਗੁਜ਼ਰਿਆਂ ਤਾਂ ਕਈ ਸਾਲ ਹੋ ਗਏ ਸਨ ਤੇ ਲਾਲਾ ਤੇਜ ਭਾਨ ਇਕੱਲਾ ਹੀ ਰਹਿੰਦਾ ਸੀ। ਭਰਾਵਾਂ ਬਾਈ ਤੇ ਟਿਕਾਇਆ ਰਾਮ ਦੇ ਆਉਣ ਨਾਲ ਘਰ ਵਿਚ ਬੜੀ ਰੌਣਕ ਹੋ ਗਈ ਸੀ। ਬੱਚੇ ਤਾਂ ਨਾਨਾ ਜੀ ਕੋਲ ਮੋਹ ਨਾਲ ਚਲੇ ਜਾਂਦੇ। ਉਹ ਵੀ ਉਨ੍ਹਾਂ ਨੂੰ ਕਦੇ ਲੱਡੂ, ਕਦੇ ਜਲੇਬੀ, ਤੇ ਕਦੇ ਬਾਲੂਸ਼ਾਹੀ ਖਾਣ ਲਈ ਦਿੰਦਾ ਰਹਿੰਦਾ। ਮੈਨੂੰ ਆਪਣੇ ਨਾਨੇ ਦੇ ਬਣਾਏ ਲੱਡੂ ਅਜੇ ਵੀ ਯਾਦ ਆਉਂਦੇ ਹਨ। ਮੋਟੀ ਬੂੰਦੀ ਦੇ ਤਾਜ਼ੇ ਲੱਡੂ ਖਾ ਕੇ ਬੜਾ ਸੁਆਦ ਆਉਂਦਾ ਸੀ। ਭਰਾਵਾਂ ਬਾਈ ਨੇ ਸਾਰੇ ਬੱਚਿਆਂ ਤੇ ਵੱਡਿਆਂ ਨੂੰ ਰੋਟੀ ਖੁਆਈ ਤੇ ਫਿਰ ਆਪ ਖਾਧੀ। ਚੁਲ੍ਹਾ ਚੌਂਕਾ ਕਰ ਕੇ ਜਦੋਂ ਉਹ ਵਿਹਲੀ ਹੋਈ ਤਾਂ ਆਪਣੇ ਭਰਾ ਤੇ ਭਣਵਈਏ ਕੋਲ ਆ ਕੇ ਬਹਿ ਗਈ।

'ਵੇਖ ਭਰਾਵਾਂ', ਮਾਸਟਰ ਤੋਲਾ ਰਾਮ ਨੇ ਗੱਲ ਸ਼ੁਰੂ ਕੀਤੀ। 'ਜ਼ਿੰਦਗੀ ਬੜੀ ਲੰਮੀ ਹੈ। ਕਿਵੇਂ ਬਿਤਾਏਂ ਗੀ ਤੂੰ ਇਹ ਪਹਾੜ ਜਿੱਡਾ ਜੀਵਨ ਤੇ ਉਹ ਵੀ ਇਕੱਲਿਆਂ?'

'ਮੇਰੇ ਕੋਲ ਮੇਰੇ ਬੱਚੇ ਨੇ ਭਾਊ ਜੀ! ਮੈਂ ਤਾਂ ਹੁਣ ਇਨ੍ਹਾਂ ਲਈ ਜੀਣਾ ਹੈ।' ਭਰਾਵਾਂ ਬਾਈ ਨੇ ਜਵਾਬ ਦਿੱਤਾ।

'ਪਰ ਬੱਚਿਆਂ ਨੂੰ ਵੀ ਕਿਸੇ ਸਹਾਰੇ ਦੀ ਲੋੜ ਹੈ। ਉਹ ਤੇਰਾ ਸਹਾਰਾ ਤਾਂ ਨਹੀਂ ਬਣ ਸਕਦੇ।' ਮਾਸਟਰ ਲਕਸ਼ਮੀ ਦਾਸ ਨੇ ਆਖਿਆ।

'ਮੇਰਾ ਸਹਾਰਾ ਤਾਂ ਹੁਣ ਰੱਬ ਏ ਭਾਈਆ ਜੀ। ਨਾਲੇ ਤੁਸੀਂ ਵੀ ਤੇ ਬੈਠੇ ਓ ਮੇਰਾ ਦੁੱਖ ਸੁੱਖ ਵੰਡਣ ਵਾਲੇ।' ਭਰਾਵਾਂ ਨੇ ਆਤਮ ਵਿਸ਼ਵਾਸ ਨਾਲ ਕਿਹਾ। ਦਰਅਸਲ ਉਹ ਆਪਣੇ ਬਾਰੇ ਫ਼ੈਸਲਾ ਕਰ ਚੁੱਕੀ ਸੀ ਤੇ ਕੰਡਿਆਂ ਦੇ ਇਸ ਸਫ਼ਰ ਤੇ ਪੂਰੇ ਯਕੀਨ ਨਾਲ ਟੁਰਨ ਦਾ ਮਨ ਬਣਾ ਲਿਆ ਸੀ।

'ਭਾਗ ਵੰਤੀ ਦਾ ਕੋਈ ਬੱਚਾ ਨਹੀਂ। ਉਹ ਦਇਆ ਨੰਦ ਨੂੰ ਗੋਦ ਲੈ ਲਏ ਗੀ।' ਮਾਸਟਰ ਤੋਲਾ ਰਾਮ ਨੇ ਕਿਹਾ। ਭਾਗ ਵੰਤੀ ਭਰਾਵਾਂ ਬਾਈ ਤੋਂ ਛੋਟੀ ਸੀ ਤੇ ਪ੍ਰਭ ਦਿਆਲ ਬਤਰਾ ਨਾਲ ਵਿਆਹੀ ਹੋਈ ਸੀ। ਕਈ ਸਾਲਾਂ ਤੋਂ ਬਾਅਦ ਵੀ ਉਸ ਦੇ ਕੋਈ ਸੰਤਾਨ ਨਹੀਂ ਸੀ ਹੋਈ।

'ਸਤਿਆ ਨੰਦ ਨੂੰ ਮੈਂ ਲੈਂ ਜਾਵਾਂ ਗਾ। ਮੇਰੇ ਬੱਚਿਆਂ ਨਾਲ ਰਹਿ ਕੇ ਪੜ੍ਹ ਜਾਵੇ ਗਾ।' ਮਾਸਟਰ ਲਕਸ਼ਮੀ ਦਾਸ ਬੋਲਿਆ।

'ਕੁੜੀਆਂ ਨੂੰ ਮੈਂ ਸੰਭਾਲ ਲਵਾਂ ਗਾ। ਧੀਆਂ ਧਿਆਣੀਆਂ ਦਾ ਕੀ ਹੁੰਦਾ ਏ।' ਮਾਸਟਰ ਤੋਲਾ ਰਾਮ ਨੇ ਉਦਾਰਤਾ ਵਿਖਾਈ।

'ਤੇ ਮੈਂ ਕੀ ਕਰਾਂ ਗੀ?' ਡੁਸਕਦੀ ਹੋਈ ਭਰਾਵਾਂ ਬਾਈ ਨੇ ਪੁੱਛਿਆ।

'ਪੁਨਰ ਵਿਆਹ। ਸਵਾਮੀ ਦਇਆ ਨੰਦ ਨੇ ਵੀ ਵਿਧਵਾ ਵਿਵਾਹ ਦੀ ਆਗਿਆ ਦਿੱਤੀ ਹੈ। ਅਸੀਂ ਆਰੀਆ ਸਮਾਜੀ ਹਾਂ ਤੇ ਸਾਨੂੰ ਦਕੀਆਨੂਸੀ ਖ਼ਿਆਲਾਂ ਤੋਂ ਉੱਪਰ ਉੱਠਣਾ ਚਾਹੀਦਾ ਹੈ।' ਮਾਸਟਰ ਤੋਲਾ ਰਾਮ ਨੇ ਇਕ ਧਰਮ ਪ੍ਰਚਾਰਕ ਵਾਂਗ ਦਲੀਲ ਦਿੱਤੀ।

ਭਰਾਵਾਂ ਬਾਈ ਬਹੁਤ ਦੇਰ ਰੋਂਦੀ ਰਹੀ।

ਆਖ਼ਿਰ ਉਸ ਹੌਸਲਾ ਕਰ ਕੇ ਆਖਿਆ, 'ਭਾਊ ਜੀ, ਭਾਈਆ ਜੀ! ਤੁਸੀਂ ਜਾਓ ਤੇ ਮੇਰੇ ਬਾਰੇ ਫ਼ਿਕਰ ਨਾ ਕਰੋ। ਮੈਂ ਬੱਚਿਆਂ ਤੋਂ ਬਿਨਾ ਨਹੀਂ ਜੀ ਸਕਦੀ ਤੇ ਬੱਚੇ ਮੇਰੇ ਬਿਨਾ ਨਹੀਂ ਰਹਿ ਸਕਦੇ। ਮੈਂ ਉਨ੍ਹਾਂ ਨਾਲ ਇਹ ਜ਼ੁਲਮ ਨਹੀਂ ਕਰਾਂ ਗੀ। ਅਸੀਂ ਆਪ ਬਣਾਂਗੇ ਇਕ ਦੂਜੇ ਦਾ ਸਹਾਰਾ। ਮੈਂ ਕੰਮ ਕਰ ਸਕਦੀ ਹਾਂ। ਮੈਂ ਕਮਾ ਲਵਾਂ ਗੀ ਆਪਣੀ ਰੋਟੀ! ਮੈਂ ਕਦੇ ਵੀ ਤੁਹਾਡੇ ਤੇ ਬੋਝ ਨਹੀਂ ਬਣਾਂ ਗੀ। ਅੱਗੇ ਤੋਂ ਮੇਰੇ ਨਾਲ ਇਸ ਬਾਰੇ ਕੋਈ ਗੱਲ ਨਾ ਕਰਨਾ।'

'ਸੋਚ ਲੈ ਭਰਾਵਾਂ। ਸਾਨੂੰ ਕੋਈ ਕਾਹਲੀ ਨਹੀਂ,' ਮਾਸਟਰ ਤੋਲਾ ਰਾਮ ਨੇ ਕਿਹਾ।

'ਅਸੀਂ ਤਾਂ ਤੇਰੇ ਭਲੇ ਲਈ.......' ਮਾਸਟਰ ਲਕਸ਼ਮੀ ਦਾਸ ਦੀ ਗੱਲ ਵਿੱਚੇ ਰਹਿ ਗਈ।

'ਮੈਂ ਆਪਣਾ ਭਲਾ ਬੁਰਾ ਸੋਚ ਸਕਦੀ ਹਾਂ। ਮੈਂ ਟਿਕਾਇਆ ਰਾਮ ਦੇ ਬੱਚਿਆਂ ਨਾਲ ਧੋਖਾ ਨਹੀਂ ਕਰ ਸਕਦੀ। ਅਸੀਂ ਕਰ ਲਵਾਂ ਗੇ ਗੁਜ਼ਾਰਾ ਆਪਣਾ। ਇਸ ਤੋਂ ਬਾਅਦ ਜੇ ਤੁਸੀਂ ਕੁਝ ਆਖਿਆ ਤਾਂ ਮੈਂ ਉਠ ਕੇ ਚਲੀ ਜਾਵਾਂ ਗੀ।' ਭਰਾਵਾਂ ਬਾਈ ਦੀ ਆਵਾਜ਼ ਵਿਚ ਆਪਣੇ ਬਾਰੇ ਪੂਰਾ ਯਕੀਨ ਸੀ।

ਮਾਸਟਰ ਤੋਲਾ ਰਾਮ ਤੇ ਮਾਸਟਰ ਲਕਸ਼ਮੀ ਦਾਸ ਹੈਰਾਨ ਸਨ ਕਿ ਕਲ੍ਹ ਤਕ ਉਨ੍ਹਾਂ ਤੇ ਨਿਰਭਰ ਭਰਾਵਾਂ ਕੁਝ ਹੀ ਮਹੀਨਿਆ ਵਿਚ ਸੁਤੰਤਰ ਹੋ ਗਈ ਸੀ। ਉਸ ਨੂੰ ਆਪਣੇ ਆਪ ਤੇ ਪੂਰਾ ਵਿਸ਼ਵਾਸ ਸੀ ਤੇ ਆਪਣੇ ਬੱਚਿਆਂ ਲਈ ਹਰ ਕੁਰਬਾਨੀ ਦੇਣ ਦਾ ਜਜ਼ਬਾ। ਉਹ ਕਿਸੇ ਕੋਲੋਂ ਸਹਾਇਤਾ ਲੈਣ ਲਈ ਤਿਆਰ ਹੀ ਨਹੀਂ ਸੀ। ਪੁਨਰ-ਵਿਵਾਹ ਬਾਰੇ ਤਾਂ ਉਹ ਸੋਚ ਵੀ ਨਹੀਂ ਸੀ ਸਕਦੀ। ਆਪਣੇ ਚਿੱਟੇ ਕਪੜਿਆਂ ਵਿਚ ਉਹ ਇਕ ਜੁਆਲਾਮੁਖੀ ਵਾਂਗ ਚਮਕ ਰਹੀ ਸੀ ਜੋ ਕਿਸੇ ਵੇਲੇ ਵੀ ਫਟ ਸਕਦਾ ਸੀ। ਮਾਸਟਰ ਤੋਲਾ ਰਾਮ ਤੇ ਮਾਸਟਰ ਲਕਸ਼ਮੀ ਦਾਸ ਉਸ ਦੀਆਂ ਗੱਲਾਂ ਸੁਣ ਕੇ ਡਰ ਗਏ ਅਤੇ ਉਨ੍ਹਾਂ ਨੂੰ ਹੋਰ ਕੁਝ ਕਹਿਣ ਦੀ ਹਿੰਮਤ ਨਾ ਹੋਈ।

ਮੇਰੀ ਮਾਂ ਵਾਕਈ ਬਹੁਤ ਸੁਹਣੀ ਸੀ। ਅਜਕਲ ਮੈਂ ਟੀ.ਵੀ. ਤੇ ਕਦੇ ਕਦਾਈਂ ਸਵਾਮੀ ਗੁਰਪ੍ਰੀਤ ਕੌਰ ਹਰੀ ਨੂੰ ਸੁਣਦਾ ਹਾਂ। ਉਸ ਦੇ ਵਿਵੇਕਪੂਰਨ ਵਿਚਾਰਾਂ ਤੇ ਢੁਕਵੇਂ ਸ਼ਬਦ ਚੋਣ ਤੋਂ ਮੈਂ ਬਹੁਤ ਪ੍ਰਭਾਵਿਤ ਹੁੰਦਾ ਹਾਂ। ਉਸ ਦੀ ਸ਼ਖ਼ਸੀਅਤ ਵਿਚ ਤਾਂ ਕੋਈ ਜਾਦੂ ਹੈ ਤੇ ਉਸ ਦੇ ਚਿਹਰੇ ਤੇ ਬੜਾ ਨੂਰ ਹੈ। ਮੈਨੂੰ ਕੇਵਲ ਉਸ ਦੇ ਵਿਚਾਰ ਹੀ ਖ਼ੂਬਸੂਰਤ ਨਹੀਂ ਲਗਦੇ, ਉਹ ਆਪ ਵੀ ਬੜੀ ਖ਼ੂਬਸੂਰਤ ਲਗਦੀ ਹੈ। ਉਹ ਹੈ ਵੀ ਜਵਾਨ, ਤੰਦਰੁਸਤ, ਤੇ ਸੁਹਜਪੂਰਣ। ਜਦੋਂ ਵੀ ਮੈਂ ਉਸ ਨੂੰ ਸਕ੍ਰੀਨ ਤੇ ਵੇਖਦਾ ਹਾਂ ਤਾਂ ਮੈਨੂੰ ਆਪਣੀ ਮਾਂ ਯਾਦ ਆ ਜਾਂਦੀ ਹੈ। ਜਵਾਨ ਭਰਾਵਾਂ ਬਾਈ ਗੁਰਪ੍ਰੀਤ ਹਰੀ ਵਾਂਗ ਹੀ ਲਗਦੀ ਸੀ, ਉਸ ਦੇ ਚਿਹਰੇ ਵਿਚ ਕਹਿਰਾਂ ਦਾ ਤੇਜ ਸੀ, ਉਸ

ਦੀਆਂ ਗੱਲਾਂ ਵਿਚ ਪੂਰਾ ਵਿਵੇਕ। ਮਾਸਟਰ ਤੋਲਾ ਰਾਮ ਤੇ ਮਾਸਟਰ ਲਕਸ਼ਮੀ ਦਾਸ ਆਪਣੇ ਮਨ ਦੀਆਂ ਮਨ ਵਿਚ ਰਖ ਕੇ ਹੀ ਦੂਜੇ ਦਿਨ ਵਾਪਸ ਚਲੇ ਗਏ।

ਲਾਲਾ ਤੇਜ ਭਾਨ ਦਿਲੋਂ ਤਾਂ ਚਾਹੁੰਦਾ ਸੀ ਭਰਾਵਾਂ ਬਾਈ ਦੀ ਦੁਬਾਰਾ ਸ਼ਾਦੀ ਕਰ ਦਿੱਤੀ ਜਾਏ ਪਰ ਉਹ ਆਪਣੀ ਧੀ ਦੇ ਪੱਕੇ ਇਰਾਦੇ ਦਾ ਵਿਰੋਧ ਨਾ ਕਰ ਸਕਿਆ। ਲੋੜ ਅਨੁਸਾਰ ਉਸ ਨੇ ਆਪਣੀ ਵਿਧਵਾ ਧੀ ਦੀ ਮਦਦ ਵੀ ਕੀਤੀ। ਲਾਲਾ ਟਿਕਾਇਆ ਰਾਮ ਦੀ ਪੰਸਾਰੀ ਦੀ ਦੁਕਾਨ ਉਸ ਨੇ ਸੰਭਾਲ ਲਈ ਤੇ ਇਸ ਵਿੱਚੋਂ ਹੋਈ ਬੱਚਤ ਭਰਾਵਾਂ ਬਾਈ ਨੂੰ ਦੇਣੀ ਸ਼ੁਰੂ ਕਰ ਦਿੱਤੀ। ਭਰਾਵਾਂ ਬਾਈ ਨੇ ਕਈ ਤਰ੍ਹਾਂ ਦੇ ਸ਼ਰਬਤ, ਅਰਕ ਤੇ ਮੁਰੱਬੇ ਬਣਾਉਣੇ ਸਿਖ ਲਏ ਸਨ। ਉਹ ਲਾਲਾ ਤੇਜ ਭਾਨ ਤੋਂ ਲੋੜੀਂਦੇ ਪਦਾਰਥ ਮੰਗਵਾ ਲੈਂਦੀ ਤੇ ਪੂਰੇ ਕਸਬੀ ਢੰਗ ਨਾਲ ਸ਼ਰਬਤ ਆਦਿ ਤਿਆਰ ਕਰਦੀ। ਇਸ ਤਰ੍ਹਾਂ ਦੁਕਾਨ ਦੀ ਵਿਕਰੀ ਵਿਚ ਕੋਈ ਬਹੁਤਾ ਫ਼ਰਕ ਨਾ ਪਿਆ। ਉਸ ਕੋਲ ਜ਼ਨਾਨਾ ਮਰੀਜ਼ ਵੀ ਆ ਜਾਂਦੇ ਤੇ ਉਹ ਕੁਝ ਪੈਸੇ ਇਸ ਤਰ੍ਹਾਂ ਵੀ ਕਮਾ ਲੈਂਦੀ। ਮੈਨੂੰ ਅਜੇ ਵੀ ਯਾਦ ਹੈ ਕਿ ਮਾਤਾ ਜੀ ਕੋਲ ਚੱਕ ਚੁਰਾਨਵੇਂ ਵਿਚ ਇਕ ਲੋਹੇ ਦਾ ਬਕਸਾ ਹੁੰਦਾ ਸੀ ਜਿਸ ਦੇ ਉੱਪਰ ਅੱਧ ਵਿਚਕਾਰ ਇਕ ਕੁੰਡੀ ਬਣੀ ਹੋਈ ਸੀ ਤੇ ਦੋਵੇਂ ਪਾਸੇ ਲੱਗੇ ਹੋਏ ਆਇਤਕਾਰ ਹੈਂਡਲ ਹੱਥ ਵਿਚ ਇਕੱਠੇ ਫੜੇ ਜਾ ਸਕਦੇ ਸਨ। ਸ਼ਾਇਦ ਇਹੀ ਉਸ ਜ਼ਮਾਨੇ ਦਾ ਨਰਸਿੰਗ ਬੈਗ ਹੁੰਦਾ ਸੀ। ਇਸ ਵਿਚ ਜ਼ਰੂਰੀ ਦਵਾਈਆਂ ਤੇ ਔਜ਼ਾਰ ਰੱਖੇ ਜਾਂਦੇ ਸਨ। ਸਾਨੂੰ ਖੇਡਦਿਆਂ ਹੋਇਆ ਸੱਟਾਂ ਲੱਗ ਜਾਂਦੀਆਂ ਸਨ ਤੇ ਮਾਤਾ ਜੀ ਇਸ ਬੈਗ 'ਚੋਂ ਰੂੰ ਤੇ ਟਿੰਕਚਰ ਆਇਓਡੀਨ ਕਢ ਕੇ ਸਾਨੂੰ ਲਾ ਦਿੰਦੇ ਸਨ। ਲੋੜ ਪੈਣ ਤੇ ਉਹ ਕੋਈ ਮਲ੍ਹਮ ਲਾ ਕੇ ਸਾਨੂੰ ਪੱਟੀ ਵੀ ਕਰ ਦਿੰਦੇ ਸਨ। ਜਦੋਂ ਵੀ ਉਨ੍ਹਾਂ ਨੂੰ ਕਿਸੇ ਮਰੀਜ਼ ਨੂੰ ਵੇਖਣ ਲਈ ਬਾਹਰ ਜਾਣਾ ਪੈਂਦਾ ਤਾਂ ਉਹ ਦਇਆ ਨੰਦ ਨੂੰ ਜਾਂ ਮੈਨੂੰ ਨਾਲ ਲੈ ਜਾਂਦੇ ਸਨ। ਆਪਣੇ ਬੱਚਿਆਂ ਵਿਚ ਉਹ ਆਤਮ ਵਿਸ਼ਵਾਸ ਭਰਨ ਦੀ ਕੋਸ਼ਿਸ਼ ਵੀ ਕਰਦੇ ਅਤੇ ਲੋੜ ਅਨੁਸਾਰ ਉਨ੍ਹਾਂ ਦੀ ਮਦਦ ਵੀ ਲੈਂਦੇ।

ਇਕ ਵਾਰੀ ਉਨ੍ਹਾਂ ਨੂੰ ਚੱਕ ਨੰਬਰ ਸਤਵੰਜਾ ਤੋਂ ਇਕ ਡਿਲਵਰੀ ਕੇਸ ਲਈ ਸੱਦਾ ਆਇਆ। ਉੱਥੇ ਉਨ੍ਹਾਂ ਦੀ ਇਕ ਸਹੇਲੀ ਰਹਿੰਦੀ ਸੀ ਬੇਗਮ ਮਾਈ ਜਿਸ ਦੀ ਭਰਜਾਈ ਨੂੰ ਬੱਚਾ ਹੋਣ ਵਾਲਾ ਸੀ। ਪਿੰਡ ਕਾਫ਼ੀ ਦੂਰ ਸੀ ਤੇ ਲਾਲਾ ਤੇਜ ਭਾਨ ਭਰਾਵਾਂ ਬਾਈ ਨੂੰ ਭੇਜਣ ਲਈ ਤਿਆਰ ਨਹੀਂ ਸੀ। ਪਰ ਭਰਾਵਾਂ ਬਾਈ ਬੇਗਮ ਮਾਈ ਦੇ ਸੁਨੇਹੇ ਨੂੰ ਠੁਕਰਾ ਨਹੀਂ ਸੀ ਸਕਦੀ ਤੇ ਉਸ ਨੇ ਕੇਸ ਤੇ ਜਾਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਮੈਨੂੰ ਨਾਲ ਚਲਣ ਲਈ ਆਖਿਆ ਤੇ ਮੈਂ ਤਿਆਰ ਹੋ ਗਿਆ। ਅਸੀਂ ਮਾਂ ਪੁੱਤਰ ਊਠ ਤੇ ਬਹਿ ਗਏ। ਮਾਤਾ ਜੀ ਨੇ ਆਪਣਾ ਨਰਸਿੰਗ ਬੈਗ ਵੀ ਚੁੱਕ ਲਿਆ ਤੇ ਅਲਮਾਰੀ 'ਚੋਂ ਕੁਝ ਹੋਰ ਦਵਾਈਆਂ ਵੀ ਲੈ ਲਈਆਂ। ਮੈਨੂੰ ਊਠ ਦੀ ਸਵਾਰੀ ਦਾ ਬੜਾ ਮਜ਼ਾ ਆਉਂਦਾ ਸੀ। ਕਚਾਵੇ ਵਿਚ ਸੱਜੇ ਖੱਬੇ ਹਿਲਦੇ ਰਹਿਣਾ ਤੇ ਸਫ਼ਰ ਕਰਦੇ ਰਹਿਣਾ। ਅਸੀਂ ਦੋ ਤਿੰਨ ਘੰਟਿਆਂ ਵਿਚ ਚੱਕ ਨੰਬਰ ਸਤਵੰਜਾ ਪਹੁੰਚ ਗਏ ਜਿਥੇ ਮਾਸੀ ਬੇਗਮ ਮਾਈ ਨੇ ਸਾਡਾ ਬੜਾ ਸੁਆਗਤ ਕੀਤਾ। ਉਨ੍ਹਾਂ ਸਾਨੂੰ ਪੰਜੀਰੀ ਤੇ ਦੁੱਧ ਪੇਸ਼ ਕੀਤੇ। ਪਰ

ਮੈਂ ਕੁਝ ਖਾਣ ਪੀਣ ਤੋਂ ਇਨਕਾਰ ਕਰ ਦਿੱਤਾ। ਮਾਤਾ ਜੀ ਨੇ ਵੀ ਬੜਾ ਕਿਹਾ ਪਰ ਮੈਂ ਕੁਝ ਖਾਵਾਂ ਹੀ ਨਾ। ਉਨ੍ਹਾਂ ਆਪ ਪੰਜੀਰੀ ਵੀ ਖਾ ਲਈ ਤੇ ਦੁੱਧ ਵੀ ਪੀ ਲਿਆ। ਮਾਤਾ ਜੀ ਨੂੰ ਪਤਾ ਸੀ ਮੈਂ ਕਿਉਂ ਨਹੀਂ ਸੀ ਖਾ ਰਿਹਾ। ਬੇਗਮ ਮਾਈ ਮੁਸਲਮਾਨ ਸੀ ਤੇ ਸਾਨੂੰ ਲਾਲਾ ਟਿਕਾਇਆ ਰਾਮ ਨੇ ਸਮਝਾਇਆ ਹੋਇਆ ਸੀ ਕਿ ਹਿੰਦੂ ਲੋਕ ਮੁਸਲਮਾਨਾਂ ਤੇ ਘਰੋਂ ਨਹੀਂ ਖਾਂਦੇ। ਕਿੰਨੀ ਅਜੀਬ ਹਾਲਤ ਸੀ ਸਾਡੀ ਸਮਾਜ ਦੀ। ਰੇਲਵੇ ਸਟੇਸ਼ਨਾਂ ਤੇ 'ਹਿੰਦੂ ਪਾਣੀ' 'ਮੁਸਲਮਾਨ ਪਾਣੀ' ਦੇ ਫੱਟੇ ਲੱਗੇ ਹੁੰਦੇ ਸਨ ਤੇ ਮੁਸਾਫ਼ਿਰ ਆਪੋ ਆਪਣੇ ਮਜ਼੍ਹਬ ਦੇ ਲੋਕਾਂ ਤੋਂ ਹੀ ਖਾਣ ਪੀਣ ਦਾ ਸਾਮਾਨ ਲਿਆ ਕਰਦੇ ਸਨ। ਮੈਨੂੰ ਮਾਤਾ ਜੀ ਨੇ ਬੜਾ ਸਮਝਾਇਆ ਪਰ ਮੈਂ ਨਾ ਮੰਨਿਆ। ਮਾਸੀ ਬੇਗਮ ਮਾਈ ਨੇ ਮੇਰੇ ਲਈ ਖ਼ਰਬੂਜ਼ਾ ਮੰਗਵਾਇਆ ਜਿਸ ਨੂੰ ਮਾਤਾ ਜੀ ਨੇ ਕੱਟਿਆ ਤੇ ਮੈਂ ਖਾ ਲਿਆ। ਅਜ ਜਦੋਂ ਮੈਂ ਇਸ ਗੱਲ ਨੂੰ ਯਾਦ ਕਰਦਾ ਹਾਂ ਤਾਂ ਹੈਰਾਨ ਹੁੰਦਾ ਹਾਂ ਕਿ ਭਰਾਵਾਂ ਬਾਈ ਆਪਣੀ ਸੋਚਣੀ ਵਿਚ ਮੇਰੇ ਨਾਲੋਂ ਕਿੰਨਾ ਅੱਗੇ ਸੀ ਤੇ ਮੈਂ ਕਿੰਨਾ ਪਿੱਛੇ ਸਾਂ। ਸ਼ਾਇਦ ਮੇਰੇ ਤੇ ਮੇਰੇ ਬਾਪ ਦਾ ਅਸਰ ਜ਼ਿਆਦਾ ਸੀ।

ਸਾਨੂੰ ਰਾਤੀਂ ਚੱਕ ਸਤਵੰਜਾ ਵਿਚ ਰਹਿਣਾ ਪੈ ਗਿਆ। ਅਸੀਂ ਰਹੇ ਤਾਂ ਬੇਗਮ ਮਾਈ ਦੇ ਘਰ ਪਰ ਸਾਡੀ ਰੋਟੀ ਲਈ ਪਿੰਡ ਦੇ ਇਕ ਬ੍ਰਾਹਮਣ ਪਰਿਵਾਰ ਨੂੰ ਆਖਿਆ ਗਿਆ ਤੇ ਇਸ ਦਾ ਕਾਰਣ ਸੀ ਮੇਰ ਸੌੜੀ ਸੋਚ ਜਿਹੜੀ ਮੈਨੂੰ ਵਿਰਸੇ ਵਿਚ ਮਿਲੀ ਸੀ। ਭਰਾਵਾਂ ਬਾਈ ਦੀ ਮਾਨਵਵਾਦੀ ਸੋਚ ਮੇਰੇ ਤੋਂ ਬਹੁਤ ਦੂਰ ਸੀ ਜਿਸ ਨੂੰ ਮੈਂ ਬੜੀ ਦੇਰ ਨਾਲ ਪ੍ਰਵਾਨ ਕੀਤਾ। ਮਾਤਾ ਜੀ ਦੀ ਸਹਾਇਤਾ ਨਾਲ ਉਹ ਡਿਲਵਰੀ ਕੇਸ ਕਾਮਯਾਬੀ ਨਾਲ ਹੋ ਗਿਆ ਤੇ ਉਸ ਮੁਸਲਮਾਨ ਪਰਿਵਾਰ  ਦੇ ਘਰ ਲੜਕਾ ਹੋਇਆ। ਉਹ ਪਿੰਡ ਦੇ ਚੰਗੇ ਅਮੀਰ ਜ਼ਿਮੀਦਾਰ ਸਨ ਤੇ ਉਨ੍ਹਾਂ ਦੀ ਪੱਕੀ ਹਵੇਲੀ ਸੀ। ਉਨ੍ਹਾਂ ਦੇ ਘਰ ਤਾਂ ਢੋਲ ਵਜਣੇ ਤੇ ਝੁੰਮਰ ਪੈਣੇ ਸ਼ੁਰੂ ਹੋ ਗਏ। ਭਰਾਵਾਂ ਬਾਈ ਦਾ ਸਾਰੇ ਪਰਿਵਾਰ ਨੇ ਬਹੁਤ ਸ਼ੁਕਰੀਆਂ ਕੀਤਾ। ਇਹ ਉਨ੍ਹਾਂ ਦਾ ਪਹਿਲਾ ਲੜਕਾ ਸੀ। ਮਾਂ ਤੇ ਬੱਚਾ ਪੂਰੀ ਤਰ੍ਹਾਂ ਸਿਹਤਮੰਦ ਸਨ। ਭਰਾਵਾਂ ਬਾਈ ਦੀ ਸੂਝ ਤੇ ਸੇਵਾ ਲਈ ਬੇਗਮ ਮਾਈ ਉਸ ਤੇ ਬਹੁਤ ਖ਼ੁਸ਼ ਸੀ। ਮਾਤਾ ਜੀ ਨੇ ਜੱਚਾ ਤੇ ਬੱਚੇ ਲਈ ਜ਼ਰੂਰੀ ਦਵਾਈਆਂ ਦੇ ਦਿੱਤੀਆਂ ਤੇ ਦੂਜੇ ਦਿਨ ਅਸੀਂ ਆਪਣੇ ਪਿੰਡ ਵਾਪਸ ਆ ਗਏ। ਰਸਤੇ ਵਿਚ ਮਾਤਾ ਜੀ ਨੇ ਮੈਨੂੰ ਬੜਾ ਸਮਝਾਇਆ ਕਿ ਸਾਰੇ ਬੰਦੇ ਇੱਕੋ ਜਿਹੇ ਹੁੰਦੇ ਹਨ ਤੇ ਸਾਨੂੰ ਕਿਸੇ ਕੋਲੋਂ ਖਾਣ ਪੀਣ ਤੇ ਸੰਕੋਚ ਨਹੀਂ ਕਰਨਾ ਚਾਹੀਦਾ। ਬੇਗਮ ਮਾਈ ਨੇ ਮੈਨੂੰ ਬੜਾ ਪਿਆਰ ਕੀਤਾ ਤੇ ਮੈਨੂੰ ਇਕ ਰੁਪਇਆ ਦਿੱਤਾ ਜਿਹੜਾ ਉਸ ਵੇਲੇ ਇਕ ਵੱਡੀ ਰਕਮ ਸੀ। ਭਰਾਵਾਂ ਬਾਈ ਨੂੰ ਪੰਜ ਜਾਂ ਦਸ ਰੁਪਏ ਫ਼ੀਸ ਤੋਂ ਇਲਾਵਾ ਇਕ ਮਣ ਕਣਕ ਤੇ ਬਹੁਤ ਸਾਰੇ ਕਪੜੇ ਇਨਾਮ ਵਿਚ ਦਿੱਤੇ ਗਏ। ਮਾਤਾ ਜੀ ਨੂੰ ਇਸ ਗੱਲ ਦੀ ਬੜੀ ਤਸੱਲੀ ਸੀ ਕਿ ਮੈਂ ਉਨ੍ਹਾਂ ਨਾਲ ਸਾਂ-ਟਿਕਾਇਆ ਰਾਮ ਵਾਂਗ। ਮੇਰਾ ਸਾਥ ਮਾਤਾ ਜੀ ਦੇ ਸਵੈ-ਵਿਸ਼ਵਾਸ ਵਿਚ ਵਾਧੇ ਦਾ ਕਾਰਣ ਸੀ। ਮੇਰੇ ਲਈ ਇਹ ਸਫ਼ਰ ਇਸ ਲਈ ਵੀ ਯਾਦਗਾਰੀ ਬਣ ਗਿਆ ਸੀ ਕਿ ਮੈਂ ਉਥੇ ਇਨਸਾਨੀਅਤ ਦਾ ਸਬਕ ਪਹਿਲੀ ਵਾਰ

ਸਿਖਿਆ ਸੀ। ਜਦੋਂ 1960 ਵਿਚ ਮੈਂ ਇਰਾਕ ਜਾ ਰਿਹਾ ਸਾਂ ਤਾਂ ਮਾਤਾ ਜੀ ਨੇ ਕਿਹਾ ਸੀ ਕਿ ਤੂੰ ਤਾਂ ਹੁਣ ਮੁਸਲਮਾਨਾਂ ਦੇ ਦੇਸ਼ ਜਾ ਰਿਹਾ ਏਂ, ਮੁਸਲਮਾਨਾਂ ਨਾਲ ਹੀ ਖਾਏਂ ਪੀਏਂ ਗਾ। ਮੈਂ ਉਨ੍ਹਾਂ ਨੂੰ ਦੱਸਿਆ ਸੀ ਕਿ ਚੱਕ ਨੰਬਰ ਸਤਵੰਜਾ ਵਾਲਾ ਸਬਕ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਤੇ ਅਸੀਂ ਜ਼ੋਰ ਨਾਲ ਹੱਸ ਪਏ ਸਾਂ।

ਨਰਸ ਭਰਾਵਾਂ ਬਾਈ ਨੂੰ ਦੋ ਭਰੋਸੇ-ਯੋਗ ਸਹਾਇਕ ਮਿਲ ਗਏ : ਦਇਆ ਨੰਦ ਤੇ ਸਤਿਆ ਨੰਦ। ਉਹ ਲੋੜ ਪੈਣ ਤੇ ਉਸ ਦੇ ਨਾਲ ਵੀ ਜਾਂਦੇ ਤੇ ਸਾਮਾਨ ਵਗ਼ੈਰਾ ਤਿਆਰ ਕਰਨ ਵਿਚ ਵੀ ਉਸ ਦੀ ਮਦਦ ਕਰਦੇ ਸਨ। ਕਦੇ ਕਦਾਈਂ ਉਹ ਆਪਸ ਵਿਚ ਲੜ ਪੈਂਦੇ ਤਾਂ ਭਰਾਵਾਂ ਬਾਈ ਉਨ੍ਹਾਂ ਨੂੰ ਟਿਕਾਇਆ ਰਾਮ ਦਾ ਵਾਸਤਾ ਪਾਉਂਦੀ ਤੇ ਪਿਆਰ ਨਾਲ ਰਹਿਣ ਦੀ ਨਸੀਹਤ ਕਰਦੀ। ਈਸ਼ਵਰ ਤੇ ਅੰਮ੍ਰਿਤ ਆਪਸ ਵਿਚ ਕਦੇ ਨਹੀਂ ਸੀ ਲੜਦੀਆਂ। ਕੱਲੋ ਨੂੰ ਸਾਰੇ ਹੀ ਬੜਾ ਪਿਆਰ ਕਰਦੇ ਸਨ ਤੇ ਉਹ ਭੋਲੀ ਕਿਸੇ ਨੂੰ ਕੁਝ ਨਹੀਂ ਸੀ ਆਖਦੀ। ਭਰਾਵਾਂ ਬਾਈ ਨੇ ਆਪਣੇ ਬੱਚਿਆਂ ਦੇ ਮਾਨਸਿਕ ਵਿਕਾਸ ਲਈ ਉਚੇਚੇ ਯਤਨ ਕੀਤੇ। ਉਹ ਉਨ੍ਹਾਂ ਨੂੰ ਸਵਾਮੀ ਦਇਆ ਨੰਦ ਤੋਂ ਇਲਾਵਾ ਹੋਰ ਮਹਾਨ ਵਿਅਕਤੀਆਂ ਬਾਰੇ ਵੀ ਦਸਦੇ ਜਿਨ੍ਹਾਂ ਬਾਰੇ ਉਨ੍ਹਾਂ ਪੜ੍ਹਿਆ ਹੋਇਆ ਸੀ। ਉਨ੍ਹਾਂ ਸਾਨੂੰ ਸਿੱਖ ਗੁਰੂਆਂ, ਹਿੰਦੂ ਭਗਤਾਂ, ਤੇ ਮੁਸਲਮਾਨ ਸੂਫ਼ੀਆਂ ਦੀਆਂ ਕਹਾਣੀਆਂ ਸੁਣਾਉਣੀਆਂ ਤੇ ਉਨ੍ਹਾਂ ਦੇ ਉਪਦੇਸ਼ ਸਮਝਾਉਣੇ। ਇਕ ਵਾਰੀ ਉਨ੍ਹਾਂ ਸਾਨੂੰ ਹਜ਼ਰਤ ਮੁਹੰਮਦ ਬਾਰੇ ਵੀ ਦੱਸਿਆ। ਮਾਤਾ ਜੀ ਮੂਰਤੀ ਪੂਜਾ ਦੇ ਬੜੇ ਖ਼ਿਲਾਫ਼ ਸਨ ਜਿਸ ਕਾਰਣ ਲਾਲਾ ਟਿਕਾਇਆ ਰਾਮ ਨਾਲ ਉਨ੍ਹਾਂ ਦੀ ਤਕਰਾਰ ਵੀ ਹੋ ਜਾਂਦੀ। ਆਮ ਤੌਰ ਤੇ ਲਾਲਾ ਟਿਕਾਇਆ ਰਾਮ ਭਰਾਵਾਂ ਬਾਈ ਦੀ ਦਲੀਲ ਅੱਗੇ ਝੁਕ ਜਾਂਦੇ ਪਰ ਉਨ੍ਹਾਂ ਦੋਵਾਂ ਨੇ ਕਦੇ ਵੀ ਕੋਈ ਇਹੋ ਜਿਹੀ ਗੱਲ ਨਹੀਂ ਕੀਤੀ ਜਿਸ ਨਾਲ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚੇ। ਉਹ ਦੋਵੇਂ ਧਾਰਮਕ ਤੀਰਥਾਂ ਤੇ ਵੀ ਜਾਂਦੇ ਪਰ ਪੂਜਾ ਪਾਠ ਆਪੋ ਆਪਣੇ ਢੰਗ ਨਾਲ ਹੀ ਕਰਦੇ। ਹਰਦੁਆਰ ਵਿਚ ਪੰਡਿਤ ਘਣਸ਼ਿਆਮ ਉਨ੍ਹਾਂ ਦਾ ਪੁਰੋਹਿਤ ਸੀ ਜਿਸ ਨੇ ਸਾਰੇ ਪਰਿਵਾਰ ਦੀ ਯਾਤਰਾ ਪੱਤਰੀ ਬਣਾਈ ਹੋਈ ਸੀ। ਉਸ ਦੀ ਬਹੀ ਵਿਚ ਟਿਕਾਇਆ ਰਾਮ ਦੇ ਦਸਤਖ਼ਤ ਮੌਜੂਦ ਹਨ ਪਰ ਭਰਾਵਾਂ ਬਾਈ ਦੇ ਨਹੀਂ। ਸਾਰੇ ਬੱਚਿਆਂ ਤੇ ਹੌਲੀ ਹੌਲੀ ਭਰਾਵਾਂ ਬਾਈ ਦੇ ਖੁੱਲੇ ਵਿਚਾਰਾਂ ਤੇ ਆਰੀਆ ਸਮਾਜੀ ਸੋਚ ਦਾ ਅਸਰ ਪੈਣਾ ਕੁਦਰਤੀ ਸੀ। ਭਰਾਵਾਂ ਬਾਈ ਨੇ ਹਮੇਸ਼ਾ ਆਪਣੇ ਬੱਚਿਆਂ ਦਾ ਪੂਰਾ ਪਾਲਣ ਪੋਸ਼ਣ ਹੀ ਨਾ ਕੀਤਾ ਸਗੋਂ ਉਨ੍ਹਾਂ ਵਿਚ ਜ਼ਿੰਦਗੀ ਦੀਆਂ ਸਹੀ ਕਦਰਾਂ ਵੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ।

ਲਾਲਾ ਟਿਕਾਇਆ ਰਾਮ ਦੇ ਦੇਹਾਂਤ ਤੋਂ ਬਾਅਦ ਭਰਾਵਾਂ ਬਾਈ ਤਿੰਨ ਚਾਰ ਸਾਲ ਆਪਣੇ ਬੱਚਿਆਂ ਨਾਲ ਚੁਰਾਨਵੇਂ ਹੀ ਰਹੀ। ਇੱਥੇ ਹੀ ਦਇਆ ਨੰਦ ਨੇ ਚੌਥੀ ਪਾਸ ਕਰ ਲਈ ਤੇ ਸਤਿਆਨੰਦ ਨੇ ਤੀਜੀ। ਚੌਥੀ ਤੋਂ ਬਾਅਦ ਇੱਥੇ ਕੋਈ ਮਿਡਲ ਜਾਂ ਹਾਈ ਸਕੂਲ ਨਹੀਂ ਸੀ।

ਬੱਚਿਆਂ ਦੀ ਪੜ੍ਹਾਈ ਨੂੰ ਮੁਖ ਰੱਖਦਿਆਂ ਭਰਾਵਾਂ ਬਾਈ ਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਉਹ ਆਪਣੇ ਬੱਚਿਆਂ ਨੂੰ ਲੈ ਕੇ ਕਿਸੇ ਐਸੀ ਥਾਂ ਤੇ ਚਲੀ ਜਾਵੇ ਜਿਥੇ ਉਨ੍ਹਾਂ ਦੀ ਪੜ੍ਹਾਈ ਹੋ ਸਕੇ। ਇਸ ਮੰਤਵ ਲਈ ਉਸ ਨੇ ਵੱਡੀ ਭੈਣ ਰਾਮ ਬਾਈ ਨਾਲ ਸਲਾਹ ਮਸ਼ਵਰਾ ਕੀਤਾ ਤੇ ਉਸ ਨੇ ਚੱਕ ਚੁਰਾਨਵੇਂ ਛੱਡਣ ਦਾ ਮਨ ਬਣਾ ਲਿਆ। ਉਸ ਨੇ ਮਹਿਸੂਸ ਕਰ ਲਿਆ ਸੀ ਕਿ ਉਸ ਦਾ ਅਸਲੀ ਸਾਥ ਤਾਂ ਉਸਦੇ ਬੱਚਿਆਂ ਦਾ ਹੀ ਹੈ। ਇਸ ਲਈ ਉਨ੍ਹਾਂ ਦੀ ਬਕਾਇਦਾ ਤਾਲੀਮ ਜ਼ਰੂਰੀ ਸੀ ਤਾਂ ਕਿ ਇਹ ਸਾਥ ਸਹੀ ਅਰਥਾਂ ਵਿਚ ਸਾਰਥਕ ਬਣ ਜਾਏ।

# ਚੀਚਾ ਵਤਨੀ

ਚੀਚਾ ਵਤਨੀ ਜ਼ਿਲਾ ਮਿੰਟਗੁਮਰੀ ਜਾਂ ਸਾਹੀਵਾਲ ਦਾ ਇਕ ਮਸ਼ਹੂਰ ਕਸਬਾ ਹੈ। ਭਰਾਵਾਂ ਬਾਈ ਦੀ ਵੱਡੀ ਭੈਣ ਰਾਮਬਾਈ ਇੱਥੇ ਰਹਿੰਦੀ ਸੀ ਤੇ ਸਿਵਲ ਹਸਪਤਾਲ ਵਿਚ ਨਰਸ ਲੱਗੀ ਹੋਈ ਸੀ। ਉਸ ਦਾ ਪਤੀ ਮਾਸਟਰ ਲਕਸ਼ਮੀ ਦਾਸ ਐੱਨ.ਏ.ਸੀ. (ਨੋਟੀਫਾਈਡ ਏਰੀਆ ਕਮੇਟੀ) ਹਾਈ ਸਕੂਲ ਦੇ ਪ੍ਰਾਇਮਰੀ ਸੈਕਸ਼ਨ ਵਿਚ ਅਧਿਆਪਕ ਸੀ। ਜਦੋਂ ਲਾਲਾ ਟਿਕਾਇਆ ਰਾਮ ਨੇ ਭਰਾਵਾਂ ਬਾਈ ਨੂੰ ਨਰਸ ਦੀ ਟ੍ਰੇਨਿੰਗ ਦਿਵਾਈ ਸੀ, ਉਦੋਂ ਉਹ ਆਪਣੀ ਭੈਣ ਰਾਮ ਬਾਈ ਕੋਲ ਚੀਚਾ ਵਤਨੀ ਹੀ ਰਹੀ ਸੀ। ਇਸ ਲਈ ਭਰਾਵਾਂ ਬਾਈ ਨੂੰ ਇਹ ਫ਼ੈਸਲਾ ਕਰਦਿਆਂ ਦੇਰ ਨਹੀਂ ਲੱਗੀ ਕਿ ਉਹ ਬੱਚਿਆਂ ਨੂੰ ਲੈ ਕੇ ਚੀਚਾ ਵਤਨੀ ਆ ਜਾਵੇ। ਇੱਥੇ ਉਸ ਨੂੰ ਸਿਵਲ ਹਸਪਤਾਲ ਵਿਚ ਨੌਕਰੀ ਵੀ ਮਿਲ ਸਕਦੀ ਸੀ ਤੇ ਐਨ.ਏ.ਸੀ. ਹਾਈ ਸਕੂਲ ਵਿਚ ਬੱਚਿਆਂ ਦੀ ਪੜ੍ਹਾਈ ਦਾ ਵੀ ਚੰਗਾ ਇੰਤਜ਼ਾਮ ਹੋ ਸਕਦਾ ਸੀ। ਦੋਵਾਂ ਭੈਣਾਂ ਨੇ ਆਪਸੀ ਚਿੱਠੀਆਂ ਰਾਹੀਂ ਇਕ ਦੂਜੇ ਨਾਲ ਸਲਾਹ ਵੀ ਕਰ ਲਈ। ਰਾਮ ਬਾਈ ਤੇ ਲਕਸ਼ਮੀ ਦਾਸ ਨੇ ਭਰਾਵਾਂ ਬਾਈ ਦੇ ਪਰਿਵਾਰ ਲਈ ਇਕ ਮਕਾਨ ਵੀ ਕਿਰਾਏ ਤੇ ਲੈ ਦਿੱਤਾ। ਇਹ ਮਕਾਨ ਸਰਦਾਰ ਸੰਤ ਸਿੰਘ ਦਾ ਸੀ ਜਿਸ ਦੇ ਬਾਹਰ ਇਕ ਬਹੁਤ ਵੱਡਾ ਲੱਕੜ ਦਾ ਗੇਟ ਸੀ। ਇਸ ਵਿਚ ਆਮ ਲਾਂਘੇ ਲਈ ਇਕ ਬੂਹਾ ਬਣਿਆ ਹੋਇਆ। ਗੇਟ ਤਾਂ ਸਾਰਾ ਦਿਨ ਬੰਦ ਰਹਿੰਦਾ ਸੀ ਪਰ ਉਸ ਵਿਚਲਾ ਬੂਹਾ ਖੁਲ੍ਹਾ ਰਹਿੰਦਾ ਸੀ ਤੇ ਰਾਤੀਂ ਹੀ ਬੰਦ ਕੀਤਾ ਜਾਂਦਾ ਸੀ। ਬੂਹੇ ਤੋਂ ਅੰਦਰ ਆ ਕੇ ਅਸੀਂ ਇਕ ਬੜੇ ਖੁਲ੍ਹੇ ਵਿਹੜੇ ਵਿਚ ਆ ਜਾਂਦੇ ਸਾਂ ਜਿੱਥੇ ਇਕ ਹੈਂਡ-ਪੰਪ ਲੱਗਾ ਹੋਇਆ ਸੀ। ਸਰਦਾਰ ਸੰਤ ਸਿੰਘ ਖੰਡ ਦੇ ਮਸ਼ਹੂਰ ਵਪਾਰੀ ਸਨ ਤੇ ਥੱਲੇ ਵੱਡੇ ਕਮਰੇ ਖੰਡ ਦੀਆਂ ਬੋਰੀਆਂ ਰੱਖਣ ਲਈ ਵਰਤੇ ਜਾਂਦੇ ਸਨ। ਸਾਡੇ ਰਹਿਣ ਲਈ ਉੱਪਰ ਇਕ ਚੌਬਾਰਾ ਸੀ ਜਿਸ ਵਿੱਚ ਤਿੰਨ ਕਮਰੇ ਤੇ ਇਕ ਲੰਮਾ ਸਾਰਾ ਬਰਾਂਡਾ ਸੀ। ਭਰਾਵਾਂ ਬਾਈ ਦੇ ਪਰਿਵਾਰ ਲਈ ਇਹ ਮਕਾਨ ਕਾਫ਼ੀ ਵੱਡਾ ਸੀ।

ਕਿਸੇ ਜ਼ਮਾਨੇ ਵਿਚ ਚੀਚਾ ਵਤਨੀ ਰਾਵੀ ਦੇ ਕੰਢੇ ਤੇ ਵਸਿਆ ਹੋਇਆ ਸੀ। ਸਮੇਂ ਦੇ ਗੇੜ ਨਾਲ ਰਾਵੀ ਨੇ ਆਪਣਾ ਰਾਹ ਬਦਲ ਲਿਆ ਸੀ ਤੇ ਚੀਚਾ ਵਤਨੀ ਤੋਂ ਕਈ ਮੀਲ ਦੂਰ ਚਲਾ ਗਿਆ ਸੀ। ਇਸ ਬਸਤੀ ਨੂੰ ਚੀਚਾ ਵਤਨੀ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਇਸ ਨੂੰ ਚੀਚਾ ਨਾਂ ਦੇ ਇਕ ਬਜ਼ੁਰਗ ਦੀ ਔਲਾਦ ਨੇ ਵਸਾਇਆ ਸੀ। ਚੀਚਾ ਜ਼ਿਲਾ ਅੰਮ੍ਰਿਤਸਰ ਦੇ ਇਕ ਪਿੰਡ ਦਾ ਸੰਧੂ ਜੱਟ ਸੀ ਜਿਸ ਦੀ ਸੰਤਾਨ 'ਚੋਂ ਨੱਥਾ ਸਰਪੰਚ ਦੇ ਬੱਚੇ ਸਿੱਖ ਬਣ ਗਏ ਸਨ।

ਇਹ ਗੱਲ ਅਠਾਰਵੀਂ ਸਦੀ ਦੇ ਪਹਿਲੇ ਦੋ ਤਿੰਨ ਦਹਾਕਿਆਂ ਦੀ ਹੈ। ਇੰਨ੍ਹਾਂ ਵਿੱਚੋਂ ਸੇਵਾ ਸਿੰਘ ਜੋ ਨੱਥਾ ਸਰਪੰਚ ਦਾ ਪੁੱਤਰ ਸੀ ਮੌਜੂਦਾ ਚੀਚਾ ਵਤਨੀ ਕੋਲ ਆ ਗਿਆ ਤੇ ਇਸ ਕਸਬੇ ਦੀ ਨੀਂਹ ਰੱਖੀ। ਉਸ ਨੇ ਇਹਦਾ ਨਾਂ ਆਪਣੇ ਬਜ਼ੁਰਗ ਚੀਚਾ ਦੇ ਨਾਂ ਤੇ ਰੱਖ ਦਿੱਤਾ-ਚੀਚਾ ਦੀ ਵਤਨੀ। ਹੌਲੀ-ਹੌਲੀ ਇਹ ਚੀਚਾ ਵਤਨੀ ਬਣ ਗਿਆ। ਇਹ ਜਗ੍ਹਾ ਸਾਹੀਵਾਲ ਤੋਂ ਤੀਹ ਮੀਲ ਦੂਰ ਪੱਛਮ ਵਲ ਹੈ। ਇੱਥੇ ਰੇਲਵੇ ਲਾਈਨ ਵੀ ਬਣ ਗਈ ਜਿੱਥੋਂ ਲਾਹੌਰ ਤੇ ਮੁਲਤਾਨ ਜਾਣ ਵਾਲੀਆਂ ਗੱਡੀਆਂ ਲੰਘਦੀਆਂ ਸਨ। ਇਹ ਗੰਜੀ ਬਾਰ ਦਾ ਜ਼ਰਖ਼ੇਜ਼ ਇਲਾਕਾ ਸੀ। ਇੱਥੇ ਅਨਾਜ ਤੇ ਕਪਾਹ ਦੀਆਂ ਮੰਡੀਆਂ ਵੀ ਬਣ ਗਈਆਂ। ਸਿਵਲ ਹਸਪਤਾਲ ਤੇ ਹਾਈ ਸਕੂਲ ਵੀ ਕਾਇਮ ਹੋ ਗਏ। ਮੇਨ ਲਾਈਨ ਅਤੇ ਜੀ.ਟੀ.ਰੋਡ ਤੇ ਹੋਣ ਕਾਰਣ ਇਸ ਕਸਬੇ ਦੀ ਅਹਿਮੀਅਤ ਬਹੁਤ ਵਧ ਗਈ। ਇਸ ਇਲਾਕੇ ਵਿਚ ਨਹਿਰੀ ਪਾਣੀ ਵੀ ਆ ਗਿਆ ਸੀ। ਇਕ ਵੱਡੀ ਨਹਿਰ ਤਾਂ ਚੀਚਾ ਵਤਨੀ ਤੋਂ ਕੁਝ ਦੂਰ ਸੀ ਪਰ ਇਕ ਰਜਬਾਹਾ ਯਾਨੀ ਛੋਟੀ ਨਹਿਰ ਚੀਚਾ ਵਤਨੀ ਵਿੱਚੋਂ ਲੰਘਦੀ ਸੀ। ਭਰਾਵਾਂ ਬਾਈ ਦਾ ਚੀਚਾ ਵਤਨੀ ਆ ਕੇ ਵੱਸਣ ਦਾ ਫ਼ੈਸਲਾ ਬਿਲਕੁਲ ਠੀਕ ਸੀ। ਲਾਲਾ ਤੇਜ ਭਾਨ ਆਪਣੀ ਜਵਾਨ ਤੇ ਸੁਹਣੀ ਵਿਧਵਾ ਧੀ ਦਾ ਖ਼ਿਆਲ ਨਹੀਂ ਸੀ ਰਖ ਸਕਦਾ। ਬੱਚਿਆਂ ਦੀ ਪੜ੍ਹਾਈ ਦਾ ਸਵਾਲ ਸੀ। ਸੋ ਉਸ ਨੇ ਭਰਾਵਾਂ ਬਾਈ ਦੇ ਫ਼ੈਸਲੇ ਦੀ ਪੁਸ਼ਟੀ ਕਰ ਦਿੱਤੀ ਤੇ ਮਾਸਟਰ ਲਕਸ਼ਮੀ ਦਾਸ ਨੂੰ ਜ਼ਰੂਰੀ ਇੰਤਜ਼ਾਮ ਕਰਨ ਲਈ ਆਖ ਵੀ ਦਿੱਤਾ।

ਮੈਨੂੰ ਚੱਕ ਨੰਬਰ ਚੁਰਾਨਵੇਂ ਤੋਂ ਚੀਚਾ ਵਤਨੀ ਵੱਲ ਹਿਜਰਤ ਦਾ ਨਜ਼ਾਰਾ ਯਾਦ ਹੈ। ਲਾਲਾ ਤੇਜ ਭਾਨ ਨੇ ਤਿੰਨ ਟਾਂਗਿਆਂ ਦਾ ਇੰਤਜ਼ਾਮ ਕੀਤਾ ਸੀ। ਦੋ ਟਾਂਗਿਆਂ ਵਿਚ ਘਰ ਦਾ ਜ਼ਰੂਰੀ ਸਾਮਾਨ ਸੀ ਤੇ ਇਕ ਵਿਚ ਭਰਾਵਾਂ ਬਾਈ ਤੇ ਉਸ ਦੇ ਚਾਰੇ ਬੱਚੇ ਕਪੜਿਆਂ ਦੀਆਂ ਕਈ ਗੰਢਾਂ ਨਾਲ ਬੈਠੇ ਸਨ। ਸਾਡੇ ਕੋਲ ਇਕ ਲਾਖੀ ਗਾਂ ਵੀ ਸੀ ਜਿਸ ਨੂੰ ਲਾਲਾ ਤੇਜ ਭਾਨ ਨੇ ਆਪਣੇ ਕੋਲ ਰਖ ਲਿਆ। ਤਿੰਨ ਚਾਰ ਘੰਟਿਆਂ ਦੇ ਸਫ਼ਰ ਤੋਂ ਬਾਅਦ ਅਸੀਂ ਮੀਆਂ ਚੰਨੂੰ ਰੇਲਵੇ ਸਟੇਸ਼ਨ ਤੇ ਪੁੱਜ ਗਏ ਜਿੱਥੋਂ ਅਸੀਂ ਚੀਚਾ ਵਤਨੀ ਲਈ ਗੱਡੀ ਫੜ ਲਈ। ਅਸੀਂ ਦੇਰ ਸ਼ਾਮੀਂ ਚੀਚਾ ਵਤਨੀ ਪੁੱਜੇ। ਰਾਮ ਬਾਈ, ਲਕਸ਼ਮੀ ਦਾਸ, ਤੇ ਉਨ੍ਹਾਂ ਦਾ ਵੱਡਾ ਪੁੱਤਰ ਮਨੋਹਰ ਲਾਲ ਸਾਨੂੰ ਲੈਣ ਆਏ ਹੋਏ ਸਨ। ਅਸੀਂ ਸਾਰੇ ਆਪਣਾ ਸਾਮਾਨ ਲੈਕੇ ਸਰਦਾਰ ਸੰਤ ਸਿੰਘ ਵਾਲੇ ਮਕਾਨ ਵਿਚ ਪਹੁੰਚ ਗਏ। ਮਾਸਟਰ ਲਕਸ਼ਮੀ ਦਾਸ ਨੇ ਸਾਡੇ ਲਈ ਮੰਜੇ ਖ਼ਰੀਦ ਲਏ ਸਨ। ਅਸੀਂ ਸਾਮਾਨ ਟਿਕਾ ਕੇ ਮੰਜਿਆਂ ਤੇ ਆਪਣੇ ਬਿਸਤਰੇ ਵਿਛਾ ਲਏ। ਰੋਟੀ ਵੀ ਉਸ ਦਿਨ ਮਾਸਟਰ ਲਕਸ਼ਮੀ ਦਾਸ ਦੇ ਘਰੋਂ ਹੀ ਆਈ ਸੀ। ਉਸ ਦਿਨ ਸਾਨੂੰ ਸਾਰਿਆਂ ਨੂੰ ਬੜੀ ਗੂੜ੍ਹੀ ਨੀਂਦ ਆਈ।

ਭਰਾਵਾਂ ਬਾਈ ਨੂੰ ਸਿਵਲ ਹਸਪਤਾਲ ਚੀਚਾ ਵਤਨੀ ਵਿਚ ਨੌਕਰੀ ਮਿਲ ਗਈ ਜਿਸ ਦੇ ਮੈਡੀਕਲ ਅਫ਼ਸਰ ਡਾ: ਲੋਕ ਨਾਥ ਸਨ। ਉੱਥੇ ਇਕ ਕੰਪਾਊਂਡਰ ਮਹਿੰਗਾ ਰਾਮ ਦਾ ਨਾਂ ਵੀ ਮੈਨੂੰ

ਯਾਦ ਹੈ। ਉਸ ਹਸਪਤਾਲ ਵਿਚ ਇਕ ਕੰਪਾਊਂਡਰ ਹੋਰ ਵੀ ਸੀ। ਰਾਮ ਬਾਈ ਤਾਂ ਪਹਿਲੋਂ ਹੀ ਉੱਥੇ ਕੰਮ ਕਰਦੀ ਸੀ। ਭਰਾਵਾਂ ਬਾਈ ਵੀ ਉੱਥੇ ਹੀ ਲਗ ਗਈ। ਹਸਪਤਾਲ ਵਿਚ ਡਾਕਟਰ ਲਈ ਇਕ ਵੱਡਾ ਮਕਾਨ ਤੇ ਮੁਲਾਜ਼ਮਾਂ ਲਈ ਕੁਝ ਕੁਆਟਰ ਸਨ। ਭਰਾਵਾਂ ਬਾਈ ਨੂੰ ਉੱਥੇ ਕੁਆਟਰ ਨਾ ਮਿਲਿਆ ਤੇ ਉਹ ਆਪਣੇ ਪਰਿਵਾਰ ਨਾਲ ਕਿਰਾਏ ਦੇ ਮਕਾਨ ਵਿਚ ਰਹਿਣ ਲਗ ਪਈ। ਹਸਪਤਾਲ ਦੇ ਸਾਹਮਣੇ ਐਨ.ਏ.ਸੀ. ਹਾਈ ਸਕੂਲ ਸੀ ਤੇ ਪਿਛਲੇ ਪਾਸੇ ਇਕ ਬਹੁਤ ਵੱਡਾ ਬਾਗ਼ ਸੀ। ਹਸਪਤਾਲ ਕੋਲ ਆਪਣੀ ਤਿੰਨ-ਚਾਰ ਏਕੜ ਜ਼ਮੀਨ ਸੀ ਤੇ ਇਸ ਵਿਚ ਇਕ ਪਾਸੇ ਸਬਜ਼ੀਆਂ ਆਦਿ ਦੀ ਖੇਤੀ ਵੀ ਹੁੰਦੀ ਸੀ। ਇਹ ਸਬਜ਼ੀਆਂ ਡਾਕਟਰ ਤੇ ਸਟਾਫ਼ ਨੂੰ ਜਾਂ ਤਾਂ ਮੁਫ਼ਤ ਜਾਂ ਥੋੜੇ ਮੁੱਲ ਤੇ ਦਿੱਤੀਆਂ ਜਾਂਦੀਆਂ ਸਨ। ਦਇਆ ਨੰਦ ਨੂੰ ਐਨ.ਏ.ਸੀ. ਹਾਈ ਸਕੂਲ ਵਿਚ ਪੰਜਵੀਂ ਵਿਚ ਦਾਖ਼ਲਾ ਮਿਲ ਗਿਆ ਤੇ ਸਤਿਆ ਨੰਦ ਨੂੰ ਚੌਥੀ ਵਿਚ। ਕੁੜੀਆਂ ਦੀ ਪੜ੍ਹਾਈ ਲਈ ਚੀਚਾ ਵਤਨੀ ਵਿਚ ਦੋ ਸਕੂਲ ਸਨ-ਇਕ ਹਿੰਦੀ ਤੇ ਇਕ ਉਰਦੂ ਸਕੂਲ। ਈਸ਼ਵਰ ਦੇਵੀ ਨੂੰ ਉਰਦੂ ਸਕੂਲ ਵਿਚ ਦਾਖ਼ਿਲ ਕਰਵਾਇਆ ਗਿਆ ਜਿਸ ਦਾ ਮਾਸਟਰ ਲਕਸ਼ਮੀ ਦਾਸ ਦੇ ਪਰਿਵਾਰ ਨੇ ਬੜਾ ਵਿਰੋਧ ਕੀਤਾ। ਭਰਾਵਾਂ ਬਾਈ ਨੂੰ ਪਤਾ ਸੀ ਕਿ ਉਰਦੂ ਵਿਚ ਹੀ ਸੂਬੇ ਦੇ ਸਾਰੇ ਕੰਮ ਕਾਜ ਹੁੰਦੇ ਸਨ ਤੇ ਇਸ ਦਾ ਗਿਆਨ ਬੱਚਿਆਂ ਲਈ ਲਾਜ਼ਮੀ ਸੀ। ਉਨ੍ਹਾਂ ਨੂੰ ਆਪ ਉਰਦੂ, ਪੰਜਾਬੀ ਤੇ ਹਿੰਦੀ ਭਾਸ਼ਾਵਾਂ ਆਉਂਦੀਆਂ ਸਨ ਤੇ ਅੰਗਰੇਜ਼ੀ ਵਿਚ ਵੀ ਦਵਾਈਆਂ ਦੇ ਨਾਂ ਆਦਿ ਪੜ੍ਹ ਲੈਂਦੇ ਸਨ। ਉਹ ਬੱਚਿਆਂ ਨੂੰ ਜ਼ਿੰਦਗੀ ਦੀ ਜੱਦੋ ਜਹਿਦ ਲਈ ਜ਼ਰੂਰੀ ਤਾਲੀਮ ਦੇਣਾ ਚਾਹੁੰਦੇ ਸਨ। ਅੰਮ੍ਰਿਤ ਕੈਲਾਸ਼ ਅਜੇ ਛੋਟੀ ਸੀ। ਇਸ ਤਰ੍ਹਾਂ ਚੀਚਾ ਵਤਨੀ ਵਿਚ ਭਰਾਵਾਂ ਬਾਈ ਨੂੰ ਚੰਗਾ ਰੋਜ਼ਗਾਰ ਵੀ ਮਿਲ ਗਿਆ ਤੇ ਬੱਚਿਆਂ ਦੀ ਪੜ੍ਹਾਈ ਵੀ ਚੰਗੇ ਤਰੀਕੇ ਨਾਲ ਸ਼ੁਰੂ ਹੋ ਗਈ। ਇਹ ਘਟਨਾਵਾਂ 1943-44 ਦੀਆਂ ਹਨ। ਮੈਨੂੰ ਅਜੇ ਵੀ ਯਾਦ ਹੈ ਕਿ ਅਸੀਂ ਕਦੇ ਕਦੇ ਰੇਲਵੇ ਸਟੇਸ਼ਨ ਕੋਲ ਚਲੇ ਜਾਂਦੇ ਸਾਂ ਜਿੱਥੋਂ ਫ਼ੌਜੀਆਂ ਦੀਆਂ ਗੱਡੀਆਂ ਲੰਘਦੀਆਂ ਹੁੰਦੀਆਂ ਸਨ। ਅਸੀਂ ਫ਼ੌਜੀਆਂ ਵੱਲ ਹੱਥ ਹਿਲਾ ਕੇ ਇਸ਼ਾਰੇ ਕਰਦੇ ਸਾਂ ਤੇ ਉਹ ਸਾਡੇ ਵਲ ਬਿਸਕੁਟਾਂ ਦੇ ਡੱਬੇ ਤੇ ਹੋਰ ਖਾਣ ਵਾਲੀਆਂ ਚੀਜ਼ਾਂ ਸੁੱਟ ਦਿਆ ਕਰਦੇ ਸਨ। ਇਸ ਤੋਂ ਮੈਂ ਅਨੁਮਾਨ ਲਾ ਸਕਦਾ ਹਾਂ ਕਿ ਦੂਜੀ ਜੰਗ ਅਜੇ ਖ਼ਤਮ ਨਹੀਂ ਸੀ ਹੋਈ। ਚੀਚਾ ਵਤਨੀ ਦਾ ਰੇਲਵੇ ਸਟੇਸ਼ਨ ਇਨ੍ਹਾਂ ਗੱਡੀਆਂ ਦੇ ਆਉਣ ਜਾਣ ਕਰ ਕੇ ਵੀ ਕਾਫ਼ੀ ਰੁਝਿਆ ਰਹਿੰਦਾ ਸੀ।

ਭਰਾਵਾਂ ਬਾਈ ਬੜੀ ਮਿਲਣਸਾਰ ਤੇ ਖੁਲ੍ਹੇ ਸੁਭਾਅ ਵਾਲੀ ਇਸਤ੍ਰੀ ਸੀ। ਉਸ ਨੂੰ ਕਿਸੇ ਨਾਲ ਵੀ ਗੱਲ ਤੋਂ ਸੰਕੋਚ ਨਹੀਂ ਸੀ ਹੁੰਦਾ ਭਾਵੇਂ ਉਹ ਵੱਡਾ ਹੋਵੇ ਜਾਂ ਛੋਟਾ। ਉਸ ਅੰਦਰ ਕੋਈ ਧਾਰਮਕ ਵਿਤਕਰਾ ਵੀ ਨਹੀਂ ਸੀ ਤੇ ਉਹ ਹਿੰਦੂ, ਮੁਸਲਮਾਨ, ਜਾਂ ਸਿੱਖ ਪਰਿਵਾਰਾਂ ਵਿਚ ਬਿਨਾ ਝਿਜਕ ਚਲੀ ਜਾਂਦੀ ਸੀ। ਉਸ ਦਾ ਕਿੱਤਾ ਵੀ ਤਾਂ ਬੀਮਾਰਾਂ ਦੀ ਸੇਵਾ ਸੀ, ਖ਼ਾਸ ਕਰਕੇ ਔਰਤਾਂ ਦੀ ਸੇਵਾ ਦਾ। ਲਾਲਾ ਟਿਕਾਇਆ ਰਾਮ ਦੀ ਅਗਵਾਈ ਤੇ ਚੱਕ ਨੰਬਰ ਚੁਰਾਨਵੇਂ ਵਿਚ

ਹਾਸਿਲ ਕੀਤੇ ਤਜਰਬੇ ਕਾਰਣ ਉਸ ਦਾ ਆਤਮ ਵਿਸ਼ਵਾਸ ਬਹੁਤ ਵੱਧ ਗਿਆ ਸੀ। ਉਸ ਦੇ ਹੱਥਾਂ ਵਿਚ ਤਾਂ ਕੋਈ ਜਾਦੂ ਸੀ। ਉਹ ਜਿਸ ਵੀ ਮਰੀਜ਼ ਨੂੰ ਹੱਥ ਪਾਉਂਦੀ, ਉਹ ਸਿਹਤਯਾਬ ਹੋ ਜਾਂਦਾ ਤੇ ਭਰਾਵਾਂ ਬਾਈ ਨੂੰ ਦੁਆਵਾਂ ਦਿੰਦਾ। ਆਪਣੇ ਕਿੱਤੇ ਵਿਚ ਉਹ ਰਾਮ ਬਾਈ ਨਾਲੋਂ ਵੀ ਵਧੇਰੇ ਕਾਮਯਾਬ ਹੋਈ। ਡਾਕਟਰ ਵੀ ਉਸ ਦੇ ਕੰਮ ਤੋਂ ਬੜਾ ਖ਼ੁਸ਼ ਸੀ। ਚੀਚਾ ਵਤਨੀ ਵਿਚ ਦੋ ਪਰਿਵਾਰਾਂ ਦੇ ਘਰ ਭਰਾਵਾਂ ਬਾਈ ਦਾ ਆਉਣ ਜਾਣ ਬਹੁਤ ਜ਼ਿਆਦਾ ਸੀ। ਇਨ੍ਹਾਂ ਵਿੱਚੋਂ ਇਕ ਸਨ ਮਾਸਟਰ ਕਰਮ ਇਲਾਹੀ ਜੋ ਐਨ.ਏ.ਸੀ. ਹਾਈ ਸਕੂਲ ਵਿਚ ਫ਼ਾਰਸੀ ਦੇ ਅਧਿਆਪਕ ਸਨ ਤੇ ਦੂਜੇ ਸਨ ਰਮਜ਼ਾਨ ਅਲੀ ਜੋ ਟੈਲੀਫ਼ੋਨ ਔਪਰੇਟਰ ਸਨ। ਇਹ ਦੋਵੇਂ ਮੁਸਲਮਾਨ ਪਰਿਵਾਰ ਸਨ। ਦਰਅਸਲ ਭਰਾਵਾਂ ਬਾਈ ਨੂੰ ਮੁਸਲਮਾਨ ਪਰਿਵਾਰਾਂ ਵੱਲੋਂ ਬਹੁਤ ਪਿਆਰ ਤੇ ਸਤਿਕਾਰ ਮਿਲਦਾ ਸੀ ਪਰ ਮੁਸਲਮਾਨਾਂ ਨਾਲ ਇੰਨਾਂ ਮੇਲ ਜੋਲ ਮਾਸਟਰ ਲਕਸ਼ਮੀ ਦਾਸ ਤੇ ਰਾਮ ਬਾਈ ਨੂੰ ਪਸੰਦ ਨਹੀਂ ਸੀ। ਉਹ ਪੱਕੇ ਆਰੀਆ ਸਮਾਜੀ ਸਨ ਤੇ ਭਰਾਵਾਂ ਬਾਈ ਨੂੰ ਧਾਰਮਕ ਤੇ ਸਮਾਜਕ ਸਮਾਗਮਾਂ ਵਿਚ ਆਪਣੇ ਨਾਲ ਰਖਦੇ ਸਨ। ਤਾਂ ਵੀ ਭਰਾਵਾਂ ਬਾਈ ਉਨ੍ਹਾਂ ਨਾਲੋਂ ਵਧੇਰੇ ਖੁੱਲ੍ਹੇ ਵਿਚਾਰਾਂ ਦੀ ਧਾਰਨੀ ਸੀ। ਉਸ ਨੇ ਆਪਣੇ ਬੱਚਿਆਂ ਨੂੰ ਵੀ ਖੁੱਲ੍ਹੇ ਵਿਚਾਰਾਂ ਦੀ ਸਿਖਿਆ ਦਿੱਤੀ ਤੇ ਸਭ ਧਰਮਾਂ ਦੇ ਲੋਕਾਂ ਨਾਲ ਪਿਆਰ ਕਰਨਾ ਸਿਖਾਇਆ। ਮੈਂ ਆਪ ਇਸ ਸੰਬੰਧੀ ਉਨ੍ਹਾਂ ਦੇ ਵਿਚਾਰਾਂ ਦਾ ਕਾਇਲ ਹੋ ਚੁਕਿਆ ਸਾਂ ਤੇ ਉਨ੍ਹਾਂ ਦੀ ਨਸੀਹਤ ਤੇ ਅਮਲ ਕਰਦਾ ਹੁੰਦਾ ਸਾਂ। ਈਦ ਵਾਲੇ ਦਿਨ ਅਸੀਂ ਮਾਸਟਰ ਕਰਮ ਇਲਾਹੀ ਦੇ ਘਰ ਜ਼ਰੂਰ ਜਾਇਆ ਕਰਦੇ ਸਾਂ ਜਿੱਥੇ ਅਸੀਂ ਲਜ਼ੀਜ਼ ਸੇਵੀਆਂ ਖ਼ੁਸ਼ੀ ਨਾਲ ਖਾ ਲੈਂਦੇ ਸਾਂ। ਮਾਸਟਰ ਲਕਸ਼ਮੀ ਦਾਸ ਨੂੰ ਇਹ ਗੱਲਾਂ ਚੰਗੀਆਂ ਨਹੀਂ ਸੀ ਲਗਦੀਆਂ ਪਰ ਉਹ ਇਸ ਬਾਰੇ ਕੁਝ ਕਰ ਨਹੀਂ ਸੀ ਸਕਦੇ।

ਸਰਦਾਰ ਸੰਤ ਸਿੰਘ ਵਾਲਾ ਮਕਾਨ ਉਂਵ ਤਾਂ ਕਾਫ਼ੀ ਲੰਮਾ ਚੌੜਾ ਸੀ ਪਰ ਸੀ ਪਹਿਲੀ ਮੰਜ਼ਿਲ ਤੇ। ਪਾਣੀ ਦਾ ਨਲਕਾ ਥੱਲੇ ਵੱਡੇ ਵਿਹੜੇ ਵਿਚ ਸੀ। ਦਇਆ ਨੰਦ ਤੇ ਮੈਂ ਥੱਲੇ ਹੀ ਨਹਾ ਲੈਂਦੇ ਸਾਂ ਤੇ ਉੱਪਰ ਲਈ ਬਾਲਟੀਆਂ ਨਾਲ ਪਾਣੀ ਭਰਿਆ ਕਰਦੇ ਸਾਂ। ਕਪੜੇ ਆਦਿ ਧੋਣ ਲਈ ਭਰਾਵਾਂ ਬਾਈ ਥੱਲੇ ਆ ਜਾਂਦੀ। ਬੱਚੇ ਨਲਕਾ ਗੇੜਦੇ ਤੇ ਉਹ ਧੋਣ ਦਾ ਕੰਮ ਕਰ ਲੈਂਦੀ। ਮੈਨੂੰ ਕੋਈ ਐਸਾ ਮੌਕਾ ਯਾਦ ਨਹੀਂ ਜਦੋਂ ਕਿਸੇ ਬੱਚੇ ਨੇ ਉਨ੍ਹਾਂ ਨੂੰ ਕੰਮ ਤੋਂ ਨਾਂਹ ਕੀਤੀ ਹੋਵੇ। ਆਮ ਤੌਰ ਤੇ ਸਮਝਿਆ ਜਾਂਦਾ ਹੈ ਕਿ ਵਿਧਵਾ ਔਰਤ ਦੇ ਬੱਚੇ ਰੁਲ ਜਾਂਦੇ ਹਨ, ਬੇਕਹਿੰਦ ਹੋ ਜਾਂਦੇ ਹਨ, ਪਰ ਭਰਾਵਾਂ ਬਾਈ ਦੇ ਬੱਚੇ ਪੂਰੀ ਤਰ੍ਹਾਂ ਮਾਂ ਨਾਲ ਜੁੜੇ ਹੋਏ ਸਨ ਤੇ ਸਦਾ ਉਸ ਦੀ ਆਗਿਆ ਦਾ ਪਾਲਨ ਕਰਦੇ ਸਨ। ਦਇਆ ਨੰਦ ਕਦੇ ਕਦਾਈਂ ਕੋਈ ਸ਼ਰਾਰਤ ਕਰ ਬੈਠਦਾ ਸੀ ਤੇ ਉਸ ਨੂੰ ਮਾਰ ਵੀ ਪੈ ਜਾਂਦੀ ਸੀ ਪਰ ਉਹ ਵੀ ਕਦੇ ਮਾਂ ਤੋਂ ਆਕੀ ਨਹੀਂ ਸੀ ਹੋਇਆ। ਸਾਰੇ ਬੱਚੇ ਵੇਲੇ ਸਿਰ ਤਿਆਰ ਹੋ ਕੇ ਸਕੂਲ ਚਲੇ ਜਾਂਦੇ ਤੇ ਕੱਲੋ (ਅੰਮ੍ਰਿਤ ਕੈਲਾਸ਼) ਮਾਂ ਨਾਲ ਹਸਪਤਾਲ ਹੀ ਚਲੀ ਜਾਂਦੀ ਸੀ। ਉਹ ਵੀ ਮਾਂ ਨੂੰ ਕਦੇ ਤੰਗ ਨਹੀਂ ਸੀ ਕਰਦੀ ਤੇ ਉਨ੍ਹਾਂ ਦੇ ਕਮਰੇ ਵਿਚ ਖੇਡਦੀ ਰਹਿੰਦੀ। ਡਾ: ਲੋਕ ਨਾਥ ਤੇ ਕੰਪਾਊਂਡਰ ਮਹਿੰਗਾ ਰਾਮ ਵੀ ਉਸ ਨੂੰ

ਬੜਾ ਪਿਆਰ ਕਰਦੇ ਸਨ। ਕਦੇ ਕਦਾਈਂ ਉਹ ਉਨ੍ਹਾਂ ਦੇ ਕਮਰਿਆਂ ਵਿਚ ਵੀ ਚਲੀ ਜਾਂਦੀ ਤੇ ਹਸਪਤਾਲ ਵਿਚ ਹੀ ਖੇਡਦੀ ਰਹਿੰਦੀ। ਇਕ ਵਾਰੀ ਦਇਆ ਨੰਦ ਰੋਸ਼ਨਦਾਨ ਵਿੱਚੋਂ ਲੰਘ ਕੇ ਵੱਡੇ ਹਾਲ ਕਮਰੇ ਵਿਚ ਵੜ ਗਿਆ ਜਿਸ ਵਿਚ ਖੰਡ ਦੀਆਂ ਬੋਰੀਆਂ ਪਈਆਂ ਸਨ ਤੇ ਰੋਸ਼ਨਦਾਨ ਤੋਂ ਇਕ ਦੋ ਫੁੱਟ ਥੱਲੇ ਤਕ ਲੱਗੀਆਂ ਹੋਈਆਂ ਸਨ। ਦਇਆ ਨੰਦ ਆਪਣੇ ਨਾਲ ਇਕ ਥੈਲਾ ਲੈ ਗਿਆ ਸੀ ਜਿਸ ਵਿਚ ਉਸ ਨੇ ਇਕ ਬੋਰੀ ਵਿੱਚੋਂ ਮੋਰੀ ਕਰ ਕੇ ਬਹੁਤ ਸਾਰੀ ਖੰਡ ਥੈਲੇ ਵਿਚ ਪਾ ਲਈ। ਅਸੀਂ ਸਾਰਿਆਂ ਖੰਡ ਦਾ ਸ਼ਰਬਤ ਬਣਾਇਆ ਤੇ ਬੜੇ ਸਵਾਦ ਨਾਲ ਪੀਤਾ। ਇਹ ਸਿਲਸਿਲਾ ਕਈ ਦਿਨ ਚਲਦਾ ਰਿਹਾ। ਇਕ ਦਿਨ ਭਰਾਵਾਂ ਬਾਈ ਨੂੰ ਪਤਾ ਲੱਗ ਗਿਆ ਕਿ ਦਇਆ ਨੰਦ ਖੰਡ ਚੁਰਾ ਲਿਆਂਦਾ ਸੀ। ਉਨ੍ਹਾਂ ਦਿਨਾ ਵਿਚ ਖੰਡ ਰਾਸ਼ਨ ਕਾਰਡਾਂ ਤੇ ਮਿਦੀ ਸੀ ਤੇ ਉਹ ਵੀ ਘਟ ਮਿਕਦਾਰ ਵਿਚ। ਭਰਾਵਾਂ ਬਾਈ ਨੇ ਦਇਆ ਨੰਦ ਨੂੰ ਸੋਟੀਆਂ ਨਾਲ ਮਾਰਿਆ ਤੇ ਪੋਲੀਸ ਨੂੰ ਖ਼ਬਰ ਕਰਨ ਦੀ ਧਮਕੀ ਵੀ ਦਿੱਤੀ। ਚੋਰੀ ਵਿਚ ਭਾਗੀਦਾਰ ਤਾਂ ਅਸੀਂ ਸਾਰੇ ਸਾਂ ਪਰ ਮਾਰ ਸਿਰਫ਼ ਦਇਆ ਨੰਦ ਨੂੰ ਹੀ ਪਈ। ਉਸ ਤੋਂ ਬਾਅਦ ਉਸ ਨੇ ਕਦੇ ਵੀ ਖੰਡ ਦੀ ਚੋਰੀ ਨਾ ਕੀਤੀ।

ਚੀਚਾ ਵਤਨੀ ਵਿਚ ਭਰਾਵਾਂ ਬਾਈ ਦੇ ਪਰਿਵਾਰ ਨੇ ਤਿੰਨ ਚਾਰ ਸਾਲ ਬਿਤਾਏ। ਵਿੱਚੋਂ ਉਸ ਦੀ ਇਕ ਦੋ ਵਾਰ ਤਬਦੀਲੀ ਵੀ ਹੋਈ। ਕੁਝ ਮਹੀਨਿਆਂ ਲਈ ਉਸ ਦੀ ਤਬਦੀਲੀ ਗੁਰੇਰਾ ਬੰਗਲਾ ਵਿਚ ਹੋ ਗਈ ਤੇ ਉਹ ਬੱਚਿਆਂ ਸਣੇ ਹੀ ਉੱਥੇ ਰਹੀ। 1947 ਦੇ ਸ਼ੁਰੂ ਵਿਚ ਉਸ ਦੀ ਤਬਦੀਲੀ ਹਵੇਲੀ ਲੱਖਾ ਹੋ ਗਈ। ਇੱਥੇ ਵੀ ਬੱਚੇ ਉਸ ਦੇ ਨਾਲ ਸਨ। ਉਹ ਜਿੱਥੇ ਵੀ ਜਾਂਦੀ, ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖ਼ਿਲ ਕਰਵਾ ਦਿੰਦੀ ਤਾਂਕਿ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਚੀਚਾ ਵਤਨੀ ਵਾਲਾ ਮਕਾਨ ਭਰਾਵਾਂ ਬਾਈ ਨੇ ਸਦਾ ਆਪਣੇ ਕੋਲ ਹੀ ਰੱਖਿਆ। ਤਬਦੀਲੀ ਦੌਰਾਨ ਉਹ ਥੋੜੀਆਂ ਬਹੁਤ ਜ਼ਰੂਰੀ ਵਸਤਾਂ ਨਾਲ ਲੈ ਜਾਂਦੀ ਤੇ ਬਹੁਤਾ ਸਾਮਾਨ ਚੀਚਾ ਵਤਨੀ ਹੀ ਪਿਆ ਰਹਿੰਦਾ ਕਿਉਂਕਿ ਉਹ ਉਥੇ ਵਾਪਸ ਆਉਣ ਲਈ ਪੂਰੀ ਕੋਸ਼ਿਸ਼ ਕਰਦੀ ਰਹਿੰਦੀ। ਦੇਸ਼ ਦੀ ਵੰਡ ਤੋਂ ਕੁਝ ਮਹੀਨੇ ਪਹਿਲੋਂ ਉਹ ਹਵੇਲੀ ਲੱਖਾ ਤੋਂ ਚੀਚਾ ਵਤਨੀ ਆ ਗਈ। ਮਕਾਨ ਤਾਂ ਉੱਥੇ ਹੈ ਹੀ ਸੀ, ਵਾਪਸ ਆ ਕੇ ਉੱਥੇ ਹੀ ਰਹਿਣ ਵਿਚ ਕੋਈ ਤਕਲੀਫ਼ ਨਾ ਹੋਈ। ਦਰ ਅਸਲ ਇਸ ਹਵੇਲੀ ਨੁਮਾ ਮਕਾਨ ਵਿਚ ਥੱਲੇ ਇਕ ਦੋ ਚੌਕੀਦਾਰ ਹੀ ਰਹਿੰਦੇ ਸਨ ਤੇ ਉੱਪਰ ਚੁਬਾਰੇ ਵਿਚ ਭਰਾਵਾਂ ਬਾਈ ਦਾ ਪਰਿਵਾਰ। ਸਰਦਾਰ ਸੰਤ ਸਿੰਘ ਨੂੰ ਵੀ ਕਿਰਾਏ ਦਾ ਕੋਈ ਲਾਲਚ ਨਹੀਂ ਸੀ ਹੁੰਦਾ। ਸਾਡੇ ਰਹਿਣ ਨਾਲ ਘਰ ਵਿਚ ਰੌਣਕ ਬਣੀ ਰਹਿੰਦੀ। ਉਪਰਲੀ ਛੱਤ ਪੂਰੀ ਤਰ੍ਹਾਂ ਖ਼ਾਲੀ ਹੁੰਦੀ। ਉੱਥੇ ਅਸੀਂ ਗੁੱਲੀ ਡੰਡਾ ਵੀ ਖੇਡ ਲੈਂਦੇ ਸਾਂ। ਪਤੰਗ ਬਾਜ਼ੀ ਦਾ ਵੀ ਸਾਨੂੰ ਬੜਾ ਸ਼ੌਕ ਸੀ। ਦਇਆ ਨੰਦ ਪਤੰਗ ਨੂੰ ਉੱਚੀ ਉਡਾਇਆ ਕਰਦਾ ਸੀ। ਮੈਂ ਤਾਂ ਅਕਸਰ ਡੋਰ ਦੀ ਚਰਖੀ ਹੀ ਫੜ ਕੇ ਰਖਿਆ ਕਰਦਾ ਸਾਂ। ਕਦੇ ਕਦੇ ਉਹ

ਮੈਨੂੰ ਪਤੰਗ ਦੀ ਡੋਰ ਵੀ ਫੜਾ ਦਿੰਦਾ ਸੀ ਪਰ ਮੈਨੂੰ ਪਤੰਗ ਦਿਸਦੀ ਹੀ ਨਹੀਂ ਸੀ ਹੁੰਦੀ। ਮੇਰੀ ਨਜ਼ਰ ਕਮਜ਼ੋਰ ਸੀ ਤੇ ਸਾਰੇ ਮੈਨੂੰ ਘੱਟ ਦਿਸਣ ਤੇ ਮਖ਼ੌਲ ਕਰਿਆ ਕਰਦੇ ਸਨ।

ਭਰਾਵਾਂ ਬਾਈ ਦੀ ਭੈਣ ਭਾਗ ਵੰਤੀ ਦਾ ਘਰ ਵਾਲਾ ਪ੍ਰਭ ਦਿਆਲ ਬਤਰਾ ਕਦੇ ਕਦੇ ਸਾਡੇ ਘਰ ਆ ਜਾਂਦਾ ਸੀ। ਉਹ ਆਪਣੀ ਕਾਲੀ ਪਤਨੀ ਭਾਗ ਵੰਤੀ ਤੋਂ ਖ਼ੁਸ਼ ਨਹੀਂ ਸੀ, ਇਕ ਤਾਂ ਕਾਲੀ ਤੇ ਦੂਜੇ ਸੰਤਾਨ-ਹੀਨ। ਉਹ ਆਪਣੀ ਗੋਰੀ ਤੇ ਸੋਹਣੀ ਸਾਲੀ ਭਰਾਵਾਂ ਬਾਈ ਨੂੰ ਆਪਣੀ ਦੂਜੀ ਘਰ ਵਾਲੀ ਬਣਾਉਣਾ ਚਾਹੁੰਦਾ ਸੀ। ਉਸ ਦੀ ਨੀਯਤ ਦਾ ਭਰਾਵਾਂ ਬਾਈ ਨੂੰ ਪਤਾ ਸੀ। ਪ੍ਰਭ ਦਿਆਲ ਬਤਰਾ ਤੇ ਮਾਸਟਰ ਲਕਸ਼ਮੀ ਦਾਸ ਭਰਾਵਾਂ ਬਾਈ ਤੇ ਸ਼ੱਕ ਕਰਦੇ ਸਨ ਕਿ ਉਸ ਦੇ ਮੁਸਲਮਾਨ ਟੈਲੀਫ਼ੋਨ ਔਪਰੇਟਰ ਰਮਜ਼ਾਨ ਨਾਲ ਨਾਜਾਇਜ਼ ਸੰਬੰਧ ਹਨ ਜਦ ਕਿ ਭਰਾਵਾਂ ਬਾਈ ਉਸ ਨੂੰ ਸੱਕੇ ਭਰਾ ਤੋਂ ਵੀ ਵੱਧ ਸਤਿਕਾਰ ਦਿੰਦੀ ਸੀ। ਉਨ੍ਹਾਂ ਨੇ ਭਰਾਵਾਂ ਬਾਈ ਦੇ ਭਰਾਵਾਂ ਮਾਸਟਰ ਤੋਲਾ ਰਾਮ ਤੇ ਦੇਵ ਰਾਜ ਨੂੰ ਉਹਦੇ ਬਾਰੇ ਸ਼ਿਕਾਇਤਾਂ ਲਾਈਆਂ ਸਨ। ਭਰਾਵਾਂ ਬਾਈ ਦੇ ਦੁਬਾਰਾ ਵਿਆਹ ਕਰਾਉਣ ਤੋਂ ਇਨਕਾਰ ਕਰਨ ਤੇ ਸਾਰੇ ਉਸ ਨਾਲ ਨਾਰਾਜ਼ ਸਨ ਪਰ ਉਹ ਪੂਰੇ ਆਤਮ ਵਿਸ਼ਵਾਸ਼ ਨਾਲ ਆਪਣੀ ਜ਼ਿੰਦਗੀ ਦਾ ਸਫ਼ਰ ਪੂਰੀ ਜ਼ਿੰਮੇਵਾਰੀ ਤੇ ਦਲੇਰੀ ਨਾਲ ਤੈਅ ਕਰ ਰਹੀ ਸੀ। ਪ੍ਰਭ ਦਿਆਲ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਸੀ।

ਇਕ ਦਿਨ ਪ੍ਰਭ ਦਿਆਲ ਬਤਰਾ ਤੇ ਭਾਗ ਵੰਤੀ ਨੇ ਚੀਚਾ ਵਤਨੀ ਭਰਾਵਾਂ ਬਾਈ ਕੋਲ ਰਹਿਣ ਦਾ ਪ੍ਰੋਗਰਾਮ ਬਣਾ ਲਿਆ। ਪ੍ਰਭ ਦਿਆਲ ਨੇ ਦੱਸਿਆ ਕਿ ਸ਼ਹਿਰ ਵਿਚ ਸਰਕਸ ਆਈ ਹੋਈ ਹੈ। ਸਾਰੇ ਬੱਚੇ ਸਰਕਸ ਵੇਖਣਾ ਚਾਹੁੰਦੇ ਹਨ। ਪ੍ਰਭ ਦਿਆਲ ਨੇ ਬੜੀ ਚਾਲਾਕੀ ਨਾਲ ਭਾਗ ਵੰਤੀ ਤੇ ਚਾਰੇ ਬੱਚਿਆਂ ਨੂੰ ਸਰਕਸ ਤੇ ਭੇਜ ਦਿੱਤਾ ਤੇ ਆਪ ਪਿੱਛੇ ਰਹਿ ਗਿਆ। ਦੇਵ ਰਾਜ ਵੀ ਆਇਆ ਹੋਇਆ ਸੀ ਤੇ ਉਹ ਆਪਣੀ ਵੱਡੀ ਭੈਣ ਰਾਮ ਬਾਈ ਦੇ ਘਰ ਗਿਆ ਹੋਇਆ ਸੀ। ਰਾਤ ਹੋ ਚੁੱਕੀ ਸੀ ਤੇ ਭਰਾਵਾਂ ਬਾਈ ਘਰ ਵਿਚ ਇਕੱਲੀ ਸੀ।

'ਵੇਖ ਭਰਾਵਾਂ,' ਪ੍ਰਭ ਦਿਆਲ ਨੇ ਕਹਿਣਾ ਸ਼ੁਰੂ ਕੀਤਾ। 'ਜ਼ਿੰਦਗੀ ਬੜੀ ਲੰਮੀ ਹੈ ਤੇ ਤੂੰ ਇਹ ਜ਼ਿੰਦਗੀ ਇਕੱਲਿਆ ਕਿਵੇਂ ਬਿਤਾਏਂ ਗੀ। ਮੈਂ ਤੇਰਾ ਸਾਥ ਦੇ ਸਕਦਾ ਹਾਂ।'

'ਕਿਵੇਂ?' ਭਰਾਵਾਂ ਬਾਈ ਨੇ ਉਸ ਨੂੰ ਭਾਂਪਦਿਆਂ ਪੁੱਛਿਆ।

'ਮੈਂ ਕਦੇ ਕਦਾਈ ਤੇਰੇ ਕੋਲ ਆ ਸਕਦਾ ਹਾਂ। ਅੱਜ ਮੈਂ ਬੱਚਿਆਂ ਨੂੰ ਆਪ ਹੀ ਸਰਕਸ ਤੇ ਭੇਜ ਦਿੱਤਾ ਹੈ ਭਾਗ ਵੰਤੀ ਨਾਲ। ਆਪਾਂ ...' ਉਸ ਦੀ ਗੱਲ ਵਿੱਚੇ ਹੀ ਰਹਿ ਗਈ।

'ਆਪਾਂ ਕੀ? ਦਫ਼ਾ ਹੋ ਜਾਂ ਇੱਥੋਂ ਹਰਾਮਜ਼ਾਦੇ! ਮੈਂ ਰੌਲਾ ਪਾ ਦਿਆਂ ਗੀ।' ਭਰਾਵਾਂ ਨੇ ਕੜਕ ਕੇ ਆਖਿਆ।

'ਇਸ ਵੱਡੇ ਮਕਾਨ ਵਿਚ ਕੌਣ ਸੁਣੇ ਗਾ ਤੇਰਾ ਰੌਲਾ? ਨਾਲੇ ਇੱਥੇ ਤਾਂ ਕੋਈ ਹੈ ਹੀ ਨਹੀਂ। ਤੂੰ ਜ਼ਿੱਦ ਨਾ ਕਰ।' ਉਸ ਨੇ ਮੱਕਾਰੀ ਨਾਲ ਕਿਹਾ।

'ਮੈਂ ਜੁੱਤੀਆਂ ਨਾਲ ਮਾਰਾਂ ਗੀ ਤੈਨੂੰ। ਨਿਕਲ ਜਾ ਕੁੱਤਿਆ ਇੱਥੋਂ ਵਰਨਾ...।'

'ਵਰਨਾ ਕੀ ਕਰੇਂ ਗੀ ਤੂੰ? ਆਈ ਵੱਡੀ ਸ਼ੀਂਹਣੀ।' ਤੇ ਉਸ ਨੇ ਭਰਾਵਾਂ ਨੂੰ ਬਾਂਹ ਤੋਂ ਫੜ ਲਿਆ।

ਦੋਵਾਂ ਵਿਚ ਹੱਥੋ ਪਾਈ ਸ਼ੁਰੂ ਹੋ ਗਈ। ਪ੍ਰਭ ਦਿਆਲ ਬਤਰਾ ਨੇ ਭਰਾਵਾਂ ਦੀ ਇਜ਼ੱਤ ਨੂੰ ਹੱਥ ਪਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਭਰਾਵਾਂ ਬਾਈ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ। ਅਚਾਨਕ ਦੇਵ ਰਾਜ ਵੀ ਉੱਥੇ ਆ ਗਿਆ ਤੇ ਉਸ ਨੇ ਭਰਾਵਾਂ ਨੂੰ ਆਵਾਜ਼ ਦਿੱਤੀ। ਪ੍ਰਭ ਦਿਆਲ ਬਤਰਾ ਨੇ ਦਰਵਾਜ਼ਾ ਖੋਲਿਆ ਤੇ ਦੇਵ ਰਾਜ ਨੂੰ ਹੱਥੋਂ ਫੜ ਕੇ ਪਰੇ ਲੈ ਗਿਆ। ਇਸ ਤੋਂ ਪਹਿਲੋਂ ਕਿ ਭਰਾਵਾਂ ਬਾਈ ਆਪਣੇ ਛੋਟੇ ਭਰਾ ਨੂੰ ਪ੍ਰਭ ਦਿਆਲ ਦੀ ਬਤਮੀਜ਼ੀ ਬਾਰੇ ਕੁਝ ਦਸ ਸਕਦੀ, ਉਸ ਨੇ ਦੇਵ ਰਾਜ ਦੇ ਕੰਨ ਭਰ ਦਿੱਤੇ ਤੇ ਦੋਵਾਂ ਨੇ ਉਸ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕਰ ਲਿਆ। ਦੇਵ ਰਾਜ ਕੰਨਾਂ ਦਾ ਕੱਚਾ ਸੀ। ਦੋਵਾਂ ਨੇ ਆ ਕੇ ਭਰਾਵਾਂ ਬਾਈ ਨੂੰ ਹੀ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ। ਦੇਵ ਰਾਜ ਨੇ ਇਕ ਸੋਟੀ ਨਾਲ ਆਪਣੀ ਭੈਣ ਦੇ ਗੋਡਿਆ ਤੇ ਲੱਤਾਂ ਤੇ ਸੱਟਾਂ ਵੀ ਮਾਰੀਆਂ ਤੇ ਚਾਲਾਕ ਪ੍ਰਭ ਦਿਆਲ ਨੇ ਉਸ ਨੂੰ ਰਮਜ਼ਾਨ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਭਰਾਵਾਂ ਬਾਈ ਦੇ ਹੱਥ ਕਪੜੇ ਧੋਣ ਵਾਲੀ ਥਾਪੀ ਆ ਗਈ।

'ਠਹਿਰੋ ਹਰਾਮਜ਼ਾਦਿਓ! ਮੈਂ ਦਸਨੀ ਆਂ ਤੁਹਾਨੂੰ ਸਗੀਫ਼ਾਂ ਨੂੰ।' ਸ਼ੀਹਣੀ ਵਾਂਗ ਗਰਜਦਿਆਂ ਉਸ ਨੇ ਦੋਵਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਥਾਪੀਆਂ ਮਾਰ ਕੇ ਘਰੋਂ ਕੱਢ ਦਿੱਤਾ। ਜਦੋਂ ਦੋਵੇਂ ਦਰਵਾਜ਼ੇ ਤੋਂ ਬਾਹਰ ਹੋਏ, ਉਸ ਨੇ ਫ਼ੌਰਨ ਕੁੰਡੀ ਲਾ ਲਈ। ਉਹ ਆਪ ਵੀ ਭਰਾ ਦੀਆਂ ਸੋਟੀਆਂ ਖਾ ਕੇ ਜ਼ਖ਼ਮੀ ਹੋ ਚੁੱਕੀ ਸੀ। ਉਹ ਫ਼ਰਸ਼ ਤੇ ਡਿੱਗ ਪਈ ਤੇ ਬੇਹੋਸ਼ ਹੋ ਗਈ।

ਰਾਤ ਦੇ ਦਸ ਗਿਆਰਾਂ ਵਜੇ ਭਾਗ ਵੰਤੀ ਤੇ ਬੱਚੇ ਸਰਕਸ ਵੇਖ ਕੇ ਆ ਗਏ। ਉਨ੍ਹਾਂ ਆ ਕੇ ਕੁੰਡਾ ਖੜਕਾਇਆ ਤਾਂ ਭਰਾਵਾਂ ਬਾਈ ਨੂੰ ਹੋਸ਼ ਆਈ। ਉਸ ਬੜੀ ਮੁਸ਼ਕਿਲ ਨਾਲ ਦਰਵਾਜ਼ਾ ਖੋਲ੍ਹਿਆ ਤਾਂ ਬੱਚਿਆਂ ਨੂੰ ਵੇਖ ਕੇ ਜ਼ੋਰ ਜ਼ੋਰ ਦੀ ਰੋ ਪਈ। ਉਸ ਨੇ ਦਇਆ ਨੰਦ ਤੇ ਸਤਿਆ ਨੰਦ ਨੂੰ ਗਲ ਨਾਲ ਲਾ ਲਿਆ। ਈਸ਼ਵਰ ਤੇ ਕੱਲੋ ਵੀ ਮਾਂ ਨੂੰ ਚੰਬੜ ਗਈਆਂ। ਸਾਰੇ ਜਾਣੇ ਇੱਕੋ ਮੰਜੇ ਤੇ ਢਹਿ ਪਏ। ਬੱਚੇ ਹੈਰਾਨ ਸਨ ਕਿ ਕੀ ਹੋ ਗਿਆ ਹੈ। ਭਰਾਵਾਂ ਬਾਈ ਦੀਆਂ ਲੱਤਾਂ ਤੇ ਸੋਟੀਆਂ ਦੇ ਨਿਸ਼ਾਨ ਸਨ। ਉਸ ਦੇ ਗੋਡੇ ਸੁੱਜੇ ਹੋਏ ਸਨ। ਭਾਗ ਵੰਤੀ ਨੂੰ ਵੇਖ ਕੇ ਭਰਾਵਾਂ ਬਾਈ ਦਾ ਗੁੱਸਾ ਚਮਕ ਪਿਆ।

'ਨਿਕਲ ਜਾਂ ਹਰਾਮਜ਼ਾਦੀਏ ਤੂੰ ਵੀ! ਜਾ ਪੁੱਛ ਆਪਣੇ ਖਸਮ ਨੂੰ ਕਿ ਉਸ ਨੇ ਕੀ ਕੀਤਾ ਏ। ਆਏ ਵੱਡੇ ਭਰਾਵਾਂ ਦੇ ਖ਼ੈਰਖ਼ਾਹ। ਦਫ਼ਾ ਹੋ ਜਾਓ ਸਾਰੇ। ਮੈਂ ਜੀ ਲਵਾਂ ਗੀ ਆਪਣੇ ਬੱਚਿਆਂ ਨਾਲ। ਮੈਨੂੰ ਕਿਸੇ ਦੀ ਲੋੜ ਨਹੀਂ। ਕੋਈ ਨਾ ਆਇਆ ਕਰੋ ਮੇਰੇ ਕੋਲ।'

ਭਾਗ ਵੰਤੀ ਡਰ ਗਈ ਤੇ ਮਾਸਟਰ ਲਕਸ਼ਮੀ ਦਾਸ ਦੇ ਘਰ ਚਲੀ ਗਈ। ਭਰਾਵਾਂ ਬਾਈ ਨੇ ਬੱਚਿਆਂ ਨੂੰ ਆਪਣੀ ਕਹਾਣੀ ਸੁਣਾਈ ਤਾਂ ਉਹ ਹੈਰਾਨ ਰਹਿ ਗਏ। ਬੱਚਿਆਂ ਵਿੱਚੋਂ ਸਭ ਤੋਂ ਵੱਧ ਸਮਝਦਾਰ ਦਇਆ ਨੰਦ ਹੀ ਸੀ ਜੋ ਅਠਵੀਂ ਵਿਚ ਪੜ੍ਹਦਾ ਸੀ। ਉਸ ਦੇ ਸ਼ਬਦ ਮੈਨੂੰ ਅਜੇ ਵੀ ਯਾਦ ਹਨ। ਉਸ ਕਿਹਾ ਸੀ, "ਅਸੀਂ ਇਸ ਬੇਇਜ਼ੱਤੀ ਦਾ ਬਦਲਾ ਜ਼ਰੂਰ ਲਵਾਂ ਗੇ।" ਅੱਧੀ ਰਾਤ ਹੋ ਚੁੱਕੀ ਸੀ। ਭਾਈਆਂ ਲਕਸ਼ਮੀ ਦਾਸ ਤੇ ਉਸ ਦੀ ਪਤਨੀ ਰਾਮ ਬਾਈ ਸਾਡੇ ਘਰ ਆ ਗਏ। ਉਨ੍ਹਾਂ ਭਰਾਵਾਂ ਬਾਈ ਨੂੰ ਬੜਾ ਦਿਲਾਸਾ ਦਿੱਤਾ ਅਤੇ ਦੱਸਿਆ ਕਿ ਪ੍ਰਭ ਦਿਆਲ ਤੇ ਦੇਵ ਰਾਜ ਬੜੇ ਸ਼ਰਮਿੰਦਾ ਹਨ। ਭਰਾਵਾਂ ਬਾਈ ਨੇ ਬੜੇ ਰੋਹ ਤੇ ਦੁੱਖ ਵਿਚ ਆਖਿਆ, "ਜੇ ਤੁਸੀਂ ਮੇਰੇ ਕੁਝ ਲਗਦੇ ਹੋ ਤਾਂ ਉਨ੍ਹਾਂ ਨੂੰ ਜੁੱਤੀਆ ਮਾਰ ਕੇ ਘਰੋਂ ਕਢ ਦਿਓ ਵਰਨਾ ਸਾਰੀ ਉਮਰ ਮੇਰੇ ਮੱਥੇ ਨਾ ਲਗਣਾ।"

ਰਾਮ ਬਾਈ ਨੂੰ ਸਾਰੀ ਘਟਨਾ ਜਾਣ ਕੇ ਬੜਾ ਦੁੱਖ ਹੋਇਆ ਤੇ ਵਾਪਸ ਆ ਕੇ ਦੇਵ ਰਾਜ ਤੇ ਪ੍ਰਭ ਦਿਆਲ ਨੂੰ ਆਪਣੇ ਘਰੋਂ ਚਲੇ ਜਾਣ ਲਈ ਕਹਿ ਦਿੱਤਾ। ਉਸ ਨੂੰ ਪਤਾ ਸੀ ਕਿ ਜੇ ਭਰਾਵਾਂ ਬਾਈ ਨੂੰ ਪਤਾ ਲੱਗ ਗਿਆ ਕਿ ਰਾਤ ਉਨ੍ਹਾਂ ਉਸ ਦੇ ਘਰ ਕੱਟੀ ਹੈ ਤਾਂ ਭਰਾਵਾਂ ਬਾਈ ਉਸ ਨੂੰ ਕਦੇ ਮੁਆਫ਼ ਨਹੀਂ ਕਰੇ ਗੀ। ਉਸ ਨੇ ਦੇਵ ਰਾਜ ਤੇ ਪ੍ਰਭ ਦਿਆਲ ਨੂੰ ਉਨ੍ਹਾਂ ਦੀ ਬਤਮੀਜੀ ਲਈ ਥੱਪੜ ਵੀ ਮਾਰੇ। ਮਾਸਟਰ ਲਕਸ਼ਮੀ ਦਾਸ ਸਾਰੇ ਮੁਆਮਲੇ ਵਿਚ ਨਿਰਪੱਖ ਹੀ ਰਿਹਾ ਸੀ। ਦੂਜੇ ਦਿਨ ਭਰਾਵਾਂ ਬਾਈ ਨੇ ਨਵੇਂ ਆਏ ਡਾਕਟਰ ਅਬਦੁੱਲ ਗ਼ਫ਼ੂਰ ਨਾਲ ਵੀ ਗੱਲ ਕੀਤੀ। ਡਾਕਟਰ ਲੋਕ ਨਾਥ ਦੀ ਚੀਚਾ ਵਤਨੀ ਤੋਂ ਤਬਦੀਲੀ ਹੋ ਗਈ ਸੀ। ਡਾ: ਅਬਦੁਲ ਗ਼ਫ਼ੂਰ ਨੇ ਸਲਾਹ ਦਿੱਤੀ ਕਿ ਇਸ ਮੁਆਮਲੇ ਨੂੰ ਪਰਿਵਾਰ ਵਿਚ ਹੀ ਸੁਲਝਾ ਲਿਆ ਜਾਏ ਤਾਂ ਚੰਗਾ ਹੈ। ਪੋਲੀਸ ਕੇਸ ਬਣਨ ਤੇ ਖੱਜਲ ਖ਼ੁਆਰੀ ਬਹੁਤ ਹੋਵੇ ਗੀ। ਆਖ਼ਿਰ ਭਰਾਵਾਂ ਬਾਈ ਨੇ ਸਬਰ ਦਾ ਘੁੱਟ ਭਰ ਲਿਆ ਤੇ ਇਸ ਮੁਆਮਲੇ ਦਾ ਫ਼ੈਸਲਾ ਆਪਣੇ ਵੱਡੇ ਭਰਾ ਮਾਸਟਰ ਤੋਲਾ ਰਾਮ ਤੇ ਛੱਡ ਦਿੱਤਾ।

ਇਸ ਘਟਨਾ ਦਾ ਅਸਰ ਭਰਾਵਾਂ ਬਾਈ ਦੇ ਬੱਚਿਆਂ ਤੇ ਪੈਣਾ ਲਾਜ਼ਮੀ ਸੀ। ਦਇਆ ਨੰਦ ਤੇ ਸਤਿਆ ਨੰਦ ਨੇ ਤਾਂ ਮੌਕਾ ਆਉਣ ਤੇ ਬਦਲਾ ਲੈਣ ਦੀ ਸੋਚ ਲਈ ਸੀ। ਸਾਰੇ ਬੱਚਿਆਂ ਦੇ ਦਿਲਾਂ ਵਿਚ ਪ੍ਰਭ ਦਿਆਲ ਬਤਰਾ ਤੇ ਦੇਵ ਰਾਜ ਲਈ ਬੜੀ ਨਫ਼ਰਤ ਪੈਦਾ ਹੋ ਗਈ। ਦੁਖ ਦੀ ਗੱਲ ਤਾਂ ਇਹ ਸੀ ਕਿ ਪ੍ਰਭ ਦਿਆਲ ਬਤਰਾ ਉਨ੍ਹਾਂ ਦੀ ਸੱਕੀ ਮਾਸੀ ਭਾਗ ਵੰਤੀ ਦਾ ਪਤੀ ਸੀ ਤੇ ਦੇਵ ਰਾਜ ਉਨ੍ਹਾਂ ਦੀ ਭੈਣ ਸ਼ਾਂਤੀ ਦਾ ਪਤੀ ਸੀ ਜੋ ਉਨ੍ਹਾਂ ਦੇ ਤਾਏ ਲਾਲਾ ਰਾਮ ਚੰਦ ਦੀ ਧੀ ਸੀ। ਇਨ੍ਹਾਂ ਸੰਬੰਧਾਂ ਦੇ ਬਾਵਜੂਦ ਉਨ੍ਹਾਂ ਦੀ ਆਪਣੇ ਮਾਸੜ ਤੇ ਮਾਮੇ ਪ੍ਰਤੀ ਕੁੜਿਤੱਣ ਸਾਰੀ ਉਮਰ ਬਣੀ ਰਹੀ। ਬਹੁਤ ਸਾਲਾਂ ਬਾਅਦ ਦਇਆ ਨੰਦ ਤੇ ਸਤਿਆ ਨੰਦ ਪ੍ਰਭ ਦਿਆਲ ਬਤਰਾ ਤੋਂ ਬਦਲਾ ਲੈਣ ਵਿਚ ਤਾਂ ਕਾਮਯਾਬ ਹੋ ਗਏ ਪਰ ਦੇਵ ਰਾਜ ਨੂੰ ਉਹ ਕੁਝ ਨਾ ਆਖ ਸਕੇ। ਜ਼ਿੰਦਗੀ ਦੇ ਆਖ਼ਰੀ ਸਾਲਾਂ ਵਿਚ ਭਰਾਵਾਂ ਬਾਈ ਨੇ ਦੇਵ ਰਾਜ ਨੂੰ

ਮੁਆਫ਼ ਵੀ ਕਰ ਦਿੱਤਾ ਪਰ ਬੱਚੇ ਭੈਣ ਸ਼ਾਂਤੀ ਨੂੰ ਤਾਂ ਮਿਲਦੇ ਰਹੇ, ਮਾਮੇ ਦੇਵ ਰਾਜ ਨਾਲ ਉਨ੍ਹਾਂ ਦਾ ਕੋਈ ਤਾਲ ਮੇਲ ਨਾ ਰਿਹਾ। ਇਸੇ ਤਰ੍ਹਾਂ ਮਾਸੀ ਭਾਗ ਵੰਤੀ ਨੂੰ ਤਾਂ ਉਹ ਮਿਲਦੇ ਰਹੇ ਪਰ ਪ੍ਰਭ ਦਿਆਲ ਨੂੰ ਨਹੀਂ। ਉਹ ਭਾਗ ਵੰਤੀ ਨਾਲੋਂ ਵੀ ਟੁੱਟ ਗਿਆ ਤੇ ਇਕ ਦਿਨ ਅਣਆਈ ਮੌਤੇ ਮਰ ਗਿਆ।

ਇਸ ਘਟਨਾ ਤੋਂ ਬਾਅਦ ਭਰਾਵਾਂ ਬਾਈ ਦਾ ਦਿਲ ਚੀਚਾ ਵਤਨੀ ਤੋਂ ਵੀ ਉਚਾਟ ਹੋ ਗਿਆ। ਸਨ 1947 ਦੇ ਮਈ-ਜੂਨ ਮਹੀਨੇ ਵਿਚ ਉਹ ਹਵੇਲੀ ਲੱਖਾ ਤੋਂ ਚੀਚਾ ਵਤਨੀ ਆ ਤਾਂ ਗਈ ਪਰ ਉਹ ਖ਼ੁਸ਼ ਨਹੀਂ ਸੀ। ਚੀਚਾ ਵਤਨੀ ਵਿਚ ਉਨ੍ਹਾਂ ਉਸ ਦੀ ਇਕ ਸਹੇਲੀ ਗੁਰਚਰਨ ਕੌਰ ਰਹਿੰਦੀ ਸੀ ਜਿਸ ਦਾ ਪਤੀ ਗੁਰਚਰਨ ਸਿੰਘ ਵੱਡਾ ਜ਼ਿਮੀਦਾਰ ਸੀ ਤੇ ਆੜ੍ਹਤ ਦਾ ਕੰਮ ਵੀ ਕਰਦਾ ਸੀ। ਉਨ੍ਹਾਂ ਦੀ ਧੀ ਸੁਰਜੀਤ ਕੌਰ ਅੰਮ੍ਰਿਤ ਕੈਲਾਸ਼ ਦੀ ਜਮਾਤਣ ਸੀ। ਉਹ ਦੋਵੇਂ ਉਰਦੂ ਸਕੂਲ ਵਿਚ ਪੜ੍ਹਦੀਆਂ ਸਨ। ਗੁਰਚਰਨ ਕੌਰ ਦੇ ਘਰ ਜਾ ਕੇ ਭਰਾਵਾਂ ਬਾਈ ਨੂੰ ਪਤਾ ਲੱਗਾ ਕਿ ਮੁਲਕ ਵਿਚ ਬੜੀਆਂ ਤਬਦੀਲੀਆਂ ਹੋਣ ਵਾਲੀਆਂ ਸਨ। ਦੇਸ਼ ਦੀ ਵੰਡ ਹੋ ਸਕਦੀ ਸੀ। ਉਸ ਇਲਾਕੇ ਵਿਚ ਪਾਕਿਸਤਾਨ ਬਣਨ ਦੀਆਂ ਗੱਲਾਂ ਵੀ ਹੋਣ ਲਗ ਪਈਆਂ ਸਨ। ਭਰਾਵਾਂ ਬਾਈ ਨੇ ਸੋਚਿਆਂ ਕਿ ਉਹ ਹਵੇਲੀ ਲੱਖਾ ਹੀ ਰਹਿ ਜਾਂਦੀ ਤਾਂ ਚੰਗਾ ਸੀ ਕਿਉਂਕਿ ਹਵੇਲੀ ਲੱਖਾ ਫ਼ਿਰੋਜ਼ਪੁਰ ਦੇ ਨੇੜੇ ਸੀ ਜਿਸ ਦੀ ਹਿੰਦੁਸਤਾਨ ਵਿਚ ਆ ਜਾਣ ਦੀ ਉਮੀਦ ਸੀ। ਪਾਕਿਸਤਾਨ ਬਣਨ ਤੇ ਸਾਰਿਆਂ ਨੂੰ ਇੱਥੋਂ ਜਾਣਾ ਵੀ ਪੈ ਸਕਦਾ ਸੀ। ਪਰ ਭਰਾਵਾਂ ਬਾਈ ਦੇ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ। ਹੁਣ ਤਾਂ ਉਸ ਦੀ ਕਿਸਮਤ ਦਾ ਫ਼ੈਸਲਾ ਚੀਚਾ ਵਤਨੀ ਵਿਚ ਹੀ ਹੋਣਾ ਸੀ।

# ਖ਼ੂਨ ਦੀ ਹੋਲੀ

ਦੇਸ਼ ਦਾ ਬਟਵਾਰਾ ਸਾਡੇ ਇਤਿਹਾਸ ਦੀ ਬੜੀ ਭਿਆਨਕ ਘਟਨਾ ਹੈ। ਕਈ ਵਾਰੀ ਮੈਂ ਇਹ ਸੋਚ ਕੇ ਹੈਰਾਨ ਹੁੰਦਾ ਹਾਂ ਕਿ ਇਨਸਾਨ ਇੰਨਾ ਵਹਿਸ਼ੀ ਕਿਵੇਂ ਬਣ ਜਾਂਦਾ ਹੈ ਕਿ ਉਹ ਇਕ ਦੂਜੇ ਦੇ ਖ਼ੂਨ ਦਾ ਪਿਆਸਾ ਹੋ ਜਾਂਦਾ ਹੈ। ਕੋਈ ਵੀ ਧਰਮ ਬੇਗੁਨਾਹਾਂ ਦੇ ਕਤਲ ਦੀ ਇਜਾਜ਼ਤ ਨਹੀਂ ਦਿੰਦਾ ਪਰ ਧਰਮ ਦੇ ਨਾਂ ਤੇ ਦੁਨੀਆਂ ਦੀ ਤਾਰੀਖ਼ ਵਿਚ ਜਿੰਨਾ ਖ਼ੂਨ ਖ਼ਰਾਬਾ ਹੋਇਆ ਹੈ, ਉਹ ਸ਼ਾਇਦ ਹੋਰ ਕਿਸੇ ਕਾਰਣ ਨਹੀਂ ਹੋਇਆ। ਮਾਸੂਮ ਬੱਚਿਆਂ, ਬੇਸਹਾਰਾ ਔਰਤਾਂ, ਤੇ ਬੇਬੱਸ ਲੋਕਾਂ ਨੂੰ ਮਾਰਨਾ ਕਿੱਥੋਂ ਦੀ ਸਿਆਸਤ ਹੈ? ਪਰ ਇਹ ਅਜ ਵੀ ਹੋ ਰਿਹਾ ਹੈ। ਅਜ ਤਾਂ ਦੁਨੀਆਂ ਦੇ ਸਾਰੇ ਦੇਸ਼ ਦਹਿਸ਼ਤਵਾਦ ਦੇ ਡਰ ਹੇਠ ਜੀ ਰਹੇ ਹਨ। ਕਦੇ ਕਿਸੇ ਮਸਜਿਦ ਵਿਚ ਨਿਮਾਜ਼ ਪੜ੍ਹਦੇ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ ਹੈ ਤਾਂ ਕਦੇ ਕਿਸੇ ਮੰਦਿਰ ਵਿਚ ਪੂਜਾ ਕਰਦੇ ਸ਼ਰਧਾਲੂਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ ਜਾਂਦਾ ਹੈ। ਦੇਸ਼ ਦੀ ਵੰਡ ਦੌਰਾਨ ਜਿਸ ਬੇਰਹਿਮੀ ਨਾਲ ਖ਼ੂਨ ਦੀ ਹੋਲੀ ਖੇਡੀ ਗਈ, ਉਸ ਦੀ ਮਿਸਾਲ ਕਿਧਰੇ ਵੀ ਨਹੀਂ ਮਿਲਦੀ। ਸਿਆਸਤਦਾਨਾਂ ਨੇ ਆਪਣੇ ਸੁਆਰਥ ਲਈ ਲੋਕਾਂ ਨੂੰ ਆਪਣੀ ਸ਼ਤਰੰਜ ਦੀ ਚਾਲ ਲਈ ਮੁਹਰਿਆਂ ਵਾਂਗ ਵਰਤਿਆਂ, ਭਾਵੇਂ ਉਹ ਕਾਂਗਰਸੀ ਨੇਤਾ ਸਨ ਜਾਂ ਮੁਸਲਿਮ ਲੀਗੀ ਲੀਡਰ। ਛੇਤੀ ਤੋਂ ਛੇਤੀ ਤਾਕਤ ਹਾਸਿਲ ਕਰਨ ਦੀ ਕਾਹਲ ਵਿਚ ਉਨ੍ਹਾਂ ਨੇ ਲੋਕਾਂ ਦੇ ਹਿਤਾਂ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਅਤੇ ਆਜ਼ਾਦੀ ਦੀ ਤਾਰੀਖ਼ ਜੂਨ 1948 ਦੀ ਬਜਾਏ ਅਗਸਤ 1947 ਕਰਵਾ ਦਿੱਤੀ। ਦੇਸ਼ ਦੇ ਬਟਵਾਰੇ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਤੇ ਇਸ ਸੰਬੰਧੀ ਕਈ ਤੱਥ ਤਾਂ ਬੜੇ ਦੁਖਦਾਈ ਹਨ। ਇਸ ਲਈ ਕੇਵਲ ਅੰਗਰੇਜ਼ ਸਾਮਰਾਜੀ ਹੀ ਦੋਸ਼ੀ ਨਹੀਂ, ਸਾਡੇ ਆਪਣੇ ਆਗੂ ਵੀ ਕਸੂਰਵਾਰ ਹਨ। ਮੁਲਕ ਦੀ ਤਕਸੀਮ ਦਾ ਸਭ ਤੋਂ ਵੱਧ ਖ਼ਮਿਆਜ਼ਾ ਪੰਜਾਬੀਆਂ ਨੂੰ ਭੁਗਤਣਾ ਪਿਆ ਅਤੇ ਪੰਜਾਬ ਦਾ ਹਰ ਸ਼ਹਿਰ, ਕਸਬਾ, ਤੇ ਪਿੰਡ ਇਸ ਭਿਆਨਕ ਹਨੇਰੀ ਦੀ ਲਪੇਟ ਵਿਚ ਆਇਆ, ਕੋਈ ਥੋੜਾ ਕੋਈ ਬਹੁਤਾ। ਚੀਚਾ ਵਤਨੀ ਤਾਂ ਹਿੰਦੂਆਂ ਤੇ ਸਿੱਖਾਂ ਦੀ ਕਤਲਗਾਹ ਬਣ ਗਿਆ। ਇਸ ਅੱਗ ਦਾ ਸੇਕ ਭਰਾਵਾਂ ਬਾਈ ਦੇ ਪਰਿਵਾਰ ਨੂੰ ਵੀ ਪਹੁੰਚਿਆ, ਪਰ ਭਰਾਵਾਂ ਬਾਈ ਦੀ ਸੂਝ ਬੂਝ ਤੇ ਹਿੰਮਤ ਸਦਕਾ ਉਸ ਦੇ ਬੱਚਿਆਂ ਨੂੰ ਕੋਈ ਨੁਕਸਾਨ ਨਾ ਹੋਇਆ।

ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਬੜੀ ਕਾਮਯਾਬ ਹੋਈ ਸੀ। ਦੇਸ਼ ਵਿਚ ਰਾਜਸੀ ਚੇਤਨਾ ਦਾ ਵਾਧਾ ਹੋਇਆ ਪਰ ਅੰਗਰੇਜ਼ੀ ਸਰਕਾਰ ਨੇ ਇਸ ਗੱਲ ਦਾ ਖ਼ਿਆਲ

ਰਖਿਆ ਕਿ ਇਹ ਚੇਤਨਾ ਧਾਰਮਕ ਵਲਗਣ ਵਿਚ ਵਿਕਸਿਤ ਹੋਵੇ। ਭਾਵੇਂ ਦੇਸ਼ ਦੀ ਆਜ਼ਾਦੀ ਲਈ ਬਹੁਤ ਹੱਦ ਤਕ ਕਾਂਗਰਸ ਜ਼ਿੰਮੇਵਾਰ ਸੀ, ਅੰਗਰੇਜ਼ ਸਰਕਾਰ ਨੇ ਮੁਸਲਿਮ ਲੀਗ ਤੇ ਹਿੰਦੂ ਰਾਸ਼ਟਰਵਾਦੀ ਸੰਗਠਨਾਂ ਨੂੰ ਵੀ ਵਧਣ ਫੁਲਣ ਦਾ ਮੌਕਾ ਦਿੱਤਾ। ਇਸ ਦੇ ਦੋ ਫ਼ਾਇਦੇ ਸਨ। ਇਕ ਤਾਂ ਆਪਸੀ ਫੁਟ ਨਾਲ ਉਹ ਆਪਣੇ ਰਾਜ ਦੀ ਮਿਆਦ ਵਧਾ ਸਕਦੇ ਸਨ ਤੇ ਦੂਜੇ ਉਹ ਧਰਮ ਨਿਰਪੇਖ ਕਾਂਗਰਸੀ ਜੱਦੋ-ਜਹਿਦ ਨੂੰ ਕਮਜ਼ੋਰ ਕਰ ਸਕਦੇ ਸਨ। ਜੇ ਕਾਂਗਰਸ ਤੇ ਮੁਸਲਿਮ ਲੀਗ ਦੇ ਨੇਤਾ ਵਧੇਰੇ ਸੂਝ ਬੂਝ ਤੋਂ ਕੰਮ ਲੈਂਦੇ ਤਾਂ ਮੁਲਕ ਦੀ ਵੰਡ ਨੂੰ ਰੋਕਿਆ ਵੀ ਜਾ ਸਕਦਾ ਸੀ ਜਿਸ ਨਾਲ ਸਾਡਾ ਵਿਸ਼ਾਲ ਦੇਸ਼ ਦੁਨੀਆਂ ਦੀ ਇਕ ਮਹਾਂਸ਼ਕਤੀ ਬਣ ਸਕਦਾ ਸੀ ਜਿਵੇਂ ਕਿ ਚੀਨ ਬਣਿਆ ਹੋਇਆ ਹੈ। ਪਰ ਸਾਡੇ ਮੁਲਕ ਦੀ ਅੰਗਰੇਜ਼ੀ ਹਕੂਮਤ ਲੋਕਾਂ ਦੇ ਵਿਸ਼ਾਲ ਏਕੇ ਦੇ ਖ਼ਿਲਾਫ਼ ਸੀ ਤੇ ਦੇਸ਼ ਦੀ ਵੰਡ ਦੀ ਤਜਵੀਜ਼ ਨੂੰ ਹਵਾ ਦੇ ਰਹੀ ਸੀ। ਉਹ ਇਹੋ ਜਿਹੇ ਦੋ ਦੇਸ਼ ਬਣਾ ਦੇਣਾ ਚਾਹੁੰਦੇ ਸਨ ਜਿਹੜੇ ਬਾਅਦ ਵਿਚ ਵੀ ਆਪਸ ਵਿਚ ਲੜਦੇ ਰਹਿਣ ਤੇ ਕਦੇ ਤਾਕਤਵਰ ਨਾ ਬਣ ਸਕਣ। ਇਤਨਾ ਹੀ ਨਹੀਂ, ਉਨ੍ਹਾਂ ਦੇਸ਼ ਦੇ ਰਜਵਾੜਿਆ ਨੂੰ ਖ਼ੁਦ-ਮੁਖ਼ਤਾਰ ਰਹਿਣ ਦੀ ਤਜਵੀਜ਼ ਵੀ ਦੇ ਦਿੱਤੀ ਜਿਸ ਨਾਲ ਇਹ ਮਹਾਂਦਵੀਪ ਕਈ ਛੋਟੇ ਛੋਟੇ ਦੇਸ਼ਾਂ ਵਿਚ ਵੰਡਿਆ ਜਾਣਾ ਸੀ, ਲੋਕਾਂ ਦੀ ਤਾਂ ਕਿਸੇ ਧਿਰ ਨੂੰ ਫ਼ਿਕਰ ਹੀ ਨਹੀਂ ਸੀ। ਚੀਚਾ ਵਤਨੀ ਵਿਚ ਵੀ ਇਕ ਪਾਸੇ ਮੁਸਲਿਮ ਲੀਗੀ ਸਰਗਰਮ ਸਨ ਤਾਂ ਦੂਜੇ ਪਾਸੇ ਹਿੰਦੂ ਰਾਸ਼ਟਰਵਾਦੀ ਵੀ ਪਿੱਛੇ ਨਹੀਂ ਸਨ। ਇੱਥੇ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਵੀ ਬੜਾ ਅਸਰ ਸੀ ਤੇ ਸ਼ਹਿਰ ਤੋਂ ਬਾਹਰ ਗਊਸ਼ਾਲਾ ਮੈਦਾਨ ਵਿਚ ਸੰਘ ਦੀ ਇਕ ਵਿਸ਼ਾਲ ਸ਼ਾਖਾ ਲਗਦੀ ਹੁੰਦੀ ਸੀ। ਦਇਆ ਨੰਦ ਤੇ ਮੈਂ ਆਪ ਇਸ ਵਿਚ ਜਾਇਆ ਕਰਦੇ ਸਾਂ। ਮੈਨੂੰ ਸੰਘ ਦੀ ਪ੍ਰਾਰਥਨਾ, 'ਨਮਸਤੇ ਸਦਾਵਤ ਸਲੇ ਮਾਤ੍ਰ ਭੂਮੇ' ਅਜੇ ਵੀ ਜ਼ਬਾਨੀ ਯਾਦ ਹੈ ਜੋ ਮੈਂ ਉਨ੍ਹਾਂ ਦਿਨਾਂ ਵਿਚ ਸਿੱਖੀ ਸੀ। ਪਰ ਉਸ ਵੇਲੇ ਸਾਨੂੰ ਵਾਤਾਵਰਣ ਵਿਚ ਫੈਲ ਰਹੇ ਫ਼ਿਰਕੂ ਜ਼ਹਿਰ ਦਾ ਇੰਨਾ ਅਹਿਸਾਸ ਨਹੀਂ ਸੀ। ਸਾਨੂੰ ਤਾਂ ਇਹ ਵੀ ਦੱਸਿਆ ਜਾਂਦਾ ਸੀ ਕਿ ਪਾਕਿਸਤਾਨ ਬਣਨ ਤੇ ਸਾਰੇ ਹਿੰਦੂ ਸਿੱਖ ਆਪੋ ਆਪਣੇ ਘਰਾਂ ਵਿਚ ਹੀ ਰਹਿਣ ਗੇ ਤੇ ਕਿਸੇ ਨੂੰ ਕਿਧਰੇ ਜਾਣ ਦੀ ਕੋਈ ਲੋੜ ਨਹੀਂ ਸੀ। ਪਰ ਹਾਲਾਤ ਤਾਂ ਇਸ ਦੇ ਬਿਲਕੁਲ ਉਲਟ ਦਿਸ਼ਾ ਵਿਚ ਬਦਲ ਰਹੇ ਸਨ।

ਪੰਦਰਾ ਅਗਸਤ 1947 ਦਾ ਦਿਨ ਆ ਗਿਆ। ਸ਼ਹਿਰ ਵਿਚ ਐਲਾਨ ਹੋ ਗਿਆ ਕਿ ਮੁਲਕ ਆਜ਼ਾਦ ਹੋ ਗਿਆ ਹੈ। ਚੀਚਾ ਵਤਨੀ ਪਾਕਿਸਤਾਨ ਵਿਚ ਸ਼ਾਮਿਲ ਹੈ। ਸਾਰੇ ਲੋਕਾਂ ਨੂੰ ਜਸ਼ਨ-ਏ-ਆਜ਼ਾਦੀ ਸਾਂਝੇ ਤੌਰ ਤੇ ਮਨਾਉਣ ਦੀ ਅਪੀਲ ਕੀਤੀ ਗਈ। ਚੀਚਾ ਵਤਨੀ ਦੇ ਵੱਡੇ ਚੌਕ ਵਿਚ ਪਾਕਿਸਤਾਨ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਮੈਂ ਆਪ ਉਸ ਜਲਸੇ ਵਿਚ ਮੌਜੂਦ ਸਾਂ ਤੇ ਹੋਰ ਬੱਚਿਆਂ ਨਾਲ ਸਾਰਾ ਨਜ਼ਾਰਾ ਵੇਖ ਰਿਹਾ ਸਾਂ। ਅਸੀਂ ਵੀ 'ਪਾਕਿਸਤਾਨ-ਜ਼ਿੰਦਾਬਾਦ' ਦੇ ਨਾਅਰੇ ਲਾਏ। ਸ਼ਹਿਰ ਵਿਚ ਰੰਗ ਬਰੰਗੀਆ ਝੰਡੀਆ ਵੀ ਲਗਾਈਆਂ ਗਈਆਂ ਸਨ। ਲੱਡੂ ਵੀ ਵੰਡੇ ਗਏ ਸਨ। ਜ਼ਿੰਦਗੀ ਆਮ ਵਾਂਗ ਲਗ ਰਹੀ ਸੀ।

ਭਰਾਵਾਂ ਬਾਈ ਹਸਪਤਾਲ ਵੀ ਗਈ ਜਿੱਥੇ ਡਾਕਟਰ ਅਬਦੁਲ ਗ਼ਫ਼ੂਰ ਨੇ ਸਟਾਫ਼ ਮੀਟਿੰਗ ਕੀਤੀ ਤੇ ਮਿਠਾਈ ਵੰਡੀ। ਉਸ ਨੇ ਸਟਾਫ਼ ਨੂੰ ਭਰੋਸਾ ਵੀ ਦਿਵਾਇਆ ਕਿ ਉਹ ਕਿਸੇ ਤਰ੍ਹਾਂ ਦਾ ਡਰ ਆਪਣੇ ਮਨਾਂ ਵਿਚ ਨਾ ਰੱਖਣ ਤੇ ਆਪੋ ਆਪਣੀ ਡਿਊਟੀ ਨੂੰ ਪੂਰੀ ਮਿਹਨਤ ਨਾਲ ਨਿਭਾਉਣ। ਸੋਲ੍ਹਾਂ ਤੇ ਸਤਾਰਾਂ ਅਗਸਤ ਦੇ ਦਿਨ ਵੀ ਸ਼ਾਂਤੀ ਨਾਲ ਬੀਤ ਗਏ। ਅਠਾਰਾਂ ਅਗਸਤ ਨੂੰ ਲਾਹੌਰ ਵੱਲੋਂ ਇਕ ਗੱਡੀ ਆਈ ਜਿਸ ਵਿੱਚੋਂ ਬਹੁਤ ਸਾਰੇ ਮੁਸਲਮਾਨ ਭਾਰਤ ਤੋਂ ਆਏ ਸਨ। ਇਨ੍ਹਾਂ ਵਿਚ ਕਈ ਤਾਂ ਬੁਰੀ ਤਰ੍ਹਾਂ ਜ਼ਖ਼ਮੀ ਸਨ ਤੇ ਕਈ ਬੀਮਾਰ। ਇਨ੍ਹਾਂ ਵਿੱਚੋਂ ਬਹੁਤ ਲੋਕ ਚੀਚਾ ਵਤਨੀ ਉਤਰ ਗਏ। ਉਨ੍ਹਾਂ ਮੁਕਾਮੀ ਲੋਕਾਂ ਨੂੰ ਦੱਸਿਆ ਕਿ ਉਹ ਬੜੀ ਮੁਸ਼ਕਿਲ ਨਾਲ ਆਪਣੀ ਜਾਨ ਬਚਾ ਕੇ ਆਏ ਸਨ। ਉਨ੍ਹਾਂ ਦੇ ਕਈ ਰਿਸ਼ਤੇਦਾਰ ਫ਼ਿਰਕੂ ਦੰਗਿਆਂ ਵਿਚ ਮਾਰੇ ਗਏ ਸਨ। ਜ਼ਖ਼ਮੀ ਤੇ ਬੀਮਾਰ ਲੋਕ ਇਲਾਜ ਲਈ ਸਿਵਲ ਹਸਪਤਾਲ ਪਹੁੰਚ ਗਏ। ਡਾ: ਅਬਦੁਲ ਗ਼ਫ਼ੂਰ ਨੇ ਆਪਣੇ ਸਟਾਫ਼ ਨੂੰ ਉਨ੍ਹਾਂ ਦੇ ਇਲਾਜ ਤੇ ਲਾ ਦਿੱਤਾ ਤੇ ਆਪ ਵੀ ਉਨ੍ਹਾਂ ਨਾਲ ਦਿਨ ਰਾਤ ਦੁਖੀਆਂ ਦੀ ਸੇਵਾ ਵਿਚ ਲਗ ਗਿਆ। ਸ਼ਹਿਰ ਦਾ ਮਾਹੌਲ ਇਕ ਦਮ ਬਦਲ ਗਿਆ। ਹਿੰਦੂਆਂ ਸਿੱਖਾਂ ਨੂੰ ਆਪਣੀ ਜਾਨ ਤੇ ਮਾਲ ਦੀ ਫ਼ਿਕਰ ਪੈ ਗਈ। ਮੁਸਲਮਾਨਾਂ ਦੀਆਂ ਜੱਥੇਬੰਦੀਆਂ ਦੀਆਂ ਮੀਟਿੰਗਾਂ ਹੋਣ ਲੱਗ ਪਈਆਂ ਕਿ ਸ਼ਹਿਰ ਵਿਚ ਹਿੰਦੂਆਂ ਸਿੱਖਾਂ ਨੂੰ ਕੱਢ ਦਿੱਤਾ ਜਾਏ ਜਾਂ ਮਾਰ ਦਿੱਤਾ ਜਾਏ। ਹਿੰਦੁਸਤਾਨ ਤੇ ਪਾਕਿਸਤਾਨ ਦੇ ਕਈ ਸ਼ਹਿਰਾਂ ਵਿਚ ਫ਼ਸਾਦ ਸ਼ੁਰੂ ਹੋ ਚੁੱਕੇ ਸਨ ਤੇ ਲੋਕੀਂ ਨੂੰ ਆਪੋ ਧਾਪੀ ਪੈ ਗਈ ਸੀ। ਹਿੰਦੁਸਤਾਨ ਦੇ ਜਿਹੜੇ ਸ਼ਹਿਰ ਵਿਚ ਹਿੰਦੂ ਸਿੱਖ ਸ਼ਰਨਾਰਥੀ ਪੁਜਦੇ, ਉੱਥੇ ਮੁਸਲਮਾਨਾਂ ਵਿਰੁੱਧ ਦੰਗੇ ਸ਼ੁਰੂ ਹੋ ਜਾਂਦੇ। ਇਸੇ ਤਰ੍ਹਾਂ ਪਾਕਿਸਤਾਨ ਵਿਚ ਜਿਹੜੇ ਸ਼ਹਿਰ ਵਿਚ ਭਾਰਤ ਤੋਂ ਆਏ ਹੋਏ ਲੁੱਟ ਪੁੱਟ ਤੇ ਜ਼ਖ਼ਮੀ ਮੁਸਲਮਾਨ ਆ ਜਾਂਦੇ, ਉੱਥੇ ਹਿੰਦੂ ਸਿੱਖਾਂ ਵਿਰੁੱਧ ਫ਼ਸਾਦ ਸ਼ੁਰੂ ਹੋ ਜਾਂਦੇ। ਇਸ ਕਹਿਰ ਨੂੰ ਭੁਗਤਣ ਲਈ ਚੀਚਾ ਵਤਨੀ ਦੀ ਵਾਰੀ ਵੀ ਆ ਗਈ ਸੀ।

ਮਾਸਟਰ ਲਕਸ਼ਮੀ ਦਾਸ ਬੜਾ ਸਿਆਣਾ ਆਦਮੀ ਸੀ ਤੇ ਪੜ੍ਹਿਆ ਲਿਖਿਆ ਸੀ। ਉਹ ਆਪਣੇ ਪਰਿਵਾਰ ਨੂੰ ਲੈ ਕੇ ਅਠਾਰਾਂ ਅਗਸਤ ਵਾਲੇ ਦਿਨ ਹੀ ਗੱਡੀ ਰਾਹੀਂ ਚੀਚਾ ਵਤਨੀ ਤੋਂ ਚਲਾ ਗਿਆ। ਭਰਾਵਾਂ ਬਾਈ ਨੂੰ ਇਹ ਕਹਿ ਗਿਆ ਕਿ ਉਹ ਕੁਝ ਦਿਨਾਂ ਤਕ ਵਾਪਸ ਆ ਜਾਣ ਗੇ। ਭਰਾਵਾਂ ਬਾਈ ਨੇ ਕੰਪਾਊਂਡਰ ਮਹਿੰਗਾ ਰਾਮ ਨਾਲ ਸਲਾਹ ਕੀਤੀ ਤੇ ਉਹ ਦੋਵੇਂ ਡਾ: ਅਬਦੁਲ ਗ਼ਫ਼ੂਰ ਕੋਲ ਗਏ ਜਿਸ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਉਹਨਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇ ਗਾ। ਉਸ ਨੇ ਉਨ੍ਹਾਂ ਨੂੰ ਇਹ ਭਰੋਸਾ ਵੀ ਦਿੱਤਾ ਕਿ ਲੋੜ ਪੈਣ ਤੇ ਉਹ ਉਨ੍ਹਾਂ ਨੂੰ ਹਸਪਤਾਲ ਦੇ ਕੁਆਟਰਾਂ ਵਿਚ ਹੀ ਰਹਿਣ ਲਹੀ ਜਗ੍ਹਾ ਦੇ ਦੇਵੇ ਗਾ। ਇਕ ਹਫਤਾ ਇਸੇ ਤਰ੍ਹਾਂ ਲੰਘ ਗਿਆ। ਫਿਰ ਖ਼ਬਰ ਆਈ ਕਿ ਚੀਚਾ ਵਤਨੀ ਦੇ ਬਾਹਰਲੇ ਇਲਾਕੇ ਵਿਚ ਰਹਿੰਦੇ ਸ਼ਹਿਰ ਦੇ ਇਕ ਹਿੰਦੂ ਦੁਕਾਨਦਾਰ ਦਾ ਕਤਲ ਹੋ ਗਿਆ ਹੈ। ਫਿਰ ਤਾਂ ਰੋਜ਼ ਹਿੰਦੂਆਂ ਤੇ ਸਿੱਖਾਂ ਦੇ ਕਤਲ ਦੀਆਂ ਖ਼ਬਰਾਂ ਆਉਣ ਲਗ ਪਈਆਂ। ਆਮ ਤੌਰ ਤੇ ਹਮਲਾਵਰ ਬਾਹਰਲੇ ਪਿੰਡਾਂ ਦੇ

ਜਾਂਗਲੀ ਲੋਕ ਹੁੰਦੇ ਸਨ ਜਿਨ੍ਹਾਂ ਨੂੰ ਸ਼ਹਿਰ ਦੀਆਂ ਮੁਸਲਮਾਨ ਜੱਥੇਬੰਦੀਆਂ ਨੇ ਇਸ ਕੰਮ ਲਈ ਤਿਆਰ ਕਰ ਲਿਆ ਸੀ। ਭਰਾਵਾ ਬਾਈ ਨੂੰ ਮਾਸਟਰ ਕਰਮ ਇਲਾਹੀ ਤੇ ਰਮਜ਼ਾਨ ਨੇ ਆਪਣੇ ਘਰ ਪਨਾਹ ਦੇਣ ਦੀ ਪੇਸ਼ਕਸ਼ ਕੀਤੀ ਪਰ ਉਸ ਨੂੰ ਡਾ: ਅਬਦੁਲ ਗੁਫ਼ੂਰ ਤੇ ਬੜਾ ਵਿਸ਼ਵਾਸ ਸੀ। ਉਹ ਰੋਜ਼ ਸ਼ਾਮੀ ਆਪਣੀ ਹਸਪਤਾਲ ਦੀ ਜੀਪ ਵਿਚ ਆਉਂਦਾ ਸੀ ਤੇ ਸਾਨੂੰ ਵੇਖ ਜਾਂਦਾ ਸੀ। ਭਰਾਵਾਂ ਬਾਈ ਨੂੰ ਯਕੀਨ ਸੀ ਕਿ ਡਾ: ਅਬਦੁਲ ਗ਼ਫ਼ੂਰ ਹਰ ਮੁਸੀਬਤ ਵਿਚ ਸਾਡਾ ਸਾਥ ਦੇਵੇ ਗਾ। ਸਾਡੀ ਗਲੀ ਵਿਚ ਬਹੁਤੇ ਪਰਿਵਾਰ ਹਿੰਦੂਆਂ ਸਿੱਖਾਂ ਦੇ ਹੀ ਸਨ ਤੇ ਉਹ ਕਈ ਵਾਰੀ ਆਪਣੀ ਹਿਫ਼ਾਜ਼ਤ ਲਈ ਇਕੱਠੇ ਵੀ ਹੋ ਜਾਂਦੇ ਸਨ। ਸਾਡਾ ਘਰ ਗਲੀ ਦੇ ਕੋਨੇ ਤੇ ਸੀ। ਉਂਜ ਜਿਸ ਪਰਿਵਾਰ ਨੂੰ ਚੀਚਾ ਵਤਨੀ ਤੋਂ ਨਿਕਲਣ ਦਾ ਮੌਕਾ ਮਿਲਦਾ, ਉਹ ਆਪਣੀ ਸੁਰਖਿਆ ਲਈ ਉਸ ਗਲੀ 'ਚੋਂ ਨਿਕਲ ਹੀ ਜਾਂਦਾ।

ਅਚਾਨਕ ਇਕ ਦਿਨ ਗਲੀ ਵਿਚ ਭਾਜੜ ਪੈ ਗਈ। ਧਾੜਵੀਆਂ ਨੇ ਗਲੀ ਤੇ ਹਮਲਾ ਬੋਲ ਦਿੱਤਾ ਸੀ। ਉਹ ਟਰੱਕਾਂ ਵਿਚ ਆਏ ਸਨ ਤਾਂ ਜੋ ਲੁੱਟ ਦਾ ਸਮਾਨ ਉਨ੍ਹਾਂ ਵਿਚ ਲੱਦ ਸਕਣ। ਉਨ੍ਹਾਂ ਨੇ ਘਰ ਵੀ ਵੰਡ ਲਏ ਸਨ ਤੇ ਆਪੋ ਆਪਣੇ ਸ਼ਿਕਾਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਸਨ। ਅਸੀਂ ਆਪਣੇ ਚੁਬਾਰੇ ਵਿਚ ਲੋਕਾਂ ਦੀਆਂ ਚੀਕਾਂ ਸੁਣ ਸਕਦੇ ਸਾਂ। ਕਈ ਘੰਟੇ ਇਹ ਲੁੱਟ ਮਾਰ ਦਾ ਜ਼ਿੰਦਾ ਨਾਟਕ ਹੁੰਦਾ ਰਿਹਾ। ਸਾਡੀ ਵਾਰੀ ਅਖ਼ੀਰ ਤੇ ਆਈ। ਧਾੜਵੀਆਂ ਦਾ ਇਕ ਟੋਲਾ ਸਾਡੇ ਵੱਡੇ ਦਰਵਾਜ਼ੇ ਕੋਲ ਪੁੱਜਾ। ਅਸੀਂ ਨਾਅਰਾ ਸਾਫ਼ ਸੁਣਿਆ, "ਨਾਅਰਾ-ਏ-ਤਕਬੀਰ! ਅੱਲਾ-ਹੂ-ਅਕਬਰ!!" ਲੁਟੇਰਿਆਂ ਦੇ ਹੱਥ ਵਿਚ ਟਕਵੇ ਸਨ। ਉਨ੍ਹਾਂ ਟਕਵਿਆਂ ਨਾਲ ਵੱਡੇ ਦਰਵਾਜ਼ੇ ਵਿਚਲਾ ਛੋਟਾ ਦਰਵਾਜ਼ਾ ਤੋੜ ਦਿੱਤਾ ਤੇ ਉਹ ਅੰਦਰ ਵਿਹੜੇ ਵਿਚ ਆ ਗਏ। ਮੁਸਲਮਾਨ ਚੌਕੀਦਾਰਾਂ ਨੂੰ ਉਨ੍ਹਾਂ ਕੁਝ ਨਾ ਕਿਹਾ ਤੇ ਉਨ੍ਹਾਂ ਨੂੰ 'ਕਾਫ਼ਿਰਾਂ' ਬਾਰੇ ਪੁਛਿਆ। ਚੌਕੀਦਾਰਾਂ ਨੇ ਡਰਦਿਆਂ ਉੱਪਰ ਵਲ ਇਸ਼ਾਰਾ ਕੀਤਾ। ਦਸ ਬਾਰਾਂ ਜਣੇ ਟਕਵੇ, ਤਲਵਾਰਾਂ ਤੇ ਬਰਛੇ ਫੜੀ ਦਗੜ ਦਗੜ ਕਰਦੇ ਉੱਪਰ ਆ ਗਏ।

ਭਰਾਵਾਂ ਬਾਈ ਬੜੀ ਸੂਝਵਾਨ ਔਰਤ ਸੀ। ਉਸ ਨੂੰ ਪਤਾ ਸੀ ਕਿ ਹਮਲੇ ਦੀ ਸੂਰਤ ਵਿਚ ਉਸ ਨੇ ਕੀ ਕਰਨਾ ਹੈ। ਜਿਵੇਂ ਕੋਈ ਮੁਰਗੀ ਆਪਣੇ ਚੂਚਿਆਂ ਨੂੰ ਖ਼ਤਰੇ ਤੋਂ ਬਚਾਉਣ ਲਈ ਆਪਣੇ ਖੰਭਾ ਹੇਠ ਲੁਕਾ ਲੈਂਦੀ ਹੈ, ਉਸੇ ਤਰ੍ਹਾਂ ਭਰਾਵਾਂ ਬਾਈ ਨੇ ਵੀ ਆਪਣੇ ਬੱਚਿਆਂ ਲਈ ਢਾਲ ਬਣ ਜਾਣ ਦਾ ਫ਼ੈਸਲਾ ਕਰ ਲਿਆ ਸੀ। ਉਹ ਸਾਨੂੰ ਰਹਿਣ ਵਾਲੇ ਵੱਡੇ ਕਮਰੇ 'ਚੋਂ ਕਢ ਕੇ ਮਕਾਨ ਦੇ ਦੂਜੇ ਕੋਨੇ ਤੇ ਇਕ ਸਟੋਰ ਵਿਚ ਲੈ ਆਈ ਸੀ ਜਿਸ ਵਿਚ ਫ਼ਾਲਤੂ ਸਾਮਾਨ ਪਿਆ ਰਹਿੰਦਾ ਸੀ। ਇਸ ਵਿਚ ਇਕ ਬਾਰੀ ਸੀ ਜਿਹੜੀ ਦੂਸਰੇ ਮਕਾਨ ਦੀ ਛੱਤ ਵੱਲ ਖੁਲਦੀ ਸੀ। ਇਸ ਵਿਚ ਕੋਈ ਸਰੀਆ ਨਹੀਂ ਸੀ ਲੱਗਾ ਹੋਇਆ ਤੇ ਅਸੀਂ ਅਕਸਰ ਇਸ ਬਾਰੀ 'ਚੋਂ ਨਿਕਲ ਕੇ ਦੂਜੇ ਮਕਾਨ ਦੇ ਕੋਠੇ ਤੇ ਚਲੇ ਜਾਇਆ ਕਰਦੇ ਸਾਂ। ਧਾੜਵੀਆਂ ਨੂੰ ਜੋ ਲਭਿਆ, ਆਪਣੇ ਟਰੱਕ ਵਿਚ ਸੁੱਟ ਲਿਆ। ਕਪੜਿਆਂ ਦੀਆਂ ਉਨ੍ਹਾਂ ਗੰਢਾਂ ਬਣਾ ਲਈਆ, ਭਾਂਡਿਆਂ

ਨੂੰ ਬੋਰੀਆਂ ਵਿਚ ਪਾ ਲਿਆ, ਤੇ ਕੀਮਤੀ ਚੀਜ਼ਾਂ ਨੂੰ ਖੀਸਿਆਂ ਵਿਚ ਭਰ ਲਿਆ। ਪਰ ਉਨ੍ਹਾਂ ਦੇ ਹਥਿਆਰ ਤਾਂ ਖ਼ੂਨ ਦੇ ਪਿਆਸੇ ਸਨ। ਉਹ ਆਪਣੇ ਹਥਿਆਰਾਂ ਨੂੰ ਕਾਫ਼ਿਰਾਂ ਦੇ ਖ਼ੂਨ ਨਾਲ ਰੰਗ ਕੇ ਪਾਕ ਕਰਨਾ ਚਾਹੁੰਦੇ ਸਨ। ਪਰ ਉਨ੍ਹਾਂ ਨੂੰ ਕੋਈ ਕਾਫ਼ਿਰ ਦਿੱਸ ਹੀ ਨਹੀਂ ਸੀ ਰਿਹਾ। ਇਕ ਵਾਰੀ ਸਾਨੂੰ ਲੱਗਿਆ ਕਿ ਉਹ ਸਾਡੇ ਕਮਰੇ ਵਲ ਆ ਰਹੇ ਹਨ। ਭਰਾਵਾਂ ਬਾਈ ਨੇ ਝਟ ਚਾਰੇ ਬੱਚਿਆਂ ਨੂੰ ਬਾਰੀ ਵਿੱਚੋਂ ਲੰਘਾ ਦਿੱਤਾ ਤੇ ਆਪ ਵੀ ਦੂਜੇ ਮਕਾਨ ਦੀ ਛਤ ਤੇ ਆ ਗਈ। ਨਾਲ ਦੇ ਘਰ ਇਕ ਪੌੜੀ ਥੱਲੇ ਜਾਂਦੀ ਸੀ। ਉਸ ਨੇ ਸਾਨੂੰ ਪੌੜੀਆਂ ਵਿਚ ਲੁਕਾ ਦਿੱਤਾ ਪਰ ਉਸ ਨੂੰ ਡਰ ਸੀ ਕਿ ਜੇ ਧਾੜਵੀ ਬਾਰੀ ਟੱਪ ਕੇ ਇਸ ਛੱਤ ਤੇ ਆ ਗਏ ਤਾਂ ਉਹ ਸਾਰਿਆਂ ਨੂੰ ਇਸ ਪੌੜੀ ਵਿਚ ਹੀ ਮਾਰ ਦੇਣ ਗੇ। ਪੌੜੀ ਦਾ ਵਿਹੜੇ ਵਲ ਖੁਲ੍ਹਦਾ ਦਰਵਾਜ਼ਾ ਬੰਦ ਸੀ। ਉਹ ਇਕ ਦਮ ਕੋਠੇ ਤੇ ਚੜ੍ਹ ਗਈ ਤੇ ਵਿਹੜੇ ਵਿਚ ਛਾਲ ਮਾਰ ਦਿੱਤੀ। ਭਾਵੇਂ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ, ਉਸ ਨੇ ਅੰਦਰਲਾ ਦਰਵਾਜ਼ਾ ਖੋਲ੍ਹ ਦਿੱਤਾ ਤੇ ਅਸੀਂ ਸਾਰੇ ਘਰ ਦੇ ਇਕ ਕਮਰੇ ਵਿਚ ਲੁਕ ਗਏ ਜਿਹੜਾ ਲੁਟਿਆ ਜਾ ਚੁੱਕਾ ਸੀ ਤੇ ਜਿਸ ਵਿਚ ਤਿੰਨ ਲਾਸ਼ਾਂ ਪਈਆਂ ਸਨ। ਪੌੜੀ ਦਾ ਦਰਵਾਜ਼ਾ ਅਸੀਂ ਬੰਦ ਕਰ ਦਿੱਤਾ। ਧਾੜਵੀ ਉਸ ਮਕਾਨ ਦੀ ਛੱਤ ਤੇ ਆਏ ਵੀ ਪਰ ਉਨ੍ਹਾਂ ਨੂੰ ਪਤਾ ਹੀ ਨਾ ਲੱਗਿਆ ਕਿ 'ਕਾਫ਼ਿਰ' ਕਿੱਧਰ ਰਫ਼ੂ ਚੱਕਰ ਹੋ ਗਏ ਹਨ। ਉਨ੍ਹਾਂ ਲੁੱਟ ਦਾ ਸਾਮਾਨ ਲੈ ਕੇ ਹੋਰ ਘਰ ਜਾਣਾ ਹੀ ਠੀਕ ਸਮਝਿਆ। ਉਨ੍ਹਾਂ ਦੇ ਹਥਿਆਰ ਪਹਿਲੋਂ ਹੀ ਬੜਾ 'ਪਾਕ' ਕੰਮ ਕਰ ਚੁੱਕੇ ਸਨ ਤੇ ਇਨ੍ਹਾਂ ਕਾਫ਼ਿਰਾਂ ਨੂੰ ਲੱਭਣ ਦੀ ਖੇਚਲ ਉਨ੍ਹਾਂ ਨੇ ਨਾ ਕੀਤੀ।

ਭਰਾਵਾਂ ਬਾਈ ਦੀ ਪਿੱਠ ਤੇ ਸੱਟ ਲੱਗੀ ਸੀ। ਉਸ ਨੂੰ ਬੜੀ ਦਰਦ ਹੋ ਰਹੀ ਸੀ। ਈਸ਼ਵਰ ਦੇਵੀ ਨੂੰ ਉਸ ਨੇ ਆਪਣੀ ਪਿੱਠ ਤੇ ਤੇਲ ਲਾਉਣ ਲਈ ਕਿਹਾ। ਈਸ਼ਵਰ ਇਕ ਦੀਵਾ ਚੁੱਕ ਲਿਆਈ ਜਿਸ ਵਿਚ ਥੋੜਾ ਜਿਹਾ ਸਰ੍ਹੋਂ ਦਾ ਤੇਲ ਪਿਆ ਸੀ। ਉਸ ਨੇ ਮਾਂ ਦੀ ਪਿੱਠ ਦੀ ਮਾਲਿਸ਼ ਕੀਤੀ। ਭਰਾਵਾਂ ਬਾਈ ਦਾ ਖ਼ਿਆਲ ਸੀ ਕਿ ਉਹ ਹਨੇਰਾ ਹੋਣ ਤੇ ਉਸ ਘਰੋਂ ਬੱਚਿਆਂ ਨੂੰ ਲੈ ਕੇ ਨਿਕਲੇ ਗੀ ਤੇ ਅਜੇ ਤਾਂ ਦਿਨ ਤੇ ਦੋ-ਤਿੰਨ ਹੀ ਵੱਜੇ ਸਨ। ਉਸ ਨੂੰ ਘਰੋਂ ਇਕ ਖੁੰਡੀ ਜਿਹੀ ਕਰਦ ਮਿਲ ਗਈ। ਉਸ ਨੇ ਦਇਆ ਨੰਦ ਤੇ ਸਤਿਆ ਨੰਦ ਨੂੰ ਆਪਣੇ ਕੋਲ ਸੱਦਿਆ ਤੇ ਉਨ੍ਹਾਂ ਦੀਆਂ ਬੋਦੀਆਂ ਕੱਟ ਦਿੱਤੀਆਂ। ਰਾਸ਼ਟਰੀ ਸਵੈਮ ਸੇਵਕ ਸੰਘ ਤੇ ਆਰੀਆ ਸਮਾਜ ਦੇ ਪ੍ਰਭਾਵ ਹੇਠ ਆ ਕੇ ਅਸੀਂ ਸਿਰ ਦੇ ਅੱਧ ਵਿਚ ਵਾਲ ਵਧਾ ਕੇ ਬੋਦੀਆਂ ਰੱਖੀਆਂ ਹੋਈਆਂ ਸਨ। ਅਸੀਂ ਬੋਦੀ ਨੂੰ ਗੰਢ ਨਹੀਂ ਸੀ ਮਾਰਦੇ ਪਰ ਵਾਲਾਂ ਦੇ ਉਸ ਗੁੱਛੇ ਨੂੰ ਲਟਕਣ ਦਿੰਦੇ ਸਾਂ। ਸਾਡੇ ਹਿੰਦੂ-ਪਣੇ ਦੀ ਇਹ ਜ਼ਾਹਿਰ ਨਿਸ਼ਾਨੀ ਭਰਾਵਾਂ ਬਾਈ ਨੇ ਦੂਰ ਕਰ ਦਿੱਤੀ ਤਾਂ ਕਿ ਕੋਈ ਧਾੜਵੀ ਉਨ੍ਹਾਂ ਨੂੰ ਪਛਾਣ ਨਾ ਸਕੇ। ਅਸੀਂ ਉਹ ਚਾਰ-ਪੰਜ ਘੰਟੇ ਡਰਦਿਆਂ ਤੇ ਭਰਾਵਾਂ ਬਾਈ ਦੇ ਕਹੇ ਅਨੁਸਾਰ ਗਾਇਤ੍ਰੀ ਮੰਤਰ ਦਾ ਜਾਪ ਕਰਦਿਆਂ ਬਿਤਾਏ। ਦਇਆ ਨੰਦ ਕਿਸੇ ਕਿਸੇ ਵੇਲੇ ਦਰਵਾਜ਼ੇ ਦੀਆਂ ਸੀਖਾਂ 'ਚੋਂ ਜਾ ਕੇ ਵੇਖ ਲੈਂਦਾ ਸੀ ਕਿ ਕੋਈ ਆਇਆ ਤਾਂ ਨਹੀਂ। ਸ਼ਾਮੀਂ ਛੇ-ਸੱਤ ਵਜੇ ਡਾ: ਅਬਦੁਲ ਗ਼ਫ਼ੂਰ ਦੀ ਜੀਪ ਆਈ ਤੇ ਉਹ ਜੀਪ 'ਚੋਂ ਨਿਕਲ ਕੇ ਸਾਡੇ ਘਰ ਜਾਣ

ਲੱਗਾ। ਦਇਆ ਨੰਦ ਨੇ ਜੀਪ ਵੇਖ ਲਈ ਸੀ। ਉਹ ਦਰਵਾਜ਼ਾ ਖੋਲ੍ਹ ਕੇ ਗਲੀ ਵਿਚ ਚਲਾ ਗਿਆ ਤੇ ਡਾ: ਅਬਦੁਲ ਗ਼ਫ਼ੂਰ ਨੂੰ ਇਸ ਘਰ ਦੇ ਅੰਦਰ ਲੈ ਆਇਆ। ਡਾਕਟਰ ਸਾਡੀ ਇਹ ਹਾਲਤ ਵੇਖ ਕੇ ਬੜਾ ਦੁਖੀ ਹੋਇਆ ਤੇ ਸਾਨੂੰ ਸਾਰਿਆਂ ਨੂੰ ਲੈ ਕੇ ਹਸਪਤਾਲ ਆ ਗਿਆ। ਉਸ ਨੇ ਮਹਿੰਗਾ ਰਾਮ ਤੇ ਸਾਡੇ ਲਈ ਇਕ ਕੁਆਟਰ ਖ਼ਾਲੀ ਕਰਵਾ ਦਿੱਤਾ ਸੀ। ਭਰਾਵਾਂ ਬਾਈ ਨੂੰ ਉਸ ਨੇ ਦਵਾਈਆਂ ਵੀ ਦਿੱਤੀਆਂ ਤੇ ਸਾਡੇ ਖਾਣ ਲਈ ਬਿਸਕੁਟ ਤੇ ਫੱਲ ਵੀ ਭੇਜੇ। ਰੋਟੀ ਮਹਿੰਗਾ ਰਾਮ ਦੀ ਬੀਵੀ ਨੇ ਬਣਾਈ ਹੋਈ ਸੀ। ਅਸੀਂ ਰੱਬ ਦਾ ਸ਼ੁਕਰ ਕੀਤਾ ਕਿ ਅਸੀਂ ਸਹੀ ਸਲਾਮਤ ਸਾਂ। ਡਾ: ਅਬਦੁਲ ਗ਼ਫ਼ੂਰ ਸਾਡੇ ਲਈ ਇਕ ਫ਼ਰਿਸ਼ਤੇ ਵਾਂਗ ਬਹੁੜਿਆ ਸੀ।

ਦੂਜੇ ਦਿਨ ਡਾਕਟਰ ਅਬਦੁਲ ਗ਼ਫ਼ੂਰ ਆਪਣੇ ਦੋ ਚਪੜਾਸੀਆਂ ਤੇ ਦਇਆ ਨੰਦ ਨੂੰ ਲੈ ਕੇ ਸਾਡੇ ਮਕਾਨ ਤੇ ਗਿਆ। ਘਰ ਤਾਂ ਪੂਰੀ ਤਰ੍ਹਾਂ ਲੁੱਟਿਆ ਜਾ ਚੁੱਕਾ ਸੀ। ਜੋ ਕੁਝ ਲੀੜਾ-ਲੱਤਾ, ਬਿਸਤਰੇ ਤੇ ਭਾਂਡੇ ਬਚੇ ਪਏ ਸਨ, ਉਹ ਉਨ੍ਹਾਂ ਚੁੱਕ ਲਿਆਂਦੇ ਤੇ ਇਹ ਸਾਮਾਨ ਕੁਆਟਰ ਵਿਚ ਰੱਖ ਦਿੱਤਾ ਜਿਸ ਵਿਚ ਸਾਨੂੰ ਇਕ ਹੀ ਕਮਰਾ ਮਿਲਿਆ ਸੀ। ਭਰਾਵਾਂ ਬਾਈ ਦਾ ਤਨ ਜ਼ਖ਼ਮੀ ਹੋ ਗਿਆ ਸੀ ਪਰ ਉਸਦੇ ਮਨ ਨੇ ਹਿੰਮਤ ਨਹੀਂ ਸੀ ਹਾਰੀ। ਉਸ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਉਹ ਆਪਣੇ ਬੱਚਿਆਂ ਦੀ ਜ਼ਿੰਦਗੀ ਬਚਾਉਣ ਵਿਚ ਕਾਮਯਾਬ ਰਹੀ ਸੀ। ਹਸਪਤਾਲ ਦੇ ਸਟਾਫ਼ ਵਿਚ ਚਾਰ-ਪੰਜ ਹਿੰਦੂ ਪਰਿਵਾਰ ਸਨ ਜਿਨ੍ਹਾਂ ਦੇ ਵੀਹ-ਪੱਚੀ ਮੈਂਬਰ ਸਨ। ਇਨ੍ਹਾਂ ਨੂੰ ਦੋ ਕੁਆਟਰਾਂ ਵਿਚ ਇਕੱਠੇ ਰਹਿਣ ਦਾ ਇੰਤਜ਼ਾਮ ਕਰ ਦਿੱਤਾ ਗਿਆ। ਹਸਪਤਾਲ ਵਿਚ ਮਰੀਜ਼ਾਂ ਦੀ ਭਰਮਾਰ ਸੀ। ਹਿੰਦੁਸਤਾਨ ਤੋਂ ਆਉਣ ਵਾਲੇ ਜ਼ਖ਼ਮੀਆਂ ਤੇ ਬੀਮਾਰਾਂ ਦੀ ਗਿਣਤੀ ਹੀ ਬਹੁਤ ਸੀ। ਇਨ੍ਹਾਂ ਸਾਰਿਆਂ ਦਾ ਇਲਾਜ ਡਾਕਟਰ ਅਬਦੁਲ ਗ਼ਫ਼ੂਰ ਆਪਣੇ ਸਟਾਫ਼ ਦੀ ਮਦਦ ਨਾਲ ਹੀ ਕਰ ਸਕਦਾ ਸੀ। ਸਟਾਫ਼ ਦੇ ਹਿੰਦੂ ਮੈਂਬਰ ਚੀਚਾ ਵਤਨੀ ਛੱਡਣਾ ਚਾਹੁੰਦੇ ਸਨ ਪਰ ਡਾ: ਅਬਦੁਲ ਗ਼ੱਫ਼ੂਰ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਸੀ ਕਿ ਹਾਲਾਤ ਠੀਕ ਹੋ ਜਾਣ ਗੇ। ਉਸ ਨੇ ਉਨ੍ਹਾਂ ਦੀ ਸਲਾਮਤੀ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ ਤੇ ਉਨ੍ਹਾਂ ਨੂੰ ਹਰ ਸਹੂਲਤ ਦੇਣ ਦਾ ਯਕੀਨ ਦਿਵਾਇਆ।

ਇਕ ਦਿਨ ਹਸਪਤਾਲ ਵਿਚ ਚਾਲ੍ਹੀ-ਪੰਜਾਹ ਧਾੜਵੀ ਆ ਗਏ। ਉਨ੍ਹਾਂ ਦੀ ਇੱਕੋ ਹੀ ਤਕਾਜ਼ਾ ਸੀ, 'ਕਾਫ਼ਿਰਾਂ ਨੂੰ ਬਾਹਰ ਕੱਢੋ ਜਾਂ ਉਨ੍ਹਾਂ ਕੋਲੋਂ ਇਸਲਾਮ ਕਬੂਲ ਕਰਵਾਓ।' ਜੇ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਉਨ੍ਹਾਂ 'ਕਾਫ਼ਿਰਾਂ' ਨੂੰ ਮਾਰ ਦੇਣ ਦੀ ਧਮਕੀ ਦਿੱਤੀ। ਹਿੰਦੂ ਸਟਾਫ਼ ਮੈਂਬਰ ਡਰ ਗਏ ਤੇ ਉਨ੍ਹਾਂ ਡਾਕਟਰ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਹਿੰਦੂਆਂ ਦੇ ਕਿਸੇ ਕੈਂਪ ਵਿਚ ਪਹੁੰਚਾ ਦੇਣ ਜਿੱਥੇ ਪੋਲੀਸ ਤੇ ਮਿਲਟਰੀ ਉਨ੍ਹਾਂ ਦੀ ਰਾਖੀ ਕਰਦੀ ਸੀ। ਡਾਕਟਰ ਨੇ ਫਿਰ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੀ ਜਾਨ ਤੇ ਮਾਲ ਨੂੰ ਕੋਈ ਨੁਕਸਾਨ ਨਹੀਂ ਹੋਣ ਦੇਵੇ ਗਾ। ਉਨ੍ਹਾਂ ਨੂੰ ਯਕੀਨ ਦਿਵਾਉਣ ਲਈ ਡਾਕਟਰ ਨੇ ਉਨ੍ਹਾਂ ਨੂੰ ਆਪਣੇ ਘਰ ਰਖਣ ਦੀ ਪੇਸ਼ਕਸ਼ ਵੀ ਕੀਤੀ। ਉਸ ਦੇ ਵੱਡੇ ਸਾਰੇ ਮਕਾਨ ਵਿਚ ਉੱਪਰ ਦੇ ਦੋ ਕਮਰੇ ਸਨ। ਉਨ੍ਹਾਂ ਸਾਰੇ

ਹਿੰਦੂ ਪਰਿਵਾਰਾਂ ਨੂੰ ਰਾਤੀਂ ਉੱਥੇ ਰਖਣਾ ਸ਼ੁਰੂ ਕਰ ਦਿੱਤਾ ਤੇ ਹਸਪਤਾਲ ਵਿਚ ਪੋਲੀਸ ਵੀ ਤੈਨਾਤ ਕਰਵਾ ਦਿੱਤੀ। ਚੀਚਾ ਵਤਨੀ ਦੇ ਸਾਰੇ ਹਿੰਦੂ ਸਿੱਖ ਸ਼ਹਿਰ ਤੋਂ ਚਲੇ ਗਏ ਸਨ। ਬਹੁਤ ਸਾਰੇ ਮਾਰੇ ਜਾ ਚੁੱਕੇ ਸਨ। ਸਿਰਫ਼ ਹਸਪਤਾਲ ਵਿਚ ਵੀਹ-ਪੱਚੀ ਹਿੰਦੂ ਮੌਜੂਦ ਸਨ ਜਿਨ੍ਹਾਂ ਨੂੰ ਮਾਰਨਾ ਜਾਂ ਮੁਸਲਮਾਨ ਬਣਾਉਣਾ ਜ਼ਰੂਰੀ ਸਮਝਿਆ ਜਾਣ ਲੱਗਿਆ ਸੀ। ਇਸ ਬਾਰੇ ਮੁਸਲਮਾਨ ਜੱਥੇਬੰਦੀਆਂ ਵਿਚ ਵੀ ਗੱਲ ਹੋਈ ਸੀ ਤੇ ਮਸਜਿਦਾਂ ਵਿਚ ਵੀ। ਇਹੋ ਕਾਰਣ ਸੀ ਕਿ ਇਕ ਦਿਨ ਮਾਸਟਰ ਕਰਮ ਇਲਾਹੀ ਆਪ ਭਰਾਵਾਂ ਬਾਈ ਨੂੰ ਮਿਲਣ ਆਇਆ।

'ਵੇਖ ਭਰਾਵਾਂ ਬਾਈ, ਜੇ ਤੁਸੀਂ ਪਾਕਿਸਤਾਨ ਵਿਚ ਰਹਿਣਾ ਹੈ ਤਾਂ ਤੁਹਾਨੂੰ ਇਸਲਾਮ ਕਬੂਲ ਕਰਨਾ ਪਵੇ ਗਾ। ਅਸੀਂ ਨਹੀਂ ਚਾਹੁੰਦੇ ਤੁਸੀਂ ਮਾਰੇ ਜਾਓ। ਸਾਰੇ ਸ਼ਹਿਰ ਵਿਚ ਇਸ ਬਾਰੇ ਗੱਲਾਂ ਹੋ ਰਹੀਆਂ ਨੇ।' ਉਸ ਨੇ ਹਮਦਰਦੀ ਨਾਲ ਆਖਿਆ।

'ਅਸੀਂ ਕਿੱਥੇ ਜਾਣਾ ਹੈ ਭਰਾ ਜੀ! ਤੁਸੀਂ ਜਿਵੇਂ ਕਹੋ ਗੇ, ਕਰ ਲਵਾਂ ਗੇ। ਮੈਂ ਬੱਚਿਆਂ ਨੂੰ ਮਰਵਾ ਤਾਂ ਨਹੀਂ ਸਕਦੀ।' ਭਰਾਵਾਂ ਬਾਈ ਨੇ ਬੜੀ ਚਾਲਾਕੀ ਤੇ ਹਲੀਮੀ ਨਾਲ ਜਵਾਬ ਦਿੱਤਾ।

'ਜੇ ਤੁਸੀਂ ਇਸਲਾਮ ਕਬੂਲ ਕਰ ਲਓ ਤਾਂ ਅਸੀਂ ਤੁਹਾਡੇ ਨਾਲ ਰਿਸ਼ਤੇ ਵੀ ਕਰ ਸਕਦੇ ਆਂ। ਮੇਰੀਆਂ ਦੋ ਧੀਆਂ ਹਨ ਅਮੀਨਾ ਤੇ ਸਕੀਨਾ। ਸਮਾਂ ਆਉਣ ਤੇ ਮੈਂ ਇਨ੍ਹਾਂ ਦੇ ਹੱਥ ਤੁਹਾਡੇ ਪੁੱਤਰਾਂ ਨੂੰ ਦੇ ਦਿਆਂ ਗਾ। ਤੁਸੀਂ ਤਾਂ ਪਹਿਲੋਂ ਹੀ ਸਾਡੇ ਆਪਣੇ ਹੋ, ਘਰ ਆਉਂਦੇ ਜਾਂਦੇ ਹੋ। ਮੇਰੀ ਬੇਗਮ ਤੁਹਾਨੂੰ ਸਕੀਆਂ ਭੈਣਾਂ ਤੋਂ ਵਧ ਸਮਝਦੀ ਹੈ। ਸੋ ਤੁਸੀਂ ਕਿਸੇ ਕਿਸਮ ਦਾ ਫ਼ਿਕਰ ਨਾ ਕਰੋ।' ਉਸ ਯਕੀਨ ਦਿਵਾਇਆ।

'ਤੁਹਾਡੇ ਹੁੰਦਿਆਂ ਸਾਨੂੰ ਕਾਹਦਾ ਫ਼ਿਕਰ ਹੈ।' ਭਰਾਵਾਂ ਬਾਈ ਨੇ ਤਸੱਲੀ ਦੇ ਅੰਦਾਜ਼ ਵਿਚ ਕਿਹਾ।

'ਬੱਚਿਆਂ ਦੀ ਪੜ੍ਹਾਈ ਜ਼ਾਇਆ ਹੋ ਰਹੀ ਹੈ। ਉਹ ਸਕੂਲ ਨਹੀਂ ਆ ਸਕਦੇ। ਸੋ ਜਿੰਨੀ ਜਲਦੀ ਤੁਸੀਂ ਇਸਲਾਮ ਕਬੂਲ ਕਰ ਲਓਗੇ, ਤੁਹਾਨੂੰ ਫ਼ਾਇਦਾ ਹੀ ਹੈ।'

'ਤੁਸੀਂ ਸਾਨੂੰ ਵਕਤ ਦਿਓ ਥੋੜ੍ਹਾ ਜਿਹਾ...... ਮੈਂ ਆਪਣੇ ਬੱਚਿਆਂ ਨੂੰ ਵੀ ਮਨਾਣਾਂ ਹੈ। ਮੇਰੇ ਬੱਚੇ ਲਾਇਕ ਨੇ, ਪੜ੍ਹਾਈ ਦਾ ਨੁਕਸਾਨ ਪੂਰਾ ਕਰ ਲੈਣ ਗੇ।'

'ਠੀਕ ਹੈ। ਤੁਸੀਂ ਇਕ ਦੋ ਹਫ਼ਤਿਆਂ ਵਿਚ ਫ਼ੈਸਲਾ ਕਰ ਲਵੋ। ਅਸੀਂ ਹਮੇਸ਼ਾਂ ਤੁਹਾਡੀ ਮਦਦ ਕਰਾਂ ਗੇ।' ਮਾਸਟਰ ਕਰਮ ਇਲਾਹੀ ਇਹ ਕਹਿ ਕੇ ਚਲਾ ਗਿਆ।

ਭਰਾਵਾਂ ਬਾਈ ਨੂੰ ਪਤਾ ਸੀ ਕਿ ਮਾਸਟਰ ਕਰਮ ਇਲਾਹੀ ਨੂੰ ਭੇਜਣ ਵਾਲੇ ਕੌਣ ਸਨ। ਉਸ ਨੂੰ ਕਸਬੇ ਦੇ ਹਰ ਤਬਕੇ ਵਿਚ ਜਾਣ ਦਾ ਮੌਕਾ ਮਿਲਦਾ ਸੀ ਤੇ ਲੋਕਾਂ ਦੇ ਖ਼ਿਆਲਾਂ ਦਾ ਪਤਾ ਲਗਦਾ ਰਹਿੰਦਾ ਸੀ। ਇਹ ਕੰਮ ਮਸਜਿਦ ਦੇ ਕਿਸੇ ਮੁੱਲਾ ਦਾ ਸੀ ਜਿਸ ਦੀ ਬੀਵੀ ਦੀ ਡਿਲਵਰੀ ਭਰਾਵਾਂ ਬਾਈ ਨੇ ਕਰਵਾਈ ਸੀ। ਉਹ ਚਾਹੁੰਦੇ ਸਨ ਕਿ ਭਰਾਵਾਂ ਬਾਈ ਪਰਿਵਾਰ

ਸਮੇਤ ਮੁਸਲਮਾਨ ਹੋ ਜਾਏ ਤੇ ਚੀਚਾ ਵਤਨੀ ਵਿਚ ਹੀ ਰਹੇ। ਉਹ ਤਾਂ ਬੇਵਾ ਭਰਾਵਾਂ ਬਾਈ ਨਾਲ ਕਿਸੇ ਦੇ ਨਿਕਾਹ ਕਰਨ ਦੀ ਗੱਲ ਵੀ ਸੋਚ ਰਹੇ ਸਨ। ਜਦੋਂ ਭਰਾਵਾਂ ਬਾਈ ਨੇ ਆਪਣੇ ਬੱਚਿਆਂ ਨਾਲ ਗੱਲ ਕੀਤੀ ਤਾਂ ਉਹ ਭੜਕ ਪਏ। ਉਹ ਹਕੀਕਤ ਰਾਏ ਦੀ ਕਹਾਣੀ ਚੰਗੀ ਤਰ੍ਹਾਂ ਜਾਣਦੇ ਸਨ ਤੇ ਸ਼ਹਾਦਤ ਲਈ ਤਿਆਰ ਸਨ। ਭਰਾਵਾਂ ਬਾਈ ਨੇ ਡਾਕਟਰ ਅਬਦੁਲ ਗ਼ੱਫ਼ੂਰ ਨਾਲ ਗੱਲ ਕੀਤੀ ਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਸਾਨੂੰ ਕਿਸੇ ਕੈਂਪ ਛਡ ਆਵੇ ਪਰ ਉਸ ਨੇ ਮੁੜ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀ ਜਾਨ, ਮਾਲ ਤੇ ਮਜ਼ਹਬ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਉਸ ਦੇ ਆਪਣੇ ਮਾਂ-ਬਾਪ ਲੁਧਿਆਣੇ ਤੋਂ ਬਚ ਕੇ ਆ ਗਏ ਸਨ ਤੇ ਉਨ੍ਹਾਂ ਨੂੰ ਬਚਾਉਣ ਵਿਚ ਇਕ ਹਿੰਦੂ ਪਰਿਵਾਰ ਦਾ ਬੜਾ ਹੱਥ ਸੀ। ਉਸ ਨੇ ਭਰਾਵਾਂ ਬਾਈ ਨੂੰ ਇੱਥੋਂ ਤੱਕ ਕਹਿ ਦਿੱਤਾ ਕਿ ਉਹ ਸਾਨੂੰ ਵਾਘੇ ਤਕ ਛੱਡ ਕੇ ਆਵੇ ਗਾ।

ਇਕ ਦਿਨ ਸ਼ਾਮੀਂ ਤੀਹ-ਚਾਲ੍ਹੀ ਹਥਿਆਰ-ਬੰਦ ਧਾੜਵੀਆਂ ਨੇ ਹਸਪਤਾਲ ਨੂੰ ਘੇਰ ਲਿਆ। ਉਸ ਵੇਲੇ ਹਿੰਦੂ ਪਰਿਵਾਰਾਂ ਦੇ ਸਾਰੇ ਮੈਂਬਰ ਡਾ: ਅਬਦੁਲ ਗ਼ਫ਼ੂਰ ਦੇ ਘਰ ਉਪਰਲੇ ਦੋ ਕਮਰਿਆਂ ਵਿਚ ਬੈਠੇ ਹੋਏ ਸਨ। ਡਾਕਟਰ ਆਪ ਵੀ ਘਰ ਵਿਚ ਮੌਜੂਦ ਸੀ। ਉਹ ਬਾਹਰ ਆ ਗਿਆ ਤੇ ਧਾੜਵੀਆਂ ਦੇ ਲੀਡਰ ਨੂੰ ਅੱਗੇ ਆਉਣ ਲਈ ਕਿਹਾ। ਇਕ ਹਥਿਆਰ-ਬੰਦ ਨੌਜਵਾਨ ਅੱਗੇ ਆ ਗਿਆ।

'ਕੀ ਚਾਹੁੰਦੇ ਹੋ ਤੁਸੀਂ?' ਡਾਕਟਰ ਨੇ ਪੁੱਛਿਆ।

'ਕਾਫ਼ਿਰਾਂ ਦੀ ਮੌਤ!' ਉਸ ਉੱਤਰ ਦਿੱਤਾ।

'ਫਿਰ ਤੁਸੀਂ ਪਹਿਲੋਂ ਮੈਨੂੰ ਮਾਰੋ........ ਫਿਰ ਮੇਰੇ ਬੀਵੀ ਬੱਚਿਆਂ ਨੂੰ..........ਤੇ ਫਿਰ ਹੀ ਤੁਸੀਂ ਕਾਫਿਰਾਂ ਨੂੰ ਮਾਰ ਸਕੋ ਗੇ।' ਡਾਕਟਰ ਦੇ ਇਹ ਸ਼ਬਦ ਅਜੇ ਵੀ ਮੇਰੇ ਕੰਨਾ ਵਿਚ ਗੂੰਜਦੇ ਪਏ ਹਨ।

'ਤੁਸੀਂ ਕਾਫ਼ਿਰਾਂ ਦੀ ਮਦਦ ਕਿਉਂ ਕਰਦੇ ਹੋ?' ਨੌਜਵਾਨ ਤਲਖ਼ੀ ਨਾਲ ਬੋਲਿਆ।

ਕਿਉਂਕਿ ਉਹ ਸਾਡੀ ਮਦਦ ਕਰਦੇ ਨੇ।' ਡਾਕਟਰ ਨੇ ਦਲੀਲ ਦਿੱਤੀ।

'ਕਿਵੇਂ'?'

'ਰੋਜ਼ ਹਸਪਤਾਲ ਵਿਚ ਸੈਂਕੜੇ ਮਰੀਜ਼ ਆਉਂਦੇ ਨੇ। ਇਨ੍ਹਾਂ ਦੀ ਮਦਦ ਨਾਲ ਮੈਂ ਉਨ੍ਹਾਂ ਨੂੰ ਬਚਾ ਸਕਦਾ ਹਾਂ। ਜੇ ਇਹ ਨਾ ਹੋਣ ਤਾਂ ਹਸਪਤਾਲ ਵਿਚ ਦਸ-ਵੀਹ ਮੌਤਾਂ ਰੋਜ਼ ਹੋ ਜਾਣ। ਇਹ ਲੋਕ ਮੁਸਲਮਾਨ ਮਰੀਜ਼ਾਂ ਨੂੰ ਬਚਾਉਂਦੇ ਨੇ। ਮੁਸਲਮਾਨਾਂ ਦਾ ਫ਼ਰਜ ਹੈ ਇਨ੍ਹਾਂ ਦੀ ਹਿਫਾਜ਼ਤ ਕਰਨ। ਮੈਂ ਸੱਚਾ ਮੁਸਲਮਾਨ ਹਾਂ। ਮੈਂ ਪਹਿਲੇ ਆਪ ਮਰਾਂ ਗਾ ਤੇ ਫਿਰ ਇ੍ਹਨਾਂ ਨੂੰ ਮਰਨ ਦਿਆਂ ਗਾ। ਹੈ ਹਿੰਮਤ ਤਾਂ ਮਾਰੋ ਮੈਨੂੰ।' ਉਸ ਧਮਕੀ ਭਰੇ ਲਹਿਜੇ ਵਿਚ ਕਿਹਾ।

ਧਾੜਵੀਆਂ ਦੇ ਹੌਸਲੇ ਪਸਤ ਹੋ ਗਏ ਤੇ ਉਹ ਲਿੰਮੋਝੂਣੇ ਹੋ ਕੇ ਮੁੜ ਗਏ। ਉਸ ਤੋਂ ਬਾਅਦ ਡਾਕਟਰ ਨੇ ਹਸਪਤਾਲ ਲਈ ਹੋਰ ਪੋਲੀਸ ਮੰਗਵਾ ਲਈ ਤੇ ਹਿੰਦੂ ਪਰਿਵਾਰਾਂ ਨੂੰ ਦੁਬਾਰਾ

ਯਕੀਨ ਦਿਵਾਇਆ ਕਿ ਉਨ੍ਹਾਂ ਨੂੰ ਡਰਨ ਦੀ ਕੋਈ ਲੋੜ ਨਹੀਂ। ਇਸ ਘਟਨਾ ਤੋਂ ਦੋ-ਤਿੰਨ ਮਹੀਨੇ ਬਾਅਦ ਹੀ ਡਾ: ਅਬਦੁਲ ਗ਼ਫ਼ੂਰ ਨੇ ਆਪਣੇ ਹਿੰਦੂ ਸਟਾਫ਼ ਨੂੰ ਫ਼ਾਰਿਗ਼ ਕੀਤਾ। ਉਹ ਆਪ ਸਾਨੂੰ ਇਕ ਗੱਡੀ ਤੇ ਚੜ੍ਹਾ ਕੇ ਆਇਆ ਜਿਹੜੀ ਹਿੰਦੁਸਤਾਨ ਜਾ ਰਹੀ ਸੀ। ਜਾਣ ਤੋਂ ਪਹਿਲੋਂ ਉਸ ਨੇ ਸਾਰਿਆਂ ਨੂੰ ਤੁਹਫ਼ੇ ਦਿੱਤੇ ਤੇ ਹੰਝੂਆਂ ਭਰੀ ਵਿਦਾਈ ਦਿੱਤੀ। ਉਸ ਦੀ ਬੇਗਮ ਤੇ ਬੱਚੇ ਵੀ ਸਾਨੂੰ ਰਵਾਨਾ ਕਰਨ ਆਏ।

ਡਾ. ਅਬਦੁਲ ਗ਼ੱਫ਼ੂਰ ਸੱਚ ਮੁੱਚ ਇਕ ਮਹਾਨ ਮਾਨਵਵਾਦੀ ਸੀ।

SUCHET

# ਟ੍ਰੇਨ ਟੂ ਇੰਡੀਆ

ਜਦੋਂ ਮੈਂ ਖੁਸ਼ਵੰਤ ਸਿੰਘ ਦੀ ਪੁਸਤਕ 'ਟ੍ਰੇਨ ਟੂ ਪਾਕਿਸਤਾਨ' ਪੜ੍ਹੀ ਤਾਂ ਮੈਂ ਬੜਾ ਪਰੇਸ਼ਾਨ ਹੋਇਆ ਸਾਂ। ਉਸ ਵੇਲੇ ਮੈਨੂੰ ਆਪਣੀ ਗੱਡੀ ਦੀਆਂ ਘਟਨਾਵਾਂ ਵੀ ਯਾਦ ਆਈਆਂ ਸਨ ਜਿਸ ਰਾਹੀਂ ਅਸੀਂ ਚੀਚਾ ਵਤਨੀ ਤੋਂ ਅੰਮ੍ਰਿਤਸਰ ਆਏ ਸਾਂ। ਮੈਂ ਇਹ ਵੀ ਸੋਚਿਆਂ ਸੀ ਕਿ ਇਕ ਪੁਸਤਕ 'ਟ੍ਰੇਨ ਟੂ ਇੰਡੀਆ' ਨਾਂ ਦੀ ਲਿਖੀ ਜਾਏ ਪਰ ਮੈਂ ਅਜਿਹਾ ਕਰ ਨਾ ਸਕਿਆ। ਹੁਣ ਜਦੋਂ ਮੈਂ ਚੀਚਾ ਵਤਨੀ ਤੋਂ ਭਾਰਤ ਲਈ ਗੱਡੀ ਰਾਹੀਂ ਕੀਤੇ ਸਫ਼ਰ ਬਾਰੇ ਸੋਚ ਰਿਹਾ ਸਾਂ ਤਾਂ ਮੈਂ ਇਸ ਨੂੰ 'ਟ੍ਰੇਨ ਟੂ ਇੰਡੀਆ' ਕਹਿਣਾ ਹੀ ਮੁਨਾਸਿਬ ਸਮਝਿਆ। ਭਰਾਵਾਂ ਬਾਈ ਦਾ ਪਰਿਵਾਰ ਜਿਸ ਗੱਡੀ ਰਾਹੀਂ ਇਸ ਸਫ਼ਰ ਤੇ ਰਵਾਨਾ ਹੋਇਆ, ਉਹ ਇਕ ਮਾਲ ਗੱਡੀ ਸੀ ਜਿਸ ਦੇ ਡੱਬਿਆਂ ਉਪਰ ਛੱਤਾਂ ਨਹੀਂ ਸਨ। ਇਹ ਗੱਡੀ ਮੁਲਤਾਨ ਤੋਂ ਆ ਰਹੀ ਸੀ ਤੇ ਇਸ ਵਿਚ ਚਾਰ-ਪੰਜ ਹਜ਼ਾਰ ਹਿੰਦੂ ਸਨ। ਡਾ: ਅਬਦੁਲ ਗ਼ਫ਼ੂਰ ਦੀ ਕੋਸ਼ਿਸ ਨਾਲ ਸਾਨੂੰ ਇਕ ਡੱਬੇ ਵਿਚ ਥੱਲੇ ਬਹਿਣ ਜੋਗੀ ਥਾਂ ਮਿਲ ਗਈ। ਸੀਟਾਂ ਤਾਂ ਇਨ੍ਹਾਂ ਡੱਬਿਆਂ ਵਿਚ ਕੋਈ ਨਹੀਂ ਸਨ। ਨਾ ਪਾਣੀ ਦਾ ਇੰਤਜ਼ਾਮ ਨਾ ਕੋਈ ਬਾਥਰੂਮ। ਗੱਡੀ ਦਾ ਡਰਾਈਵਰ ਕਿਸੇ ਨਹਿਰ ਜਾਂ ਖੂਹ ਨੇੜੇ ਗੱਡੀ ਖੜੀ ਕਰ ਦਿੰਦਾ ਸੀ। ਲੋਕੀਂ ਉਤਰ ਕੇ ਰਫ਼ਾ ਹਾਜਤ ਕਰ ਲੈਂਦੇ ਤੇ ਪਾਣੀ ਵੀ ਭਰ ਲੈਂਦੇ ਭਾਵੇਂ ਇਹ ਕੰਮ ਖ਼ਤਰੇ ਤੋਂ ਖਾਲੀ ਨਹੀਂ ਸੀ। ਹਿੰਦੂ ਸਿੱਖਾਂ ਦੇ ਖ਼ੂਨ ਦੇ ਪਿਆਸੇ ਧਾੜਵੀ ਉਨ੍ਹਾਂ ਦੀਆਂ ਗੱਡੀਆਂ ਤੇ ਹਮਲਾ ਬੋਲ ਦਿੰਦੇ ਸਲ ਤੇ ਲੁੱਟ ਮਾਰ ਕਰ ਜਾਂਦੇ ਸਨ। ਇਸ ਲਈ ਸਰਕਾਰ ਨੇ ਹਰ ਗੱਡੀ ਨਾਲ ਸੁਰੱਖਿਆ ਦਾ ਇੰਤਜ਼ਾਮ ਕੀਤਾ ਹੋਇਆ ਸੀ। ਸਾਡੀ ਗੱਡੀ ਨਾਲ ਮਰਹੱਟਾ ਲਾਈਟ ਇਨਫ਼ੈਂਟਰੀ ਦੇ ਤੀਹ-ਚਾਲੀ ਜਵਾਨ ਸਨ ਜੋ ਵੱਖ ਵੱਖਰੇ ਡੱਬਿਆਂ ਵਿਚ ਬੈਠੇ ਹੋਏ ਸਨ। ਖ਼ਤਰੇ ਦੀ ਹਾਲਤ ਵਿਚ ਉਹ ਗੱਡੀ ਦੇ ਪਹੀਆਂ ਦੇ ਪਿੱਛੇ ਆਪਣੀ ਪੋਜ਼ੀਸ਼ਨਾਂ ਲੈ ਲੈਂਦੇ ਸਨ ਤੇ ਧਾੜਵੀਆਂ ਦਾ ਮੁਕਾਬਲਾ ਕਰਦੇ ਸਨ। ਉਹ ਮੁਸਾਫ਼ਿਰਾਂ ਨੂੰ ਯਕੀਨ ਵੀ ਦਿਵਾਉਂਦੇ ਰਹਿੰਦੇ ਸਨ ਕਿ ਉਨ੍ਹਾਂ ਦੇ ਹੁੰਦਿਆਂ ਕੋਈ ਧਾੜਵੀ ਗੱਡੀ ਦੇ ਨੇੜੇ ਨਹੀਂ ਫਟਕ ਸਕਦਾ। ਮੁਸਾਫ਼ਿਰਾਂ ਲਈ ਤਾਂ ਉਹ ਰੱਬ ਦਾ ਰੂਪ ਸਨ। ਡਾ: ਅਬਦੁਲ ਗ਼ਫ਼ੂਰ ਤੇ ਉਸ ਦੇ ਪਰਿਵਾਰ ਦੇ ਕਈ ਜਣੇ ਓਨੀ ਦੇਰ ਤਕ ਸਟੇਸ਼ਨ ਤੇ ਖੜੇ ਰਹੇ ਜਿੰਨੀ ਦੇਰ ਗੱਡੀ ਤੁਰ ਨਾ ਪਈ। ਮੈਨੂੰ ਅਜੇ ਵੀ ਉਨ੍ਹਾਂ ਦੇ ਬੱਚਿਆਂ ਦੇ ਹੱਥ ਹਿਲਾਉਂਦੇ ਇਸ਼ਾਰਿਆਂ ਦਾ ਨਜ਼ਾਰਾ ਯਾਦ ਹੈ। ਉਨ੍ਹਾਂ ਨੂੰ ਉਮੀਦ ਸੀ ਕਿ ਅਸੀਂ ਸਹੀ ਸਲਾਮਤ ਭਾਰਤ ਪਹੁੰਚ ਜਾਵਾਂ ਗੇ।

ਦੂਰਦਰਸ਼ੀ ਭਰਾਵਾਂ ਬਾਈ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਰਸਤੇ ਵਿਚ ਕਈ ਦਿਨ ਲਗ ਜਾਣ ਗੇ। ਇਸ ਲਈ ਉਸ ਨੇ ਜ਼ਰੂਰੀ ਕਪੜਿਆਂ ਤੋਂ ਇਲਾਵਾ ਭੁੱਜੇ ਹੋਏ ਛੋਲਿਆਂ ਦਾ ਇਕ ਪੀਪਾ ਲੈ ਆਂਦਾ ਸੀ। ਪਾਣੀ ਭਰਨ ਲਈ ਪਿੱਤਲ ਦੀ ਇਕ ਵਲਟੋਹੀ ਸੀ ਤੇ ਪਾਣੀ ਪੀਣ ਲਈ ਦੋ ਚਾਰ ਗਿਲਾਸ। ਇਕ ਦੋ ਦਿਨਾਂ ਲਈ ਰੋਟੀਆਂ ਤੇ ਅੰਬ ਦਾ ਅਚਾਰ ਵੀ ਉਸ ਨੇ ਬੰਨ੍ਹ ਲਿਆ ਸੀ। ਅਕਤੂਬਰ ਦਾ ਮਹੀਨਾ ਸੀ-ਦਿਨੇ ਗਰਮੀ ਤੇ ਰਾਤੀਂ ਠੰਡ। ਸਾਡੀ ਗੱਡੀ ਕੀੜੀ ਦੀ ਚਾਲੇ ਤੁਰਦੀ ਸੀ। ਸਵੇਰੇ ਦਸ ਵਜੇ ਦੀ ਤੁਰੀ ਦੋ ਵਜੇ ਤੇ ਕਰੀਬ ਹੜੱਪਾ ਪਹੁੰਚੀ ਤੇ ਉੱਥੇ ਜਾ ਕੇ ਰੁਕ ਗਈ। ਗੱਡੀ ਬਾਹਰ ਸਿਗਨਲ ਕੋਲ ਹੀ ਖੜੀ ਸੀ ਕਿਉਂਕਿ ਅਜੇ ਸਿਗਨਲ ਨਹੀਂ ਸੀ ਹੋਇਆ। ਰੇਲਵੇ ਲਾਈਨ ਦੇ ਦੋਵੇਂ ਪਾਸੇ ਕਿੱਕਰ ਤੇ ਜੰਡ ਦੇ ਰੁੱਖ ਸਨ। ਰੁੱਖਾਂ ਦੇ ਪਿੱਛੇ ਸਾਨੂੰ ਕੁਝ ਲੋਕ ਹਿਲਦੇ ਜੁਲਦੇ ਨਜ਼ਰ ਆ ਰਹੇ ਸਨ। ਮਿਲਟਰੀ ਦੇ ਜਵਾਨਾਂ ਨੂੰ ਪਤਾ ਸੀ ਕਿ ਇਹ ਧਾੜਵੀ ਹਨ। ਸੋ ਉਨ੍ਹਾਂ ਨੇ ਫ਼ੌਰਨ ਪੁਜ਼ੀਸ਼ਨਾ ਲੈ ਲਈਆਂ।

"ਅੱਲਾ-ਹੂ-ਅਕਬਰ!" ਰੁੱਖਾਂ ਦੇ ਪਿੱਛੋਂ ਇਕ ਜ਼ੋਰਦਾਰ ਨਾਅਰਾ ਗੂੰਜਿਆਂ ਤੇ ਤੜ-ਤੜ ਗੋਲੀਆਂ ਦੀ ਵਰਖਾ ਸ਼ੁਰੂ ਹੋ ਗਈ। ਅਸੀਂ ਆਪਣੇ ਸਿਰ ਡੱਬਿਆਂ ਦੇ ਉਪਰਲੇ ਸਿਰਿਆਂ ਤੋਂ ਥੱਲੇ ਕਰ ਲਏ ਸਨ ਤੇ ਝੀਥਾਂ ਜਾਂ ਮੋਰੀਆਂ ਵਿੱਚੋਂ ਹਮਲਾਵਰਾਂ ਨੂੰ ਵੇਖ ਰਹੇ ਸਾਂ। ਗੋਲਆਂ ਆ ਕੇ ਲੋਹੇ ਦੀਆਂ ਮੋਟੀਆਂ ਸ਼ੀਟਾਂ ਨੂੰ ਲਗਦੀਆਂ ਤੇ ਜ਼ਾਇਆ ਹੋ ਜਾਂਦੀਆਂ। ਸਾਡੇ ਉੱਪਰ ਗ੍ਰੇਨੇਡਾਂ ਜਾਂ ਬੰਬਾਂ ਨਾਲ ਤਾਂ ਵਾਰ ਹੋ ਸਕਦਾ ਸੀ, ਗੋਲੀਆਂ ਦੀ ਮਾਰ ਤੋਂ ਅਸੀਂ ਪੂਰੀ ਤਰ੍ਹਾਂ ਮਹਿਫ਼ੂਜ਼ ਸਾਂ। ਸਾਡੇ ਫ਼ੌਜੀ ਵੀ ਗੱਡੀ ਦੇ ਪਹੀਆਂ ਪਿੱਛੇ ਲੁਕੇ ਹੋਏ ਸਨ ਤੇ ਧਾੜਵੀਆਂ ਦੀਆਂ ਗੋਲੀਆਂ ਤੋਂ ਸੁਰਖਿਅਤ ਸਨ। ਗੱਡੀ ਦਾ ਡਰਾਈਵਰ ਇੰਜਣ ਨੂੰ ਲੈ ਕੇ ਸਟੇਸ਼ਨ ਵਲ ਚਲਾ ਗਿਆ ਸੀ। ਇਕ ਪਾਸੇ ਤੀਹ ਚਾਲ੍ਹੀ ਫ਼ੌਜੀ ਜਵਾਨ ਤੇ ਚਾਰ ਪੰਜ ਹਜ਼ਾਰ ਨਿਹੱਥੇ ਮੁਸਾਫ਼ਿਰ ਸਨ ਤੇ ਦੂਜੇ ਪਾਸੇ ਇਕ ਹਜਾਰ ਦੇ ਕਰੀਬ ਹਥਿਆਰ ਬੰਦ ਧਾੜਵੀ। ਸਾਡੇ ਜਵਾਨਾਂ ਨੇ ਵੀ ਜਵਾਬੀ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਕਾਫ਼ੀ ਦੇਰ ਗੋਲੀ ਚਲਦੀ ਰਹੀ ਪਰ ਕਿਸੇ ਪਾਸਿਓਂ ਕੋਈ ਵੀ ਨੁਕਸਾਨ ਨਾ ਹੋਇਆ। ਧਾੜਵੀ ਰੁੱਖਾਂ ਦੇ ਪਿੱਛੇ ਲੁਕੇ ਹੋਏ ਸਨ ਤੇ ਫ਼ੌਜੀਆਂ ਦੇ ਨਿਸ਼ਾਨੇ ਦੀ ਹੱਦ ਤੋਂ ਦੂਰ ਸਨ। ਕੁਝ ਦੇਰ ਬਾਅਦ ਧਾੜਵੀਆਂ ਦਾ ਇਕ ਦਸਤਾ ਹੌਸਲਾ ਕਰ ਕੇ ਅੱਗੇ ਵਧਿਆ ਤੇ "ਅੱਲਾ-ਹੂ-ਅਕਬਰ" ਦੇ ਨਾਅਰੇ ਲਾਉਂਦਾ ਹੋਇਆ ਰੁੱਖਾਂ ਤੋਂ ਬਾਹਰ ਆ ਗਿਆ। ਹੁਣ ਉਹ ਸਾਡੇ ਫ਼ੌਜੀਆਂ ਦੇ ਨਿਸ਼ਾਨੇ ਦੀ ਜ਼ੱਦ ਵਿਚ ਆ ਗਏ ਸਨ। ਮਰਹੱਟਾਂ ਫ਼ੌਜੀਆਂ ਨੇ ਫ਼ਾਇਰਿੰਗ ਕਰ ਕੇ ਦਸ ਬਾਰਾਂ ਧਾੜਵੀਆਂ ਨੂੰ ਢੇਰ ਕਰ ਦਿੱਤਾ ਤੇ ਬਾਕੀ ਰੁੱਖਾਂ ਵਲ ਭਜ ਗਏ। ਥੋੜੀ ਦੇਰ ਬਾਅਦ ਧਾੜਵੀਆਂ ਨੇ ਦੂਜੇ ਪਾਸਿਓਂ ਗੱਡੀ ਤੇ ਹਮਲਾ ਬੋਲ ਦਿੱਤਾ ਪਰ ਸਾਡੇ ਫ਼ੌਜੀਆਂ ਨੇ ਦੋਵਾਂ ਪਾਸਿਆਂ ਤੇ ਮੋਰਚੇ ਬਣਾਏ ਹੋਏ ਸਨ। ਚਾਰ ਪੰਜ ਧਾੜਵੀ ਉਸ ਪਾਸੇ ਵੀ ਮਾਰੇ ਗਏ। ਜਦੋਂ ਧਾੜਵੀਆਂ ਨੇ ਮਹਿਸੂਸ ਕਰ ਲਿਆ ਕਿ ਉਨ੍ਹਾਂ ਲਈ ਗੱਡੀ ਦੇ ਡੱਬਿਆਂ ਤਕ ਪਹੁੰਚਣਾ ਅਸੰਭਵ ਹੈ, ਉਹ ਆਪਣੇ ਮਰੇ ਹੋਏ ਤੇ ਜ਼ਖ਼ਮੀ ਸਾਥੀਆਂ ਨੂੰ ਉੱਥੇ ਹੀ ਛੱਡ ਕੇ ਵਾਪਸ

ਚਲੇ ਗਏ। ਸਾਡੇ ਫ਼ੌਜੀ ਪਹੀਆਂ ਦੇ ਪਿੱਛੋਂ ਨਿਕਲ ਕੇ ਬਾਹਰ ਆ ਗਏ। ਅਸੀਂ ਵੀ ਡੱਬਿਆਂ ਉਪਰੋਂ ਝਾਕਣਾ ਸ਼ੁਰੂ ਕਰ ਦਿੱਤਾ। 'ਆਪ ਬਿਲਕੁਲ ਫ਼ਿਕਰ ਨਾ ਕਰੇਂ।' ਇਕ ਫ਼ੌਜੀ ਕਹਿ ਰਿਹਾ ਸੀ। 'ਆਪ ਕੋ ਕੋਈ ਨੁਕਸਾਨ ਨਹੀਂ ਹੋਗਾ,' ਦੂਜੇ ਨੇ ਕਿਹਾ ਸੀ। ਸਾਡੇ ਲਈ ਉਹ ਫ਼ੌਜੀ ਜਵਾਨ ਸ਼ਿਵਾ ਜੀ ਮਰਹੱਟਾ ਵਾਂਗ ਸਨ ਜੋ ਪਾਪੀਆਂ ਦਾ ਨਾਸ਼ ਕਰਨ ਲਈ ਆਪ ਓਥੇ ਆ ਗਿਆ ਸੀ।

ਸ਼ਾਮ ਹੋ ਗਈ ਸੀ। ਅਸੀਂ ਮਿਲਟਰੀ ਪੋਲੀਸ ਦੀਆਂ ਜੀਪਾਂ ਆਪਣੀ ਗੱਡੀ ਵਲ ਆਉਂਦੀਆਂ ਵੇਖੀਆਂ। ਮਰਹੱਟਾ ਫ਼ੌਜੀ ਦਸਤੇ ਦਾ ਇੰਚਾਰਜ ਅਫ਼ਸਰ ਅੱਗੇ ਵਧਿਆ। ਪਾਕਿਸਤਾਨੀ ਮਿਲਟਰੀ ਪੋਲੀਸ ਦਾ ਇਕ ਅਫ਼ਸਰ ਜੀਪ 'ਚੋਂ ਬਾਹਰ ਆਇਆ ਤੇ ਕਾਫ਼ੀ ਦੇਰ ਉਸ ਮਰਹੱਟਾ ਅਫ਼ਸਰ ਨਾਲ ਗੱਲਾਂ ਕਰਦਾ ਰਿਹਾ। ਇਸ ਗੱਡੀ ਤੇ ਇਕ ਹਮਲਾ ਚੀਚਾ ਵਤਨੀ ਤੋਂ ਪਿੱਛੇ ਮੀਆਂ ਚੰਨੂੰ ਸਟੇਸ਼ਨ ਤੇ ਵੀ ਹੋਇਆ ਸੀ ਜਿੱਥੇ ਪੱਚੀ-ਤੀਹ ਧਾੜਵੀ ਮਾਰੇ ਗਏ ਸਨ। ਇਸ ਬਾਰੇ ਇਨਕੁਆਇਰੀ ਦਾ ਫ਼ੈਸਲਾ ਕੀਤਾ ਗਿਆ ਸੀ ਤੇ ਗੱਡੀ ਨੂੰ ਵਾਪਸ ਮੀਆਂ ਚੰਨੂੰ ਭੇਜਣ ਤੇ ਹੁਕਮ ਜਾਰੀ ਹੋ ਗਏ ਸਨ। ਮਰਹੱਟਾ ਅਫ਼ਸਰ ਨੇ ਦੱਸਿਆ ਕਿ ਪੰਜ ਹਜ਼ਾਰ ਮੁਸਾਫ਼ਿਰ ਭੁੱਖੇ ਤੇ ਪਿਆਸੇ ਸਨ। ਉਨ੍ਹਾਂ ਨੂੰ ਪਾਣੀ ਦੀ ਸਪਲਾਈ ਜ਼ਰੂਰੀ ਸੀ। ਪਾਕਿਸਤਾਨੀ ਮਿਲਟਰੀ ਪੋਲੀਸ ਦੇ ਅਫ਼ਸਰ ਨੇ ਗੱਡੀ ਨੂੰ ਹੜੱਪਾ ਸਟੇਸ਼ਨ ਤਕ ਜਾਣ ਦੀ ਇਜਾਜ਼ਤ ਦੇ ਦਿੱਤੀ ਜਿੱਥੋਂ ਭੁੱਖੇ ਤੇ ਤ੍ਰਿਹਾਏ ਮੁਸਾਫ਼ਿਰ ਪਾਣੀ ਤਾਂ ਲੈ ਸਕਦੇ ਸਨ। ਇਸ ਤਰ੍ਹਾਂ ਸਾਡੀ ਗੱਡੀ ਪਹਿਲੋਂ ਹੜੱਪਾ ਸਟੇਸ਼ਨ ਤੇ ਲਿਆਂਦੀ ਗਈ ਜਿੱਥੇ ਮੁਸਾਫ਼ਿਰਾਂ ਨੇ ਆਪਣੇ ਡੱਬਿਆਂ, ਬਾਲਟੀਆਂ, ਘੜਿਆਂ, ਤੇ ਵਲਟੋਹੀਆਂ ਵਿਚ ਪਾਣੀ ਭਰ ਲਿਆ। ਮਰਹੱਟਾ ਫ਼ੌਜੀਆਂ ਨੇ ਇਹ ਕੰਮ ਆਪਣੀ ਨਿਗਰਾਨੀ ਵਿਚ ਕਰਾਇਆ ਤਾਂ ਕਿ ਕੋਈ ਧਾੜਵੀ ਉਨ੍ਹਾਂ ਤੇ ਹਮਲਾ ਨਾ ਕਰ ਸਕੇ। ਰਾਤ ਦੇ ਦਸ-ਗਿਆਰਾਂ ਵਜੇ ਸਾਡੀ ਗੱਡੀ ਪਿੱਛੇ ਤੁਰ ਪਈ। ਅਸੀਂ ਇਕ ਵਾਰ ਫਿਰ ਚੀਚਾ ਵਤਨੀ ਸਟੇਸ਼ਨ ਤੋਂ ਲੰਘੇ। ਮੀਆਂ ਚੰਨੂੰ ਉਥੋਂ ਤੀਹ ਮੀਲ ਦੂਰ ਸੀ। ਦੂਸਰੇ ਦਿਨ ਤੜਕੇ ਅਸੀਂ ਮੀਆਂ ਚੰਨੂੰ ਪਹੁੰਚੇ ਜਿੱਥੇ ਸਾਡੀ ਗੱਡੀ ਇਕ ਖੁੱਡੇ ਲਾਈਨ ਲਾ ਦਿੱਤੀ ਗਈ।

ਸਵੇਰ ਹੋਈ ਤਾਂ ਲੋਕਾਂ ਨੇ ਨੇੜੇ ਤੇੜੇ ਜੰਗਲ ਪਾਣੀ ਜਾਣਾ ਸ਼ੁਰੂ ਕਰ ਦਿੱਤਾ। ਕੁਝ ਦੂਰ ਇਕ ਖੂਹ ਚਲ ਰਿਹਾ ਸੀ। ਦੋ ਮਰਹੱਟਾ ਫ਼ੌਜੀ ਖੂਹ ਵਾਲੇ ਕੋਲ ਗਏ ਤੇ ਉਸ ਕੋਲੋਂ ਮੁਸਾਫ਼ਰਾਂ ਨੂੰ ਪਾਣੀ ਲੈਣ ਦੀ ਇਜਾਜ਼ਤ ਮੰਗੀ। ਇਕ ਅੱਧਖੜ ਉਮਰ ਦਾ ਮੁਸਲਮਾਨ ਕਿਸਾਨ ਗਾਧੀ ਤੇ ਬੈਠਾ ਸੀ ਜਿਸ ਨੂੰ ਇਕ ਊਠ ਖਿਚ ਰਿਹਾ ਸੀ। ਉਸ ਨੇ ਪਿਆਸਿਆਂ ਨੂੰ ਪਾਣੀ ਦੇਣ ਦੀ ਬੇਨਤੀ ਮੰਨ ਲਈ। ਮੁਸਾਫ਼ਿਰਾਂ ਨੇ ਮਰਹੱਟਾ ਫ਼ੌਜੀਆਂ ਦੀ ਨਿਗਰਾਨੀ ਹੇਠ ਲਾਈਨਾ ਲਗਾ ਕੇ ਪਾਣੀ ਲਿਆ ਤੇ ਮੂੰਹ ਹੱਥ ਧੋਤੇ।

ਕੁਝ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਫ਼ੌਜੀਆਂ ਨੇ ਸਾਰੇ ਮੁਸਾਫ਼ਿਰਾ ਨੂੰ ਗੱਡੀ ਵਿਚ ਆਉਣ ਲਈ ਆਖ ਦਿੱਤਾ। ਦੁਪਹਿਰ ਹੋ ਗਈ ਪਰ ਗੱਡੀ ਨੇ ਤਾਂ ਚਲਣਾ ਹੀ ਨਹੀਂ ਸੀ।

ਇਕ-ਦੋ ਵਜੇ ਦੇ ਕਰੀਬ ਮਿਲਟਰੀ ਪੋਲੀਸ ਦੀਆਂ ਮੋਟਰਾਂ ਉੱਥੇ ਆ ਗਈਆਂ। ਮਰਹੱਟਾ ਫ਼ੌਜੀ ਅਫ਼ਸਰ ਨੂੰ ਦੱਸਿਆ ਗਿਆ ਕਿ ਇਹ ਗੱਡੀ ਹਿੰਦੁਸਤਾਨ ਨਹੀਂ ਜਾ ਸਕਦੀ ਤੇ ਇਸ ਨੂੰ ਖ਼ਾਲੀ ਕਰਨ ਦਾ ਹੁਕਮ ਆਇਆ ਸੀ। ਸਾਰੇ ਮੁਸਾਫ਼ਿਰਾਂ ਨੂੰ ਇਕ ਕੈਂਪ ਵਿਚ ਭੇਜਣ ਲਈ ਕਿਹਾ ਗਿਆ ਸੀ ਜਿਹੜਾ ਮੀਆਂ ਚੰਨੂੰ ਤੋਂ ਬਾਹਰ ਉੱਜਲ ਸਿੰਘ ਦੇ ਬਾਗ਼ ਵਿਚ ਬਣਾਇਆ ਗਿਆ ਸੀ। ਉੱਥੇ ਮੁਸਾਫਿਰਾਂ ਨੂੰ ਪਾਣੀ ਤੇ ਰਾਸ਼ਨ ਦੇਣ ਦਾ ਇੰਤਜ਼ਾਮ ਵੀ ਕੀਤਾ ਗਿਆ ਸੀ। ਅਸੀਂ ਉੱਥੇ ਜਾਣ ਤੋਂ ਡਰਦੇ ਸਾਂ ਕਿ ਕਿਧਰੇ ਧਾੜਵੀ ਹਮਲਾ ਕਰ ਕੇ ਸਾਨੂੰ ਮਾਰ ਨਾ ਦੇਣ। ਮਰਹੱਟਾਂ ਫ਼ੌਜੀਆਂ ਨੇ ਸਾਨੂੰ ਯਕੀਨ ਦਿਵਾਇਆ ਕਿ ਉਹ ਕੈਂਪ ਤਕ ਸਾਡੇ ਨਾਲ ਜਾਣ ਗੇ। ਉਨ੍ਹਾਂ ਮੁਸਾਫਿਰਾਂ ਨੂੰ ਆਪਣਾ ਜ਼ਰੂਰੀ ਸਮਾਨ ਚੁਕ ਕੇ ਦੋ-ਦੋ ਦੀਆਂ ਲਾਈਨਾਂ ਵਿਚ ਉੱਜਲ ਸਿੰਘ ਦੇ ਬਾਗ਼ ਵਲ ਜਾਣ ਲਈ ਆਖਿਆ। ਇਸ ਲੰਬੀ ਲਾਈਨ ਦੇ ਦੋਵੇਂ ਪਾਸੇ ਥੋੜ੍ਹੀ ਥੋੜ੍ਹੀ ਦੂਰੀ ਤੇ ਮਰਹੱਟਾ ਫ਼ੌਜੀ ਸਾਡੇ ਨਾਲ ਸਨ। ਭਰਾਵਾਂ ਬਾਈ ਨੇ ਵੀ ਆਪਣੇ ਬੱਚਿਆਂ ਨੂੰ ਥੱਲੇ ਉਤਾਰਿਆ ਤੇ ਬਹੁਤ ਸਾਰਾ ਸਾਮਾਨ ਡੱਬੇ ਵਿਚ ਛੱਡ ਕੇ ਬਾਕੀ ਜ਼ਰੂਰੀ ਸਾਮਾਨ ਚੁਕ ਲਿਆ। ਦਾਣਿਆਂ ਦਾ ਪੀਪਾ ਮੈਂ ਚੁਕਿਆ ਸੀ ਤੇ ਪਾਣੀ ਦੀ ਵਲਟੋਹੀ ਈਸ਼ਵਰ ਨੇ। ਦਇਆ ਨੰਦ ਨੇ ਇਕ ਛੋਟਾ ਟਰੰਕ ਚੁਕਿਆ ਸੀ ਤੇ ਭਰਾਵਾਂ ਬਾਈ ਨੇ ਕਪੜਿਆਂ ਦੀ ਇਕ ਗੰਢ ਤੇ ਦਵਾਈਆਂ ਦਾ ਇਕ ਬੈਗ। ਕੱਲੋ ਨੇ ਮਾਂ ਦੀ ਉਂਗਲੀ ਫੜ ਲਈ। ਗੱਡੀ ਵਿਚ ਲੋਕਾਂ ਦਾ ਕਾਫ਼ੀ ਸਾਮਾਨ ਰਹਿ ਗਿਆ ਸੀ। ਬਾਅਦ ਵਿਚ ਇਹ ਸਾਮਾਨ ਧਾੜਵੀਆਂ ਨੇ ਲੁੱਟ ਲਿਆ।

ਸਾਨੂੰ ਉੱਜਲ ਸਿੰਘ ਦੇ ਬਾਗ਼ ਪੁਚਾ ਕੇ ਫ਼ੌਜੀ ਮੁੜ ਗਏ। ਉਨ੍ਹਾਂ ਸਾਨੂੰ ਆਪਣਾ ਸਫ਼ਰ ਬਹਾਦਰੀ ਨਾਲ ਤੈਅ ਕਰਨ ਦੀ ਪ੍ਰੇਰਨਾ ਦਿੱਤੀ। ਅਸੀਂ ਉਨ੍ਹਾਂ ਫ਼ੌਜੀਆਂ ਦੇ ਹੱਥ ਚੁੰਮੇ ਤੇ ਉਨ੍ਹਾਂ ਨੂੰ ਵਿਦਾ ਆਖੀ। ਬਾਅਦ ਵਿਚ ਉਨ੍ਹਾਂ ਨਾਲ ਸਾਡੀ ਕੋਈ ਮੁਲਾਕਾਤ ਨਾ ਹੋਈ। ਇਸ ਕੈਂਪ ਵਿਚ ਪਹਿਲੋਂ ਵੀ ਚਾਰ-ਪੰਜ ਹਜ਼ਾਰ ਹਿੰਦੂ ਸਿੱਖ ਮੌਜੂਦ ਸਨ ਜਿਨ੍ਹਾਂ ਨੂੰ ਹਿੰਦੁਸਤਾਨ ਭੇਜਿਆ ਜਾਣਾ ਸੀ। ਇਸ ਕੈਂਪ ਦੇ ਬਾਹਰ ਮਿਲਟਰੀ ਦਾ ਪਹਿਰਾ ਸੀ। ਅੰਦਰ ਰਿਫ਼ਊਜੀਆਂ ਨੂੰ ਥੋੜ੍ਹਾ ਬਹੁਤ ਰਾਸ਼ਨ ਪਾਣੀ ਦਿੱਤਾ ਜਾਂਦਾ ਸੀ। ਇਸ ਕੈਂਪ ਵਿਚ ਸਾਡੀ ਮੁਲਾਕਾਤ ਭੈਣ ਸ਼ਾਂਤੀ ਤੇ ਭਣਵਈਏ ਦੇਵ ਰਾਜ ਨਾਲ ਹੋਈ ਜੋ ਪਹਿਲੋਂ ਤੋਂ ਇੱਥੇ ਆਏ ਹੋਏ ਸਨ। ਲਾਲਾ ਤੇਜ ਭਾਨ ਵੀ ਉਨ੍ਹਾਂ ਨਾਲ ਸਨ। ਭਰਾਵਾਂ ਬਾਈ ਨੇ ਦੇਵ ਰਾਜ ਨਾਲ ਕੋਈ ਗੱਲ ਸਾਂਝੀ ਨਾ ਕੀਤੀ ਪਰ ਸ਼ਾਂਤੀ ਨੂੰ ਕਹਿ ਦਿੱਤਾ ਕਿ ਉਹ ਸਾਡੇ ਵਾਲੀ ਗੱਡੀ ਵਿਚ ਆ ਜਾਣ ਜੋ ਇਕ ਹਫ਼ਤੇ ਬਾਅਦ ਚਲਣੀ ਸੀ। ਅਸੀਂ ਉਸ ਕੈਂਪ ਵਿਚ ਲਗ ਭਗ ਅੱਠ ਦਿਨ ਬਿਤਾਏ ਤੇ ਫਿਰ ਸਾਡੇ ਲਈ ਗੱਡੀ ਦਾ ਇੰਤਜ਼ਾਮ ਹੋ ਗਿਆ। ਇਸ ਵਾਰੀ ਸਾਡੇ ਨਾਲ ਗੋਰਖਾ ਫ਼ੌਜੀ ਸਨ ਜੋ ਸਾਨੂੰ ਕੈਂਪ ਤੋਂ ਆ ਕੇ ਲੈ ਗਏ। ਗੱਡੀ ਵੀ ਛੱਤਾਂ ਵਾਲੀ ਸੀ ਤੇ ਸਾਨੂੰ ਬਹਿਣ ਲਈ ਸੀਟਾਂ ਵੀ ਮਿਲ ਗਈਆਂ। ਲਾਲਾ ਤੇਜ ਭਾਨ, ਸ਼ਾਂਤੀ ਤੇ ਦੇਵ ਰਾਜ ਵੀ ਸਾਡੇ ਨਾਲ ਸਨ।

ਸਾਡੀ ਗੱਡੀ ਕੋਈ ਗਿਆਰਾਂ ਵਜੇ ਹਿੰਦੁਸਤਾਨ ਵਲ ਰਵਾਨਾ ਹੋਈ। ਗੋਰਖਾ ਫੌਜੀ ਸਾਰੇ ਡੱਬਿਆਂ ਵਿਚ ਫੈਲੇ ਹੋਏ ਸਨ ਪਰ ਇਸ ਗੱਡੀ ਤੇ ਕੋਈ ਹਮਲਾ ਨਹੀਂ ਹੋਇਆ। ਅਸੀਂ ਚੀਚਾ ਵਤਨੀ ਤੇ ਹੜੱਪਾ ਤੋਂ ਲੰਘੇ ਤੇ ਸਾਨੂੰ ਉਸ ਭਿਆਨਕ ਘਟਨਾ ਦੀ ਯਾਦ ਆ ਗਈ। ਦੋ-ਤਿੰਨ ਵਜੇ ਗੱਡੀ ਮਿੰਟਗੁਮਰੀ / ਸਾਹੀਵਾਲ ਪੁੱਜ ਗਈ ਜਿੱਥੇ ਮੁਸਾਫ਼ਿਰਾਂ ਨੇ ਪਾਣੀ ਲੈ ਲਿਆ। ਚਾਰ ਵਜੇ ਗੱਡੀ ਫਿਰ ਤੁਰ ਪਈ। ਇਸ ਦੀ ਰਫ਼ਤਾਰ ਪਹਿਲੀ ਗੱਡੀ ਨਾਲੋਂ ਕਿਤੇ ਜ਼ਿਆਦਾ ਸੀ। ਛੇ ਵਜੇ ਦੇ ਕਰੀਬ ਅਸੀਂ ਲਾਹੌਰ ਸਟੇਸ਼ਨ ਤੇ ਪਹੁੰਚ ਗਏ। ਸਾਡੇ ਦਿਲ ਤੇਜ਼ੀ ਨਾਲ ਧੜਕ ਰਹੇ ਸਨ। ਇੰਡੀਆਂ ਹੁਣ ਸਾਡੇ ਤੋਂ ਲਗ ਭਗ ਇਕ ਘੰਟਾ ਦੂਰ ਸੀ। ਕੋਈ ਇਕ ਘੰਟੇ ਬਾਅਦ ਗੱਡੀ ਫਿਰ ਚੱਲ ਪਈ। ਹਨੇਰਾ ਹੋ ਰਿਹਾ ਸੀ ਪਰ ਸਾਨੂੰ ਲਗਦਾ ਸੀ ਕਿ ਅਸੀਂ ਹਨੇਰੇ ਤੋਂ ਚਾਨਣ ਵੱਲ ਜਾ ਰਹੇ ਸਾਂ। ਲਗ ਭਗ ਅਠ ਵਜੇ ਗੱਡੀ ਇਕ ਸਟੇਸ਼ਣ ਤੇ ਜਾ ਰੁਕੀ ਤੇ ਅਸੀਂ ਨਾਅਰੇ ਸੁਣੇ "ਹਿੰਦੁਸਤਾਨ ਜ਼ਿੰਦਾਬਾਦ!" ਇਹ ਸਟੇਸ਼ਨ ਸੀ ਅਟਾਰੀ। ਬਹੁਤ ਸਾਰੇ ਲੋਕ ਇੱਥੇ ਉਤਰ ਗਏ। ਲਾਲਾ ਤੇਜ ਭਾਨ ਅੰਬਾਲਾ ਜਾਣਾ ਚਾਹੁੰਦੇ ਸਨ। ਭਰਾਵਾਂ ਬਾਈ ਨੂੰ ਦੇਵ ਰਾਜ ਦੀ ਸ਼ਕਲ ਹੀ ਜ਼ਹਿਰ ਲਗ ਰਹੀ ਸੀ। ਨਾਲੇ ਉਸ ਨੇ ਸੋਚਿਆ ਕਿ ਆਪਣਿਆਂ ਉਸ ਨਾਲ ਕੋਈ ਭਲਾ ਤਾਂ ਕੀਤਾ ਹੀ ਨਹੀਂ ਸੀ, ਉਨ੍ਹਾਂ ਨਾਲ ਅੱਗੇ ਜਾਣ ਦਾ ਕੀ ਫ਼ਾਇਦਾ। ਹਿੰਦੁਸਤਾਨ ਉਸ ਲਈ ਨਵਾਂ ਮੁਲਕ ਸੀ ਜਿੱਥੇ ਉਸ ਨੇ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਨੀ ਸੀ। ਫਿਰ ਅਟਾਰੀ ਤੋਂ ਹੀ ਇਹ ਆਰੰਭ ਕਿਉਂ ਨਾ ਕੀਤਾ ਜਾਏ, ਉਸ ਸੋਚਿਆ ਤੇ ਉਹ ਆਪਣੇ ਬੱਚਿਆਂ ਨੂੰ ਲੈ ਕੇ ਅਟਾਰੀ ਉਤਰ ਗਈ। ਲਾਲਾ ਤੇਜ ਭਾਨ, ਦੇਵ ਰਾਜ, ਤੇ ਸ਼ਾਂਤੀ ਅੱਗੇ ਚਲੇ ਗਏ। ਸਾਡੇ ਲਈ 'ਟ੍ਰੇਨ ਟੂ ਇੰਡੀਆਂ' ਦਾ ਸਫ਼ਰ ਅਟਾਰੀ ਆ ਕੇ ਖ਼ਤਮ ਹੋ ਗਿਆ।

ਅਸੀਂ ਬਹੁਤ ਜ਼ਿਆਦਾ ਥੱਕੇ ਹੋਏ ਸਾਂ। ਪਿੱਠ ਦੀ ਸੱਟ ਕਰ ਕੇ ਭਰਾਵਾਂ ਬਾਈ ਦੀ ਤਬੀਅਤ ਵੀ ਠੀਕ ਨਹੀਂ ਸੀ। ਅਟਾਰੀ ਰਿਫ਼ਊਜੀਆਂ ਲਈ ਇਕ ਕੈਂਪ ਬਣਿਆ ਹੋਇਆ ਸੀ। ਭਰਾਵਾਂ ਬਾਈ ਵੀ ਆਪਣੇ ਬੱਚਿਆਂ ਨੂੰ ਲੈ ਕੇ ਉੱਥੇ ਚਲੀ ਗਈ ਤੇ ਸਹਾਇਤਾ ਕਰਮਚਾਰੀਆਂ ਨੂੰ ਆਪਣਾ ਨਾਂ ਲਿਖਾ ਦਿੱਤਾ। ਸਾਨੂੰ ਦਰੀਆਂ ਤੇ ਕੰਬਲ ਵੀ ਦਿੱਤੇ ਗਏ ਤੇ ਇਕ ਵੱਡੇ ਟੈਂਟ ਵਿਚ ਕੁਝ ਹੋਰ ਰਿਫ਼ਊਜੀਆਂ ਨਾਲ ਰਹਿਣ ਨੂੰ ਥਾਂ ਵੀ ਮਿਲ ਗਈ। ਉਸ ਰਾਤ ਸਾਨੂੰ ਕਈ ਦਿਨਾਂ ਬਾਅਦ ਰਜਵੀਂ ਰੋਟੀ ਮਿਲੀ। ਦੂਜੇ ਦਿਨ ਅੰਮ੍ਰਿਤਸਰ ਦਾ ਸਿਵਲ ਸਰਜਨ ਕੈਂਪ ਦਾ ਮੁਆਇਨਾ ਕਰਨ ਆਇਆ। ਜਦੋਂ ਉਸ ਨੂੰ ਪਤਾ ਲੱਗਾ ਕਿ ਭਰਾਵਾਂ ਬਾਈ ਇਕ ਨਰਸ ਹੈ ਤਾਂ ਉਸ ਨੇ ਉਸੇ ਵੇਲੇ ਉਸ ਨੂੰ ਕੈਂਪ ਦੇ ਹਸਤਪਾਲ ਵਿਚ ਨੌਕਰੀ ਦੇ ਦਿੱਤੀ ਤੇ ਰਹਿਣ ਲਈ ਇਕ ਕੁਆਟਰ ਦਿਵਾ ਦਿੱਤਾ। ਇਸ ਤਰ੍ਹਾਂ ਸਾਨੂੰ ਬਾਕੀ ਰਿਫ਼ਊਜੀਆਂ ਦੇ ਮੁਕਾਬਲੇ ਤੇ ਰਹਿਣ ਲਈ ਬਹੁਤ ਚੰਗੀ ਥਾਂ ਮਿਲ ਗਈ। ਨੌਕਰੀ ਮਿਲਣ ਨਾਲ ਭਰਾਵਾਂ ਬਾਈ ਨੂੰ ਕੁਝ ਹੋਰ ਸਹੂਲਤਾਂ ਮਿਲਣੀਆਂ ਵੀ ਸ਼ੁਰੂ ਹੋ ਗਈਆਂ।

ਚੀਚਾ ਵਤਨੀ ਤੋਂ ਇਕ ਹੋਰ ਬੰਦਾ ਵੀ ਸਾਡੇ ਨਾਲ ਆਇਆ ਸੀ ਜੋ ਦਇਆ ਨੰਦ ਦਾ ਦੋਸਤ ਸੀ। ਉਹ ਯੂ.ਪੀ. ਵਿਚ ਬੁਲੰਦ ਸ਼ਹਿਰ ਜ਼ਿਲੇ ਦਾ ਰਹਿਣ ਵਾਲਾ ਸੀ ਤੇ ਚੀਚਾ ਵਤਨੀ ਵਿਚ ਇਕ ਆਟੇ ਦੀ ਚੱਕੀ ਤੇ ਕੰਮ ਕਰਦਾ ਸੀ। ਦਇਆ ਨੰਦ ਤੇ ਮੈਂ ਉਸ ਕੋਲ ਆਟਾ ਪਿਸਵਾਉਣ ਜਾਇਆ ਕਰਦੇ ਸਾਂ। ਸਾਈਕਲ ਚਲਾਉਣਾ ਮੈਂ ਚੀਚਾ ਵਤਨੀ ਵਿਚ ਹੀ ਸਿੱਖ ਲਿਆ ਸੀ। ਅਸੀਂ ਕਣਕ ਦੀ ਛੋਟੀ ਬੋਰੀ ਸਾਈਕਲ ਦੇ ਕੈਰੀਅਰ ਤੇ ਰਖ ਲੈਂਦੇ ਤੇ ਚੱਕੀ ਤੇ ਲੈ ਜਾਂਦੇ। ਇਹ ਚੱਕੀ ਛੋਟੀ ਨਹਿਰ ਦੇ ਨਾਲ ਸੀ। ਦਇਆ ਨੰਦ ਆਟਾ ਪਿਸਵਾਉਂਦਾ ਰਹਿੰਦਾ ਤੇ ਬਿਹਾਰੀ ਲਾਲ ਨਾਲ ਗੱਪਾਂ ਮਾਰਦਾ ਰਹਿੰਦਾ। ਇਸ ਵਿਚਕਾਰ ਮੈਂ ਸਾਈਕਲ ਚਲਾਉਂਦਾ ਰਹਿੰਦਾ। ਭਰਾਵਾਂ ਬਾਈ ਵੀ ਬਿਹਾਰੀ ਲਾਲ ਨੂੰ ਆਪਣੇ ਬੱਚਿਆਂ ਵਾਂਗ ਸਮਝਦੀ ਸੀ। ਉਹ ਸਾਨੂੰ ਚੀਚਾ ਵਤਨੀ ਹਸਪਤਾਲ ਵਿਚ ਆ ਮਿਲਿਆ ਸੀ ਤੇ ਉਸ ਤੋਂ ਬਾਅਦ ਉਹ ਸਾਡੇ ਨਾਲ ਹੀ ਰਿਹਾ ਪਰ ਉਹ ਅਟਾਰੀ ਤੋਂ ਅੱਗੇ ਛਿਹਰਟੇ ਚਲਾ ਗਿਆ ਜਿੱਥੇ ਉਹ ਕਈ ਚੱਕੀ ਵਾਲਿਆਂ ਨੂੰ ਜਾਣਦਾ ਸੀ। ਉਹ ਸਾਨੂੰ ਇਹ ਕਹਿ ਕੇ ਅੱਗੇ ਚਲਿਆ ਗਿਆ ਕਿ ਉਹ ਸਾਨੂੰ ਮਿਲਣ ਆਵੇ ਗਾ। ਮੈਂ ਉਸ ਦੇ ਜਾਣ ਬੜਾ ਉਦਾਸ ਹੋਇਆ ਸਾਂ।

ਅਟਾਰੀ ਆ ਕੇ ਸਾਡੇ ਚੰਗੇ ਦਿਨ ਸ਼ੁਰੂ ਹੋ ਗਏ। ਭਰਾਵਾਂ ਬਾਈ ਨੇ ਆਪਣੇ ਬੱਚਿਆਂ ਨੂੰ ਮਿਹਨਤ ਕਰਨ ਦੀ ਸਿਖਿਆ ਦਿੱਤੀ ਸੀ। ਉਸ ਨੇ ਆਪ ਤਾਂ ਨੌਕਰੀ ਕਰ ਹੀ ਲਈ ਸੀ, ਉਸ ਨੇ ਦਇਆ ਨੰਦ ਤੇ ਸਤਿਆ ਨੰਦ ਨੂੰ ਕੰਮ ਤੇ ਲਾਉਣ ਦੀ ਸੋਚੀ। ਉਨ੍ਹਾਂ ਦਿਨਾਂ ਵਿਚ ਅਟਾਰੀ ਸਟੇਸ਼ਨ ਤੇ ਮਿਲਟਰੀ ਦੀਆਂ ਗੱਡੀਆਂ ਅਕਸਰ ਆ ਕੇ ਰੁਕਦੀਆਂ ਸਨ। ਫ਼ੌਜੀਆਂ ਨੂੰ ਸਿਗਰਟਾਂ ਦੀ ਤਲਬ ਹੁੰਦੀ ਸੀ। ਭਰਾਵਾਂ ਬਾਈ ਨੇ ਸਾਨੂੰ ਡੱਬੇ ਬਣਾ ਦਿੱਤੇ ਜਿਹੜੇ ਮੋਢਿਆਂ ਨਾਲ ਲਟਕਾਏ ਜਾ ਸਕਦੇ ਸਨ। ਉਸ ਨੇ ਸਾਨੂੰ ਕਈ ਤਰ੍ਹਾਂ ਦੀਆਂ ਸਿਗਰਟਾਂ ਦੀਆਂ ਡੱਬੀਆਂ ਤੇ ਮਾਚਿਸਾਂ ਲੈ ਦਿੱਤੀਆਂ। ਅਸੀਂ ਗੱਡੀਆਂ ਤੇ ਜਾ ਕੇ ਸਿਗਰਟ ਮਾਚਿਸਾਂ ਵੇਚਦੇ ਤੇ ਚੰਗੇ ਪੈਸੇ ਕਮਾ ਲੈਂਦੇ। ਦੀਵਾਲੀ ਦਾ ਤਿਉਹਾਰ ਨੇੜੇ ਸੀ। ਭਰਾਵਾਂ ਬਾਈ ਨੇ ਬੱਚਿਆਂ ਨੂੰ ਨਵੇਂ ਕਪੜੇ ਬਣਵਾ ਕੇ ਦੇਣ ਦਾ ਮਨ ਬਣਾ ਲਿਆ ਸੀ। ਪੰਜ ਜੀਆਂ ਦੇ ਇਸ ਪਰਿਵਾਰ ਵਿਚ ਤਿੰਨ ਜਣੇ ਕਮਾਈ ਕਰਨ ਲਗ ਪਏ ਸਨ!

ਦੀਵਾਲੀ ਵਾਲੀ ਸ਼ਾਮ ਭਰਾਵਾਂ ਬਾਈ ਬੱਚਿਆਂ ਨੂੰ ਨਵੇਂ ਕਪੜੇ ਪਵਾ ਕੇ ਬਾਜ਼ਾਰ ਲੈ ਗਈ ਤਾਂ ਕਿ ਉਨ੍ਹਾਂ ਨੂੰ ਮਰਜ਼ੀ ਦੀਆਂ ਮਿਠਾਈਆਂ ਲੈ ਕੇ ਦੇ ਸਕੇ। ਇਕ ਹਲਵਾਈ ਦੀ ਦੁਕਾਨ ਸਟੇਸ਼ਨ ਕੋਲ ਹੀ ਸੀ। ਉੱਥੇ ਬੜੀ ਭੀੜ ਸੀ ਤੇ ਅਸੀਂ ਪਿੱਛੇ ਖਲੋ ਗਏ ਤਾਂ ਕਿ ਵਿਹਲ ਹੋਣ ਤੇ ਅੱਗੇ ਜਾ ਸਕੀਏ। ਅਸੀਂ ਸਾਰੇ ਬੜੇ ਖ਼ੁਸ਼ ਸਾਂ ਤੇ ਆਪਣੀ ਮਨ-ਮਰਜ਼ੀ ਦੀ ਮਿਠਾਈ ਲੈਣ ਲਈ ਕਾਹਲੇ ਸਾਂ। ਇਕ ਗੱਡੀ ਅਟਾਰੀ ਸਟੇਸ਼ਨ ਤੇ ਆ ਕੇ ਰੁਕੀ। ਇਹ ਇਕ 'ਟ੍ਰੇਨ ਟੂ ਪਾਕਿਸਤਾਨ' ਸੀ। ਜਿਵੇਂ ਅਸੀਂ ਟੁੱਟੇ ਭੱਜੇ ਤੇ ਥੱਕੇ ਹੋਏ ਅਟਾਰੀ ਅਪੜੇ ਸਾਂ, ਇਹ ਮੁਸਲਮਾਨ ਰਿਫਿਊਜੀ ਕੋਈ ਇਕ ਘੰਟੇ ਬਾਅਦ ਲਾਹੌਰ ਪਹੁੰਚਣ ਵਾਲੇ ਸਨ। ਇਹ ਵੀ ਕਿਸੇ ਹਨੇਰੇ ਤੋਂ

ਉਜਾਲੇ ਵੱਲ ਜਾ ਰਹੇ ਸਨ, ਠੀਕ ਸਾਡੇ ਵਾਂਗ। ਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਭੁੱਖੇ ਤੇ ਪਿਆਸੇ ਸਨ।

'ਭਾਈ ਸਾਹਬ, ਬਰਫ਼ੀ ਕੀ ਭਾਅ ਜੇ?' ਸਾਡੇ ਤੋਂ ਅੱਗੇ ਖੜੇ ਇਕ ਬੰਦੇ ਨੇ ਹਲਵਾਈ ਨੂੰ ਪੁਛਿਆ।

'ਚਾਰ ਰੁਪਏ ਸੇਰ', ਹਲਵਾਈ ਨੇ ਉੱਤਰ ਦਿੱਤਾ।

'ਤੇ ਬਾਲੂ ਸ਼ਾਹੀ?' ਉਸ ਮੁੜ ਪੁੱਛਿਆ।

'ਤਿਨ ਰੁਪਏ ਸੇਰ', ਉਸ ਨੂੰ ਜਵਾਬ ਮਿਲਿਆ।

'ਇਹ ਮਿਠਾਈ ਕਿਹੜੀ ਹੈ?' ਉਸ ਫਿਰ ਪੁਛਿਆ।

'ਪਲੰਘ ਤੋੜ! ਛੇ ਰੁਪਏ ਸੇਰ', ਹਲਵਾਈ ਨੇ ਕਿਹਾ।

'ਬਰਫ਼ੀ ਤੇ ਬਾਲੂ ਸ਼ਾਹੀ ਦੋ ਦੋ ਸੇਰ। ਤੇ ਇਹ ਜ਼ਰਾ ਚਖਾਓ।' ਗਾਹਕ ਨੇ ਕਿਹਾ। ਹਲਵਾਈ ਨੇ ਮਿਠਾਈਆਂ ਤੋਲਣੀਆਂ ਸ਼ੁਰੂ ਕਰ ਦਿੱਤੀਆਂ ਤੇ ਪਲੰਘ ਤੋੜ ਜਾਂ ਮਿਲਕ ਕੇਕ ਦਾ ਇਕ ਪੀਸ ਉਸ ਨੂੰ ਖਾਣ ਲਈ ਦੇ ਦਿੱਤਾ।

'ਅੱਲਾ! ਇਹ ਤਾਂ ਬੜਾ ਸਵਾਦ ਹੈ। ਇਹ ਵੀ ਦਿਓ ਦੋ ਸੇਰ!'

ਉਸ ਦੇ ਮੂੰਹ 'ਚੋਂ 'ਅੱਲਾ' ਦਾ ਸ਼ਬਦ ਦੋ-ਤਿੰਨ ਬੰਦਿਆਂ ਨੇ ਸੁਣ ਲਿਆ ਸੀ। ਉਹ ਉਸ ਉੱਪਰ ਝਪਟ ਪਏ ਕਿਉਂਕਿ ਉਹ ਮੁਸਲਮਾਨ ਸੀ ਤੇ 'ਟ੍ਰੇਨ ਟੂ ਪਾਕਿਸਤਾਨ' 'ਚੋਂ ਉਤਰ ਕੇ ਆਇਆ ਸੀ, ਭੁੱਖ ਦਾ ਮਾਰਿਆ। ਪਤਾ ਨਹੀਂ ਉਸ ਦੇ ਪਰਿਵਾਰ ਦੇ ਕਿੰਨੇ ਜੀਅ ਇਨ੍ਹਾਂ ਮਿਠਾਈਆਂ ਦੀ ਉਡੀਕ ਕਰ ਰਹੇ ਸਨ।

ਤਿੰਨਾਂ ਬੰਦਿਆਂ ਨੇ ਰਲ ਕੇ ਉਸ ਦਾ ਗਲਾ ਆਪਣੇ ਖ਼ੂਨੀ ਹੱਥਾਂ ਨਾਲ ਘੁਟਣਾ ਸ਼ੁਰੂ ਕਰ ਦਿੱਤਾ। ਉਹ ਸੜਕ ਤੇ ਡਿੱਗ ਪਿਆ ਤੇ ਉਹ ਉਸ ਦਾ ਗਲਾ ਘੁਟਦੇ ਰਹੇ। ਉਨ੍ਹਾਂ ਜ਼ਾਲਿਮਾਂ ਨੂੰ ਕਿਸੇ ਨੇ ਨਾ ਰੋਕਿਆ। ਉਹ ਫੜਫ ਰਿਹਾ ਸੀ ਪਰ ਉਸ ਦੀ ਕੋਈ ਮਦਦ ਨਹੀਂ ਸੀ ਕਰ ਰਿਹਾ।

'ਛੋੜੋ ਇਸ ਨੂੰ!' ਭਰਾਵਾਂ ਬਾਈ ਨੇ ਪਿੱਛੋਂ ਚੀਕ ਕੇ ਕਿਹਾ। ਪਰ ਉਹ ਤਾਂ ਤੜਫ਼ ਕੇ ਦਮ ਤੋੜ ਗਿਆ ਸੀ। ਉਸ ਦੀਆਂ ਮਿਠਾਈਆਂ ਤੁੱਲੀਆਂ ਪਈਆਂ ਸਨ। ਉਨ੍ਹਾਂ ਤਿੰਨ ਧਾੜਵੀਆਂ ਨੇ ਉਸ ਦੇ ਖੀਸੇ 'ਚੋਂ ਮਾਲ ਲੁੱਟ ਲਿਆ ਤੇ ਰਫ਼ੂ ਚੱਕਰ ਹੋ ਗਏ।

ਅੱਲਾ ਦਾ ਨਾਂ ਉਸ ਬੇਗੁਨਾਹ ਲਈ ਮੌਤ ਦਾ ਕਾਰਣ ਬਣ ਗਿਆ ਸੀ। ਆਪਣੇ ਅੱਖਾਂ ਸਾਹਮਣੇ ਹੋਈ ਇਹ ਦਰਦ ਭਰੀ ਮੌਤ ਮੈਨੂੰ ਭੁਲਦੀ ਹੀ ਨਹੀਂ। ਧਾਰਮਕ ਜਨੂਨ ਇਨਸਾਨ ਨੂੰ ਇੰਨਾ ਬੇਰਹਿਮ ਬਣਾ ਦਿੰਦਾ ਹੈ, ਇਹ ਮੈਂ ਆਪਣੇ ਬਚਪਨ ਵਿਚ ਪ੍ਰਤੱਖ ਵੇਖਿਆ ਸੀ। ਮੈਨੂੰ ਇੰਜ ਲਗਿਆ ਸੀ ਜਿਵੇਂ ਕੋਈ ਮੈਨੂੰ ਮਾਰ ਰਿਹਾ ਹੋਵੇ ਤੇ ਮੈਂ ਬੇਵੱਸ ਹੋਵਾਂ।

ਅਸੀਂ ਮਿਠਾਈ ਲਏ ਬਿਨਾ ਵਾਪਸ ਆ ਗਏ ਤੇ ਕੋਈ ਦੀਵਾਲੀ ਨਾ ਮਨਾਈ।

ਅੱਟਾਰੀ ਦੀ ਇਕ ਹੋਰ ਘਟਨਾ ਵੀ ਮੈਨੂੰ ਨਹੀਂ ਭੁਲਦੀ। ਮੈਂ ਬਿਹਾਰੀ ਲਾਲ ਨੂੰ ਮਿਲਣਾ ਚਾਹੁੰਦਾ ਸਾਂ। ਇਕ ਦਿਨ ਭਰਾਵਾਂ ਬਾਈ ਦੀ ਕੋਈ ਸਹੇਲੀ ਉਸ ਕੋਲ ਆਈ ਤੇ ਦੱਸਿਆ ਕਿ ਉਹ ਛਿਹਰਟੇ ਜਾ ਰਹੀ ਹੈ। ਮੈਂ ਜ਼ਿੱਦ ਕੀਤੀ ਕਿ ਮੈਂ ਵੀ ਛਿਹਰਟੇ ਜਾਣਾ ਹੈ ਜਿੱਥੇ ਬਿਹਾਰੀ ਲਾਲ ਕਿਸੇ ਚੱਕੀ ਤੇ ਕੰਮ ਕਰਦਾ ਹੈ। ਮੈਨੂੰ ਯਕੀਨ ਸੀ ਕਿ ਮੈਂ ਉਸ ਨੂੰ ਲਭ ਲਵਾਂ ਗਾ। ਮੈਂ ਉਸ ਔਰਤ ਨੂੰ ਮਾਸੀ ਕਹਿੰਦਾ ਸਾਂ ਤੇ ਮਾਸੀ ਮੈਨੂੰ ਗੱਡੀ ਰਾਹੀਂ ਛਿਹਰਟੇ ਲੈ ਆਈ। ਉਹ ਵੀ ਰਿਫ਼ਊਜੀ ਸੀ ਤੇ ਛਿਹਰਟੇ ਇਕ ਕੈਂਪ ਵਿਚ ਰਹਿ ਰਹੀ ਸੀ। ਮੈਂ ਉਸ ਕੋਲ ਇਕ ਹਫ਼ਤਾ ਰਿਹਾ ਤੇ ਰੋਜ਼ ਚੱਕੀਆਂ ਤੇ ਜਾ ਕੇ ਬਿਹਾਰੀ ਲਾਲ ਨੂੰ ਲਭਦਾ ਰਿਹਾ ਪਰ ਉਹ ਮੈਨੂੰ ਨਾ ਮਿਲਿਆ। ਆਖ਼ਿਰ ਮੈਂ ਤੰਗ ਆ ਗਿਆ ਤੇ ਮਾਸੀ ਨੂੰ ਕਿਹਾ ਕਿ ਉਹ ਮੈਨੂੰ ਅਟਾਰੀ ਛੱਡ ਆਏ। ਉਸ ਕਿਹਾ ਕਿ ਉਹ ਤਾਂ ਮਹੀਨੇ ਬਾਅਦ ਜਾਵੇ ਗੀ। ਮੈਂ ਉਸ ਕੋਲ ਰਹਿੰਦਿਆਂ ਤੰਗ ਆ ਗਿਆ ਸਾਂ ਤੇ ਇਕ ਦਿਨ ਉੱਥੋਂ ਭੱਜ ਗਿਆ। ਮੈਂ ਅਟਾਰੀ ਵਲ ਦਾ ਰੁੱਖ਼ ਕੀਤਾ। ਇੰਨਾ ਤਾਂ ਮੈਨੂੰ ਪਤਾ ਸੀ ਕਿ ਜੇ ਮੈਂ ਲਾਈਨੋ ਲਾਈਨ ਤੁਰਦਾ ਗਿਆ ਤਾਂ ਅਟਾਰੀ ਦਾ ਸਟੇਸ਼ਨ ਆ ਜਾਵੇ ਗਾ। ਤੇ ਸਟੇਸ਼ਨ ਤੋਂ ਘਰ ਜਾਣਾ ਮੇਰੇ ਲਈ ਔਖਾ ਨਹੀਂ ਸੀ। ਭਾਵੇਂ ਮੇਰੀ ਨਜ਼ਰ ਕੁਝ ਕਮਜ਼ੋਰ ਸੀ ਪਰ ਮੈਂ ਇਕ ਚੁਸਤ ਮੁੰਡਾ ਸਾਂ ਤੇ ਆਪਣਾ ਧਿਆਨ ਰੱਖ ਸਕਦਾ ਸਾਂ। ਸੋ ਮੈਂ ਛਿਹਰਟੇ ਤੋਂ ਅਟਾਰੀ ਲਈ ਰੇਲਵੇ ਲਾਈਨ ਦੇ ਨਾਲ ਪਦ ਯਾਤ੍ਰਾ ਤੇ ਰਵਾਨਾ ਹੋ ਪਿਆ।

ਰੇਲਵੇ ਲਾਈਨ ਦੇ ਦੋਵਾਂ ਪਾਸਿਆਂ ਤੇ ਕਿਸਾਨ ਖੇਤਾਂ ਵਿਚ ਕੰਮ ਕਰ ਰਹੇ ਸਨ। ਦੋਵੇਂ ਪਾਸੇ ਚੰਗੀ ਰੌਣਕ ਸੀ। ਮੈਂ ਆਪਣੀ ਚਾਲੇ ਤੁਰਦਾ ਰਿਹਾ ਦੇ ਕੋਈ ਇਕ-ਡੇਢ ਘੰਟੇ ਬਾਅਦ ਖ਼ਾਸਾ ਸਟੇਸ਼ਨ ਤੇ ਪੁੱਜ ਗਿਆ। ਦਿਨ ਦੇ ਕੋਈ ਬਾਰ੍ਹਾਂ ਵਜੇ ਸਨ ਤੇ ਮੈਨੂੰ ਬੜੀ ਭੁੱਖ ਲੱਗੀ ਹੋਈ ਸੀ। ਮੈਂ ਮਾਸੀ ਨੂੰ ਦੱਸੇ ਬਿਨਾਂ ਹੀ ਭੱਜ ਆਇਆ ਸਾਂ ਤੇ ਨਾਸ਼ਤਾ ਵੀ ਨਹੀਂ ਸੀ ਕੀਤਾ। ਸਟੇਸ਼ਨ ਦੇ ਨਾਲ ਦੋ ਟਾਹਲੀਆਂ ਦੇ ਥੱਲੇ ਕੁਝ ਔਰਤਾਂ ਲੋਹ ਉੱਤੇ ਰੋਟੀਆਂ ਪਕਾ ਰਹੀਆਂ ਸਨ। ਮੈਂ ਉਨ੍ਹਾਂ ਕੋਲ ਗਿਆ ਤੇ ਦੋ ਰੋਟੀਆਂ ਮੰਗੀਆਂ।

'ਜਾ ਕਾਕਾ ਜਾ, ਇਹ ਰੋਟੀਆਂ ਰਿਫ਼ਿਊਜੀਆਂ ਲਈ ਹਨ।' ਇਕ ਔਰਤ ਨੇ ਕਿਹਾ।

'ਮੈਂ ਵੀ ਰਿਫ਼ਿਊਜੀ ਹਾਂ।' ਮੈਂ ਤਰਲੇ ਭਰੀ ਆਵਾਜ਼ ਵਿਚ ਆਖਿਆ।

'ਨੀ ਦੇ ਦੇ ਦੋ ਰੋਟੀਆਂ। ਭੁੱਖਾ ਹੈ ਬਿਚਾਰਾ,' ਦੂਜੀ ਔਰਤ ਨੇ ਪਹਿਲੀ ਨੂੰ ਕਿਹਾ।

'ਪਰ ਦਾਲ ਤਾਂ ਅਜੇ ਬਣੀ ਨਹੀਂ,' ਪਹਿਲੀ ਨੇ ਕਿਹਾ।

'ਔਹ ਇਕ ਮੂਲੀ ਤੇ ਲੂਣ ਦੇ ਦੇ ਬਿਚਾਰੇ ਨੂੰ। ਆਪੇ ਖਾ ਲਵੇ ਗਾ।' ਦੂਜੀ ਨੇ ਆਖਿਆ।

ਉਨ੍ਹਾਂ ਮੈਨੂੰ ਮੂਲੀ ਤੇ ਲੂਣ ਦੇ ਨਾਲ ਦੋ ਰੋਟੀਆਂ ਦੇ ਦਿੱਤੀਆਂ ਤੇ ਮੈਂ ਇਕ ਟਾਹਲੀ ਥੱਲੇ ਬੈਠ ਕੇ ਆਪਣਾ ਲੰਚ ਕਰਨ ਲਗ ਗਿਆ। ਸ਼ਾਇਦ ਮੈਂ ਇੰਨੀ ਸਵਾਦ ਰੋਟੀ ਕਦੇ ਵੀ ਨਹੀਂ ਖਾਧੀ ਸੀ। ਰੋਟੀ ਖਾਣ ਤੋਂ ਬਾਅਦ ਮੈਂ ਨਲਕੇ ਤੇ ਜਾ ਕੇ ਪਾਣੀ ਪੀਤਾ। ਨਲਕਾ ਗੇੜਨ ਵਾਲਾ ਇਕ ਵਿਚਕਾਰਲੀ ਉਮਰ ਦਾ ਸਰਦਾਰ ਸੀ ਜਿਸ ਇਕ ਲੰਮੀ ਕਿਰਪਾਨ ਲਟਕਾਈ ਹੋਈ ਸੀ।

'ਕਿੱਥੇ ਜਾਣਾ ਏ ਕਾਕਾ ਤੂੰ?' ਉਸ ਪੁੱਛਿਆ।

'ਅਟਾਰੀ', ਮੈਂ ਜਵਾਬ ਦਿੱਤਾ।

'ਕੌਣ ਏ ਉੱਥੇ ਤੇਰਾ?' ਉਸ ਫਿਰ ਪੁੱਛਿਆ।

'ਮੇਰੀ ਮਾਂ, ਭਰਾ, ਤੇ ਭੈਣਾਂ। ਸਾਡਾ ਘਰ ਏ ਉੱਥੇ।' ਮੈਂ ਦੱਸਿਆ।

'ਤੂੰ ਤੇ ਮਾਈਆਂ ਨੂੰ ਕਿਹਾ ਸੀ ਕਿ ਤੂੰ ਰਿਫ਼ਿਊਜੀ ਏਂ।' ਉਸ ਸਵਾਲ ਕੀਤਾ।

'ਹਾਂ ਅਸੀਂ ਰਿਫ਼ਿਊਜੀ ਹਾਂ। ਪਾਕਿਸਤਾਨ ਤੋਂ ਆਏ ਹਾਂ। ਮੇਰੀ ਮਾਂ ਅਟਾਰੀ ਨਰਸ ਲੱਗੀ ਹੋਈ ਹੈ।' ਮੈਂ ਉਸ ਨੂੰ ਪੂਰੇ ਆਤਮ ਵਿਸ਼ਵਾਸ ਨਾਲ ਆਖਿਆ।

'ਕਾਕਾ, ਤੂੰ ਝੂਠ ਬੋਲ ਰਿਹਾ ਏਂ। ਤੂੰ ਮੁਸਲਮਾਨ ਏਂ ਤੇ ਵਾਘੇ ਜਾ ਰਿਹਾ ਏਂ। ਤੂੰ ਰਸਤੇ ਵਿਚ ਮਾਰਿਆ ਜਾਵੇਂ ਗਾ। ਮੇਰੇ ਨਾਲ ਪਿੰਡ ਚਲ। ਸਾਡੇ ਪਸ਼ੂਆਂ ਨੂੰ ਪੱਠੇ ਪਾ ਦਿਆਂ ਕਰੀਂ। ਅਸੀਂ ਤੈਨੂੰ ਪਾਲ ਲਵਾਂ ਗੇ।' ਉਸ ਸਲਾਹ ਦਿੱਤੀ।

'ਨਹੀਂ ਮੈਂ ਤਾਂ ਹਿੰਦੂ ਹਾਂ। ਮੇਰਾ ਘਰ ਏ ਅਟਾਰੀ।' ਮੈਂ ਡਰ ਕੇ ਉਸ ਤੋਂ ਪਰੇ ਹੋ ਗਿਆ ਤੇ ਰੇਲਵੇ ਲਾਈਨ ਦੇ ਨਾਲ ਆਪਣੇ ਸਫ਼ਰ ਤੇ ਤੁਰ ਪਿਆ।

'ਚਲ ਬੱਚੂ, ਮੈਂ ਵੀ ਅਟਾਰੀ ਜਾਣਾ ਏਂ।' ਉਹ ਬੰਦਾ ਮੇਰੇ ਪਿੱਛੇ ਪਿੱਛੇ ਆਉਣ ਲਗ ਪਿਆ।

ਮੈਂ ਹੋਰ ਡਰ ਗਿਆ ਤੇ ਆਪਣੀ ਚਾਲ ਵਿਚ ਤੇਜ਼ੀ ਲੈ ਆਂਦੀ। ਉਹ ਮੇਰੇ ਤੋਂ ਲਗਭਗ ਪੰਜਾਹ ਮੀਟਰ ਪਿੱਛੇ ਸੀ ਤੇ ਮੇਰੇ ਵਾਂਗ ਤੇਜ਼ ਨਹੀਂ ਸੀ ਤੁਰ ਸਕਦਾ। ਇਨਾ ਫ਼ਾਸਲਾ ਮੈਂ ਬਣਾਈ ਰਖਿਆ ਪਰ ਉਸ ਨੇ ਵੀ ਮੇਰਾ ਪਿੱਛਾ ਨਾ ਛੱਡਿਆ। ਖ਼ਾਸੇ ਤੋਂ ਅਗਲਾ ਸਟੇਸ਼ਨ ਸੀ ਗੁਰੂ ਸਤ ਸਤਲਾਣੀ। ਮੇਰਾ ਜੀਅ ਕਿ ਸਟੇਸ਼ਨ ਦੇ ਨਲਕੇ ਤੋਂ ਪਾਣੀ ਪੀ ਲਵਾਂ ਪਰ ਮੈਂ ਨਾ ਰੁਕਿਆ। ਮੈਨੂੰ ਡਰ ਸੀ ਕਿ ਉਹ ਸਰਦਾਰ ਮੈਨੂੰ ਫੜ ਲਏ ਗਾ। ਇਸ ਲਈ ਮੈਂ ਉਸੇ ਚਾਲੇ ਤੁਰਦਾ ਰਿਹਾ। ਰੇਲਵੇ ਲਾਈਨ ਦੇ ਦੋਵੇਂ ਪਾਸੇ ਸੁਨਸਾਨ ਛਾਈ ਹੋਈ ਸੀ–ਨਾ ਕੋਈ ਬੰਦਾ ਨਾ ਪਰਿੰਦਾ। ਦੂਰ ਦੂਰ ਤਕ ਕੋਈ ਆਦਮੀ ਨਹੀਂ ਸੀ ਦਿਸਦਾ। ਬਸ ਮੈਂ ਸਾਂ ਤੇ ਮੇਰੇ ਪਿੱਛੇ ਆਉਂਦਾ ਹੋਇਆ ਸਰਦਾਰ ਜਿਸ ਨੇ ਮੈਨੂੰ ਪਕੜਨ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। ਅਚਾਨਕ ਮੇਰੇ ਖੱਬੇ ਪਾਸਿਓਂ ਮੈਨੂੰ ਚਾਰ ਬੰਦੇ ਦੌੜਦੇ ਹੋਏ ਆਪਣੇ ਵਲ ਆਉਂਦੇ ਦਿੱਸੇ। ਉਨ੍ਹਾਂ ਦੇ ਕੋਲ ਹਥਿਆਰ ਸਨ - ਕਿਸੇ ਕੋਲ ਕਿਰਪਾਨ, ਕਿਸੇ ਕੋਲ ਬਰਛਾ, ਤੇ ਕਿਸੇ ਕੋਲ ਟਕੂਆ। ਮੈਂ ਦੌੜਨਾ ਸ਼ੁਰੂ ਕਰ ਦਿੱਤਾ ਤੇ ਉਸ ਸਰਦਾਰ ਨੇ ਵੀ ਆਪਣੀ ਚਾਲ ਤੇਜ਼ ਕਰ ਲਈ। ਕੁਝ ਹੀ ਪਲਾਂ ਵਿਚ ਉਹ ਚਾਰੇ ਬੰਦੇ ਮੇਰੇ ਕੋਲ ਪਹੁੰਚ ਗਏ ਤੇ ਮੇਰੇ ਤੇ ਵਾਰ ਕਰਨ ਲਈ ਆਪਣੇ ਹਥਿਆਰ ਉੱਪਰ ਚੁੱਕ ਲਏ।

'ਓਏ ਨਾ ਮਾਰਿਓ! ਨਾ ਮਾਰਿਓ!! ਇਹ ਹਿੰਦੂ ਹੈ!!!' ਮੇਰੇ ਪਿੱਛੇ ਸਰਦਰ ਨੇ ਚੀਕ ਕੇ ਕਿਹਾ ਤੇ ਸਾਡੇ ਨੇੜੇ ਪਹੁੰਚ ਗਿਆ। ਚਾਰਾਂ ਬੰਦਿਆਂ ਨੇ ਆਪਣੇ ਵਾਰ ਰੋਕ ਲਏ।

'ਇਹ ਤਾਂ ਮੁਸਲਮਾਨ ਏ। ਵੇਖਦਾ ਨਹੀਂ ਇਹ ਵਾਘੇ ਵੱਲ ਜਾ ਰਿਹਾ ਏ।' ਉਨ੍ਹਾਂ ਵਿੱਚੋਂ ਇਕ ਨੇ ਕਿਹਾ।

'ਪਰ ਇਹਦੀ ਪੜਤਾਲ ਤਾਂ ਕਰ ਲਵੋ। ਐਵੇਂ ਬੇਕਸੂਰਾ ਹੀ ਨਾ ਮਾਰਿਆ ਜਾਏ।' ਸਰਦਾਰ ਨੇ ਦਲੀਲ ਦਿੱਤੀ।

'ਕੀ ਸਬੂਤ ਏ ਕਿ ਤੂੰ ਹਿੰਦੂ ਏਂ?' ਦੂਜੇ ਬੰਦੇ ਨੇ ਮੈਨੂੰ ਪੁਛਿਆ।

'ਮੈਂ ਆਪਣਾ ਸੱਜਾ ਹੱਥ ਅੱਗੇ ਕਰ ਦਿੱਤਾ ਤੇ ਇਸ ਦੇ ਪਿਛਲੇ ਪਾਸੇ ਹਿੰਦੀ ਵਿਚ ਉਕਰਿਆ ਹੋਇਆ ਸ਼ਬਦ 'ਓਮ' ਵਿਖਾਇਆ। ਬਚਪਨ ਵਿਚ ਮੈਂ ਤੇ ਈਸ਼ਵਰ ਨੇ ਕਿਸੇ ਮੇਲੇ ਵਿਚ ਇਹ ਅੱਖਰ ਉਕਰਵਾਏ ਸਨ। ਮੈਂ ਸੋਚਿਆ ਮੇਰੇ ਹਿੰਦੂ ਹੋਣ ਦਾ ਇਹ ਸਰਟੀਫ਼ਿਕੇਟ ਕਾਫ਼ੀ ਮੰਨਣ-ਯੋਗ ਸੀ। ਮੈਂ ਆਪਣੀ ਬਾਂਹ ਦੇ ਲਿਖੇ ਅੱਖਰ ਐਸ.ਐਨ. ਵੀ ਵਿਖਾਏ ਜਿਨ੍ਹਾਂ ਦਾ ਮਤਲਬ ਸੀ 'ਸਤਿਆ ਨੰਦ' ਪਰ ਉਨ੍ਹਾਂ ਨੂੰ ਯਕੀਨ ਨਾ ਆਇਆ। ਸਰਦਾਰ ਉਨ੍ਹਾਂ ਸਾਰਿਆਂ ਤੋਂ ਉਮਰ ਵਿਚ ਵੱਡਾ ਸੀ ਤੇ ਸਿਆਣਾ ਸੀ। ਉਸ ਸਲਾਹ ਦਿੱਤੀ ਕਿ ਮੈਨੂੰ ਨੰਗਾ ਕਰ ਵੇਖਿਆ ਜਾਏ। ਉਨ੍ਹਾਂ ਮੈਨੂੰ ਆਪਣਾ ਪਾਜਾਮਾ ਤੇ ਕੱਛਾ ਉਤਰਾਣ ਲਈ ਕਿਹਾ। ਮੈਂ ਡਰਦਾ ਸਾਂ ਤੇ ਕਪੜੇ ਲਾਹੁਣ ਤੋਂ ਸੰਕੋਚ ਕਰ ਰਿਹਾ ਸਾਂ। ਸਰਦਾਰ ਨੇ ਮੈਨੂੰ ਹੌਂਸਲਾ ਦਿੱਤਾ ਤੇ ਕਪੜੇ ਲਾਹੁਣ ਲਈ ਕਿਹਾ। ਤੇ ਮੈਂ ਆਪਣਾ ਪਾਜਾਮਾ ਤੇ ਕੱਛਾ ਲਾਹ ਦਿੱਤੇ। ਮੇਰੇ ਹਿੰਦੂ ਹੋਣ ਦਾ ਸਬੂਤ ਉਨ੍ਹਾਂ ਦੇ ਸਾਹਮਣੇ ਸੀ। ਮੇਰੀ ਸੁੰਨਤ ਨਹੀਂ ਸੀ ਹੋਈ ਹੋਈ। ਉਹ ਚਾਰੇ ਜਣੇ ਜ਼ੋਰ ਦੀ ਹੱਸ ਪਏ ਤੇ ਮੈਨੂੰ ਜ਼ਿੰਦਾ ਛੱਡ ਕੇ ਚਲੇ ਗਏ। ਜਿਸ ਸਰਦਾਰ ਨੂੰ ਮੈਂ ਆਪਣਾ ਕਾਲ ਸਮਝ ਰਿਹਾ ਸਾਂ, ਉਹੀ ਮੇਰੀ ਜ਼ਿੰਦਗੀ ਬਚਾਉਣ ਵਾਲਾ ਫ਼ਰਿਸ਼ਤਾ ਸਾਬਿਤ ਹੋਇਆ ਸੀ। ਹੁਣ ਮੈਨੂੰ ਉਸ ਤੋਂ ਡਰ ਨਹੀਂ ਸੀ ਲਗ ਰਿਹਾ ਤੇ ਅਸੀਂ ਇਕੱਠੇ ਹੀ ਅਟਾਰੀ ਆਏ। ਮੈਂ ਉਸ ਨੂੰ ਆਪਣੇ ਘਰ ਲੈ ਆਇਆ।

ਜਦੋਂ ਭਰਾਵਾਂ ਬਾਈ ਨੂੰ ਸਾਰੀ ਕਹਾਣੀ ਦਾ ਪਤਾ ਲੱਗਾ ਤਾਂ ਉਸ ਨੇ ਸਰਦਾਰ ਦਾ ਬਹੁਤ ਸ਼ੁਕਰੀਆ ਅਦਾ ਕੀਤਾ। ਮੈਨੂੰ ਛਿਹਰਟੇ ਤੋਂ ਭੱਜ ਕੇ ਆਉਣ ਲਈ ਥੱਪੜ ਵੀ ਪਏ ਪਰ ਸਰਦਾਰ ਨੇ ਮੇਰੀ ਦਲੇਰੀ ਦੀ ਸਰਾਹਨਾ ਕੀਤੀ ਕਿ ਮੈਂ ਇੰਨੇ ਲੰਮੇ ਸਫ਼ਰ ਤੇ ਇਕੱਲਾ ਹੀ ਤੁਰ ਪਿਆ ਸਾਂ। ਈਸ਼ਵਰ ਤੇ ਕੱਲੋ ਮੈਨੂੰ ਮਿਲ ਕੇ ਬਹੁਤ ਖ਼ੁਸ਼ ਹੋਈਆਂ ਪਰ ਦਇਆ ਨੰਦ ਮੇਰੇ ਨਾਲ ਨਾਰਾਜ਼ ਸੀ ਕਿ ਮੈਂ ਇਹ ਗ਼ਲਤੀ ਕਿਉਂ ਕੀਤੀ ਸੀ। ਜੇ ਉਹ ਸਰਦਾਰ ਨਾ ਹੁੰਦਾ ਤਾਂ ਕੁਝ ਵੀ ਹੋ ਸਕਦਾ ਸੀ। ਉਸ ਰਾਤ ਉਹ ਸਾਡੇ ਘਰ ਹੀ ਰਿਹਾ ਤੇ ਦੂਜੇ ਦਿਨ ਅਸੀਂ ਉਸ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਵਿਦਾ ਕੀਤਾ।

# ਅੰਮ੍ਰਿਤਸਰ ਸਾਡਾ ਘਰ

ਅਸੀਂ ਦੋ ਕੁ ਮਹੀਨੇ ਅਟਾਰੀ ਰਹੇ ਤੇ ਫਿਰ ਭਰਾਵਾਂ ਬਾਈ ਦੀ ਤਬਦੀਲੀ ਅੰਮ੍ਰਿਤਸਰ ਹੋ ਗਈ। ਕਚਹਿਰੀ ਰੋਡ ਤੇ ਆਗ਼ਾ ਖ਼ਾਂ ਦੀ ਸਰਾਂ ਵਿਚ ਇਕ ਰਿਫ਼ਊਜੀ ਕੈਂਪ ਬਣਿਆ ਹੋਇਆ ਸੀ ਜਿਹੜਾ ਸਿਰਫ਼ ਔਰਤਾਂ ਤੇ ਬੱਚਿਆਂ ਲਈ ਸੀ। ਇਸ ਕੈਂਪ ਵਿਚ ਭਰਾਵਾਂ ਬਾਈ ਨੇ ਦੋ ਤਿੰਨ ਮਹੀਨੇ ਕੰਮ ਕੀਤਾ ਤੇ ਫਿਰ ਉਸ ਦੀ ਤਬਦੀਲੀ ਸ਼ਰੀਫ਼ ਪੁਰਾ ਕੈਂਪ ਵਿਚ ਕਰ ਦਿੱਤੀ ਗਈ। ਇਨ੍ਹਾਂ ਦਿਨਾਂ ਵਿਚ ਦਇਆ ਨੰਦ ਤੇ ਮੈਂ ਰੋਜ਼ ਸਵੇਰੇ ਨਿਕਲ ਜਾਂਦੇ ਤੇ ਅੰਮ੍ਰਿਤਸਰ ਦੀਆਂ ਸੜਕਾਂ ਤੇ ਘੁੰਮਦੇ ਰਹਿੰਦੇ। ਇਕ ਦਿਨ ਅਸੀਂ ਬਿਹਾਰੀ ਲਾਲ ਨੂੰ ਵੀ ਲਭ ਲਿਆ। ਉਹ ਪੁਤਲੀ ਘਰ ਵਿਚ ਇਕ ਆਟੇ ਦੀ ਚੱਕੀ ਤੇ ਕੰਮ ਕਰਦਾ ਸੀ। ਉਹ ਵੀ ਸਾਨੂੰ ਮਿਲ ਕੇ ਬਹੁਤ ਖ਼ੁਸ਼ ਹੋਇਆ। ਜਿੰਨੀ ਦੇਰ ਅਸੀਂ ਸਰਾਏ ਆਗ਼ਾ ਖ਼ਾਂ ਰਹੇ, ਅਸੀਂ ਤਕਰੀਬਨ ਰੋਜ਼ ਉਸ ਕੋਲ ਆ ਜਾਂਦੇ। ਜਦੋਂ ਅਸੀਂ ਸ਼ਰੀਫ਼ ਪੁਰਾ ਚਲੇ ਗਏ ਤਾਂ ਇਹ ਆਵਾਜਾਈ ਘਟ ਗਈ ਕਿਉਂਕਿ ਸ਼ਰੀਫ਼ਪੁਰਾ ਪੁਤਲੀ ਘਰ ਤੋਂ ਕਾਫ਼ੀ ਦੂਰ ਪੈਂਦਾ ਸੀ। ਇਨ੍ਹਾਂ ਦਿਨਾਂ ਵਿਚ ਸਾਨੂੰ ਅੰਮ੍ਰਿਤਸਰ ਦੀਆਂ ਸੜਕਾਂ, ਗਲੀਆਂ, ਮੁਹੱਲਿਆਂ, ਤੇ ਉੱਘੀਆਂ ਥਾਵਾਂ ਦੀ ਬੜੀ ਵਾਕਫ਼ੀ ਹੋ ਗਈ। ਇਕ ਦਿਨ ਭਰਾਵਾਂ ਬਾਈ ਆਪਣੇ ਚਾਰੇ ਬੱਚਿਆਂ ਨੂੰ ਲੈ ਕੇ ਦਰਬਾਰ ਸਾਹਿਬ ਵੀ ਗਈ ਜਿੱਥੇ ਅਸੀਂ ਮੱਥਾ ਟੇਕਿਆ। ਸਾਡੇ ਲਈ ਇਹ ਯਾਤਰਾ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ। ਸਾਨੂੰ ਦਰਬਾਰ ਸਾਹਿਬ ਲਿਜਾਣ ਲਈ ਸਰਦਾਰ ਦੀਵਾਨ ਸਿੰਘ ਨੇ ਸਾਡੀ ਮਦਦ ਤੇ ਅਗਵਾਈ ਕੀਤੀ। ਉਹ ਸਾਨੂੰ ਸ਼ਰੀਫ਼ਪੁਰੇ ਕੈਂਪ ਵਿਚ ਮਿਲਿਆ ਸੀ ਜਿੱਥੇ ਉਸ ਦੀ ਆਪਣੀ ਬੀਵੀ ਤੇ ਬੱਚੇ ਠਹਿਰੇ ਹੋਏ ਸਨ। ਉਹ ਕਿੱਤੇ ਵਜੋਂ ਡਰਾਈਵਰ ਸੀ ਤੇ ਉਸ ਨੂੰ ਵੀ ਕੈਂਪ ਵਿਚ ਨੌਕਰੀ ਮਿਲ ਗਈ ਸੀ। ਰਸਤੇ ਵਿਚ ਅਸੀਂ ਰਾਣੀ ਵਿਕਟੋਰੀਆ ਦਾ ਬੁੱਤ ਵੀ ਵੇਖਿਆ ਜਿਹੜਾ ਹੁਣ ਹਟਾ ਦਿੱਤਾ ਗਿਆ ਹੈ। ਹਾਲ ਬਾਜ਼ਾਰ ਤਾਂ ਅਸੀਂ ਕਈ ਵਾਰ ਚਲੇ ਜਾਂਦੇ ਸਾਂ। ਦਇਆ ਨੰਦ ਨੂੰ ਸ਼ਰੀਫ਼ਪੁਰੇ ਚਾਲ੍ਹੀ ਰੁਪਏ ਮਹੀਨੇ ਤੇ ਇਕ ਨੌਕਰੀ ਮਿਲ ਗਈ। ਕੰਮ ਤਾਂ ਇਹ ਮਜ਼ਦੂਰੀ ਦਾ ਹੀ ਸੀ। ਇਕ ਗੁਦਾਮ ਵਿਚ ਡੱਬੇ ਤੇ ਬੋਰੀਆਂ ਚੁਕ ਕੇ ਰੱਖਣਾ, ਰੇੜ੍ਹਿਆਂ ਤੇ ਗੱਡਿਆਂ ਤੇ ਲੱਦਣਾ, ਤੇ ਗੁਦਾਮ ਵਿਚ ਪਏ ਮਾਲ ਤੇ ਗੁਦਾਮ ਦੀ ਰਾਖੀ ਕਰਨਾ। ਤਨਖ਼ਾਹ ਘਰ ਦੇਣ ਤੋਂ ਬਾਅਦ ਦਇਆ ਨੰਦ ਨੂੰ ਦਸ ਰੁਪਏ ਖ਼ਰਚਣ ਨੂੰ ਮਿਲ ਜਾਂਦੇ ਜਿਸ ਨਾਲ ਅਸੀਂ ਦੋਵੇਂ ਭਰਾ ਐਸ਼ ਕਰਦੇ। ਉਦੋਂ ਇਕ ਰੁਪਏ ਦੇ ਸੋਲ੍ਹਾਂ ਆਨੇ ਹੁੰਦੇ ਸਨ, ਇਕ ਆਨੇ ਦੇ ਦੋ ਟਕੇ ਜਾਂ ਚਾਰ ਪੈਸੇ। ਦੁਆਨੀ ਦੀ ਇਕ ਸੋਢੇ ਦੀ ਬੋਤਲ ਮਿਲ ਜਾਂਦੀ ਸੀ ਤੇ ਚਵਾਨੀ ਦਾ ਇਕ ਕੜੇ ਵਾਲਾ ਗਿਲਾਸ ਦੁੱਧ ਜਾਂ ਮਿੱਠੀ

ਲੱਸੀ ਦਾ ਜਿਸ ਵਿਚ ਅਸੀਂ ਮਲਾਈ ਜ਼ਰੂਰ ਪਵਾ ਲੈਂਦੇ ਸਾਂ। ਅੰਮ੍ਰਿਤਸਰੀਆਂ ਨਾਲ ਸਾਡੀ ਜਾਣ ਪਛਾਣ ਬਚਪਨ ਵਿਚ ਹੋ ਗਈ ਤੇ ਸਾਨੂੰ ਅੰਮ੍ਰਿਤਸਰ ਵੀ ਆਪਣਾ ਘਰ ਜਾਪਣ ਲਗ ਪਿਆ।

ਨਵਾਂ ਸਾਲ 1948 ਸ਼ੁਰੂ ਹੋ ਗਿਆ ਸੀ। ਉਦੋਂ ਅਸੀਂ ਸ਼ਰੀਫ਼ਪੁਰੇ ਵਿਚ ਹੀ ਸਾਂ। ਇਸ ਸਾਲ 30 ਜਨਵਰੀ ਨੂੰ ਮਹਾਤਮਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ। ਅਸੀਂ ਲੋਕਾਂ ਦੀ ਭੀੜ ਨੂੰ ਸੜਕਾਂ ਤੇ ਆਉਂਦਿਆਂ ਵੇਖਿਆ। ਇਸ ਘਟਨਾ ਕਾਰਣ ਸਾਰੇ ਦੇਸ਼ ਵਿਚ ਜਲੂਸ ਨਿਕਲਣੇ ਸ਼ੁਰੂ ਹੋ ਗਏ ਸਨ। ਅੰਮ੍ਰਿਤਸਰ ਵੀ 'ਮਹਾਤਮਾ ਗਾਂਧੀ : ਅਮਰ ਰਹੇ' ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਅਸੀਂ ਗਾਂਧੀ, ਨਹਿਰੂ, ਜਿੰਨਾਹ, ਜੈ ਪ੍ਰਕਾਸ਼ ਨਾਰਾਇਣ, ਸੁਭਾਸ਼ ਚੰਦਰ ਬੋਸ ਆਦਿ ਲੀਡਰਾਂ ਦੇ ਨਾਂ ਸੁਣੇ ਹੋਏ ਸਨ ਭਾਵੇਂ ਸਾਨੂੰ ਉਨ੍ਹਾਂ ਦੀ ਸਿਆਸਤ ਬਾਰੇ ਬਹੁਤਾ ਗਿਆਨ ਨਹੀਂ ਸੀ। ਪਰ ਮਹਾਤਮਾ ਗਾਂਧੀ ਤਾਂ ਬਹੁਤ ਮਸ਼ਹੂਰ ਲੀਡਰ ਸੀ। ਸਾਨੂੰ ਸਮਝ ਨਹੀਂ ਸੀ ਆਉਂਦੀ ਕਿ ਆਖ਼ਿਰ ਕਿਸੇ ਹਤਿਆਰੇ ਨੇ ਇਕ ਅਹਿੰਸਾਵਾਦੀ ਸੰਤ ਨੂੰ ਕਿਉਂ ਮਾਰ ਦਿੱਤਾ ਸੀ। ਭਰਾਵਾਂ ਬਾਈ ਵੀ ਇਸ ਘਟਨਾ ਤੋਂ ਬਹੁਤ ਦੁਖੀ ਹੋਈ ਸੀ ਪਰ ਉਸ ਨੇ ਬੱਚਿਆਂ ਨੂੰ ਜਲਸੇ ਜਲੂਸਾਂ ਤੋਂ ਦੂਰ ਰਹਿਣ ਦੀ ਹੀ ਹਿਦਾਇਤ ਕੀਤੀ ਸੀ। ਉਸ ਦਿਨ ਮੇਰੇ ਹੱਥ ਕੋਈ ਉਰਦੂ ਅਖ਼ਬਾਰ ਆ ਗਿਆ ਜਿਸ ਵਿਚ ਕਿਸੇ ਸ਼ਾਇਰ ਦੀ ਇਕ ਨਜ਼ਮ ਛਪੀ ਸੀ : 'ਯਿਤ ਤੇਰਾ ਕੈਸਾ ਰੂਪ ਬਸੰਤ'। ਸ਼ਾਇਦ ਉਹ ਦਿਨ ਬਸੰਤ ਦਾ ਸੀ ਜਦੋਂ ਗਾਂਧੀ ਜੀ ਦੀ ਹੱਤਿਆ ਹੋਈ ਸੀ। ਇਸ ਘਟਨਾ ਤੋਂ ਇਕ ਹਫਤੇ ਬਾਅਦ ਭਰਾਵਾਂ ਬਾਈ ਦੀ ਤਬਦੀਲੀ ਰਿਫ਼ਿਊਜੀ ਕੈਂਪ ਖੇਮਕਰਨ ਕਰ ਦਿੱਤੀ ਗਈ। ਭਰਾਵਾਂ ਬਾਈ ਬੱਚਿਆਂ ਸਣੇ ਉਥੇ ਚਲੀ ਤਾਂ ਗਈ ਪਰ ਉਸ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਰਿਫ਼ਿਊਜੀ ਕੈਂਪਾਂ ਵਿਚ ਨੌਕਰੀ ਨਾਲ ਉਸ ਦੇ ਬੱਚੇ ਬਾਕਾਇਦਾ ਤੌਰ ਤੇ ਪੜ੍ਹ ਨਹੀਂ ਸਕਣ ਗੇ। ਇਸ ਲਈ ਖੇਮਕਰਨ ਜਾਣ ਤੋਂ ਪਹਿਲੋਂ ਉਹ ਸਿਵਲ ਸਰਜਨ ਨੂੰ ਮਿਲੀ ਤੇ ਬੇਨਤੀ ਕੀਤੀ ਕਿ ਉਸ ਨੂੰ ਕਿਧਰੇ ਪੱਕੀ ਨੌਕਰੀ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਸਕੇ। ਸਿਵਲ ਸਰਜਨ ਨੇ ਉਸ ਨੂੰ ਯਕੀਨ ਦਿਵਾਇਆ ਕਿ ਉਸ ਨੂੰ ਅਗਲੀ ਵਾਰੀ ਕਿਸੇ ਪੱਕੀ ਥਾਂ ਤੇ ਭੇਜਿਆ ਜਾਵੇ ਗਾ। ਇਸ ਤਰ੍ਹਾਂ ਅਸੀਂ ਖੇਮਕਰਨ ਵੀ ਦੋ ਤਿੰਨ ਮਹੀਨੇ ਬਿਤਾਏ। ਹਰ ਕੈਂਪ ਵਿਚ ਇਕ ਡਾਕਟਰ, ਇਕ ਕੰਪਾਊਡਰ, ਤੇ ਇਕ ਨਰਸ ਦੀ ਡਿਊਟੀ ਲਗਦੀ ਪਰ ਖੇਮ ਕਰਨ ਕੈਂਪ ਵਿਚ ਨਰਸ ਤੋਂ ਇਲਾਵਾ ਹੋਰ ਕੋਈ ਨਹੀਂ ਸੀ। ਇਕ ਡਾਕਟਰ ਹਫ਼ਤੇ ਤੋਂ ਬਾਅਦ ਆ ਜਾਂਦਾ ਤੇ ਖ਼ਾਸ ਬੀਮਾਰਾਂ ਨੂੰ ਵੇਖ ਜਾਂਦਾ ਸੀ। ਕੈਂਪ ਹਸਪਤਾਲ ਦਾ ਬਹੁਤਾ ਕੰਮ ਭਰਾਵਾਂ ਬਾਈ ਨੂੰ ਹੀ ਕਰਨਾ ਪੈਂਦਾ ਜੋ ਉਹ ਬਖ਼ੂਬੀ ਨਿਭਾ ਲੈਂਦੀ ਸੀ। ਮਹੀਨੇ ਵਿਚ ਇਕ ਵਾਰ ਸਿਵਲ ਸਰਜਨ ਆਪ ਮੁਆਇਨੇ ਤੇ ਆਉਂਦਾ ਸੀ। ਇਸ ਵਾਰੀ ਜਦੋਂ ਉਹ ਖੇਮਕਰਨ ਆਇਆ ਤਾਂ ਭਰਾਵਾਂ ਬਾਈ ਨੇ ਫਿਰ ਬੇਨਤੀ ਕੀਤੀ ਕਿ ਉਸ ਨੂੰ ਕਿਸੇ ਹਸਪਤਾਲ ਵਿਚ ਪੱਕੇ ਤੌਰ ਤੇ ਲਾਇਆ ਜਾਵੇ। ਸਿਵਲ ਸਰਜਨ ਨੇ ਆਪਣੇ ਕਲਰਕ ਨੂੰ ਖ਼ਾਲੀ ਥਾਵਾਂ ਬਾਰੇ ਪੁੱਛਿਆ ਤਾਂ ਉਸ ਦੱਸਿਆ ਕਿ ਬਿਆਸ ਦੀ ਡਿਸਪੈਂਸਰੀ ਵਿਚ ਇਕ ਪੋਸਟ ਖ਼ਾਲੀ ਸੀ। ਸਿਵਲ ਸਰਜਨ ਭਰਾਵਾਂ

ਬਾਈ ਦੇ ਕੰਮ ਨੂੰ ਅਟਾਰੀ ਤੋਂ ਹੀ ਜਾਣਦਾ ਸੀ ਤੇ ਉਸ ਦੀ ਲਗਨ ਤੇ ਮਿਹਨਤ ਦੀ ਤਾਰੀਫ਼ ਕਰਿਆ ਕਰਦਾ ਸੀ। ਆਖ਼ਿਰ ਇਕ ਦਿਨ ਭਰਾਵਾਂ ਬਾਈ ਨੂੰ ਅੰਮ੍ਰਿਤਸਰ ਤੋਂ ਆਰਡਰ ਆ ਹੀ ਗਿਆ ਕਿ ਉਸ ਦੀ ਤਬਦੀਲੀ ਬਿਆਸ ਕਰ ਦਿੱਤੀ ਗਈ ਹੈ।

ਸਾਡੇ ਲਈ ਸਾਰਾ ਹਿੰਦੁਸਤਾਨ ਹੀ ਇਕ ਨਵਾਂ ਮੁਲਕ ਸੀ। ਕਿਧਰੇ ਤਾਂ ਪੱਕਾ ਟਿਕਾਣਾ ਬਣਾਉਣਾ ਹੀ ਸੀ। ਭਰਾਵਾਂ ਬਾਈ ਦੇ ਸਾਰੇ ਰਿਸ਼ਤੇਦਾਰ ਅੰਬਾਲਾ, ਕਰਨਾਲ, ਰੋਹਤਕ, ਜਾਂ ਪਾਣੀਪਤ ਚਲੇ ਗਏ ਸਨ ਪਰ ਉਸ ਨੂੰ ਉਨ੍ਹਾਂ ਕੋਲੋਂ ਕਿਸੇ ਤਰ੍ਹਾਂ ਦੀ ਮਦਦ ਦੀ ਉਮੀਦ ਨਹੀਂ ਸੀ। ਕਈਆਂ ਦਾ ਤਾਂ ਪਤਾ ਹੀ ਨਹੀਂ ਸੀ ਕਿ ਕਿੱਥੇ ਹਨ। ਭਰਾਵਾਂ ਬਾਈ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਬਿਆਸ ਹੀ ਵੱਸ ਜਾਣ ਦਾ ਮਨ ਬਣਾ ਲਿਆ। ਉਸ ਨੂੰ ਇਕ ਕੈਂਪ ਤੋਂ ਦੂਜੇ ਕੈਂਪ ਜਾਣ ਲਈ ਸਰਕਾਰੀ ਵੈਨ ਮਿਲ ਜਾਂਦੀ ਸੀ ਜਿਸ ਨੂੰ ਦੀਵਾਨ ਸਿੰਘ ਚਲਾਉਂਦਾ ਸੀ। ਬਿਆਸ ਜਾਣ ਲਈ ਵੀ ਉਸ ਨੂੰ ਇਹ ਵੈਨ ਮਿਲ ਗਈ। ਆਪਣਾ ਮਾੜਾ ਮੋਟਾ ਸਾਮਾਨ ਤੇ ਬੱਚੇ ਲੈ ਕੇ ਉਹ ਇਕ ਸ਼ਾਮੀਂ ਸਿਵਲ ਡਿਸਪੈਂਸਰੀ ਬਿਆਸ ਪਹੁੰਚ ਗਈ ਤੇ ਬਰਾਂਡੇ ਵਿਚ ਸਾਮਾਨ ਰੱਖ ਦਿੱਤਾ। ਇਹ ਡਿਸਪੈਂਸਰੀ ਬਾਵਾ ਘਨਈਆ ਸਿੰਘ ਦੇ ਵੱਡੇ ਸਾਰੇ ਮਕਾਨ ਵਿਚ ਬਾਹਰਵਾਰ ਬਣੀ ਹੋਈ ਸੀ ਜੋ ਜੀ.ਟੀ.ਰੋਡ ਦੇ ਨਾਲ ਸੀ। ਸਾਮ੍ਹਣੇ ਇਕ ਵੱਡਾ ਥੜ੍ਹਾ ਸੀ ਜਿਸ ਦੇ ਦੋਵਾਂ ਸਿਰਿਆਂ ਤੇ ਪਿੱਪਲ ਦੇ ਦੋ ਛਾਂਦਾਰ ਰੁੱਖ ਸਨ। ਬਾਵਾ ਜੀ ਦੀ ਸ਼ਤੀਰੀਆਂ ਦੀ ਦੁਕਾਨ ਸੀ ਤੇ ਉਸ ਦੇ ਗਾਹਕ ਸਾਰਾ ਦਿਨ ਪਿੱਪਲਾਂ ਹੇਠ ਪਏ ਤਖ਼ਤਪੋਸ਼ਾਂ ਤੇ ਬੈਠੇ ਰਹਿੰਦੇ ਸਨ। ਬਾਵਾ ਘਨਈਆ ਸਿੰਘ ਬੜਾ ਨੇਕ ਇਨਸਾਨ ਸੀ ਤੇ ਇਲਾਕੇ ਦੇ ਲੋਕ ਉਸ ਦੀ ਬੜੀ ਇੱਜ਼ਤ ਕਰਦੇ ਸਨ। ਉਸ ਦੇ ਲਕੜੀਆਂ ਦੇ ਗੁਦਾਮ ਨੇੜੇ ਇਕ ਮਕਾਨ ਸੀ ਜਿਸ ਦਾ ਇਕ ਦਰਵਾਜ਼ਾ ਗੁਦਾਮ ਦੇ ਵਿਹੜੇ ਵੱਲ ਖੁਲਦਾ ਸੀ ਤੇ ਦੂਜਾ ਗਲੀ ਵਿਚ। ਇਸ ਵਿਚ ਐੱਲ ਸ਼ੇਪ ਦੇ ਦੋ ਵੱਡੇ ਕਮਰੇ ਸਨ ਜਿਨ੍ਹਾਂ ਅੱਗੇ ਬਰਾਂਡਾ ਵੀ ਸੀ। ਬਰਾਂਡੇ ਅੱਗੇ ਖੁਲ੍ਹਾ ਵਿਹੜਾ ਸੀ। ਹੈਂਡ ਪੰਪ ਮਕਾਨ ਤੋਂ ਬਾਹਰ ਸੀ ਜਿਸ ਨੂੰ ਦੁਕਾਨ ਦੇ ਵਰਕਰ ਵੀ ਵਰਤਦੇ ਸਨ ਤੇ ਇਸ ਮਕਾਨ ਵਿਚ ਰਹਿਣ ਵਾਲੇ ਬੰਦੇ ਵੀ। ਬਾਵਾ ਘਨਈਆ ਸਿੰਘ ਨੇ ਭਰਾਵਾਂ ਬਾਈ ਨੂੰ ਇਹ ਮਕਾਨ ਕਿਰਾਏ ਤੇ ਦੇਣ ਦੀ ਪੇਸ਼ਕਸ਼ ਕੀਤੀ ਜਿਹੜੀ ਉਸ ਨੇ ਪ੍ਰਵਾਨ ਕਰ ਲਈ। ਇਹ ਮਕਾਨ ਡਿਸਪੈਂਸਰੀ ਦੇ ਪਿੱਛੇ ਸੀ ਤੇ ਸਾਡੇ ਲਈ ਕਾਫ਼ੀ ਸੀ। ਪਹਿਲਾ ਦਿਨ ਤਾਂ ਅਸੀਂ ਹਸਪਤਾਲ ਦੇ ਇਕ ਕਮਰੇ ਤੇ ਬਰਾਂਡੇ ਵਿਚ ਬਿਤਾਇਆ ਤੇ ਰੋਟੀ ਬਾਵਾ ਜੀ ਨੇ ਭਿਜਵਾਈ। ਦੂਜੇ ਦਿਨ ਅਸੀਂ ਇਸ ਮਕਾਨ ਵਿਚ ਚਲੇ ਗਏ ਤੇ ਭਰਾਵਾਂ ਬਾਈ ਨੇ ਖਾਣ ਪਕਾਣ ਦਾ ਇੰਤਜ਼ਾਮ ਵੀ ਕਰ ਲਿਆ।

ਭਰਾਵਾਂ ਬਾਈ ਨੇ ਛੇਤੀ ਪਤਾ ਲਾ ਲਿਆ ਕਿ ਬੱਚਿਆਂ ਦੀ ਪੜ੍ਹਾਈ ਲਈ ਗੁਰੂ ਤੇਗ ਬਹਾਦਰ ਹਾਈ ਸਕੂਲ, ਬਾਬਾ ਬਕਾਲਾ ਹੀ ਇੱਕੋ ਇਕ ਹਾਈ ਸਕੂਲ ਸੀ ਜੋ ਬਿਆਸ ਦੇ ਨੇੜੇ ਸੀ। ਇਸ ਦੇ ਨਾਲ ਹੀ ਲੜਕੀਆਂ ਲਈ ਮਾਤਾ ਗੰਗਾ ਹਾਈ ਸਕੂਲ ਸੀ। ਇਸ ਲਈ ਭਰਾਵਾਂ ਬਾਈ ਇਕ ਦਿਨ ਆਪਣੇ ਤਿੰਨ ਬੱਚਿਆਂ ਨੂੰ ਲੈ ਕੇ ਬਾਬੇ ਬਕਾਲੇ ਗਈ ਤੇ ਹੈੱਡਮਾਸਟਰ

ਸਰਦਾਰ ਭਗਵਾਨ ਸਿੰਘ ਨੂੰ ਮਿਲੀ। ਉਨ੍ਹਾਂ ਸਾਨੂੰ ਕੁਝ ਸਵਾਲ ਪੁੱਛੇ ਤੇ ਦੋਵਾਂ ਭਰਾਵਾਂ ਨੂੰ ਵੱਖ ਵੱਖਰੀ ਕਲਾਸ ਵਿਚ ਦਾਖ਼ਲਾ ਦੇ ਦਿੱਤਾ। ਦਇਆ ਨੰਦ ਅਠਵੀਂ ਵਿਚ ਤੇ ਮੈਂ ਸਤਵੀਂ ਵਿਚ ਦਾਖ਼ਲ ਹੋ ਗਏ। ਅੰਮ੍ਰਿਤ ਨੂੰ ਮਾਤਾ ਗੰਗਾ ਹਾਈ ਸਕੂਲ ਦੂਜੀ ਵਿਚ ਦਾਖ਼ਿਲਾ ਮਿਲ ਗਿਆ। ਈਸ਼ਵਰ ਨੂੰ ਕਿਸੇ ਸਕੂਲ ਵਿਚ ਦਾਖ਼ਿਲ ਨਾ ਕਰਾਇਆ ਗਿਆ। ਭਰਾਵਾਂ ਬਾਈ ਨੇ ਉਸ ਨੂੰ ਅਠਵੀਂ ਦਾ ਇਮਤਿਹਾਨ ਪ੍ਰਾਈਵੇਟ ਤੌਰ ਤੇ ਕਰਵਾਉਣ ਦਾ ਫ਼ੈਸਲਾ ਕੀਤਾ। ਨਾਲ ਹੀ ਉਸ ਨੂੰ ਹਿੰਦੀ ਰਤਨ ਦੀ ਤਿਆਰੀ ਕਰਾਉਣੀ ਸ਼ੁਰੂ ਕਰ ਦਿੱਤੀ। ਕਲਾਸ ਟੀਚਰਾਂ ਨੇ ਸਾਨੂੰ ਦੱਸਿਆ ਕਿ ਸਾਡੇ ਲਈ ਪਗੜੀ ਬੰਨ੍ਹ ਕੇ ਆਉਣਾ ਜ਼ਰੂਰੀ ਸੀ। ਭਰਾਵਾਂ ਬਾਈ ਨੇ ਸਾਨੂੰ ਪਗੜੀਆਂ ਲੈ ਦਿੱਤੀਆਂ ਪਰ ਸਾਨੂੰ ਪੱਗ ਬੰਨ੍ਹਣ ਦੀ ਨਾ ਤਾਂ ਜਾਚ ਸੀ ਤੇ ਨਾ ਹੀ ਆਦਤ। ਹੌਲੀ ਹੌਲੀ ਅਸੀਂ ਪਗੜੀ ਬੰਨ੍ਹਣਾ ਸਿਖ ਗਏ। ਜੇ ਅਸੀਂ ਕਦੇ ਭੁੱਲ ਜਾਂਦੇ ਤਾਂ ਮਾਸਟਰ ਖ਼ਜ਼ਾਨ ਸਿੰਘ ਸਾਨੂੰ ਬਹੁਤ ਕੁਟਦਾ। ਇਕ ਵਾਰੀ ਉਸ ਨੇ ਇਸ ਉਕਾਈ ਲਈ ਮੈਨੂੰ ਇੰਨਾ ਮਾਰਿਆ ਕਿ ਮੈਂ ਰੋਂਦਾ ਹੋਇਆ ਘਰ ਆ ਗਿਆ। ਮੈਂ ਉਸ ਸਕੂਲ ਵਿਚ ਪੜ੍ਹਨ ਤੋਂ ਇਨਕਾਰ ਕਰ ਦਿੱਤਾ। ਦੂਜੇ ਦਿਨ ਭਰਾਵਾਂ ਬਾਈ ਆਪ ਸਕੂਲ ਆਈ ਤੇ ਹੈੱਡਮਾਸਟਰ ਦੇ ਸਾਹਮਣੇ ਮਾਸਟਰ ਖ਼ਜ਼ਾਨ ਸਿੰਘ ਡ੍ਰਿੱਲ ਮਾਸਟਰ ਨੂੰ ਬਹੁਤ ਗਾਲ੍ਹਾਂ ਕੱਢੀਆਂ। ਮੈਂ ਬਜ਼ਿੱਦ ਸਾਂ ਕਿ ਮੈਂ ਇਸ ਸਕੂਲ ਵਿਚ ਨਹੀਂ ਪੜ੍ਹਾਂ ਗਾ। ਹੈੱਡਮਾਸਟਰ ਭਗਵਾਨ ਸਿੰਘ ਮੈਨੂੰ ਸਕੂਲੋਂ ਨਹੀਂ ਸੀ ਜਾਣ ਦੇਣਾ ਚਾਹੁੰਦੇ ਕਿਉਂਕਿ ਮੈਂ ਇਕ ਹੁਸ਼ਿਆਰ ਵਿਦਿਆਰਥੀ ਸਾਂ। ਨਾਲੇ ਮੈਂ ਸਕੂਲ ਦੇ ਕਈ ਪ੍ਰੋਗਰਾਮਾਂ ਵਿਚ ਕਵਿਤਾ ਆਦਿ ਵੀ ਪੜ੍ਹਨ ਲਗ ਪਿਆ ਸਾਂ। ਉਨ੍ਹਾਂ ਮੈਨੂੰ ਪੁੱਛਿਆ ਕਿ ਮੈਂ ਕਿਸ ਸ਼ਰਤ ਤੇ ਸਕੂਲ ਵਿਚ ਰਹਿ ਸਕਦਾ ਸਾਂ। ਮੈਂ ਕਿਹਾ ਕਿ ਮੈਂ ਡ੍ਰਿਲ ਮਾਸਟਰ ਦੀ ਕਲਾਸ ਨਹੀਂ ਲਾਵਾਂ ਗਾ ਤੇ ਇਸ ਦੀ ਥਾਂ ਤੇ ਦੂਜੇ ਸੈਕਸ਼ਨ ਨਾਲ ਧਾਰਮਕ ਸਿੱਖਿਆ ਦੀ ਕਲਾਸ ਲਾ ਲਿਆ ਕਰਾਂ ਗਾ। ਅਸੀਂ ਤਿੰਨ ਦਿਨ ਡ੍ਰਿਲ ਤੇ ਤਿੰਨ ਦਿਨ ਧਾਰਮਕ ਸਿੱਖਿਆ ਦੀ ਕਲਾਸ ਲਾਇਆ ਕਰਦੇ ਸਾਂ। ਉਨ੍ਹਾਂ ਮੇਰੀ ਗੱਲ ਮੰਨ ਲਈ। ਇਸ ਤਰ੍ਹਾਂ ਮੈਂ ਛੇ ਦਿਨ ਹੀ ਧਾਰਮਕ ਦੀ ਕਲਾਸ ਲਾਉਂਦਾ ਸਾਂ, ਇਕ ਵਾਰੀ ਆਪਣੇ ਸੈਕਸ਼ਨ ਵਿਚ ਤੇ ਦੂਜੀ ਵਾਰੀ ਦੂਜੇ ਸੈਕਸ਼ਨ ਵਿਚ। ਇਸ ਨਾਲ ਮੈਨੂੰ ਸਿੱਖ ਧਰਮ ਤੇ ਸਿੱਖ ਸਭਿਆਚਾਰ ਬਾਰੇ ਵਧੇਰੇ ਜਾਣਨ ਦਾ ਮੌਕਾ ਮਿਲ ਗਿਆ। ਇਹ ਦੋਵੇਂ ਵਿਸ਼ੇ ਇਖ਼ਤਿਆਰੀ ਸਨ ਪਰ ਮੈਂ ਇਨ੍ਹਾਂ ਵਿੱਚੋਂ ਇੱਕੋ ਵਿਸ਼ੇ ਨੂੰ ਹੀ ਪੜ੍ਹਨਾ ਮੰਨ ਲਿਆ ਤੇ ਇਸ ਸਕੂਲ ਵਿਚ ਆਪਣੀ ਪੜ੍ਹਾਈ ਜਾਰੀ ਰੱਖੀ। ਇਸ ਤਰ੍ਹਾਂ ਭਰਾਵਾਂ ਬਾਈ ਨੇ ਆਪਣੇ ਸਾਰੇ ਬੱਚਿਆਂ ਦੀ ਪੜ੍ਹਾਈ ਦਾ ਯੋਗ ਪ੍ਰਬੰਧ ਕਰ ਦਿੱਤਾ।

ਭਰਾਵਾਂ ਬਾਈ ਦੀ ਆਪਣੀ ਮੁੱਢਲੀ ਸਿੱਖਿਆ ਵੀ ਕਿਸੇ ਸਕੂਲ ਵਿਚ ਨਹੀਂ ਸੀ ਹੋਈ ਤੇ ਪਿੰਡ ਦੀ ਧਰਮਸ਼ਾਲਾ ਵਿਚ ਹੀ ਉਸ ਨੇ ਹਿੰਦੀ ਤੇ ਪੰਜਾਬੀ ਭਾਸ਼ਾਵਾਂ ਸਿੱਖੀਆਂ ਸਨ। ਆਪਣੇ ਵੱਡੇ ਭਰਾ ਮਾਸਟਰ ਤੋਲਾ ਰਾਮ ਦੀ ਮਦਦ ਨਾਲ ਉਸ ਨੇ ਉਰਦੂ ਭਾਸ਼ਾ ਵੀ ਸਿਖ ਲਈ ਸੀ। ਨਰਸਿੰਗ ਦੀ ਟ੍ਰੇਨਿੰਗ ਵੇਲੇ ਵੀ ਉਰਦੂ ਦੀ ਵਰਤੋਂ ਹੁੰਦੀ ਸੀ ਤੇ ਉਸ ਨੂੰ ਟ੍ਰੇਨਿੰਗ ਪੂਰੀ ਕਰਨ ਤੋਂ

ਬਾਅਦ ਇਕ ਸਰਟੀਫ਼ਿਕੇਟ ਮਿਲ ਗਿਆ ਸੀ। ਉਸ ਦਾ ਜੀ ਕਰਦਾ ਸੀ ਕਿ ਉਹ ਹੋਰ ਪੜ੍ਹੇ ਤੇ ਕਿਸੇ ਬੋਰਡ ਜਾਂ ਯੂਨੀਵਰਸਿਟੀ ਤੋਂ ਕੋਈ ਸਰਟੀਫ਼ਿਕੇਟ ਹਾਸਿਲ ਕਰੇ। ਇਸ ਲਈ ਉਸ ਨੇ ਵੀ ਹਿੰਦੀ ਰਤਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਹਸਪਤਾਲ ਵਿਚ ਡਿਊਟੀ ਤੇ ਜਾਣਾ, ਬੱਚਿਆਂ ਲਈ ਰੋਟੀ ਪਕਾਉਣਾ, ਉਨ੍ਹਾਂ ਨੂੰ ਤਿਆਰ ਕਰ ਕੇ ਸਕੂਲ ਭੇਜਣਾ, ਕਦੇ ਕਦਾਈਂ ਕਿਸੇ ਬੀਮਾਰ ਨੂੰ ਵੇਖਣ ਨੇੜੇ ਤੇੜੇ ਦੇ ਪਿੰਡਾਂ ਵਿਚ ਜਾਣਾ, ਤੇ ਆਪਣੇ ਪੜ੍ਹਾਈ ਦੇ ਸ਼ੌਕ ਨੂੰ ਪੂਰਾ ਕਰਨ ਲਈ ਕਿਤਾਬਾਂ ਪੜ੍ਹਨਾ - ਭਰਾਵਾਂ ਬਾਈ ਇਨ੍ਹਾਂ ਸਾਰੇ ਕੰਮਾਂ ਵਿਚ ਬੜੀ ਮਸ਼ਗ਼ੂਲ ਰਹਿੰਦੀ ਸੀ। ਦਇਆ ਨੰਦ ਨੇ 1950 ਵਿਚ ਮੈਟ੍ਰਿਕ ਪਾਸ ਕੀਤੀ ਤੇ ਉਸ ਦੀ ਸੈਕਿੰਡ ਡਿਵੀਜ਼ਨ ਆਈ। ਭਰਾਵਾਂ ਬਾਈ ਨੇ ਉਸ ਨੂੰ ਅੰਮ੍ਰਿਤਸਰ ਦੇ ਡੀ.ਏ.ਵੀ. ਪੋਲੀਟੈਕਨਿਕ ਵਿਚ ਡਰਾਫ਼ਟਸਮੈਨ ਦੇ ਕੋਰਸ ਵਿਚ ਦਾਖ਼ਿਲ ਕਰਵਾ ਦਿੱਤਾ। ਸਤਿਆ ਨੰਦ ਨੇ 1951 ਵਿਚ ਮੈਟ੍ਰਿਕ ਦਾ ਇਮਤਿਹਾਨ ਫ਼ਸਟ ਡਿਵੀਜ਼ਨ ਵਿਚ ਪਾਸ ਕੀਤਾ ਤੇ ਸਕੂਲ ਵਿਚ ਦੂਜੇ ਨੰਬਰ ਤੇ ਆਇਆ। ਭਰਾਵਾਂ ਬਾਈ ਦੀ ਬੜੀ ਇੱਛਾ ਸੀ ਕਿ ਉਸ ਦਾ ਇਕ ਲੜਕਾ ਡਾਕਟਰ ਬਣੇ। ਇਸ ਲਈ ਉਸ ਨੇ ਸਤਿਆ ਨੰਦ ਨੂੰ ਗੌਰਮਿੰਟ ਮੈਡੀਕਲ ਕਾਲਿਜ ਅੰਮ੍ਰਿਤਸਰ ਵਿਚ ਡਿਸਪੈਂਸਰ-ਡ੍ਰੈਸਰ ਕਲਾਸ ਵਿਚ ਦਾਖ਼ਿਲ ਕਰਵਾ ਦਿੱਤਾ। ਈਸ਼ਵਰ ਨੇ ਪ੍ਰਾਈਵੇਟ ਅਠਵੀਂ ਪਾਸ ਕਰ ਲਈ ਤੇ ਹਿੰਦੀ ਰਤਨ ਤੇ ਭੂਸ਼ਣ ਵੀ। ਉਸ ਨੇ ਹਿੰਦੀ ਪ੍ਰਭਾਕਰ ਦੀ ਤਿਆਰੀ ਸ਼ੁਰੂ ਕਰ ਦਿੱਤੀ। ਅੰਮ੍ਰਿਤ ਮਾਤਾ ਗੰਗਾ ਸਕੂਲ ਵਿਚ ਹੀ ਪੜ੍ਹਦੀ ਰਹੀ। ਸਤਿਆ ਨੰਦ ਨੂੰ ਮੈਡੀਕਲ ਕਾਲਿਜ ਰਾਸ ਨਾ ਆਇਆ ਕਿਉਂਕਿ ਉਸ ਦੀ ਦਵਾ-ਦਾਰੂ ਦੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਅੰਮ੍ਰਿਤਸਰ ਤੋਂ ਵਾਪਸ ਆ ਗਿਆ ਤੇ ਈਸ਼ਵਰ ਦੇ ਕਹਿਣ ਤੇ ਹਿੰਦੀ ਪ੍ਰਭਾਕਰ ਦੀ ਤਿਆਰੀ ਸ਼ੁਰੂ ਕਰ ਦਿੱਤੀ। ਭਾਵੇਂ ਉਸ ਨੇ ਹਿੰਦੀ ਪਹਿਲੀ ਵਾਰ ਸਿੱਖੀ ਸੀ ਤਾਂ ਵੀ ਹਿੰਦੀ ਭਾਸ਼ਾ ਤੇ ਸਾਹਿੱਤ ਵਿਚ ਉਸ ਨੇ ਬੜੀ ਰੁਚੀ ਵਿਖਾਈ। ਦੋ ਤਿੰਨ ਮਹੀਨੇ ਉਸ ਨੇ ਅੰਮ੍ਰਿਤਸਰ ਰਹਿ ਕੇ ਇਕ ਪ੍ਰਾਈਵੇਟ ਅਕੈਡਮੀ ਵਿਚ ਵੀ ਪੜ੍ਹਾਈ ਕੀਤੀ। ਦਇਆ ਨੰਦ ਨੂੰ ਆਪਣਾ ਕੋਰਸ ਪਸੰਦ ਨਹੀਂ ਸੀ। ਸ਼ਾਇਦ ਡਰਾਇੰਗ ਤੇ ਹਿਸਾਬ ਉਸ ਨੂੰ ਚੰਗੇ ਨਹੀਂ ਸਨ ਲਗਦੇ। ਉਹ ਪੜ੍ਹਾਈ ਛੱਡ ਕੇ ਮਿਲਿਟਰੀ ਵਿਚ ਭਰਤੀ ਹੋ ਗਿਆ ਤੇ ਟ੍ਰੇਨਿੰਗ ਲਈ ਲਖਨਊ ਚਲਾ ਗਿਆ। ਈਸ਼ਵਰ ਤੇ ਸਤਿਆ ਨੰਦ ਨੇ ਸਤੰਬਰ 1952 ਵਿਚ ਪ੍ਰਭਾਕਰ ਦਾ ਇਮਤਿਹਾਨ ਦਿੱਤਾ ਤੇ ਦੋਵੇਂ ਪਾਸ ਹੋ ਗਏ। ਭਰਾਵਾਂ ਬਾਈ ਹੈਰਾਨ ਸੀ ਕਿ ਸਤਿਆਨੰਦ ਹਿੰਦੀ ਵਰਣਮਾਲਾ ਤੋਂ ਸ਼ੁਰੂ ਕਰ ਕੇ ਈਸ਼ਵਰ ਨਾਲੋਂ ਵਧ ਨੰਬਰ ਲੈ ਕੇ ਪਾਸ ਹੋਇਆ ਸੀ। ਉਸ ਨੇ 650 ਵਿੱਚੋਂ 391 ਨੰਬਰ ਲੈ ਕੇ ਫ਼ਸਟ ਡਿਵੀਜ਼ਨ ਹਾਸਿਲ ਕੀਤੀ ਤੇ ਪ੍ਰਭਾਕਰ ਵਿਚ ਸੰਸਕ੍ਰਿਤ ਦਾ 50 ਨੰਬਰ ਦਾ ਪਰਚਾ ਵੀ ਪਾਸ ਕਰ ਲਿਆ। ਮੈਨੂੰ ਅਜੇ ਵੀ ਹਿੰਦੀ ਤੇ ਸੰਸਕ੍ਰਿਤ ਦੇ ਅਨੇਕਾਂ ਸ਼ਲੋਕ ਤੇ ਛੰਦ ਜ਼ਬਾਨੀ ਯਾਦ ਹਨ ਜਿਹੜੇ ਮੈਂ ਉਨ੍ਹਾਂ ਦਿਨਾਂ ਵਿਚ ਰੱਟ ਲਏ ਸਨ।

ਅਕਤੂਬਰ ਵਿਚ ਗੌਰਮਿੰਟ ਹਾਈ ਸਕੂਲ, ਗੁਰਦਾਸਪੁਰ ਵਿਚ ਐਮਰਜੈਂਸੀ ਬੇਸਿਕ ਟ੍ਰੇਨਿੰਗ ਦੀ ਇਕ ਕਲਾਸ ਸ਼ੁਰੂ ਹੋਈ ਜਿਸ ਵਿਚ ਪ੍ਰਾਇਮਰੀ ਟੀਚਰਾਂ ਦੀ ਸਿਖਲਾਈ ਹੋਣੀ ਸੀ ਤਾਂ ਕਿ ਪੰਜਾਬ ਵਿਚ ਅਧਿਆਪਕਾਂ ਦੀ ਕਮੀ ਨੂੰ ਫ਼ੌਰੀ ਤੌਰ ਤੇ ਪੂਰਾ ਕੀਤਾ ਜਾ ਸਕੇ। ਅਗਲੇ ਸਾਲ ਫ਼ਰਵਰੀ-ਮਾਰਚ ਤੱਕ ਇਹ ਟੀਚਰ ਤਿਆਰ ਹੋ ਜਾਣੇ ਸਨ ਤੇ ਉਨ੍ਹਾਂ ਨੂੰ ਨੌਕਰੀਆਂ ਮਿਲ ਜਾਣੀਆਂ ਸਨ। ਸਤਿਆ ਨੰਦ ਇਸ ਬਾਰੇ ਇਸ਼ਤਿਹਾਰ ਪੜ੍ਹ ਕੇ ਨਿਸ਼ਚਿਤ ਦਿਨ ਗੁਰਦਾਸ ਪੁਰ ਚਲਾ ਗਿਆ ਤੇ ਉਸ ਦੀ ਚੋਣ ਹੋ ਗਈ। ਉਸ ਦੀ ਰੁਚੀ ਸ਼ੁਰੂ ਤੋਂ ਹੀ ਅਧਿਆਪਨ ਵਿਚ ਸੀ। ਭਰਾਵਾਂ ਬਾਈ ਦੇ ਨਾ ਚਾਹੁੰਦਿਆਂ ਹੋਇਆਂ ਵੀ ਉਸ ਨੇ ਗੁਰਦਾਸ ਪੁਰ ਇਸ ਕੋਰਸ ਵਿਚ ਦਾਖ਼ਲਾ ਲੈ ਲਿਆ। ਭਰਾਵਾਂ ਬਾਈ ਦਾ ਖ਼ਿਆਲ ਸੀ ਕਿ ਅਧਿਆਪਕ ਤਾਂ ਅਕਸਰ ਤੰਗੀ ਨਾਲ ਹੀ ਗੁਜ਼ਾਰਾ ਕਰਦੇ ਹਨ ਪਰ ਡਿਸਪੈਂਸਰ-ਡ੍ਰੈਸਰ ਬੜੀ ਕਮਾਈ ਕਰ ਲੈਂਦੇ ਨੇ ਤੇ ਰੱਜ ਕੇ ਰੋਟੀ ਖਾਂਦੇ ਨੇ। ਪਰ ਸਤਿਆ ਨੰਦ ਦੀ ਜ਼ਿੱਦ ਅੱਗੇ ਉਸ ਦੀ ਕੋਈ ਪੇਸ਼ ਨਾ ਗਈ। ਇਸ ਤਰ੍ਹਾਂ ਪੜ੍ਹਾਈ ਦੇ ਮੁਆਮਲੇ ਵਿਚ ਉਸ ਦੇ ਦੋਵਾਂ ਪੁੱਤਰਾਂ ਨੇ ਆਪਣੀ ਮਰਜ਼ੀ ਤੋਂ ਕੰਮ ਲਿਆ ਪਰ ਧੀਆਂ ਉਸ ਦੇ ਕਹੇ ਮੁਤਾਬਿਕ ਹੀ ਪੜ੍ਹਦੀਆਂ ਰਹੀਆਂ। ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਭਰਾਵਾਂ ਬਾਈ ਨੇ ਆਪ ਵੀ ਹਿੰਦੀ ਰਤਨ ਦਾ ਇਮਤਿਹਾਨ ਦੇ ਦਿੱਤਾ ਤੇ ਸੈਕਿੰਡ ਡਿਵੀਜ਼ਨ ਵਿਚ ਪਾਸ ਕਰ ਲਿਆ।

ਭਰਾਵਾਂ ਬਾਈ ਦੀ ਤਨਖ਼ਾਹ 70-80 ਰੁਪਏ ਮਹੀਨਾ ਸੀ ਤੇ ਉਸ ਲਈ ਕਿਸੇ ਬੱਚੇ ਨੂੰ ਕਾਲਿਜ ਭੇਜ ਸਕਣਾ ਮੁਮਕਿਨ ਨਹੀਂ ਸੀ। ਦਇਆ ਨੰਦ ਤੇ ਸਤਿਆ ਨੰਦ ਨੇ ਇਸੇ ਲਈ ਛੇਤੀ ਕਮਾਉਣ ਬਾਰੇ ਸੋਚ ਲਿਆ ਸੀ ਤਾਂ ਕਿ ਘਰ ਦਾ ਗੁਜ਼ਾਰਾ ਚਲ ਸਕੇ। ਜਦੋਂ ਤਕ ਅੰਮ੍ਰਿਤ ਨੇ ਮੈਟ੍ਰਿਕ ਪਾਸ ਕੀਤੀ, ਦੋਵੇਂ ਭਰਾ ਨੌਕਰੀਆਂ ਤੇ ਲਗ ਗਏ ਸਨ। ਐਮਰਜੈਂਸੀ ਬੇਸਿਕ ਤੇ ਪ੍ਰਭਾਕਰ ਪਾਸ ਹੋਣ ਕਾਰਣ ਸਤਿਆ ਨੰਦ ਨੂੰ ਨੈਸ਼ਨਲ ਹਾਈ ਸਕੂਲ ਸਠਿਆਲਾ ਵਿਚ 70 ਰੁਪਏ ਮਹੀਨੇ ਤੇ ਹਿੰਦੀ ਟੀਚਰ ਦੀ ਨੌਕਰੀ ਮਿਲ ਗਈ। ਉਸ ਨੂੰ ਗੌਰਮਿੰਟ ਪ੍ਰਾਇਮਰੀ ਸਕੂਲ, ਸੁਰਸਿੰਘ ਵਿਚ 97 ਰੁਪਏ ਮਹੀਨੇ ਤੇ ਪ੍ਰਾਇਮਰੀ ਟੀਚਰ ਦੀ ਨੌਕਰੀ ਵੀ ਮਿਲਦੀ ਸੀ ਪਰ ਉਸ ਨੇ ਸਠਿਆਲੇ ਰਹਿਣਾ ਹੀ ਠੀਕ ਸਮਝਿਆ ਕਿਉਂਕਿ ਇਹ ਬਿਆਸ ਦੇ ਨੇੜੇ ਸੀ। ਦਇਆ ਨੰਦ ਦੀ ਟ੍ਰੇਨਿੰਗ ਖ਼ਤਮ ਹੋ ਗਈ ਤੇ ਉਸ ਨੂੰ ਆਰਮੀ ਮੈਡੀਕਲ ਕੋਰ ਵਿਚ ਲਗਾ ਦਿੱਤਾ ਗਿਆ। ਹੁਣ ਪਰਿਵਾਰ ਲਈ ਅੰਮ੍ਰਿਤ ਨੂੰ ਕਾਲਿਜ ਭੇਜਣਾ ਸੰਭਵ ਹੋ ਗਿਆ ਤੇ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਸ ਨੂੰ ਕੰਨਿਆ ਮਹਾ ਵਿਦਿਆਲਿਆ ਜਲੰਧਰ ਵਿਚ ਬੀ.ਏ. ਦੀ ਪੜ੍ਹਾਈ ਲਈ ਦਾਖ਼ਿਲ ਕਰਵਾ ਦਿੱਤਾ ਗਿਆ। ਸਿੱਖਿਆ ਤੇ ਰੋਜ਼ਗਾਰ ਦੀ ਇਸ ਜੱਦੋ ਜਹਿਦ ਵਿਚ ਅੰਮ੍ਰਿਤ ਨੂੰ ਕਾਫ਼ੀ ਫ਼ਾਇਦਾ ਹੋਇਆ। ਬੀ.ਏ. ਕਰਨ ਤੋਂ ਬਾਅਦ ਉਸ ਨੂੰ ਐਮ.ਏ. ਅੰਗ੍ਰੇਜ਼ੀ ਵੀ ਯੂਨੀਵਰਸਿਟੀ ਕਾਲਿਜ, ਹੁਸ਼ਿਆਰਪੁਰ ਵਿਚ ਕਰਨ ਦਾ ਮੌਕਾ ਮਿਲਿਆ। ਉਦੋਂ ਤਕ ਸਤਿਆ ਨੰਦ ਨੇ ਐਮ.ਏ. ਪੰਜਾਬੀ ਕਰ ਲਈ ਸੀ ਤੇ ਐੱਸ.ਡੀ. ਕਾਲਿਜ ਹੁਸ਼ਿਆਰਪੁਰ ਵਿਚ ਲੈਕਚਰਰ

ਲਗ ਗਿਆ ਸੀ। ਨੈਸ਼ਨਲ ਹਾਈ ਸਕੂਲ, ਸਠਿਆਲਾ ਵਿਚ ਰਹਿ ਕੇ ਉਸ ਨੇ ਪ੍ਰਾਈਵੇਟ ਹੀ ਬੀ.ਏ. ਪਾਸ ਕੀਤੀ ਤੇ ਫਿਰ ਚੰਡੀਗੜ੍ਹ ਜਾ ਕੇ ਬੀ.ਐੱਡ. ਕੀਤੀ। ਉਸ ਤੋਂ ਬਾਅਦ ਉਹ ਗੌਰਮਿੰਟ ਹਾਈ ਸਕੂਲ, ਰਾਮ ਕਾਲੌਨੀ ਕੈਂਪ, ਹੁਸ਼ਿਆਰਪੁਰ ਵਿਚ ਅਧਿਆਪਕ ਲਗ ਗਿਆ ਸੀ। ਇੱਥੇ ਰਹਿ ਕੇ 1958 ਵਿਚ ਉਸ ਨੇ ਐਮ.ਏ. ਪੰਜਾਬੀ ਵੀ ਪ੍ਰਾਈਵੇਟ ਵਿਦਿਆਰਥੀ ਦੇ ਤੌਰ ਤੇ ਪਾਸ ਕੀਤੀ ਤੇ ਗੌਰਮਿੰਟ ਦੀ ਨੌਕਰੀ ਛੱਡ ਕੇ ਐਸ.ਡੀ. ਕਾਲਿਜ ਵਿਚ ਲਗ ਗਿਆ। ਜਦੋਂ 1959 ਵਿਚ ਅੰਮ੍ਰਿਤ ਉਸ ਕੋਲ ਰਹਿ ਕੇ ਐਮ.ਏ. ਅੰਗ੍ਰੇਜ਼ੀ ਵਿਚ ਪੜ੍ਹ ਰਹੀ ਸੀ ਤਾਂ ਉਸ ਨੇ ਵੀ ਇਸ ਲਈ ਤਿਆਰੀ ਨਾਲ ਹੀ ਸ਼ੁਰੂ ਕਰ ਦਿੱਤੀ ਸੀ। ਭਰਾਵਾਂ ਬਾਈ ਨੂੰ ਇਸ ਗੱਲ ਤੇ ਬੜਾ ਮਾਣ ਸੀ ਕਿ ਉਸ ਦੇ ਬੱਚੇ ਪੜ੍ਹਾਈ ਵਿਚ ਬੜੇ ਹੁਸ਼ਿਆਰ ਸਨ ਤੇ ਉਨ੍ਹਾਂ ਨੇ ਉਸ ਦਾ ਭਾਰ ਵੰਡਾਉਣਾ ਸ਼ੁਰੂ ਕਰ ਦਿੱਤਾ ਸੀ। ਉਸ ਨੂੰ ਇਸ ਗੱਲ ਦੀ ਖ਼ਾਸ ਖ਼ੁਸ਼ੀ ਸੀ ਕਿ ਉਸ ਦੇ ਪੁੱਤਰ ਦਇਆ ਨੰਦ ਨੇ ਮਿਲਿਟਰੀ ਵਿਚ ਰਹਿ ਕੇ ਵੀ ਪ੍ਰਾਈਵੇਟ ਬੀ.ਏ. ਕਰ ਲਈ ਸੀ। ਪਿੰਡ ਵਾਲੇ ਵੀ ਭਰਾਵਾਂ ਬਾਈ ਦੇ ਉਸ ਦੇ ਬੱਚਿਆਂ ਦੀ ਬੜੀ ਤਾਰੀਫ਼ ਕਰਦੇ ਸਨ।

ਭਰਾਵਾਂ ਬਾਈ ਬੜੀ ਮਿਹਨਤ ਨਾਲ ਸਿਵਲ ਡਿਸਪੈਂਸਰੀ ਬਿਆਸ ਵਿਚ ਨੌਕਰੀ ਕਰਦੀ ਰਹੀ। ਇਕ ਸਾਲ ਲਈ ਉਸ ਦੀ ਤਬਦੀਲੀ ਜ਼ਨਾਨਾ ਹਸਪਤਾਲ ਬਾਬਾ ਬਕਾਲਾ ਵੀ ਕਰ ਦਿੱਤੀ ਗਈ ਪਰ ਉਹ ਕੋਸ਼ਿਸ਼ ਕਰ ਕੇ ਵਾਪਸ ਬਿਆਸ ਆ ਗਈ। ਪਿੰਡ ਦੇ ਲੋਕ ਉਸ ਦੀ ਬੜੀ ਇੱਜ਼ਤ ਕਰਨ ਲਗ ਪਏ ਸਨ। ਬਿਆਸ ਵਿਚ ਦੋ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਸਨ – ਵੈਦ ਰਾਮ ਚੰਦ ਤੇ ਡਾਕਟਰ ਪਿਆਰੇ ਲਾਲ। ਉਹ ਵੀ ਆਪਣੇ ਜ਼ਨਾਨਾ ਮਰੀਜ਼ ਭਰਾਵਾਂ ਬਾਈ ਕੋਲ ਭੇਜ ਦਿੰਦੇ ਸਨ। ਆਲੇ ਦੁਆਲੇ ਦੇ ਪਿੰਡਾਂ ਦੀਆਂ ਔਰਤਾਂ ਤਾਂ ਉਸ ਦੀ ਪੂਜਾ ਕਰਨ ਲਗ ਪਈਆਂ ਸਨ। ਭਰਾਵਾਂ ਬਾਈ ਨੇ ਅਨੇਕਾਂ ਬੇਔਲਾਦ ਔਰਤਾਂ ਨੂੰ ਠੀਕ ਕੀਤਾ ਤੇ ਉਹ ਬੱਚਿਆਂ ਵਾਲੀਆਂ ਹੋ ਗਈਆਂ। ਉਸ ਕੋਲ ਆਪਣੇ ਪਤੀ ਹਕੀਮ ਟਿਕਾਇਆ ਰਾਮ ਦੇ ਦਿੱਤੇ ਹੋਏ ਕਈ ਯੂਨਾਨੀ ਨੁਸਖ਼ੇ ਸਨ। ਅੰਮ੍ਰਿਤਸਰ ਦੇ ਇਕ ਵੈਦਰਾਜ ਵੇਦ ਪ੍ਰਕਾਸ਼ ਅਗਰਵਾਲ ਨਾਲ ਭਰਾਵਾਂ ਬਾਈ ਦੀ ਵਾਕਫ਼ੀਅਤ ਹੋ ਗਈ। ਉਹ ਅਸ਼ੋਕ ਆਯੁਰਵੈਦਿਕ ਫ਼ਾਰਮੇਸੀ ਦਾ ਸੰਚਾਲਕ ਸੀ ਤੇ ਭਰਾਵਾਂ ਬਾਈ ਦਾ ਰਾਖੀ ਬੰਨ੍ਹਵਾਉਣ ਵਾਲਾ ਭਰਾ ਬਣ ਗਿਆ ਸੀ। ਉਸ ਕੋਲੋਂ ਵੀ ਭਰਾਵਾਂ ਬਾਈ ਨੂੰ ਕਈ ਨੁਸਖ਼ੇ ਮਿਲੇ ਸਨ। ਬਿਆਸ ਡਿਸਪੈਂਸਰੀ ਦੇ ਡਾਕਟਰ ਸ਼ਮਸ਼ੇਰ ਸਿੰਘ ਕੋਲੋਂ ਵੀ ਉਸ ਬਹੁਤ ਕੁਝ ਸਿਖ ਲਿਆ ਸੀ। ਡਾ: ਵੇਦ ਪ੍ਰਕਾਸ਼ ਅਗਰਵਾਲ ਨੇ ਭਰਾਵਾਂ ਬਾਈ ਨੂੰ 'ਵੈਦਿਆ' ਦਾ ਸਰਟੀਫ਼ਿਕੇਟ ਵੀ ਲੈ ਦਿੱਤਾ ਤੇ ਉਹ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਬਣ ਗਈ। ਉਸ ਦੀ ਤਰੱਕੀ ਨੂੰ ਵੇਖ ਕੇ ਕਈ ਲੋਕ ਈਰਖਾ ਕਰਨ ਲਗ ਪਏ ਤੇ ਇਕ ਪਤਵੰਤੇ ਨੇ ਤਾਂ ਸਿਵਲ ਸਰਜਨ ਨੂੰ ਰਿਪੋਰਟ ਕਰ ਦਿੱਤੀ ਕਿ ਭਰਾਵਾਂ ਬਾਈ ਪ੍ਰਾਈਵੇਟ ਪ੍ਰੈਕਟਿਸ ਕਰਦੀ ਹੈ। ਭਰਾਵਾਂ ਬਾਈ ਦੀ ਜਵਾਬ ਤਲਬੀ ਹੋਈ ਪਰ ਉਸ ਨੇ ਸੱਚ ਕਹਿ ਦਿੱਤਾ ਕਿ ਉਸ ਕੋਲ ਘਰ ਕਈ ਪ੍ਰਾਈਵੇਟ ਮਰੀਜ਼ ਆ ਜਾਂਦੇ ਹਨ ਜਿਨ੍ਹਾਂ ਦੀ ਸੇਵਾ ਕਰਨਾ ਉਹ ਆਪਣਾ ਫ਼ਰਜ਼ ਸਮਝਦੀ

ਹੈ। ਨਾਲ ਹੀ ਉਸ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤਾਂ ਕਿ ਇਹੋ ਜਿਹੇ ਪਤਵੰਤੇ ਉਸ ਦੀ ਰਿਪੋਰਟ ਕਰ ਹੀ ਨਾ ਸਕਣ। ਉਸ ਦਾ ਸਵੈ-ਵਿਸ਼ਵਾਸ ਵਧ ਗਿਆ ਸੀ ਕਿਉਂਕਿ ਉਸ ਦੇ ਦੋ ਪੁੱਤਰ ਚੰਗੀਆਂ ਨੌਕਰੀਆਂ ਤੇ ਲੱਗੇ ਹੋਏ ਸਨ – ਦਇਆ ਨੰਦ ਫ਼ੌਜੀ ਅਫ਼ਸਰ ਸੀ ਤੇ ਸਤਿਆ ਨੰਦ ਕਾਲਿਜ ਵਿਚ ਪ੍ਰੋਫ਼ੈਸਰ। ਉਸ ਨੇ ਪ੍ਰਾਈਵੇਟ ਕਲੀਨਿਕ ਬਣਾ ਲਿਆ ਤੇ ਮਕਾਨ ਦੇ ਗਲੀ ਵਾਲੇ ਪਾਸੇ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਉਸ ਦਾ ਇਹ ਫ਼ੈਸਲਾ ਬੜਾ ਠੀਕ ਸਾਬਿਤ ਹੋਇਆ। ਉਸ ਕੋਲ ਬਹੁਤ ਜ਼ਨਾਨਾ ਮਰੀਜ਼ ਆਉਣ ਲਗ ਗਏ। ਬਾਂਝ ਔਰਤਾਂ ਲਈ ਤਾਂ ਉਹ ਮਸੀਹਾ ਬਣ ਗਈ ਕਿਉਂਕਿ ਉਸ ਦੇ ਇਲਾਜ ਨਾਲ ਬਹੁਤ ਔਰਤਾਂ ਨੂੰ ਬੱਚਿਆਂ ਦਾ ਮੂੰਹ ਵੇਖਣਾ ਨਸੀਬ ਹੋਇਆ। ਪਿੰਡਾਂ ਦੀਆਂ ਔਰਤਾਂ ਅਕਸਰ ਬਾਬਾ ਬਕਾਲਾ ਜ਼ਨਾਨਾ ਹਸਪਤਾਲ ਜਾਣ ਦੀ ਬਜਾਏ 'ਬਿਆਸ ਵਾਲੀ ਨਰਸ' ਕੋਲ ਆਉਂਦੀਆਂ ਜਿੱਥੇ ਉਨ੍ਹਾਂ ਦੀ ਮੁਰਾਦ ਪੂਰੀ ਹੋ ਜਾਂਦੀ। ਉਸ ਦੇ ਹੱਥਾਂ ਵਿਚ ਕੋਈ ਜਾਦੂ ਸੀ ਕਿ ਮਰੀਜ਼ ਉਸ ਦੀ ਦਿੱਤੀ ਹੋਈ ਸਾਧਾਰਣ ਦਵਾਈ ਨਾਲ ਹੀ ਠੀਕ ਹੋ ਜਾਂਦੇ। ਅਸੀਂ ਤਾਂ ਭਰਾਵਾਂ ਬਾਈ ਨੂੰ ਮਾਤਾ ਜੀ ਕਹਿੰਦੇ ਹੀ ਸਾਂ, ਇਲਾਕੇ ਦੇ ਲੋਕ ਵੀ ਉਸ ਨੂੰ 'ਮਾਤਾ ਜੀ' ਕਹਿਣ ਲਗ ਪਏ। ਲੋਕਾਂ ਨੂੰ ਉਸ ਤੇ ਇੰਨਾ ਵਿਸ਼ਵਾਸ ਸੀ ਕਿ ਉਹ ਮਾਤਾ ਜੀ ਦੇ ਦਰਸ਼ਨ ਕਰ ਕੇ ਹੀ ਸਿਹਤਮੰਦ ਹੋਣ ਲਗ ਪੈਂਦੇ ਸਨ।

ਵਿਸ਼ਵਾਸ ਦੇ ਇਸ ਚਮਤਕਾਰ ਦੀ ਇਕ ਗੱਲ ਮੈਨੂੰ ਕਦੇ ਨਹੀਂ ਭੁਲਦੀ ਜਿਹੜੀ ਮਾਤਾ ਜੀ ਨੇ ਮੈਨੂੰ ਆਪ ਦੱਸੀ ਸੀ। ਇਕ ਵਾਰੀ ਉਨ੍ਹਾਂ ਕੋਲ ਇਕ ਔਰਤ ਆਈ ਤੇ ਉਨ੍ਹਾਂ ਨੂੰ ਮਿਠਾਈ ਦਾ ਇੱਕ ਡੱਬਾ ਦਿੱਤਾ ਕਿ ਉਸ ਦੇ ਘਰ ਲੜਕਾ ਹੋਇਆ ਹੈ। ਮਾਤਾ ਜੀ ਨੇ ਕਿਹਾ ਕਿ ਉਨ੍ਹਾਂ ਨੇ ਤਾਂ ਉਸ ਔਰਤ ਦਾ ਇਲਾਜ ਕੀਤਾ ਹੀ ਨਹੀਂ, ਫਿਰ ਡੱਬਾ ਕਾਹਦਾ? ਉਸ ਔਰਤ ਨੇ ਦੱਸਿਆ ਕਿ ਉਹ ਉਨ੍ਹਾਂ ਕੋਲ ਆਈ ਸੀ ਪਰ ਉਹ ਆਪ ਸਖ਼ਤ ਬੀਮਾਰ ਸਨ ਤੇ ਉਸ ਨੂੰ ਵੇਖ ਨਹੀਂ ਸਨ ਸਕੇ। ਤਾਂ ਵੀ ਉਹ ਔਰਤ ਮਾਤਾ ਜੀ ਜੀ ਦੇ ਪੈਰਾਂ ਨੂੰ ਹੱਥ ਲਾ ਕੇ ਚਲੀ ਗਈ ਸੀ। ਉਸ ਨੂੰ ਵਿਸ਼ਵਾਸ ਸੀ ਕਿ ਉਸ ਨੂੰ ਮਾਤਾ ਜੀ ਦਾ ਆਸ਼ੀਰਵਾਦ ਮਿਲ ਗਿਆ ਹੈ। ਤੇ ਕੁਝ ਹੀ ਮਹੀਨਿਆਂ ਵਿਚ ਉਹ ਗਰਭਵਤੀ ਹੋ ਗਈ! ਉਸ ਨੇ ਲੜਕੇ ਨੂੰ ਜਨਮ ਦਿੱਤਾ ਜਿਸ ਖ਼ੁਸ਼ੀ ਵਿਚ ਉਹ ਮਾਤਾ ਜੀ ਕੋਲ ਮਿਠਾਈ ਲੈ ਕੇ ਆਈ ਸੀ। ਮਾਤਾ ਜੀ ਨੇ ਉਸ ਨੂੰ ਪਿਆਰ ਦਿੱਤਾ ਤੇ ਕਿਹਾ : "ਤੂੰ ਸਤ ਪੁੱਤਾਂ ਦੀ ਮਾਂ ਬਣੇਂ।" ਇਹ ਆਸ਼ੀਰਵਾਦ ਉਹ ਹਰ ਵਿਆਹੁਤਾ ਇਸਤ੍ਰੀ ਨੂੰ ਦਿਆ ਕਰਦੇ ਸਨ। ਵਿਸ਼ਵਾਸ ਦੀ ਸ਼ਕਤੀ ਦੀ ਇਹ ਮਿਸਾਲ ਸੱਚਮੁੱਚ ਬੜੀ ਵਿਲੱਖਣ ਹੈ।

ਭਰਾਵਾਂ ਬਾਈ ਦੇ ਬੱਚੇ ਜਵਾਨ ਹੋ ਗਏ ਸਨ। ਸਭ ਤੋਂ ਪਹਿਲੋਂ 1954 ਵਿਚ ਉਸ ਨੇ ਈਸ਼ਵਰ ਦੀ ਸ਼ਾਦੀ ਕੀਤੀ ਬਿਸ਼ੰਬਰ ਨਾਥ ਨਾਲ ਜਿਸ ਦਾ ਬਾਪ ਮਾਸਟਰ ਨੰਦ ਲਾਲ ਪਾਣੀਪਤ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਨੌਕਰੀ ਕਰਦਾ ਸੀ। ਬਿਸ਼ੰਬਰ ਨਾਥ ਬਾਟਾ ਸ਼ੂ ਕੰਪਨੀ ਵਿਚ ਸੇਲਜ਼ਮੈਨ ਸੀ। ਸ਼ਾਦੀ ਦੇ ਪਹਿਲੇ ਸਾਲਾਂ ਵਿਚ ਦੋਵਾਂ ਦੀ ਆਪਸ ਵਿਚ ਨਾ ਬਣੀ ਤੇ ਉਨ੍ਹਾਂ ਦਾ ਜੀਵਨ ਬੜਾ ਤਣਾਓ-ਪੂਰਣ ਬਣਿਆ ਰਿਹਾ। ਦਰਅਸਲ ਈਸ਼ਵਰ ਅਜੇ ਸ਼ਾਦੀ

ਲਈ ਤਿਆਰ ਹੀ ਨਹੀਂ ਸੀ ਤੇ ਬਸ਼ੰਬਰ ਨਾਥ ਨੂੰ ਸਿਗਰਟ ਪੀਣ ਦੀ ਭੈੜੀ ਆਦਤ ਸੀ। ਮਾਸਟਰ ਨੰਦ ਲਾਲ ਨੇ ਈਸ਼ਵਰ ਦੇਵੀ ਨੂੰ ਚਾਲ੍ਹੀ ਪੰਜਾਹ ਰੁਪਏ ਮਹੀਨੇ ਤੇ ਸਕੂਲ ਵਿਚ ਨੌਕਰੀ ਲਗਵਾਉਣ ਦੀ ਕੋਸ਼ਿਸ਼ ਕੀਤੀ ਪਰ ਈਸ਼ਵਰ ਨੇ ਇਹੋ ਜਿਹੀ ਨੌਕਰੀ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਆਪਣੇ ਸੰਬੰਧ ਕਈ ਸਾਲਾਂ ਤਕ ਵਿਗੜੇ ਰਹੇ। ਦੂਜੇ ਸਾਲ 1955 ਵਿਚ ਭਰਾਵਾਂ ਬਾਈ ਨੇ ਦਇਆ ਨੰਦ ਦੀ ਸ਼ਾਦੀ ਕਰਨਾਲ ਦੀ ਇਕ ਲੜਕੀ ਸਤਿਆ ਵਤੀ ਨਾਲ ਕਰ ਦਿੱਤੀ ਜੋ ਅਠਵੀਂ ਪਾਸ ਸੀ। ਉਸ ਦਾ ਪਿਤਾ ਪਰਮਾ ਨੰਦ ਕਰਨਾਲ ਕੈਂਪ ਵਿਚ ਹਲਵਾਈ ਦੀ ਦੁਕਾਨ ਕਰਦਾ ਸੀ। ਇਹ ਸ਼ਾਦੀ ਕਾਮਯਾਬ ਰਹੀ ਤੇ ਦਇਆ ਨੰਦ ਆਪਣੀ ਬੀਵੀ ਨੂੰ ਨਾਲ ਲੈ ਗਿਆ। ਈਸ਼ਵਰ ਇਕ ਵਾਰੀ ਬਿਆਸ ਆਈ ਤਾਂ ਉਸ ਨੇ ਪਾਣੀਪਤ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਅੱਗੇ ਪੜ੍ਹਨ ਦਾ ਫ਼ੈਸਲਾ ਕਰ ਲਿਆ ਤੇ ਮੈਟ੍ਰਿਕ ਦੀ ਤਿਆਰੀ ਸ਼ੁਰੂ ਕਰ ਦਿੱਤੀ। ਮੈਟ੍ਰਿਕ ਤੋਂ ਬਾਅਦ ਉਸ ਨੇ ਜੂਨੀਅਰ ਬੇਸਿਕ ਟ੍ਰੇਨਿੰਗ ਸਕੂਲ, ਕੈਰੋਂ ਤੋਂ ਜੇ.ਬੀ.ਟੀ. ਕੀਤੀ ਤੇ ਉਸ ਨੂੰ ਗਾਂਧੀ ਵਨਿਤਾ ਆਸ਼ਰਮ, ਜਾਲੰਧਰ ਵਿਚ ਟੀਚਰ ਦੀ ਨੌਕਰੀ ਮਿਲ ਗਈ। ਉਸ ਦੇ ਵਿਆਹੁਤਾ ਜੀਵਨ ਵਿਚ ਵਿਘਨ ਆ ਪਿਆ।

ਇਕ ਦਿਨ ਬਾਵਾ ਘਨਈਆ ਸਿੰਘ ਪੌੜੀਆਂ ਤੋਂ ਡਿਗ ਪਏ ਤੇ ਕਈ ਦਿਨ ਬੀਮਾਰ ਰਹਿਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਉਸ ਦਾ ਲੜਕਾ ਬਾਵਾ ਦਲਜੀਤ ਸਿੰਘ ਸਖ਼ਤ ਸੁਭਾਅ ਦਾ ਮਾਲਿਕ ਸੀ। ਇਕ ਵਾਰ ਉਸ ਨੇ ਭਰਾਵਾਂ ਬਾਈ ਨੂੰ ਕਿਸੇ ਕੰਮ ਲਈ ਆਖਿਆ ਜੋ ਉਹ ਨਹੀਂ ਸੀ ਕਰ ਸਕਦੀ ਤੇ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਬਾਵਾ ਦਲਜੀਤ ਸਿੰਘ ਨੇ ਉਸ ਨੂੰ ਧਮਕੀ ਦਿੱਤੀ ਕਿ ਉਹ ਉਨ੍ਹਾਂ ਨੂੰ ਆਪਣੇ ਮਕਾਨ 'ਚੋਂ ਕੱਢ ਦੇਵੇ ਗਾ ਪਰ ਭਰਾਵਾਂ ਬਾਈ ਨੇ ਪਰਵਾਹ ਨਾ ਕੀਤੀ। ਇਕ ਦਿਨ ਸਾਡੇ ਘਰ ਵਿਚ ਸਿਵਾਏ ਸਤਿਆ ਵਤੀ ਦੇ ਕੋਈ ਨਹੀਂ ਸੀ। ਉਹ ਗਰਭਵਤੀ ਸੀ ਤੇ ਦਇਆ ਨੰਦ ਯੋਲ ਕੈਂਪ (ਕਾਂਗੜਾ) ਵਿਚ ਨੌਕਰੀ ਤੇ ਗਿਆ ਹੋਇਆ ਸੀ। ਸਤਿਆ ਨੰਦ ਮਿੰਟਗੁਮਰੀ ਟ੍ਰੇਨਿੰਗ ਸਕੂਲ, ਜਾਲੰਧਰ ਪੜ੍ਹਾਉਣ ਜਾਂਦਾ ਸੀ। ਮਾਤਾ ਜੀ ਕਿਸੇ ਮਰੀਜ਼ ਨੂੰ ਵੇਖਣ ਗਏ ਹੋਏ ਸਨ। ਈਸ਼ਵਰ ਤੇ ਅੰਮ੍ਰਿਤ ਵੀ ਘਰ ਨਹੀਂ ਸਨ। ਸਾਡੇ ਘਰ ਪੋਲੀਸ ਆ ਗਈ ਜਿਸ ਨੂੰ ਥਾਣੇਦਾਰ ਬਖ਼ਸ਼ੀ ਭਗਤ ਸਿੰਘ ਨੇ ਬਾਵਾ ਦਲਜੀਤ ਸਿੰਘ ਦੇ ਕਹਿਣ ਤੇ ਭੇਜਿਆ ਸੀ। ਪੋਲੀਸ ਨੇ ਆ ਕੇ ਘਰ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਭਰਾਵਾਂ ਬਾਈ ਤੇ ਇਲਜ਼ਾਮ ਸੀ ਕਿ ਉਸ ਨੇ ਬਾਵਿਆਂ ਦੀ ਦੁਕਾਨ ਤੋਂ ਗੱਟੂ ਚੁਰਾਏ ਹਨ। ਘਰ ਵਿਚ ਗੱਟੂ ਤਾਂ ਕੀ ਮਿਲਣੇ ਸਨ, ਇਹ ਤਾਂ ਭਰਾਵਾਂ ਬਾਈ ਨੂੰ ਡਰਾਉਣ ਦਾ ਇਥ ਕੋਝਾ ਤਰੀਕਾ ਸੀ। ਸਾਰੇ ਪਿੰਡ ਵਿਚ ਸਾਡੀ ਬੇਇੱਜ਼ਤੀ ਹੋ ਗਈ। ਸਤਿਆ ਵਤੀ ਅੰਦਰ ਬੈਠੀ ਰੋਂਦੀ ਰਹੀ। ਕਿਸੇ ਨੇ ਆ ਕੇ ਉਸ ਨੂੰ ਕੋਈ ਦਿਲਾਸਾ ਨਾ ਦਿੱਤਾ। ਇਹ ਘਟਨਾ 1956 ਦੇ ਅਖ਼ੀਰਲੇ ਸਮੇਂ ਦੀ ਹੈ।

ਸਭ ਤੋਂ ਪਹਿਲੋਂ ਇਸ ਗੱਲ ਦਾ ਪਤਾ ਸਤਿਆ ਨੰਦ ਨੂੰ ਲੱਗਾ ਜੋ ਜਾਲੰਧਰ ਤੋਂ ਪੜ੍ਹਾ ਕੇ ਆ ਗਿਆ। ਫਿਰ ਮਾਤਾ ਜੀ ਵੀ ਆ ਗਏ। ਈਸ਼ਵਰ ਤੇ ਅੰਮ੍ਰਿਤ ਵੀ ਘਰ ਮੁੜ ਆਈਆਂ। ਘਰ ਵਿਚ ਮਾਤਮ ਛਾ ਗਿਆ। ਸਤਿਆ ਨੰਦ ਪੜ੍ਹਿਆ ਲਿਖਿਆ ਅਧਿਆਪਕ ਸੀ। ਦੂਜੇ ਦਿਨ ਉਹ ਜਾ ਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਐੱਚ.ਬੀ.ਲਾਲ ਨੂੰ ਮਿਲਿਆ ਜਿਸ ਨੇ ਉਸ ਦੀ ਅਰਜ਼ੀ ਤਾਂ ਰੱਖ ਲਈ ਪਰ ਐਕਸ਼ਨ ਕੋਈ ਨਾ ਲਿਆ। ਸਤਿਆ ਨੰਦ ਜ਼ਿਲ੍ਹੇ ਦੇ ਐਸ.ਐਸ.ਪੀ. ਨੌਰੰਗ ਸਿੰਘ ਨੂੰ ਮਿਲਿਆ ਜਿਸ ਨੇ ਕਾਰਵਾਈ ਦਾ ਯਕੀਨ ਦਿਵਾਇਆ ਪਰ ਹੋਇਆ ਕੁਝ ਵੀ ਨਾ। ਸਤਿਆ ਨੰਦ ਹੈਰਾਨ ਸੀ ਕਿ ਇਹ ਕਿਸ ਤਰ੍ਹਾਂ ਦਾ ਦੇਸ਼ ਹੈ। ਕਿਸੇ ਅਮਨ-ਪਸੰਦ ਸ਼ਹਿਰੀ ਨੂੰ ਕਿਸੇ ਬਾਰਸੂਖ਼ ਬੰਦੇ ਦੇ ਕਹਿਣ ਤੇ ਪੋਲੀਸ ਆ ਕੇ ਡਰਾ ਧਮਕਾ ਜਾਂਦੀ ਹੈ ਤੇ ਉਨ੍ਹਾਂ ਦੀ ਫ਼ਰਿਆਦ ਕੋਈ ਨਹੀਂ ਸੁਣਦਾ। ਉਹ ਦੋ ਦਿਨ ਬਾਅਦ ਚੰਡੀਗੜ੍ਹ ਚਲਾ ਗਿਆ ਤੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਮਿਲਿਆ। ਉਸ ਵੇਲੇ ਸੈਕਰੀਟੇਰੀਏਟ ਨਹੀਂ ਸੀ ਬਣੀ ਹੋਈ ਤੇ ਚੀਫ਼ ਮਿਨਿਸਟਰ ਦਾ ਦਫ਼ਤਰ ਸੈਕਟਰ 12 ਵਿਚ ਇਕ ਸਿੰਗਲ-ਸਟੋਰੀ ਬਿਲਡਿੰਗ ਵਿਚ ਹੁੰਦਾ ਸੀ। ਤੇ ਉਸ ਨੂੰ ਮਿਲਣਾ ਕੋਈ ਔਖਾ ਨਹੀਂ ਸੀ ਹੁੰਦਾ। ਸਤਿਆ ਨੰਦ ਨੇ ਮਾਤਾ ਜੀ ਦੇ ਪਰਿਵਾਰ ਨਾਲ ਹੋਈ ਇਸ ਵਧੀਕੀ ਦੀ ਕਹਾਣੀ ਪੂਰੀ ਤਫ਼ਸੀਲ ਨਾਲ ਕੈਰੋਂ ਸਾਹਿਬ ਨੂੰ ਸੁਣਾਈ ਤੇ ਜ਼ਿਲਾ ਪ੍ਰਸਾਸ਼ਨ ਦੀ ਬੇਰੁਖ਼ੀ ਬਾਰੇ ਵੀ ਦੱਸਿਆ। ਉਸ ਨੇ ਇਕ ਅਰਜ਼ੀ ਵੀ ਮੁੱਖ ਮੰਤਰੀ ਨੂੰ ਦੇ ਦਿੱਤੀ। ਕੈਰੋਂ ਸਾਹਿਬ ਕੁਰਸੀ ਤੋਂ ਉਠ ਖਲੋਤੇ ਤੇ ਸਾਮ੍ਹਣੇ ਵਾਲੀ ਕੁਰਸੀ ਦੇ ਪਿੱਛੇ ਆ ਗਏ ਜਿਸ ਉੱਪਰ ਸਤਿਆ ਨੰਦ ਬੈਠਾ ਸੀ।

'ਸਤਿਆਨੰਦ! ਤੂੰ ਘਰ ਜਾ ਕੇ ਆਪਣੀ ਮਾਂ ਨੂੰ ਕਹਿ ਦੇ ਕਿ ਮੈਂ ਕੈਰੋਂ ਨੂੰ ਆਖ ਆਇਆ ਹਾਂ।' ਤੇ ਉਸ ਆਪਣਾ ਹੱਥ ਪਿਆਰ ਨਾਲ ਸਤਿਆ ਨੰਦ ਦੇ ਮੋਢੇ ਤੇ ਰੱਖ ਦਿੱਤਾ। ਉਸ ਦੀ ਆਵਾਜ਼ ਵਿਚ ਕੋਈ ਫ਼ੈਸਲਾਕੁਨ ਖ਼ਿਆਲ ਸੀ ਤੇ ਉਸ ਦੇ ਲਹਿਜੇ ਵਿਚ ਪੂਰੀ ਹਮਦਰਦੀ ਸੀ। ਮੈਂ ਆ ਕੇ ਸਾਰੀ ਗੱਲ ਮਾਤਾ ਜੀ ਨੂੰ ਦੱਸ ਦਿੱਤੀ।

ਇਸ ਮੁਲਾਕਾਤ ਤੋਂ ਠੀਕ ਤੀਜੇ ਦਿਨ ਪੰਜਾਬ ਦਾ ਇਕ ਉੱਘਾ ਮੰਤਰੀ ਰਾਓ ਬਰਿੰਦਰ ਸਿੰਘ ਬਿਆਸ ਆਇਆ ਤੇ ਰੈੱਸਟ ਹਾਊਸ ਵਿਚ ਠਹਿਰ ਗਿਆ। ਉਸ ਬਖ਼ਸ਼ੀ ਭਗਤ ਸਿੰਘ ਤੇ ਬਾਵਾ ਦਲਜੀਤ ਸਿੰਘ ਨੂੰ ਬੁਲਾ ਭੇਜਿਆ। ਉਨ੍ਹਾਂ ਦੋਵਾਂ ਨੂੰ ਇਹ ਉਮੀਦ ਕਦੇ ਵੀ ਨਹੀਂ ਸੀ ਕਿ ਭਰਾਵਾਂ ਬਾਈ ਚੀਫ਼ ਮਨਿਸਟਰ ਤਕ ਵੀ ਪਹੁੰਚ ਸਕਦੀ ਹੈ। ਰਾਓ ਬਰਿੰਦਰ ਸਿੰਘ ਹਰਿਆਣਵੀ ਸੀ। ਉਸ ਬਾਵਾ ਦਲਜੀਤ ਸਿੰਘ ਨੂੰ ਤਾਂ ਕੁਝ ਨਾ ਆਖਿਆ ਪਰ ਬਖ਼ਸ਼ੀ ਭਗਤ ਸਿੰਘ ਨੂੰ ਸਖ਼ਤੀ ਨਾਲ ਕਿਹਾ : "ਤੂੰ ਆਪਣੀ ਪੇਟੀ ਉਤਾਰ ਦੇ! ਤੈਨੂੰ ਸਸਪੈਂਡ ਕੀਤਾ ਜਾਂਦਾ ਹੈ!! ਇਹ ਕੈਰੋਂ ਸਾਹਿਬ ਦਾ ਹੁਕਮ ਹੈ!!!"

'ਮੇਰਾ ਕਸੂਰ?' ਬਖ਼ਸ਼ੀ ਭਗਤ ਸਿੰਘ ਨੇ ਕੰਬਦਿਆਂ ਕਿਹਾ।

'ਤੈਨੂੰ ਪਤਾ ਨਹੀਂ? ਤੂੰ ਇਕ ਬੇਵਾ ਔਰਤ ਨੂੰ ਤੰਗ ਕੀਤਾ ਹੈ ਜਿਸ ਦਾ ਇਕ ਲੜਕਾ ਫ਼ੌਜ ਵਿਚ ਹੈ ਤੇ ਦੂਜਾ ਪ੍ਰੋਫ਼ੈਸਰ। ਤੁਹਾਨੂੰ ਕੋਈ ਸ਼ਰਮ ਹੱਯਾ ਨਹੀਂ ਕਿ ਬੇਵਾ ਔਰਤਾਂ ਨੂੰ ਤੰਗ ਕਰਦੇ ਹੋ। ਕੀ ਕੀਤਾ ਸੀ ਉਸ ਨੇ?' ਰਾਓ ਸਾਹਿਬ ਨੇ ਪੁੱਛਿਆ।

'ਜੀ ਚੋਰੀ!' ਬਖ਼ਸ਼ੀ ਦੀ ਘਬਰਾਹਟ ਸਾਫ਼ ਦਿਸਦੀ ਸੀ।

'ਕਾਹਦੀ ਚੋਰੀ?' ਰਾਓ ਸਾਹਿਬ ਨੇ ਕੜਕ ਕੇ ਕਿਹਾ।

'ਜੀ ਗੱਟੂਆਂ ਦੀ।' ਬਖ਼ਸ਼ੀ ਦੇ ਮੂੰਹ 'ਚੋਂ ਸ਼ਬਦ ਨਿਕਲਦੇ ਨਹੀਂ ਸਨ।

'ਕਿੰਨੇ ਗੱਟੂ?' ਰਾਓ ਨੇ ਜਿਰਹ ਕੀਤੀ।

'ਜੀ ਪਤਾ ਨਹੀਂ', ਬਖ਼ਸ਼ੀ ਭਗਤ ਸਿੰਘ ਪੂਰੀ ਤਰ੍ਹਾਂ ਘਬਰਾ ਗਿਆ ਸੀ।

'ਕਿਉਂ ਪਤਾ ਨਹੀਂ? ਕਿੰਨੇ ਗੱਟੂ ਬਰਾਮਦ ਹੋਏ ਬੇਵਾ ਦੇ ਘਰੋਂ?'

'ਜੀ ਪਤਾ ਨਹੀਂ!'

'ਪਤਾ ਨਹੀਂ ਦੇ ਬੱਚੇ, ਕਿੰਨਾ ਭਾਰਾ ਹੁੰਦਾ ਹੈ ਗੱਟੂ? ਤੂੰ ਚੁਕ ਸਕਨੈਂ?'

'ਜੀ ਨਹੀਂ।'

'ਫਿਰ ਉਸ ਬੇਵਾ ਔਰਤ ਨੇ ਕਿਵੇਂ ਚੁੱਕੇ ਹੋਣ ਗੇ ਉਹ ਗੱਟੂ। ਇਕ ਪੁੱਤਰ ਉਸ ਦਾ ਫ਼ੌਜ ਵਿਚ, ਦੂਜਾ ਕਾਲਿਜ ਵਿਚ। ਗੱਟੂ ਕਿਸ ਨੇ ਚੁੱਕੇ।'

'ਜੀ ਬਾਵਾ ਜੀ ਨੇ...'

'ਮੈਂ ਨਹੀਂ ਜਾਣਦਾ ਕਿਸੇ ਨੂੰ ... ਤੂੰ ਆਪਣੀ ਤਫ਼ਤੀਸ਼ ਦੀ ਗੱਲ ਦਸ।'

ਪਿੰਡ ਦੇ ਹੋਰ ਲੋਕ ਵੀ ਆ ਗਏ ਸਨ – ਡਾ: ਰਾਮ ਚੰਦ, ਡਾ. ਪਿਆਰੇ ਲਾਲ, ਬਾਊ ਸ਼ਾਮ ਲਾਲ। ਭਰਾਵਾਂ ਬਾਈ ਤੇ ਸਤਿਆ ਨੰਦ ਨੂੰ ਵੀ ਰਾਓ ਸਾਹਿਬ ਨੇ ਇਕ ਸਿਪਾਹੀ ਨੂੰ ਭੇਜ ਕੇ ਬੁਲਵਾ ਲਿਆ ਸੀ। ਬਾਵਾ ਦਲਜੀਤ ਸਿੰਘ ਚੁੱਪ ਸੀ ਤੇ ਭਰਾਵਾਂ ਬਾਈ ਦੇ ਪਰਿਵਾਰ ਦੀ ਕਾਰਵਾਈ ਤੇ ਹੈਰਾਨ ਸੀ। ਰਾਓ ਬਰਿੰਦਰ ਸਿੰਘ ਨੇ ਬਖ਼ਸ਼ੀ ਭਗਤ ਸਿੰਘ ਨੂੰ ਫ਼ੌਰਨ ਪੇਟੀ ਲਾਹ ਦੇਣ ਲਈ ਕਿਹਾ ਤੇ ਆਪਣੇ ਅਸਿਸਟੈਂਟ ਨੂੰ ਉਸ ਨੂੰ ਮੁਅਤਲ ਕਰਨ ਦੇ ਆਰਡਰ ਲਿਖਣ ਦੀ ਹਿਦਾਇਤ ਕੀਤੀ।

'ਮੈਨੂੰ ਮੁਆਫ਼ ਕਰ ਦਿਓ ਸਾਹਬ! ਅੱਗੇ ਤੋਂ ਇਹੋ ਜਿਹੀ ਗ਼ਲਤੀ ਨਹੀਂ ਹੋਵੇ ਗੀ।' ਬਖ਼ਸ਼ੀ ਭਗਤ ਸਿੰਘ ਨੇ ਤਰਲੇ ਭਰੀ ਆਵਾਜ਼ ਵਿਚ ਕਿਹਾ।

'ਤੈਨੂੰ ਸਿਰਫ਼ ਇਹ ਵਿਧਵਾ ਮਾਂ ਹੀ ਮੁਆਫ਼ ਕਰ ਸਕਦੀ ਹੈ। ਮੈਂ ਜਾਂ ਕੈਰੋਂ ਸਾਹਿਬ ਵੀ ਨਹੀਂ ਕਰ ਸਕਦੇ।' ਰਾਓ ਸਾਹਿਬ ਦੇ ਸ਼ਬਦਾਂ ਵਿਚ ਕਠੋਰਤਾ ਸੀ।

'ਮੈਨੂੰ ਮੁਆਫ਼ ਕਰ ਦਿਓ ਮਾਤਾ ਜੀ!' ਤੇ ਉਸ ਨੇ ਭਰਾਵਾਂ ਬਾਈ ਦੇ ਪੈਰ ਫੜ ਲਏ।

ਤੇ ਮਾਤਾ ਜੀ ਨੇ ਉਸ ਨੂੰ ਮੁਆਫ਼ ਕਰ ਦਿੱਤਾ।

ਰਾਓ ਬਰਿੰਦਰ ਸਿੰਘ ਭਰਾਵਾਂ ਬਾਈ ਦੀ ਇਸ ਫ਼ਰਾਖ਼ਦਿਲੀ ਤੋਂ ਬੜਾ ਪ੍ਰਭਾਵਿਤ ਹੋਇਆ। ਉਸ ਬਖ਼ਸ਼ੀ ਭਗਤ ਸਿੰਘ ਨੂੰ ਫਿਰ ਨਸੀਹਤ ਕੀਤੀ ਕਿ ਕਦੇ ਕੋਈ ਨਾਜਾਇਜ਼ ਕੰਮ ਨਾ ਕਰੇ ਤੇ ਇਹ ਵੀ ਦੱਸਿਆ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਹੁਕਮ ਸੀ ਕਿ ਉਸ ਨੂੰ ਮੁਅਤਲ ਕਰ ਦਿੱਤਾ ਜਾਵੇ। ਉਸ ਨੇ ਪਿੰਡ ਦੇ ਲੋਕਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਰਿਫ਼ਿਊਜੀਆਂ ਨੂੰ ਬੇਸਹਾਰਾ ਨਾ ਸਮਝਣ ਤੇ ਆਪਸੀ ਭਾਈਚਾਰਾ ਬਣਾ ਕੇ ਰੱਖਣ। ਸਾਰੇ ਪਿੰਡ ਵਿਚ ਭਰਾਵਾਂ ਬਾਈ ਤੇ ਉਸ ਦੀ ਪਰਿਵਾਰ ਦੀ ਇੱਜ਼ਤ ਵਧ ਗਈ ਤੇ ਉਨ੍ਹਾਂ ਮਹਿਸੂਸ ਕਰ ਲਿਆ ਕਿ ਸਿੱਖਿਆ ਵਿਚ ਵੀ ਅਨਿਆਂ ਵਿਰੁੱਧ ਲੜਨ ਦੀ ਸ਼ਕਤੀ ਹੁੰਦੀ ਹੈ। ਉਸ ਦਿਨ ਤੋਂ ਬਾਅਦ ਬਾਵਾ ਦਲਜੀਤ ਸਿੰਘ ਦਾ ਭਰਾਵਾਂ ਬਾਈ ਦੇ ਪਰਿਵਾਰ ਪ੍ਰਤੀ ਵਤੀਰਾ ਬੜਾ ਬਦਲ ਗਿਆ। ਸਤਿਆ ਨੰਦ ਦੀ ਉਹ ਬੜੀ ਕਦਰ ਕਰਨ ਲਗ ਪਿਆ। ਉਂਝ ਵੀ ਸਤਿਆ ਨੰਦ ਉਸ ਦੇ ਬੱਚਿਆਂ ਗੁਰਸ਼ਰਨ ਸਿੰਘ ਤੇ ਸੁਭਾਸ਼ ਕੁਮਾਰੀ ਨੂੰ ਟਿਊਸ਼ਨ ਪੜ੍ਹਾਉਣ ਜਾਇਆ ਕਰਦਾ ਸੀ ਜੋ ਉਸ ਨੇ ਇਸ ਘਟਨਾ ਤੋਂ ਬਾਅਦ ਛਡ ਦਿੱਤੀ ਸੀ। ਬਾਵਾ ਦਲਜੀਤ ਸਿੰਘ ਨੇ ਸਤਿਆ ਨੰਦ ਨੂੰ ਟਿਊਸ਼ਨ ਮੁੜ ਤੋਂ ਸ਼ੁਰੂ ਕਰਨ ਲਈ ਪ੍ਰੇਰ ਲਿਆ। ਉਸ ਦੀ ਪਤਨੀ ਓਮ ਕੁਮਾਰੀ ਭਰਾਵਾਂ ਬਾਈ ਦੀ ਭੈਣ ਬਣੀ ਹੋਈ ਸੀ ਤੇ ਅਸੀਂ ਉਸ ਨੂੰ ਮਾਸੀ ਕਹਿ ਕੇ ਬੁਲਾਉਂਦੇ ਸਾਂ। ਗੁਰਸ਼ਰਨ ਸਿੰਘ ਸਤਿਆ ਨੰਦ ਨੂੰ ਹਮੇਸ਼ਾ 'ਭਰਾ ਜੀ' ਕਹਿ ਕੇ ਬੁਲਾਉਂਦਾ ਸੀ। ਭਰਾਵਾਂ ਬਾਈ ਨੂੰ ਯਕੀਨ ਹੋ ਗਿਆ ਕਿ ਹਿੰਦੁਸਤਾਨ ਵਿਚ ਵੀ ਉਨ੍ਹਾਂ ਦੀ ਪੁੱਛ ਹੈ। ਉਸ ਨੇ ਬਾਵਾ ਦਲਜੀਤ ਸਿੰਘ ਦਾ ਮਕਾਨ ਛਡ ਦਿੱਤਾ ਤੇ ਜੀ.ਟੀ.ਰੋਡ ਦੇ ਦੂਜੇ ਪਾਸੇ ਇਕ ਵੱਡਾ ਮਕਾਨ ਕਿਰਾਏ ਤੇ ਲੈ ਲਿਆ ਜਿੱਥੇ ਉਹ ਵਧੇਰੇ ਆਜ਼ਾਦੀ ਨਾਲ ਪ੍ਰੈਕਟਿਸ ਕਰ ਸਕਦੀ ਸੀ। ਉਸ ਨੇ ਪਿੰਡ ਵਿਚ ਇਕ ਪਲਾਟ ਵੀ ਖ਼ਰੀਦ ਲਿਆ ਤਾਂ ਕਿ ਆਪਣਾ ਮਕਾਨ ਬਣਾ ਸਕੇ। ਉਸ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਪਕਿਆਂ ਰਹਿਣ ਦਾ ਫ਼ੈਸਲਾ ਕਰ ਲਿਆ ਤੇ ਬਿਆਸ ਸਾਡੇ ਲਈ ਚੀਚਾ ਵਤਨੀ ਬਣ ਗਿਆ - ਸਾਡਾ ਆਪਣਾ ਘਰ।

# ਕਦੇ ਖ਼ੁਸ਼ੀ ਕਦੇ ਗ਼ਮ

ਪੰਜਾਬ ਸਰਕਾਰ ਦੇ ਇਕ ਵਜ਼ੀਰ ਦੇ ਬਿਆਸ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਅੱਗ ਵਾਂਗ ਫੈਲ ਗਈ ਤੇ ਉਸ ਦੁਆਰਾ ਬਖ਼ਸ਼ੀ ਭਗਤ ਸਿੰਘ ਨੂੰ ਦਿੱਤੀ ਵਾਰਨਿੰਗ ਦਾ ਪਤਾ ਵੀ ਲੋਕਾਂ ਨੂੰ ਲਗ ਗਿਆ। ਭਰਾਵਾਂ ਬਾਈ ਲਈ ਇਹ ਇਕ ਨੈਤਿਕ ਜਿੱਤ ਸੀ। ਜੇ ਉਹ ਚਾਹੁੰਦੀ ਤਾਂ ਬਖ਼ਸ਼ੀ ਭਗਤ ਸਿੰਘ ਮੁਅਤਲ ਵੀ ਹੋ ਸਕਦਾ ਸੀ ਪਰ ਉਸ ਨੇ ਵਡਿਆਈ ਦਾ ਸਬੂਤ ਦਿੱਤਾ ਤੇ ਉਸ ਨੂੰ ਮੁਆਫ਼ ਕਰ ਦਿੱਤਾ। ਇਸ ਗੱਲ ਨੂੰ ਵੀ ਲੋਕਾਂ ਨੇ ਬੜਾ ਸਲਾਹਿਆ। ਇਸ ਘਟਨਾ ਨੇ ਭਰਾਵਾਂ ਬਾਈ ਦੇ ਪਰਿਵਾਰ ਵਿਚ ਵਧੇਰੇ ਸਵੈ-ਵਿਸ਼ਵਾਸ ਤੇ ਸਵੈ-ਮਾਨ ਲੈ ਆਂਦਾ। ਜਦੋਂ ਦਇਆ ਨੰਦ ਛੁੱਟੀ ਤੇ ਆਇਆ ਤਾਂ ਉਸ ਨੇ ਮੁਆਮਲੇ ਨੂੰ ਮਿਲਿਟਰੀ ਅਧਿਕਾਰੀਆਂ ਤੱਕ ਪਹੁੰਚਾਉਣ ਦੀ ਗੱਲ ਵੀ ਆਖੀ ਪਰ ਭਰਾਵਾਂ ਬਾਈ ਨੇ ਇਸ ਦੀ ਕੋਈ ਲੋੜ ਨਾ ਸਮਝੀ। ਉਸ ਦੇ ਵਿਰੋਧੀ ਸ਼ਰਮਸਾਰ ਸਨ ਤੇ ਬਖ਼ਸ਼ੀ ਭਗਤ ਸਿੰਘ ਨੇ ਵਜ਼ੀਰ ਦੇ ਸਾਮ੍ਹਣੇ ਉਸ ਕੋਲ ਮੁਆਫ਼ੀ ਮੰਗ ਲਈ ਸੀ। ਭਰਾਵਾਂ ਬਾਈ ਲਈ ਇਹ ਕਾਫ਼ੀ ਸੀ। ਉਹ ਕਿਸੇ ਦਾ ਨੁਕਸਾਨ ਨਹੀਂ ਸੀ ਕਰਨਾ ਚਾਹੁੰਦੀ ਪਰ ਆਪਣੇ ਸਵੈ-ਮਾਨ ਦੀ ਰੱਖਿਆ ਕਰਨਾ ਜਾਣਦੀ ਸੀ ਜਿਸ ਵਿਚ ਉਹ ਕਾਮਯਾਬ ਹੋਈ। ਉਸ ਨੂੰ ਹੁਣ ਕਿਸੇ ਦਾ ਡਰ ਨਹੀਂ ਸੀ।

ਇਸ ਘਟਨਾ ਤੋਂ ਕੁਝ ਦਿਨ ਬਾਅਦ ਪਹਿਲੀ ਫ਼ਰਵਰੀ 1957 ਵਾਲੇ ਦਿਨ ਭਰਾਵਾਂ ਬਾਈ ਦੀ ਨੂੰਹ ਸਤਿਆ ਵਤੀ ਨੇ ਇਕ ਲੜਕੇ ਨੂੰ ਜਨਮ ਦਿੱਤਾ। ਆਪਣੀ ਜਿੱਤ ਦੀ ਖ਼ੁਸ਼ੀ ਵਿਚ ਉਸ ਨੇ ਬੱਚੇ ਦਾ ਨਾਂ ਰੱਖਿਆ 'ਵਿਜੈ'। ਦਇਆ ਨੰਦ ਨੂੰ ਤਾਰ ਭੇਜ ਦਿੱਤੀ ਗਈ। ਸਤਿਆ ਨੰਦ, ਈਸ਼ਵਰ, ਤੇ ਅੰਮ੍ਰਿਤ ਬਹੁਤ ਖ਼ੁਸ਼ ਸਨ। ਭਰਾਵਾਂ ਬਾਈ ਦੇ ਘਰ ਪਹਿਲਾ ਪੋਤਾ ਹੋਇਆ ਸੀ। ਉਸ ਸਾਰੇ ਪਿੰਡ ਵਿਚ ਲੱਡੂ ਵੰਡੇ ਤੇ ਘਰ ਵਿਚ ਹਵਨ ਕਰਵਾਇਆ। ਉਸ ਨੇ ਸਤਿਆ ਵਤੀ ਦਾ ਨਾਂ ਵੀ ਬਦਲ ਕੇ 'ਆਸ਼ਾ ਰਾਣੀ' ਕਰ ਦਿੱਤਾ। ਉਸ ਨੇ ਭਰਾਵਾਂ ਬਾਈ ਦੇ ਪਰਿਵਾਰ ਵਿਚ ਇਕ ਨਵੀਂ ਆਸ਼ਾ ਜਗਾਈ ਸੀ। ਇਨ੍ਹਾਂ ਦਿਨਾਂ ਵਿਚ ਹੀ ਸਤਿਆ ਨੰਦ ਨੂੰ ਸਰਕਾਰੀ ਨੌਕਰੀ ਮਿਲ ਗਈ ਤੇ ਉਹ ਮਿੰਟਗੁਮਰੀ ਟ੍ਰੇਨਿੰਗ ਸਕੂਲ, ਜਲੰਧਰ ਤੋਂ ਨੌਕਰੀ ਛਡ ਕੇ ਗੌਰਮਿੰਟ ਹਾਈ ਸਕੂਲ, ਰਾਮ ਕਾਲੋਨੀ ਕੈਂਪ, ਹੁਸ਼ਿਆਰਪੁਰ ਵਿਚ ਲਗ ਗਿਆ। ਈਸ਼ਵਰ ਨੇ ਵੀ ਬੀ.ਐੱਡ. ਕਰ ਲਈ ਸੀ ਤੇ ਉਸ ਨੂੰ ਵਲਟੋਹਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਬਲੌਕ ਡਿਵੈਲਪਮੈਂਟ ਵਿਭਾਗ ਵਿਚ ਸਰਕਾਰੀ ਨੌਕਰੀ ਮਿਲ ਗਈ ਪਰ ਉਸ ਨੇ ਛੇਤੀ ਇਹ ਨੌਕਰੀ ਛਡ ਦਿੱਤੀ ਤੇ ਸ਼੍ਰੀ ਪਾਰਵੱਤੀ ਜੈਨ ਹਾਈ ਸਕੂਲ, ਵਿਜੈ ਨਗਰ, ਜਾਲੰਧਰ ਵਿਚ ਟੀਚਰ ਦੀ ਨੌਕਰੀ ਲੈ ਲਈ।

ਹੁਣ ਭਰਾਵਾਂ ਬਾਈ ਦੇ ਤਿੰਨ ਬੱਚੇ ਚੰਗੀਆਂ ਨੌਕਰੀਆਂ ਤੇ ਲੱਗੇ ਹੋਏ ਸਨ। ਅੰਮ੍ਰਿਤ ਅੰਗ੍ਰੇਜ਼ੀ ਦੀ ਐਮ.ਏ. ਕਰਨ ਲਈ ਹੁਸ਼ਿਆਰਪੁਰ ਚਲੀ ਗਈ ਤੇ ਸਤਿਆ ਨੰਦ ਦੇ ਨਾਲ ਰਹਿਣ ਲਗ ਪਈ। ਇਨ੍ਹਾਂ ਸਾਰੀਆਂ ਖ਼ੁਸ਼ੀਆਂ ਦੇ ਬਾਵਜੂਦ ਭਰਾਵਾਂ ਬਾਈ ਨੂੰ ਇਕ ਗ਼ਮ ਖਾਈ ਜਾਂਦਾ ਸੀ ਕਿ ਉਸ ਦੀ ਧੀ ਈਸ਼ਵਰ ਦੁਖੀ ਸੀ ਕਿਉਂਕਿ ਉਸ ਦੀ ਆਪਣੇ ਪਤੀ ਨਾਲ ਨਹੀਂ ਸੀ ਬਣ ਸਕੀ।

ਅਪ੍ਰੈਲ 1958 ਵਿਚ ਸਤਿਆ ਨੰਦ ਨੇ ਐਮ.ਏ. ਪੰਜਾਬੀ ਦਾ ਇਮਤਿਹਾਨ ਪ੍ਰਾਈਵੇਟ ਉਮੀਦਵਾਰ ਦੇ ਤੌਰ ਤੇ ਪਾਸ ਕਰ ਲਿਆ। ਉਸ ਦੇ ਚੰਗੇ ਨੰਬਰ ਆਏ ਤੇ ਯੂਨੀਵਰਸਿਟੀ ਵਿਚ ਪੰਜਵੀਂ ਪੋਜ਼ੀਸ਼ਨ ਮਿਲੀ। ਉਸ ਨੂੰ ਐੱਸ.ਡੀ. ਕਾਲਿਜ ਹੁਸ਼ਿਆਰਪੁਰ ਵਿਚ ਪੰਜਾਬੀ ਦੇ ਲੈਕਚਰਾਰ ਦੀ ਪੋਸਟ ਮਿਲ ਗਈ। ਆਪਣੇ ਅਨੇਕਾਂ ਦੋਸਤਾਂ ਤੇ ਖ਼ੁਦ ਭਰਾਵਾਂ ਬਾਈ ਦੇ ਵਿਰੋਧ ਦੇ ਬਾਵਜੂਦ ਉਸ ਨੇ ਸਰਕਾਰੀ ਨੌਕਰੀ ਛਡ ਦਿੱਤੀ ਤੇ ਇਸ ਪ੍ਰਾਈਵੇਟ ਕਾਲਿਜ ਦੀ ਨੌਕਰੀ ਕਰ ਲਈ ਜਿਹੜਾ ਉਸ ਵੇਲੇ ਗਊਸ਼ਾਲਾ ਬਾਜ਼ਾਰ ਵਿਚ ਸਥਿਤ ਸੀ। ਸਕੂਲ ਵਿਚ ਸਤਿਆ ਨੰਦ ਨੂੰ 166 ਰੁਪਏ ਮਹੀਨਾ ਤਨਖ਼ਾਹ ਮਿਲਦੀ ਸੀ ਤੇ ਕਾਲਿਜ ਵਿਚ ਉਸ ਦੀ ਤਨਖ਼ਾਹ 245 ਰੁਪਏ ਹੋ ਗਈ। ਉਹ ਆਪ ਸਕੂਲ ਤੋਂ ਕਾਲਿਜ ਆ ਕੇ ਬਹੁਤ ਖ਼ੁਸ਼ ਸੀ ਪਰ ਉਸ ਦੇ ਘਰ ਵਿਚ ਹਰ ਕੋਈ ਉਸ ਨਾਲ ਨਾਰਾਜ਼ ਸੀ ਕਿਉਂਕਿ ਉਸ ਨੇ ਸਰਕਾਰੀ ਨੌਕਰੀ ਛਡ ਦਿੱਤੀ ਸੀ। ਉਨ੍ਹਾਂ ਅਨੁਸਾਰ ਐੱਸ.ਡੀ. ਕਾਲਿਜ ਤਾਂ ਇਕ ਟੁੱਟਾ ਜਿਹਾ ਕਾਲਿਜ ਸੀ ਜਦ ਕਿ ਸਰਕਾਰੀ ਸਕੂਲ ਦੀ ਨੌਕਰੀ ਵਧੇਰੇ ਭਰੋਸੇਯੋਗ ਸੀ ਪਰ ਸਤਿਆ ਨੰਦ ਨੇ ਤਾਂ ਯੂਨੀਵਰਸਿਟੀ ਤਕ ਜਾਣ ਦਾ ਸੋਚਿਆ ਹੋਇਆ ਸੀ ਤੇ ਐਮ.ਏ. ਅੰਗ੍ਰੇਜ਼ੀ ਦੀ ਤਿਆਰੀ ਵੀ ਸ਼ੁਰੂ ਕਰ ਦਿੱਤੀ ਸੀ। ਭਰਾਵਾਂ ਬਾਈ ਦੇ ਪਰਿਵਾਰ ਦੇ ਹੋਰ ਮੈਂਬਰ ਉਸ ਦੇ ਸੁਫਨਿਆਂ ਨੂੰ ਨਹੀਂ ਸਨ ਸਮਝ ਸਕਦੇ। ਸਤਿਆ ਨੰਦ ਲਈ ਜ਼ਿੰਦਗੀ ਵਿਚ ਪੱਕੀ ਨੌਕਰੀ ਹੀ ਕਾਫ਼ੀ ਨਹੀਂ ਸੀ। ਉਸ ਲਈ ਸਾਹਿੱਤਕ ਰੁਚੀ (literary attitude) ਦੀ ਪੂਰਤੀ ਤੇ ਕਸਬੀ ਵਿਕਾਸ (professional growth) ਦੀਆਂ ਲੋੜਾਂ ਵੀ ਜ਼ਰੂਰੀ ਸਨ। ਉਹ ਅਧਿਆਪਨ ਦੇ ਖੇਤਰ ਵਿਚ ਕਿਸੇ ਉਚੇਰੀ ਮੰਜ਼ਿਲ ਤੇ ਪਹੁੰਚਣ ਦਾ ਚਾਹਵਾਨ ਸੀ ਤੇ ਆਪਣੇ ਸਿਰਜਣਾਤਮਕ ਲੇਖਨ (creative writing) ਦੀਆਂ ਇੱਛਾਵਾਂ ਨੂੰ ਵੀ ਪੂਰਾ ਕਰਨਾ ਚਾਹੁੰਦਾ ਸੀ। ਇਸ ਲਈ ਉਸ ਦੀ ਦਿਸ਼ਾ ਭਰਾਵਾਂ ਬਾਈ ਦੇ ਹੋਰ ਬੱਚਿਆਂ ਤੋਂ ਵੱਖਰੀ ਸੀ। ਭਰਵਾਂ ਬਾਈ ਦੀ ਉਸ ਨੂੰ ਡਾਕਟਰ ਬਣਾਉਣ ਦੀ ਹਸਰਤ ਪੂਰੀ ਨਹੀਂ ਸੀ ਹੋਈ। ਉਸ ਨੇ ਡਾ: ਵੇਦ ਪ੍ਰਕਾਸ਼ ਅਗਰਵਾਲ ਦੀ ਮਦਦ ਨਾਲ ਉਸ ਲਈ 'ਵੈਦਰਾਜ' ਦਾ ਸਰਟੀਫ਼ਿਕੇਟ ਵੀ ਬਣਵਾ ਲਿਆ ਤਾਂ ਕਿ ਉਹ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਬਣ ਜਾਵੇ ਪਰ ਸਤਿਆ ਨੰਦ ਨੇ ਇਸ ਕਿੱਤੇ ਨੂੰ ਨਾ ਅਪਨਾਉਣਾ ਸੀ ਤੇ ਨਾ ਹੀ ਅਪਨਾਇਆ। ਉਹ ਆਪਣੀ ਰਾਹੇ ਟੁਰਦਾ ਰਿਹਾ।

ਸਾਲ 1960 ਦੇ ਜੂਨ-ਜੁਲਾਈ ਵਿਚ ਐੱਸ.ਡੀ.ਕਾਲਿਜ, ਹੁਸ਼ਿਆਰਪੁਰ ਵਿਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦਾ ਇਕ ਸਰਕੂਲਰ ਆਇਆ ਜਿਸ ਅਨੁਸਾਰ ਇਰਾਕ ਵਿਚ ਅੰਗ੍ਰੇਜ਼ੀ ਦੇ ਅਧਿਆਪਕਾਂ ਲਈ ਅਰਜ਼ੀਆਂ ਮੰਗੀਆਂ ਗਈਆਂ ਸਨ। ਸਤਿਆ ਨੰਦ ਬੀ.ਏ.ਬੀ.ਐੱਡ ਤਾਂ ਸੀ ਹੀ, ਉਸ ਨੇ ਐਮ.ਏ. ਪੰਜਾਬੀ ਵੀ ਕੀਤੀ ਹੋਈ ਸੀ ਤੇ ਐਮ.ਏ. ਅੰਗ੍ਰੇਜ਼ੀ ਦਾ ਪਹਿਲਾ ਭਾਗ ਵੀ ਪਾਸ ਕਰ ਲਿਆ ਸੀ। ਉਸ ਨੇ ਵੀ ਅਰਜ਼ੀ ਭੇਜ ਦਿੱਤੀ। ਦੇਸ਼ ਭਰ ਤੋਂ ਲਗ ਭਗ 500 ਟੀਚਰਾਂ ਨੇ ਆਪਣੀਆਂ ਅਰਜ਼ੀਆਂ ਭੇਜੀਆਂ ਸਨ। ਸਤਿਆ ਨੰਦ ਨੂੰ ਇੰਟਰਵਿਊ ਲਈ ਦਿੱਲੀ ਬੁਲਾਇਆ ਗਿਆ ਤੇ ਉਸ ਦੀ ਚੋਣ ਵੀ ਹੋ ਗਈ। ਭਰਾਵਾਂ ਬਾਈ ਦੇ ਪਰਿਵਾਰ ਲਈ ਇਹ ਬੜੀ ਖ਼ੁਸ਼ੀ ਦੀ ਗੱਲ ਸੀ। ਸਤਿਆ ਨੰਦ ਨੇ ਆਪਣਾ ਪਾਸਪੋਰਟ ਬਣਵਾ ਲਿਆ ਤੇ ਇਰਾਕ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਨਵੰਬਰ ਦੇ ਪਹਿਲੇ ਹਫ਼ਤੇ ਇਰਾਕ ਜਾਣਾ ਸੀ ਤੇ ਉਸ ਨੂੰ ਨਿਯੁਕਤੀ ਪੱਤਰ (appointment letter) ਮਿਲ ਗਿਆ ਸੀ। ਕਾਲਿਜ ਦੀ ਪ੍ਰਬੰਧਕੀ ਕਮੇਟੀ ਨੇ ਉਸ ਨੂੰ ਛੁੱਟੀ ਤੇ ਭੇਜਣਾ ਮੰਨ ਲਿਆ ਸੀ। ਉਸ ਨੂੰ ਇਹ ਵਿਦੇਸ਼ੀ ਨੌਕਰੀ 150 ਦੀਨਾਰ ਅਰਥਾਤ ਕੋਈ ਪੰਜ ਹਜ਼ਾਰ ਰੁਪਏ ਮਹੀਨਾ ਤੇ ਮਿਲੀ ਸੀ ਜਦ ਕਿ ਕਾਲਿਜ ਵਿਚ ਉਸ ਦੀ ਤਨਖ਼ਾਹ ਕੇਵਲ 245 ਰੁਪਏ ਸੀ। ਇਸ ਲਈ ਇਹ ਮੌਕਾ ਉਸ ਦੀ ਜ਼ਿੰਦਗੀ ਦਾ ਸੁਨਹਿਰੀ ਮੌਕਾ ਸੀ। ਉਸ ਨੂੰ ਐਮ.ਏ. ਅੰਗ੍ਰੇਜ਼ੀ ਭਾਗ ਦੂਜਾ ਦੀ ਤਿਆਰੀ ਵੀ ਵਿੱਚੇ ਹੀ ਛਡਣੀ ਪਈ। ਭਰਾਵਾਂ ਬਾਈ ਨੇ ਉਸ ਨੂੰ ਇਰਾਕ ਭੇਜਣ ਤੋਂ ਇਨਕਾਰ ਕਰ ਦਿੱਤਾ ਤੇ ਇਸ ਲਈ ਇਕ ਔਖੀ ਸ਼ਰਤ ਲਾ ਦਿੱਤੀ। ਉਸ ਨੇ ਸਾਫ਼ ਕਹਿ ਦਿੱਤਾ ਕਿ ਉਹ ਸਤਿਆ ਨੰਦ ਨੂੰ ਸ਼ਾਦੀ ਕੀਤੇ ਬਿਨਾਂ ਵਿਦੇਸ਼ ਨਹੀਂ ਜਾਣ ਦੇਵੇ ਗੀ। ਸਤਿਆ ਨੰਦ ਨੇ ਮਾਤਾ ਜੀ ਨੂੰ ਮਨਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਸ਼ਰਤ ਤੇ ਅੜੀ ਰਹੀ। ਤੇ ਇਸ ਤਰ੍ਹਾਂ 30 ਸਤੰਬਰ 1960 ਨੂੰ ਉਸ ਦਾ ਵਿਆਹ ਅੰਮ੍ਰਿਤਸਰ ਦੀ ਇਕ ਲੜਕੀ ਅੰਮ੍ਰਿਤ ਵਰਸ਼ਾ ਨਾਲ ਹੋਇਆ ਜਿਸ ਲਈ ਪਰਿਵਾਰ ਦੇ ਮਿੱਤਰ ਸਰਦਾਰ ਦੀਵਾਨ ਸਿੰਘ ਨੇ ਉੱਘਾ ਰੋਲ ਨਿਭਾਇਆ। ਅੰਮ੍ਰਿਤ ਵਰਸ਼ਾ ਬੀ.ਏ. ਪਾਸ ਸੀ ਤੇ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਵਿਚ ਕੰਮ ਕਰਦੀ ਸੀ ਜਿੱਥੇ ਦੀਵਾਨ ਸਿੰਘ ਡਰਾਈਵਰ ਦੀ ਨੌਕਰੀ ਕਰਦਾ ਸੀ। ਸਤਿਆ ਨੰਦ ਦਾ ਵਿਆਹ ਵੀ ਪਰਿਵਾਰ ਲਈ ਬੜੀ ਖ਼ੁਸ਼ੀ ਦੀ ਘਟਨਾ ਸੀ। ਦੋਵਾਂ ਨੇ ਅਕਤੂਬਰ ਦਾ ਮਹੀਨਾ ਇਕੱਠਿਆਂ ਬਿਤਾਇਆ – ਪਹਿਲੋਂ ਬਿਆਸ, ਫਿਰ ਹੁਸ਼ਿਆਰਪੁਰ, ਨੰਗਲ, ਚੰਡੀਗੜ੍ਹ, ਤੇ ਦਿੱਲੀ। ਸਮੇਂ ਦੇ ਬੀਤਦਿਆਂ ਪਤਾ ਹੀ ਨਾ ਲੱਗਾ। ਦਿੱਲੀ ਵਿਚ ਸਤਿਆ ਨੰਦ ਨੇ ਇਰਾਕੀ ਅੰਬੈਸੀ ਤੋਂ ਵੀਜ਼ਾ ਲਿਆ ਤੇ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਤੋਂ ਹਵਾਈ ਜਹਾਜ਼ ਦੀਆਂ ਟਿਕਟਾਂ। ਅੰਮ੍ਰਿਤ ਵਰਸ਼ਾ ਅਜੇ ਨਾਲ ਨਹੀਂ ਸੀ ਜਾ ਸਕਦੀ ਕਿਉਂਕਿ ਉਸ ਦਾ ਪਾਸਪੋਰਟ ਨਹੀਂ ਸੀ ਬਣਿਆ। ਪਹਿਲੀ ਨਵੰਬਰ 1960 ਨੂੰ ਸ਼ਾਮੀਂ ਸਤਿਆ ਨੰਦ ਨਵੀਂ ਦਿੱਲੀ ਤੋਂ ਬਗ਼ਦਾਦ ਲਈ

ਰਵਾਨਾ ਹੋ ਗਿਆ। ਅੰਮ੍ਰਿਤ ਵਰਸ਼ਾ ਤੇ ਪਰਿਵਾਰ ਦੇ ਸਾਰੇ ਮੈਂਬਰ ਉਸ ਨੂੰ ਵਿਦਾ ਕਰਨ ਆਏ, ਉਨ੍ਹਾਂ ਦੀਆਂ ਅੱਖੀਆਂ ਵਿਚ ਖ਼ੁਸ਼ੀ ਭਰੇ ਹੰਝੂ ਸਨ।

ਸਤਿਆ ਨੰਦ ਦੇ ਜਾਣ ਤੋਂ ਬਾਅਦ ਭਰਾਵਾਂ ਬਾਈ ਬੜੀ ਉਦਾਸ ਹੋਈ ਪਰ ਉਸ ਦੀ ਖ਼ੂਬਸੂਰਤ ਤੇ ਪੜ੍ਹੀ ਲਿਖੀ ਨੂੰਹ ਅਮ੍ਰਿਤ ਵਰਸ਼ਾ ਨੇ ਉਸ ਦੀ ਉਦਾਸੀ ਨੂੰ ਕਿਸੇ ਹੱਦ ਤਕ ਘਟਾਇਆ। ਅੰਮ੍ਰਿਤ ਵਰਸ਼ਾ ਬਿਆਸ ਹੀ ਰਹਿੰਦੀ ਤੇ ਰੋਜ਼ ਗੱਡੀ ਰਾਹੀਂ ਆਪਣੀ ਡਿਊਟੀ ਲਈ ਅੰਮ੍ਰਿਤਸਰ ਜਾਂਦੀ। ਉਸ ਨੇ ਅਸਤੀਫ਼ਾ ਨਹੀਂ ਸੀ ਦਿੱਤਾ। ਅੰਮ੍ਰਿਤ ਨੇ ਐਮ.ਏ. ਅੰਗ੍ਰੇਜ਼ੀ ਦਾ ਦੂਜਾ ਭਾਗ ਵੀ ਪਾਸ ਕਰ ਲਿਆ ਤੇ ਉਸ ਨੇ ਯੂਨੀਵਰਸਿਟੀ ਕਾਨਵੋਕੇਸ਼ਨ ਵਿਚ ਆਪਣੀ ਡਿਗਰੀ ਪ੍ਰਾਪਤ ਕੀਤੀ। ਉਸ ਨੂੰ ਹੰਸ ਰਾਜ ਮਹਿਲਾ ਵਿਦਿਆਲਾ, ਜਾਲੰਧਰ ਵਿਚ ਲੈਕਚਰਾਰ ਦੀ ਨੌਕਰੀ ਮਿਲ ਗਈ। ਉਹ ਵੀ ਰੋਜ਼ ਬਿਆਸ ਤੋਂ ਜਾਲੰਧਰ ਆਉਂਦੀ ਤੇ ਸ਼ਾਮੀਂ ਘਰ ਆ ਜਾਂਦੀ। ਨਨਾਣ ਭਰਜਾਈ ਦੀ ਖ਼ੂਬ ਬਣਦੀ ਸੀ ਤੇ ਉਹ ਦੋਵੇਂ ਮਾਤਾ ਜੀ ਨੂੰ ਵੱਧ ਤੋਂ ਵੱਧ ਖ਼ੁਸ਼ ਰੱਖਣ ਦਾ ਯਤਨ ਕਰਦੀਆਂ। ਸਤਿਆਵਤੀ/ਆਸ਼ਾ ਰਾਣੀ ਵੀ ਛੋਟੇ ਬੱਚੇ ਕਾਰਣ ਬਿਆਸ ਹੀ ਰਹਿ ਗਈ ਤੇ ਦਇਆ ਨੰਦ ਆਪਣੀ ਨੌਕਰੀ ਤੇ ਚਲਾ ਗਿਆ। ਵਿਜੈ ਬੜਾ ਪਿਆਰਾ ਬੱਚਾ ਸੀ। ਸਾਰੇ ਉਸ ਨੂੰ ਖਿਡਾਉਂਦੇ ਰਹਿੰਦੇ। ਭਰਾਵਾਂ ਬਾਈ ਨੇ ਸਤਿਆ ਨੰਦ ਦੇ ਵਿਆਹ ਤੋਂ ਪਹਿਲੋਂ ਆਪਣਾ ਮਕਾਨ ਬਣਾ ਲਿਆ ਸੀ ਤੇ ਉਸ ਦੇ ਪਰਿਵਾਰ ਕੋਲ ਹੁਣ ਆਪਣੀ ਛੱਤ ਸੀ। ਉਸ ਨੇ ਬਾਰ੍ਹਾਂ ਮਰਲੇ ਦਾ ਪਲਾਟ ਖ਼ਰੀਦਿਆ ਹੋਇਆ ਸੀ ਜਿਸ ਵਿਚ ਉਸ ਨੇ ਪੰਜ ਕਮਰਿਆਂ ਦਾ ਮਕਾਨ ਬਣਾ ਲਿਆ। ਦਇਆ ਨੰਦ ਤੇ ਸਤਿਆ ਨੰਦ ਨੇ ਵੀ ਉਸ ਨੂੰ ਪੂਰਾ ਸਹਿਯੋਗ ਦਿੱਤਾ ਸੀ। ਪਰਿਵਾਰ ਲਈ ਇਹ ਮਕਾਨ ਕਾਫ਼ੀ ਸੀ। ਪਿਛਲੇ ਕਮਰੇ ਵਿਚ ਮਾਤਾ ਜੀ ਨੇ ਆਪਣਾ ਹਸਪਤਾਲ ਬਣਾਇਆ ਹੋਇਆ ਸੀ ਤੇ ਚਾਰ ਕਮਰੇ ਰਹਿਣ ਵਾਸਤੇ ਸਨ। ਆਏ ਗਏ ਲਈ ਉੱਪਰ ਇਕ ਚੁਬਾਰਾ ਵੀ ਬਣਾਇਆ ਗਿਆ ਸੀ। ਈਸ਼ਵਰ ਦੀ ਨੀਰਸ ਜ਼ਿੰਦਗੀ ਨੂੰ ਛੱਡ ਕੇ ਭਰਾਵਾਂ ਬਾਈ ਦੇ ਪਰਿਵਾਰ ਨੂੰ ਹਰ ਮੁਮਕਿਨ ਖ਼ੁਸ਼ੀ ਮਿਲੀ ਹੋਈ ਸੀ। ਈਸ਼ਵਰ ਰੋਜ਼ ਘਰ ਨਹੀਂ ਸੀ ਆ ਸਕਦੀ ਤੇ ਉਸ ਨੇ ਜਲੰਧਰ ਵਿਚ ਹੀ ਇਕ ਕਮਰਾ ਕਿਰਾਏ ਤੇ ਲਿਆ ਹੋਇਆ ਸੀ। ਐਤਵਾਰ ਵਾਲੇ ਦਿਨ ਉਹ ਵੀ ਘਰ ਆ ਜਾਂਦੀ ਤੇ ਪਰਿਵਾਰਕ ਖ਼ੁਸ਼ੀਆਂ ਵਿਚ ਸ਼ਾਮਿਲ ਹੁੰਦੀ। ਫ਼ਰਵਰੀ 1961 ਵਿਚ ਸਤਿਆ ਨੰਦ ਨੇ ਅੰਮ੍ਰਿਤ ਵਰਸ਼ਾ ਨੂੰ ਇਰਾਕ ਸੱਦਣ ਦਾ ਇੰਤਜ਼ਾਮ ਕਰ ਲਿਆ। ਆਸ਼ਾ ਰਾਣੀ ਵੀ ਦਇਆ ਨੰਦ ਕੋਲ ਬੈੱਲਗਾਮ (ਮਹਾਂਰਾਸ਼ਟਰ) ਚਲੀ ਗਈ। ਭਰਾਵਾਂ ਬਾਈ ਤੇ ਅੰਮ੍ਰਿਤ ਹੀ ਬਿਆਸ ਰਹਿ ਗਈਆਂ। ਇਸ ਨਾਲ ਭਰਾਵਾਂ ਬਾਈ ਬੜੀ ਉਦਾਸ ਹੋਈ ਪਰ ਉਸ ਨੇ ਆਪਣੇ ਮਰੀਜ਼ਾਂ ਦੀ ਸੇਵਾ ਵਿਚ ਮਨ ਲਗਾ ਲਿਆ। ਇਲਾਕੇ ਵਿਚ ਉਸ ਦੀ ਸ਼ੁਹਰਤ ਬੜੀ ਵਧ ਗਈ ਤੇ ਪਿੰਡਾਂ ਦੇ ਲੋਕ ਉਸ ਨੂੰ ਕਿਸੇ ਦੇਵੀ ਦਾ ਰੂਪ ਸਮਝਣ ਲਗ ਪਏ ਕਿਉਂਕਿ ਉਹ ਜਿਸ ਮਰੀਜ਼ ਨੂੰ ਹੱਥ ਪਾਉਂਦੀ ਸੀ, ਉਹ ਠੀਕ ਹੋ ਜਾਂਦਾ ਸੀ। ਸਮੇਂ ਨਾਲ ਉਸ ਦਾ ਤਜਰਬਾ ਵੀ ਵਧ ਗਿਆ ਸੀ ਤੇ ਉਸ ਦੇ ਹੱਥਾਂ ਵਿਚ ਕੋਈ ਰੱਬੀ ਸ਼ਫ਼ਾ ਆ ਗਈ ਸੀ। ਉਹ

ਲੋੜ ਅਨੁਸਾਰ ਯੂਨਾਨੀ, ਆਯੁਰਵੇਦਿਕ, ਤੇ ਐਲੋਪੈਥਿਕ ਦਵਾਈਆਂ ਦੀ ਵਰਤੋਂ ਕਰਦੀ ਸੀ ਤੇ ਉਸ ਦੇ ਮਰੀਜ਼ ਅਕਸਰ ਤੰਦਰੁਸਤ ਹੋ ਜਾਂਦੇ ਸਨ। ਉਸ ਨੂੰ ਪੰਚਾਇਤ ਦਾ ਮੈਂਬਰ ਵੀ ਚੁਣ ਲਿਆ ਗਿਆ ਤੇ ਉਹ ਪਿੰਡ ਦੇ ਸੁਧਾਰ ਦੇ ਕੰਮਾਂ ਵਿਚ ਵੀ ਹਿੱਸਾ ਲੈਣ ਲਗ ਪਈ। ਉਸ ਦੀ ਇਸ ਪ੍ਰਾਪਤੀ ਲਈ ਅੰਮ੍ਰਿਤ ਵਰਸ਼ਾ ਵੀ ਜ਼ਿੰਮੇਵਾਰ ਸੀ ਤੇ ਇਸ ਲਈ ਉਸ ਨੇ ਲੋਕ ਸੰਪਰਕ ਵਿਭਾਗ ਦੇ ਆਪਣੇ ਤਜਰਬੇ ਨੂੰ ਵਰਤਿਆ ਸੀ।

ਸਤੰਬਰ 1961 ਵਿਚ ਭਰਾਵਾਂ ਬਾਈ ਨੂੰ ਸਤਿਆ ਨੰਦ ਦੀ ਇਕ ਚਿੱਠੀ ਮਿਲੀ ਕਿ ਉਹ ਇਰਾਕ ਆਉਣ ਦੀ ਤਿਆਰੀ ਕਰ ਲੈਣ ਕਿਉਂਕਿ ਅੰਮ੍ਰਿਤ ਵਰਸ਼ਾ ਨਵੰਬਰ ਵਿਚ ਮਾਂ ਬਣਨ ਵਾਲੀ ਸੀ। ਉਹ ਬਗ਼ਦਾਦ ਤੋਂ ਤਿੰਨ ਸੌ ਕਿਲੋਮੀਟਰ ਦੂਰ ਆਨ੍ਹਾ ਨਾਂ ਦੇ ਕਸਬੇ ਵਿਚ ਅੰਗ੍ਰੇਜ਼ੀ ਦਾ ਅਧਿਆਪਕ ਸੀ ਤੇ ਆਪਣੀ ਪਤਨੀ ਦੀ ਡਿਲਿਵਰੀ ਲਈ ਫਿਕਰਮੰਦ ਸੀ। ਉਸ ਨੇ ਭਰਾਵਾਂ ਬਾਈ ਦਾ ਪਾਸਪੋਰਟ ਬਣਵਾ ਦਿੱਤਾ ਤੇ ਇੰਡੀਅਨ ਏਅਰਲਾਈਨਜ਼ ਦੀਆਂ ਟਿਕਟਾਂ ਵੀ ਭੇਜ ਦਿੱਤੀਆਂ। ਦਇਆ ਨੰਦ ਘਰ ਛੁੱਟੀ ਤੇ ਆ ਗਿਆ ਤੇ ਉਸ ਨੇ ਹੀ ਭਰਾਵਾਂ ਬਾਈ ਨੂੰ ਅਕਤੂਬਰ 1961 ਵਿਚ ਨਵੀਂ ਦਿੱਲੀ ਤੋਂ ਹਵਾਈ ਅੱਡੇ ਤੇ ਬਗ਼ਦਾਦ ਲਈ ਫ਼ਲਾਈਟ ਲੈ ਦਿੱਤੀ। ਬਗ਼ਦਾਦ ਏਅਰਪੋਰਟ ਤੇ ਸਤਿਆ ਨੰਦ ਉਨ੍ਹਾਂ ਨੂੰ ਲੈਣ ਆਇਆ ਹੋਇਆ ਸੀ। ਮਾਂ ਪੁੱਤਰ ਇਕ ਦੂਜੇ ਨੂੰ ਮਿਲ ਕੇ ਬਹੁਤ ਖ਼ੁਸ਼ ਹੋਏ। ਸਤਿਆ ਨੰਦ ਆਨ੍ਹਾ ਤੋਂ ਹੀ ਟੈਕਸੀ ਲੈ ਆਇਆ ਸੀ। ਥੋੜ੍ਹੀ ਦੇਰ ਆਰਾਮ ਕਰਨ ਤੋਂ ਬਾਅਦ ਉਹ ਆਨ੍ਹਾ ਲਈ ਰਵਾਨਾ ਹੋ ਪਏ। ਰਸਤੇ ਵਿਚ ਤਿੰਨ ਉੱਘੇ ਸ਼ਹਿਰ ਜਾਂ ਕਸਬੇ ਸਨ - ਰਮਾਦੀ, ਹੀਥ, ਤੇ ਹਦੀਥਾ। ਰਮਾਦੀ ਤਕ ਤਾਂ ਸ਼ਾਨਦਾਰ ਸੜਕ ਬਣੀ ਹੋਈ ਸੀ ਪਰ ਅੱਗੇ ਸੜਕ ਵਧੀਆ ਨਹੀਂ ਸੀ। ਉਹ ਦਜਲਾ ਨਦੀ ਦੇ ਨਾਲ ਨਾਲ ਜਾ ਰਹੇ ਸਨ ਜਿਸ ਦੇ ਦੋਵੇਂ ਪਾਸੇ ਖਜੂਰਾਂ ਦੇ ਰੁੱਖ ਸਨ। ਬਾਕੀ ਇਲਾਕਾ ਪਥਰੀਲਾ ਤੇ ਖੇਤੀ-ਹੀਨ ਸੀ। ਸਾਰੀ ਖੇਤੀ ਦਰਿਆ ਦੇ ਕਿਨਾਰਿਆਂ ਤੇ ਹੁੰਦੀ ਸੀ ਤੇ ਸਿੰਜਾਈ ਲਈ ਪਾਣੀ ਮੋਟਰਾਂ ਜਾਂ ਨਾਊਰਾਂ ਰਾਹੀਂ ਦਰਿਆ ਤੋਂ ਸਿੱਧਾ ਲਿਆ ਜਾਂਦਾ ਸੀ। ਨਾਊਰ ਇਕ ਪ੍ਰਕਾਰ ਦਾ ਹਰਟ ਸੀ ਜਿਸ ਵਿਚ ਟਿੰਡਾਂ ਲੱਗੀਆਂ ਹੁੰਦੀਆਂ ਸਨ ਤੇ ਇਹ ਪਾਣੀ ਦੀ ਮਦਦ ਨਾਲ ਚਲਾਏ ਜਾਂਦੇ ਸਨ। ਭਰਾਵਾਂ ਬਾਈ ਇਸ ਨਵੇਂ ਦੇਸ਼ ਵਿਚ ਆ ਕੇ ਹੈਰਾਨ ਵੀ ਸੀ ਤੇ ਖ਼ੁਸ਼ ਵੀ। ਆਨ੍ਹਾ ਪਹੁੰਚ ਕੇ ਉਹ ਬਹੁਤ ਖ਼ੁਸ਼ ਹੋਈ। ਅੰਮ੍ਰਿਤ ਵਰਸ਼ਾ ਨੇ ਉਸ ਦੇ ਪੈਰੀਂ ਹੱਥ ਲਾਇਆ ਤੇ ਉਸ ਨੇ ਵਰਸ਼ਾ ਨੂੰ ਸੱਤ ਪੁੱਤਾਂ ਦੀ ਆਸ਼ੀਰਵਾਦ ਦਿੱਤੀ। ਆਨ੍ਹਾ ਸਾਡਾ ਘਰ ਦਜਲਾ ਨਦੀ ਦੇ ਕੰਢੇ ਤੇ ਸੀ ਤੇ ਦਰਿਆ ਦਾ ਪਾਣੀ ਥੱਲੇ ਸਾਡੇ ਘਰ ਦੀਆਂ ਕੰਧ ਨੂੰ ਛੂੰਹਦਾ ਸੀ। ਪਾਣੀ ਉੱਪਰ ਸਾਡੀ ਬਾਲਕੋਨੀ ਸੀ ਜਿਸ ਵਿਚ ਬੈਠ ਕੇ ਅਸੀਂ ਦਰਿਆ ਦਾ ਨਜ਼ਾਰਾ ਵੇਖਦੇ ਰਹਿੰਦੇ ਸਾਂ। ਘਰ ਵਿਚ ਤਿੰਨ ਖੁਲ੍ਹੇ ਖੁਲ੍ਹੇ ਕਮਰੇ ਸਨ ਤੇ ਵਿਚਕਾਰ ਵੱਡੀ ਸਾਰੀ ਲੌਬੀ ਸੀ ਜਿਸ ਨੂੰ ਅਸੀਂ ਡਰਾਇੰਗ ਰੂਮ ਬਣਾਇਆ ਹੋਇਆ ਸੀ। ਮਾਤਾ ਜੀ ਨੇ ਵਰਸ਼ਾ ਨੂੰ ਵੇਖਦਿਆਂ ਹੀ ਕਹਿ ਦਿੱਤਾ ਸੀ ਕਿ ਮੁੰਡਾ ਹੀ ਹੋਵੇ ਗਾ। ਇਸ ਘਰ ਵਿਚ ਹੀ 23 ਨਵੰਬਰ, 1961 ਨੂੰ ਮੇਰੇ ਪਹਿਲੇ ਲੜਕੇ

ਅਰਵਿੰਦ ਦਾ ਜਨਮ ਹੋਇਆ ਤੇ ਡਿਲਿਵਰੀ ਭਰਾਵਾਂ ਬਾਈ ਨੇ ਆਪ ਕਰਵਾਈ। ਉਸ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਹੀ ਨਹੀਂ ਸੀ। ਮੈਂ ਤੇ ਵਰਸ਼ੀ ਵੀ ਖ਼ੁਸ਼ ਸਾਂ। ਮਾਤਾ ਜੀ ਮੇਰੀ ਪਤਨੀ ਨੂੰ 'ਵਰਸ਼ਾ' ਕਹਿ ਕੇ ਬੁਲਾਉਂਦੇ ਸਨ ਜਦ ਕਿ ਮੈਂ ਉਸ ਨੂੰ 'ਵਰਸ਼ੀ' ਆਖਿਆ ਕਰਦਾ ਸਾਂ। ਅਰਵਿੰਦ ਗਿਆ ਵੀ ਆਪਣੀ ਦਾਦੀ ਤੇ ਸੀ। ਪਿਆਰ ਨਾਲ ਅਸੀਂ ਉਸ ਨੂੰ ਬਿੰਦੂ ਕਹਿੰਦੇ ਸਾਂ। ਭਰਾਵਾਂ ਬਾਈ ਤੇ ਬਿੰਦੂ ਸਾਰਾ ਸਾਰਾ ਦਿਨ ਬਾਲਕੋਨੀ ਵਿਚ ਬੈਠੇ ਰਹਿੰਦੇ ਅਤੇ ਉਸ ਵਿਚ ਬਣੇ ਝੂਲੇ ਤੇ ਝੂਟੇ ਲੈਂਦੇ ਰਹਿੰਦੇ।

ਸਤਿਆ ਨੰਦ ਦੇ ਬਹੁਤ ਸਾਰੇ ਇਰਾਕੀ ਦੋਸਤ ਉਸ ਨੂੰ ਵਧਾਈ ਦੇਣ ਆਉਂਦੇ ਤਾਂ ਮਾਤਾ ਜੀ ਨੂੰ ਮਿਲਦੇ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਭਰਾਵਾਂ ਬਾਈ ਤਾਂ ਡਾਕਟਰ ਹੈ ਤਾਂ ਕਈ ਆਪਣੀਆਂ ਪਤਨੀਆਂ ਨੂੰ ਵੀ ਨਾਲ ਲੈ ਆਉਂਦੇ। ਅੰਮ੍ਰਿਤ ਵਰਸ਼ਾ ਨੂੰ ਅਰਬੀ ਚੰਗੀ ਆ ਗਈ ਸੀ। ਉਹ ਉਨ੍ਹਾਂ ਔਰਤਾਂ ਦੀ ਸਮੱਸਿਆਵਾਂ ਅਰਬੀ ਵਿਚ ਪੁੱਛ ਕੇ ਮਾਤਾ ਜੀ ਨੂੰ ਪੰਜਾਬੀ ਵਿਚ ਦਸਦੀ ਤੇ ਉਹ ਉਨ੍ਹਾਂ ਦੇ ਇਲਾਜ ਲਈ ਦਵਾਈਆਂ ਆਦਿ ਦਸਦੇ। ਸਾਰੇ ਕਸਬੇ ਵਿਚ ਉਨ੍ਹਾਂ ਦੀ ਮਸ਼ਹੂਰੀ ਹੋ ਗਈ। ਕਈ ਔਰਤਾਂ ਉਨ੍ਹਾਂ ਨੂੰ ਪੈਸੇ ਜਾਂ ਤੁਹਫ਼ੇ ਦੇ ਜਾਂਦੀਆਂ। ਉਨ੍ਹਾਂ ਨੇ ਆਨ੍ਹਾ ਵਿਚ ਵੀ ਕਈ ਔਰਤਾਂ ਦਾ ਸਫਲ ਇਲਾਜ ਕੀਤਾ। ਮੇਰੇ ਇਕ ਦੋਸਤ ਯਾਸੀਨ ਦੇ ਘਰ ਬੱਚਾ ਨਹੀਂ ਸੀ ਹੁੰਦਾ। ਮੇਰੇ ਕਹਿਣ ਤੇ ਉਸ ਨੇ ਆਪਣੀ ਬੀਵੀ ਨੂੰ ਮਾਤਾ ਜੀ ਨੂੰ ਵਿਖਾਇਆ। ਉਸ ਦੇ ਇਲਾਜ ਲਈ ਭਰਾਵਾਂ ਬਾਈ ਨੇ ਕੁਝ ਆਯੁਰਵੈਦਿਕ ਦਵਾਈਆਂ ਭਾਰਤ ਤੋਂ ਵੀ ਮੰਗਵਾਈਆਂ। ਮਾਤਾ ਜੀ ਦੇ ਇਲਾਜ ਨਾਲ ਉਹ ਔਰਤ ਠੀਕ ਹੋ ਗਈ ਤੇ ਉਸ ਨੂੰ ਬਾਰ੍ਹਾਂ ਸਾਲ ਬਾਅਦ ਗਰਭ ਠਹਿਰ ਗਿਆ। ਯਾਸੀਨ ਆਪ ਆਨ੍ਹਾ ਹਸਪਤਾਲ ਵਿਚ ਹੈਲਥ ਅਫ਼ਸਰ ਸੀ ਤੇ ਬਗ਼ਦਾਦ ਦੇ ਕਈ ਡਾਕਟਰਾਂ ਤੋਂ ਆਪਣੀ ਬੀਵੀ ਦਾ ਇਲਾਜ ਕਰਵਾ ਚੁੱਕਾ ਸੀ। ਉਹ ਮੱਕੇ ਜਾ ਕੇ ਹੱਜ ਵੀ ਕਰ ਆਇਆ ਸੀ ਪਰ ਉਸ ਦੀ ਆਸ ਪੂਰੀ ਨਹੀਂ ਸੀ ਹੋਈ। ਮਾਤਾ ਜੀ ਦੀ ਦਵਾਈ ਨਾਲ ਉਸ ਦੀ ਬੀਵੀ ਦਾ ਠੀਕ ਹੋਣਾ ਉਨ੍ਹਾਂ ਲਈ ਇਕ ਚਮਤਕਾਰ ਤੋਂ ਘੱਟ ਨਹੀਂ ਸੀ। ਮਾਤਾ ਜੀ ਤਾਂ ਛੇ ਮਹੀਨੇ ਤੋਂ ਬਾਅਦ ਭਾਰਤ ਆ ਗਏ ਤੇ ਪਿੱਛੋਂ ਯਾਸੀਨ ਦੇ ਘਰ ਲੜਕਾ ਹੋਇਆ ਜਿਸ ਦਾ ਨਾਂ ਉਨ੍ਹਾਂ ਰੱਖਿਆ – ਹਿੰਦੀ! ਯਾਸੀਨ ਲਈ ਭਰਾਵਾਂ ਬਾਈ ਅੱਲਾ ਦਾ ਰੂਪ ਸੀ ਜਿਸ ਨੇ ਉਸ ਦੀ ਮੁਰਾਦ ਪੂਰੀ ਕੀਤੀ ਸੀ। ਉਸ ਨੇ ਹਿੰਦੀ ਦੇ ਜਨਮ ਤੋਂ ਬਾਅਦ ਭਰਾਵਾਂ ਬਾਈ ਨੂੰ ਬਹੁਤ ਤੁਹਫ਼ੇ ਭੇਜੇ ਜੋ ਉਹ ਕਈ ਸਾਲ ਲੋਕਾਂ ਨੂੰ ਵਿਖਾਉਂਦੀ ਰਹੀ। ਮੇਰਾ ਜੀਅ ਕਰਦਾ ਹੈ ਕਿ ਮੈਂ ਫਿਰ ਕਦੇ ਆਨ੍ਹਾ ਜਾਵਾਂ ਤੇ ਉੱਥੇ ਹਿੰਦੀ ਯਾਸੀਨ ਅਲ-ਆਨ੍ਹੀ ਨੂੰ ਮਿਲਾਂ ਜੋ ਯਾਸੀਨ ਪਰਿਵਾਰ ਨੂੰ ਮਾਤਾ ਜੀ ਦਾ ਤੁਹਫ਼ਾ ਸੀ। ਪਰ ਮੈਨੂੰ ਪਤਾ ਲੱਗਾ ਹੈ ਕਿ ਆਨ੍ਹਾ ਤਾਂ ਹੁਣ ਇਕ ਝੀਲ ਬਣ ਗਿਆ ਹੈ ਕਿਉਂਕਿ ਉਹ ਪਹਾੜਾਂ ਨਾਲ ਘਿਰਿਆ ਹੋਇਆ ਸੀ ਤੇ ਉੱਥੇ ਬਿਜਲੀ ਪੈਦਾ ਕਰਨ ਲਈ ਇਕ ਡੈਮ ਬਣਾਉਣ ਦੀ ਯੋਜਨਾ ਬਣਾਈ ਗਈ ਸੀ। ਸ਼ਾਇਦ ਆਨ੍ਹਾ ਨਿਵਾਸੀ ਨਾਲ ਦੇ ਕਸਬੇ ਰਾਵਾ ਵਿਚ ਚਲੇ ਗਏ ਹੋਣ ਜਿਹੜਾ ਪਹਾੜੀ ਦੇ ਉੱਪਰ

ਸਥਿਤ ਸੀ। ਜਦੋਂ ਹਿਮਾਚਲ ਵਿਚ ਟੀਹੜੀ ਸ਼ਹਿਰ ਪਾਣੀ ਦੇ ਇਹੋ ਜਿਹੇ ਡੈਮ ਵਿਚ ਡੁੱਬ ਰਿਹਾ ਸੀ ਤਾਂ ਮੈਨੂੰ ਆਨ੍ਹਾ ਦੀ ਯਾਦ ਆਈ ਸੀ। ਮੈਨੂੰ ਉਮੀਦ ਹੈ ਕਿ ਯਾਸੀਨ ਪਰਿਵਾਰ ਅਜੇ ਵੀ ਇਰਾਕ ਵਿਚ ਕਿਧਰੇ ਰਹਿ ਰਿਹਾ ਹੋਵੇ ਗਾ ਤੇ ਹਿੰਦੀ ਦੇ ਹੋਰ ਵੀ ਕਈ ਭੈਣ ਭਰਾ ਕਿਧਰੇ ਨਾ ਕਿਧਰੇ ਸੁਖੀ ਜੀਵਨ ਬਿਤਾ ਰਹੇ ਹੋਣ ਗੇ।

ਸਤਿਆ ਨੰਦ ਨੇ ਆਪਣੀ ਮਾਂ ਭਰਾਵਾਂ ਬਾਈ ਨੂੰ ਇਰਾਕ ਵਿਚ ਬਗ਼ਦਾਦ, ਬੈਬੀਲੋਨ, ਤੇ ਰਮਾਦੀ ਦੀ ਸੈਰ ਕਰਾਈ। ਬਗ਼ਦਾਦ ਵਿਚ ਉਸ ਨੇ ਭਰਾਵਾਂ ਬਾਈ ਨੂੰ ਸ਼ੇਖ਼ ਜੁਨੈਦ-ਅਲ-ਬਗ਼ਦਾਦੀ ਦੇ ਕਬਰਿਸਤਾਨ ਵਿਚ ਉਹ ਜਗ੍ਹਾ ਵੀ ਵਿਖਾਈ ਜਿੱਥੇ ਗੁਰੂ ਨਾਨਕ ਦੀ ਮੁਲਾਕਾਤ ਸ਼ੇਖ਼ ਬਹਿਲੋਲ ਨਾਲ ਹੋਈ ਸੀ। ਉੱਥੇ ਇਕ ਕਮਰੇ ਵਿਚ ਬਹਿਲੋਲ ਦਾ ਮਕਬਰਾ ਹੈ ਤੇ ਦੂਜੇ ਵਿਚ ਇਕ ਥੜ੍ਹਾ ਜਿੱਥੇ ਬੈਠ ਕੇ ਦੋਵਾਂ ਦੀ ਗੋਸ਼ਟੀ ਹੋਈ ਸੀ। ਥੜ੍ਹੇ ਦੇ ਪਿੱਛੇ ਅਰਬੀ ਵਿਚ ਇਕ ਪੱਥਰ ਤੇ ਗੁਰੂ ਨਾਨਕ ਦੇ ਉੱਥੇ ਆਉਣ ਦਾ ਜ਼ਿਕਰ ਕੀਤਾ ਗਿਆ ਹੈ। ਸਤਿਆ ਨੰਦ ਉਨ੍ਹਾਂ ਨੂੰ ਸੀਰੀਆ, ਜੌਰਡਨ, ਤੇ ਲਿਬਨਾਨ ਵੀ ਲੈ ਕੇ ਗਿਆ ਜਿੱਥੇ ਭਰਾਵਾਂ ਬਾਈ ਨੇ ਦਮਸ਼ਕ, ਅੱਮਾਨ, ਤੇ ਬੈਰੂਤ ਦੀ ਯਾਤਰਾ ਕੀਤੀ। ਭਰਾਵਾਂ ਬਾਈ ਲਈ ਇਨ੍ਹਾਂ ਵਿੱਚੋਂ ਸਭ ਤੋਂ ਉੱਘੀ ਯਾਤਰਾ ਯਰੂਸ਼ਲਮ ਤੇ ਬੇਥਲੇਹਮ ਦੀ ਸੀ ਜਿੱਥੇ ਹਜ਼ਰਤ ਈਸਾ ਦਾ ਜਨਮ ਹੋਇਆ ਸੀ। ਉਹ ਲੋਕਾਂ ਨੂੰ ਆਪਣੀ ਇਸ ਯਾਤਰਾ ਬਾਰੇ ਅਕਸਰ ਦੱਸਿਆ ਕਰਦੀ ਸੀ। ਇਰਾਕ ਵਿਚ ਸਤਿਆ ਨੰਦ ਨੇ ਉਨ੍ਹਾਂ ਨੂੰ ਕਰਬਲਾ ਤੇ ਨਜਫ਼ ਦੀ ਯਾਤਰਾ ਵੀ ਰਕਾਈ। ਕਰਬਲਾ ਦੀ ਮਸਜਿਦ ਵਿਚ ਗ਼ੈਰ-ਮੁਸਲਿਮ ਨਹੀਂ ਸਨ ਜਾ ਸਕਦੇ ਪਰ ਮੇਰੇ ਇਕ ਪਾਕਿਸਤਾਨੀ ਦੋਸਤ ਰਸ਼ੀਦ ਯੂਸਿਫ਼ੀ ਦੀ ਮਦਦ ਨਾਲ ਅਸੀਂ ਇਸ ਮਸਜਿਦ ਵਿਚ ਵੀ ਗਏ ਪਰ ਕਿਸੇ ਨੂੰ ਇਹ ਪਤਾ ਨਾ ਲੱਗਣ ਦਿੱਤਾ ਕਿ ਅਸੀਂ ਮੁਸਲਮਾਨ ਨਹੀਂ। ਕਰਬਲਾ ਵਿਚ ਭਰਾਵਾਂ ਬਾਈ ਨੂੰ ਹਿਕ ਹਿੰਦੁਸਤਾਨੀ ਇੰਜੀਨੀਅਰ ਅਹਿਮਦ ਨਾਇਰ ਵੀ ਮਿਲਿਆ। ਮਾਤਾ ਜੀ  ਨੇ ਉਸ ਨੂੰ ਕਿਹਾ ਕਿ ਨਾਇਰ ਤਾਂ ਹਿੰਦੂ ਬ੍ਰਾਹਮਣ ਹੁੰਦੇ ਹਨ। ਉਹ ਰੋ ਪਿਆ ਤੇ ਉਸ ਨੇ ਦੱਸਿਆ ਕਿ ਉਹ ਦੂਜੇ ਮਹਾ ਯੁੱਧ ਵੇਲੇ ਇਰਾਕ ਆਇਆ ਸੀ ਤੇ ਇਕ ਇਰਾਕੀ ਲੜਕੀ ਨਾਲ ਸ਼ਾਦੀ ਕਰਨ ਲਈ ਮੁਸਲਮਾਨ ਹੋ ਗਿਆ ਸੀ। ਉਸ ਤੋਂ ਬਾਅਦ ਉਹ ਉੱਥੇ ਹੀ ਵੱਸ ਗਿਆ ਤੇ ਇਰਾਕੀ ਸ਼ਹਿਰੀ ਬਣ ਗਿਆ।

ਛੇ ਮਹੀਨੇ ਇਰਾਕ ਬਿਤਾਉਣ ਤੋਂ ਬਾਅਦ ਭਰਾਵਾਂ ਬਾਈ ਨੇ ਵਾਪਸ ਭਾਰਤ ਆਉਣ ਦਾ ਮਨ ਬਣਾ ਲਿਆ। ਇਸ ਦੌਰਾਨ ਉਸ ਨੂੰ ਦੂਜਾ ਪੋਤਾ ਮਿਲਿਆ ਸੀ, ਉਸ ਨੇ ਮੱਧ-ਪੂਰਬ ਏਸ਼ੀਆ ਦੇ ਚਾਰ ਦੇਸ਼ ਘੁੰਮ ਲਏ ਸਨ, ਤੇ ਆਪਣੀ ਸਭਿਆਚਾਰਕ ਸੂਝ ਵਿਚ ਉੱਘਾ ਵਾਧਾ ਕਰ ਲਿਆ ਸੀ। ਉਸ ਨੇ ਅਰਬੀ ਦੇ ਕਈ ਸ਼ਬਦ ਤੇ ਵਾਕੰਸ਼ ਸਿਖ ਲਏ ਸਨ ਤੇ ਕਿਸੇ ਹਦ ਤਕ ਅਰਬ ਔਰਤਾਂ ਨਾਲ ਆਪ ਗੱਲ ਕਰ ਲੈਣ ਦੀ ਯੋਗਤਾ ਵੀ ਹਾਸਿਲ ਕਰ ਲਈ ਸੀ। ਵਾਪਸੀ ਸਫ਼ਰ ਤੇ ਸਤਿਆ ਨੰਦ ਤੇ ਅੰਮ੍ਰਿਤ ਵਰਸ਼ਾ ਬਿੰਦੂ ਸਣੇ ਉਨ੍ਹਾਂ ਨਾਲ ਬਗ਼ਦਾਦ ਤਕ ਆਏ। ਰਸਤੇ ਵਿਚ ਉਹ ਕੁਝ ਦਿਨ ਸਤਿਆ ਨੰਦ ਦੇ ਇਕ ਦੋਸਤ ਸੂਰਜ ਪ੍ਰਕਾਸ਼ ਕਪੂਰ ਕੋਲ ਰਮਾਦੀ

ਵੀ ਠਹਿਰੇ ਜੋ ਉੱਥੇ ਸਤਿਆ ਨੰਦ ਵਾਂਗ ਅੰਗ੍ਰੇਜ਼ੀ ਦਾ ਅਧਿਆਪਕ ਸੀ। ਇੱਥੇ ਰਹਿ ਕੇ ਉਸ ਨੇ ਕਪੂਰ ਦੀ ਪਤਨੀ ਕ੍ਰਿਸ਼ਨਾ ਦਾ ਵੀ ਇਲਾਜ ਕੀਤਾ ਅਤੇ ਉਸ ਦੀਆਂ ਕਈ ਇਰਾਕੀ ਸਹੇਲੀਆਂ ਨੂੰ ਸਲਾਹ-ਮਸ਼ਵਰਾ ਦਿੱਤਾ। ਕ੍ਰਿਸ਼ਨਾ ਤਾਂ ਚਾਹੁੰਦੀ ਸੀ ਕਿ ਮਾਤਾ ਜੀ ਹੋਰ ਕੁਝ ਦਿਨ ਉਸ ਕੋਲ ਰਹਿਣ ਪਰ ਉਨ੍ਹਾਂ ਵਾਪਸ ਜਾਣਾ ਸੀ। ਬਿੰਦੂ ਹੁਣ ਛੇ ਮਹੀਨੇ ਦਾ ਹੋ ਗਿਆ ਸੀ ਤੇ ਵਰਸ਼ਾ ਉਸ ਦਾ ਪੂਰਾ ਖ਼ਿਆਲ ਰਖ ਸਕਦੀ ਸੀ। ਸੋ ਉਹ ਜੂਨ 1962 ਵਿਚ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਰਾਹੀਂ ਭਾਰਤ ਪਰਤ ਗਏ। ਨਵੀਂ ਦਿੱਲੀ ਅੱਡੇ ਤੇ ਈਸ਼ਵਰ ਤੇ ਅੰਮ੍ਰਿਤ ਉਨ੍ਹਾਂ ਨੂੰ ਲੈਣ ਆਈਆਂ ਹੋਈਆਂ ਸਨ। ਭਰਾਵਾਂ ਬਾਈ ਇਕ ਦੋ ਦਿਨ ਦਿੱਲੀ ਆਪਣੀ ਵੱਡੀ ਭੈਣ ਰਾਮ ਬਾਈ ਕੋਲ ਰਹੀ ਤੇ ਫਿਰ ਆਪਣੀਆਂ ਦੋਵਾਂ ਧੀਆਂ ਨਾਲ ਬਿਆਸ ਆ ਗਈ।

ਦਇਆ ਨੰਦ ਵੀ ਸਤਿਆ ਨੰਦ ਵਾਂਗ ਵਿਦੇਸ਼ ਜਾਣ ਦਾ ਚਾਹਵਾਨ ਸੀ। ਬੀ.ਏ. ਤਾਂ ਉਸ ਨੇ ਕਰ ਹੀ ਲਈ ਸੀ ਤੇ ਕਈ ਪ੍ਰੋਫ਼ੈਸ਼ਨਲ ਟੈਸਟ ਪਾਸ ਕਰਨ ਤੋਂ ਬਾਅਦ ਉਸ ਨੂੰ ਫ਼ੌਜ ਵਿਚ ਕਮੀਸ਼ਨ ਵੀ ਮਿਲਣ ਵਾਲਾ ਸੀ। ਅਜੇ ਤਕ ਉਹ ਜੇ.ਸੀ.ਓ. ਸੀ ਤੇ ਛੇਤੀ ਹੀ ਉਸ ਨੇ ਸੀ.ਓ. ਅਰਥਾਤ ਕਮੀਸ਼ੰਡ ਆਫ਼ੀਸਰ ਬਣ ਜਾਣਾ ਸੀ। ਇਸ ਤੋਂ ਪਹਿਲੋਂ ਉਸ ਨੂੰ ਬਾਹਰ ਭੇਜਣ ਦੀ ਯੋਜਨਾ ਬਣ ਗਈ। ਉਹ ਮਿਲਿਟਰੀ ਅਟੈਚੀ ਨਾਲ ਪਾਕਿਸਤਾਨ, ਨੇਪਾਲ, ਜਾਂ ਯੋਗੋਸਲਾਵੀਆ ਜਾ ਸਕਦਾ ਸੀ। ਉਸ ਨੇ ਸਤਿਆ ਨੰਦ ਤੋਂ ਚਿੱਠੀ ਰਾਹੀ ਸਲਾਹ ਮੰਗੀ ਤਾਂ ਸਤਿਆ ਨੰਦ ਨੇ ਝਟ ਜਵਾਬ ਦੇ ਕੇ ਉਸ ਨੂੰ ਯੋਗੋਸਲਾਵੀਆ ਜਾਣ ਲਈ ਆਖ ਦਿੱਤਾ। ਸਤਿਆ ਨੰਦ ਕੋਲ ਗਰਮੀ ਦੀਆਂ ਛੁੱਟੀਆਂ ਦੇ ਦੋ ਹਫ਼ਤੇ ਬਾਕੀ ਸਨ। ਉਹ ਹਵਾਈ ਜਹਾਜ਼ ਰਾਹੀਂ ਬੰਬਈ ਆ ਗਿਆ ਜਦ ਕਿ ਵਰਸ਼ੀ ਤੇ ਬਿੰਦੂ ਬਗ਼ਦਾਦ ਵਿਚ ਉਸ ਦੇ ਦੋਸਤ ਪ੍ਰੀਤਮ ਸਿੰਘ ਦੇ ਘਰ ਰਹੇ। ਬੰਬਈ ਤੋਂ ਉਹ ਬੈੱਲਗਾਮ ਗਿਆ ਜਿੱਥੇ ਦਇਆ ਨੰਦ ਉਸ ਨੂੰ ਵੇਖ ਕੇ ਹੈਰਾਨ ਹੋ ਗਿਆ। ਦਇਆ ਨੰਦ ਦੇ ਘਰ ਇਕ ਕੰਨਿਆ ਵੀ ਆ ਗਈ ਸੀ ਜਿਸ ਦਾ ਨਾਂ ਸੀ ਕਵਿਤਾ। ਆਸ਼ਾ ਰਾਣੀ ਵੀ ਆਪਣੇ ਦਿਉਰ ਨੂੰ ਮਿਲ ਕੇ ਬਹੁਤ ਖ਼ੁਸ਼ ਹੋਈ। ਸਤਿਆ ਨੰਦ ਨੇ ਆਪਣੇ ਵੱਡੇ ਭਰਾ ਨੂੰ ਯੋਗੋਸਲਾਵੀਆ ਦੀ ਖ਼ੂਬਸੂਰਤ ਧਰਤੀ ਬਾਰੇ ਦੱਸਿਆ ਕਿਉਂਕਿ ਮਈ-ਜੂਨ 1961 ਵਿਚ ਉਸ ਨੇ ਵਰਸ਼ੀ ਨਾਲ ਇੰਗਲੈਂਡ ਸਣੇ ਸਾਰੇ ਯੋਰਪ ਦੀ ਯਾਤ੍ਰਾ ਕਰ ਲਈ ਸੀ। ਬੈਲਗ੍ਰੇਡ, ਯੋਗੋਸਲਾਵੀਆ ਵਿਚ ਉਸ ਨੇ ਦੋ ਦਿਨ ਬਿਤਾਏ ਸਨ ਤੇ ਇਹ ਮੁਲਕ ਉਸ ਨੂੰ ਬਹੁਤ ਚੰਗਾ ਲੱਗਿਆ ਸੀ। ਉਨ੍ਹਾਂ ਦਿਨਾਂ ਵਿਚ ਮਾਰਸ਼ਲ ਟੀਟੋ ਯੋਗੋਸਲਾਵੀਆ ਦਾ ਪ੍ਰਧਾਨ ਸੀ। ਦਇਆ ਨੰਦ ਨਾਲ ਸਾਰਾ ਪ੍ਰੋਗਰਾਮ ਬਣਾ ਕੇ ਸਤਿਆ ਨੰਦ ਬਿਆਸ ਲਈ ਰਵਾਨਾ ਹੋ ਪਿਆ। ਦਇਆ ਨੰਦ ਆਪ ਉਸ ਨੂੰ ਬੰਬਈ ਦੇ ਵਿਕਟੋਰੀਆ ਟਰਮੀਨਲ ਸਟੇਸ਼ਨ ਤੱਕ ਅੰਮ੍ਰਿਤਸਰ ਜਾਣ ਵਾਲੀ ਫ਼ਰੰਟੀਅਰ ਮੇਲ ਤੇ ਚੜ੍ਹਾਉਣ ਆਇਆ। ਇਹ ਦੋਵਾਂ ਭਰਾਵਾਂ ਦੀ ਆਖ਼ਰੀ ਮਿਲਣੀ ਸੀ! ਸਤਿਆ ਨੰਦ ਦਸ ਦਿਨ ਆਪਣੇ ਘਰ ਬਿਤਾ ਕੇ ਵਾਪਸ ਇਰਾਕ ਆ ਗਿਆ।

ਦਇਆ ਨੰਦ ਯੋਗੋਸਲਾਵੀਆ ਚਲਾ ਗਿਆ। ਉਹ ਇੰਡੀਅਨ ਅੰਬੈਸੀ ਦੇ ਮਿਲਿਟ੍ਰੀ ਅਟੈਚੀ ਕਰਨਲ ਸੇਨ ਦੇ ਸਟਾਫ਼ ਦਾ ਇਕ ਅਧਿਕਾਰੀ ਸੀ। ਉਨ੍ਹਾਂ ਦਿਨਾਂ ਵਿਚ ਭਾਰਤ ਤੇ ਚੀਨ ਵਿਚਕਾਰ ਜੰਗ ਛਿੜੀ ਹੋਈ ਸੀ ਤੇ ਯੋਗੋਸਲਾਵੀਆ ਦਾ ਪ੍ਰਧਾਨ ਮਾਰਸ਼ਲ ਟੀਟੋ ਦੋਵਾਂ ਮੁਲਕਾਂ ਵਿਚਕਾਰ ਸੁਲਹ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਭਾਰਤ ਸਰਕਾਰ ਯੋਰਪ ਦੇ ਸਾਰੇ ਦੇਸ਼ਾਂ ਨੂੰ ਆਪਣਾ ਪੱਖ ਦੱਸਣ ਦੇ ਯਤਨ ਵਿਚ ਸੀ ਤੇ ਇਹ ਕੰਮ ਕਾਫ਼ੀ ਹੱਦ ਤਕ ਕਰਨਲ ਸੇਨ ਕਰ ਰਿਹਾ ਸੀ। ਦਇਆ ਨੰਦ ਹਮੇਸ਼ਾ ਕਰਨਲ ਸੇਨ ਦੇ ਨਾਲ ਰਹਿੰਦਾ ਸੀ ਤੇ ਉਸ ਦੀਆਂ ਹਿਦਾਇਤਾਂ ਅਨੁਸਾਰ ਕੰਮ ਕਰਦਾ ਸੀ। ਉਹ ਹਵਾਈ ਜਹਾਜ਼ਾਂ ਰਾਹੀਂ ਕਦੇ ਲੰਦਨ, ਕਦੇ ਵੀਆਨਾ, ਕਦੇ ਪੈਰਿਸ, ਕਦੇ ਬੌਨ, ਤੇ ਕਦੇ ਕਿਸੇ ਹੋਰ ਯੋਰਪੀ ਦੇਸ਼ ਦੀ ਰਾਜਧਾਨੀ ਜਾਂਦੇ ਤੇ ਉੱਥੇ ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕਰਦੇ। ਦਇਆ ਨੰਦ ਦੀ ਇਕ ਵੱਡੀ ਕਮਜ਼ੋਰੀ ਸੀ ਸਿਗਰਟ। ਯੋਰਪੀ ਦੇਸ਼ਾਂ ਵਿਚ ਰਹਿ ਕੇ ਉਹ ਪਾਰਟੀਆਂ ਵਿਚ ਵਿਸਕੀ ਆਦਿ ਵੀ ਪੀਣ ਲਗ ਪਿਆ ਸੀ। ਉਸ ਨੂੰ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਵੀ ਸੀ ਜਿਹੜੀ ਸ਼ਾਇਦ ਸਾਡੀ ਖ਼ਾਨਦਾਨੀ ਬੀਮਾਰੀ ਹੈ। ਮੈਂ ਆਪਣਾ ਬਲੱਡ ਪ੍ਰੈਸ਼ਰ ਠੀਕ ਰੱਖਣ ਲਈ ਦੋ ਗੋਲੀਆਂ ਰੋਜ਼ ਖਾਂਦਾ ਹਾਂ, ਇਕ ਸਵੇਰੇ ਇਕ ਸ਼ਾਮੀਂ। ਪਰ ਮੈਂ ਸਿਗਰੇਟ ਕਦੇ ਨਹੀਂ ਪੀਂਦਾ ਜਿਸ ਨਾਲ ਖ਼ੂਨ ਦਾ ਦੌਰਾ ਪ੍ਰਭਾਵਿਤ ਹੁੰਦਾ ਹੈ। ਇਨ੍ਹਾਂ ਕਮਜ਼ੋਰੀਆਂ ਕਾਰਣ ਅਤੇ ਉੱਪਰੋਂ ਕੰਮ ਦੀ ਭਰਮਾਰ ਤੇ ਲਗਾਤਾਰ ਸਫ਼ਰ ਦੀ ਥਕਾਵਟ ਨਾਲ ਦਇਆ ਨੰਦ ਬੀਮਾਰ ਹੋ ਗਿਆ। ਉਸ ਨੇ ਡਾਕਟਰੀ ਸਹਾਇਤਾ ਤਾਂ ਲਈ ਤੇ ਸਿਗਰਿਟ ਇਕ ਦਮ ਛਡ ਦਿੱਤੀ। ਕੰਮ ਤਾਂ ਉਹ ਉਸੇ ਤਰ੍ਹਾਂ ਕਰਦਾ ਰਿਹਾ ਤੇ ਸਖ਼ਤ ਦਵਾਈਆਂ ਖਾਂਦਾ ਰਿਹਾ। ਉਸ ਨੂੰ ਇਹ ਖ਼ਿਆਲ ਤਾਂ ਕਦੇ ਨਹੀਂ ਸੀ ਆਇਆ ਕਿ ਉਸ ਦੀ ਜ਼ਿੰਦਗੀ ਦੇ ਦਿਨ ਥੋੜ੍ਹੇ ਰਹਿ ਗਏ ਹਨ। ਉਸ ਮੈਨੂੰ ਪਰਿਵਾਰ ਸਮੇਤ ਬੈੱਲਗ੍ਰੇਡ ਆਉਣ ਦਾ ਸੱਦਾ ਦਿੱਤਾ। ਉਸ ਇਹ ਵੀ ਲਿਖਿਆ ਕਿ ਇਸ ਮੁਲਕ ਵਿਚ ਖਾਣ ਪੀਣ ਦੀ ਮੌਜ ਹੈ। ਦੁੱਧ ਤੇ ਮੱਖਣ ਸਸਤਾ ਹੈ ਤੇ ਫਲਾਂ ਤੇ ਸਬਜ਼ੀਆਂ ਦੀ ਬਹੁਤਾਤ ਹੈ। ਮੈਂ ਵੀ ਉਸ ਕੋਲ ਜਾਣ ਦਾ ਮਨ ਬਣਾ ਲਿਆ। ਪਰ ਕਿਸਮਤ ਨੂੰ ਤਾਂ ਕੁਝ ਹੋਰ ਹੀ ਮਨਜ਼ੂਰ ਸੀ।

ਉਹ ਵਿਸਾਖੀ ਦਾ ਦਿਨ ਸੀ – 13 ਅਪ੍ਰੈਲ 1963 ਜਦੋਂ ਮੈਨੂੰ ਬਗ਼ਦਾਦ ਤੋਂ ਇਕ ਫ਼ੋਨ ਆਇਆ। ਫ਼ੋਨ ਮੁਦੀਰ (ਪ੍ਰਿੰਸੀਪਲ) ਦੇ ਕਮਰੇ ਵਿਚ ਸੀ। ਮੈਂ ਮੁਦੀਰ ਦੇ ਕਮਰੇ ਵਿਚ ਗਿਆ ਤਾਂ ਉਸ ਨੇ ਫ਼ੋਨ ਮੇਰੇ ਹੱਥ ਫੜਾ ਦਿੱਤਾ।

'ਦਇਆ ਨੰਦ ਤੁਹਾਡਾ ਭਰਾ ਸੀ ਬੈੱਲਗ੍ਰੇਡ ਵਿਚ?' ਇੰਡੀਅਨ ਅੰਬੈਸੀ ਦਾ ਫ਼ਸਟ ਸੈਕਰੇਟਰੀ ਬੋਲ ਰਿਹਾ ਸੀ।

'ਹਾਂ, ਮੇਰਾ ਭਰਾ ਦਇਆ ਨੰਦ ਉੱਥੇ ਹੀ ਹੈ।' ਮੈਂ ਝਟ ਉੱਤਰ ਦਿੱਤਾ।

'ਪਰ ਹੁਣ ਉਹ ਨਹੀਂ ਰਿਹਾ,' ਸੈਕਰੇਟਰੀ ਦੇ ਮੂੰਹ 'ਚੋਂ ਗਲ ਨਿਕਲਦੀ ਨਹੀਂ ਸੀ।

'ਉਸ ਦੀ ਤਬਦੀਲੀ ਹੋ ਗਈ?' ਮੈਂ ਪੁੱਛਿਆ।

'ਨਹੀਂ, ਉਹ ਨਹੀਂ ਰਿਹਾ!' ਉਸ ਦੀ ਆਵਾਜ਼ ਵਿਚ ਦੁਖ ਦਾ ਅਹਿਸਾਸ ਸੀ।

'ਕਿੱਥੇ ਹੈ ਉਹ? ਕੁਝ ਦੱਸੋ ਵੀ?' ਮੈਂ ਘਬਰਾ ਗਿਆ ਸਾਂ।

'ਤੁਸੀਂ ਫ਼ੌਰਨ ਬਗ਼ਦਾਦ ਆ ਜਾਓ। ਤੁਸੀਂ ਬੈੱਲਗ੍ਰੇਡ ਜਾਣਾ ਹੈ।' ਉਸ ਕਿਹਾ।

'ਪਰ ਕਿਉਂ? ਮੈਂ ਤਾਂ ਗਰਮੀ ਦੀ ਛੁੱਟੀਆਂ ਵਿਚ ਆਪਣੇ ਪਰਿਵਾਰ ਨਾਲ ਉੱਥੇ ਜਾਣਾ ਹੈ। ਮੈਨੂੰ ਤਿੰਨ ਦਿਨ ਪਹਿਲੋਂ ਹੀ ਉਸ ਦੀ ਚਿੱਠੀ ਆਈ ਹੈ।' ਮੈਂ ਵਿਸ਼ਵਾਸ ਨਾਲ ਕਿਹਾ।

'ਉਹ ਤਾਂ ਠੀਕ ਹੈ। ਤੁਸੀਂ ਬਗ਼ਦਾਦ ਆ ਜਾਓ। ਫ਼ੌਰਨ!' ਉਸ ਮੁੜ ਕਿਹਾ।

'ਕੀ ਦਇਆ ਨੰਦ ਬੀਮਾਰ ਹੈ?' ਮੈਂ ਫਿਰ ਪੁੱਛਿਆ।

'ਨਹੀਂ! ਹੀ ਇਜ਼ ਨੋ ਮੋਰ।' ਉਸ ਅੰਗ੍ਰੇਜ਼ੀ ਵਿਚ ਗੱਲ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ।

'ਵਾਟ ਡੂ ਯੂ ਮੀਨ? ਕੀ ਹੋਇਐ ਉਸ ਨੂੰ?' ਮੈਂ ਚੀਕ ਕੇ ਪੁੱਛਿਆ।

'ਹੀ ਹੈਜ਼ ਡਾਈਡ। ਤੁਸੀਂ ਆ ਜਾਓ, ਪਲੀਜ਼।' ਉਸ ਹਮਦਰਦੀ ਨਾਲ ਕਿਹਾ।

'ਕਦੋਂ?' ਮੈਂ ਰੋ ਪਿਆ।

'10 ਅਪ੍ਰੈਲ। ਤੁਸੀਂ ਛੇਤੀ ਆ ਜਾਓ।' ਉਸ ਨੇ ਤਾਕੀਦ ਕੀਤੀ।

ਮੇਰੇ ਹੱਥੋਂ ਟੈਲੀਫ਼ੋਨ ਡਿਗ ਪਿਆ। ਮੈਂ ਆਪ ਵੀ ਲੜਖੜਾ ਗਿਆ ਤੇ ਮੇਰੀਆਂ ਅੱਖੀਆਂ ਅੱਗੇ ਹਨੇਰਾ ਛਾ ਗਿਆ। ਮੈਂ ਉੱਚੀ ਉੱਚੀ ਰੋਣ ਲੱਗ ਪਿਆ। ਮੁਦੀਰ ਤੇ ਹੋਰ ਅਧਿਆਪਕਾਂ ਨੇ ਮੈਨੂੰ ਸੰਭਾਲਿਆ। ਭਰਾਵਾਂ ਬਾਈ ਦੇ ਪਰਿਵਾਰ ਤੇ ਕਹਿਰ ਦਾ ਪਹਾੜ ਡਿਗ ਪਿਆ। ਉਸ ਦਾ ਤੀਹ ਸਾਲਾਂ ਦਾ ਨੌਜਵਾਨ ਬੇਟਾ ਦੁਨੀਆਂ ਵਿਚ ਨਹੀਂ ਸੀ ਰਿਹਾ। ਘਰ ਆਇਆ ਤਾਂ ਮੈਂ ਰੋਈ ਜਾਵਾਂ ਤੇ ਕੁਝ ਦਸ ਨਾ ਸਕਾਂ। ਮੇਰੇ ਦੋਸਤਾਂ ਹਮੀਦ ਤੇ ਤਾਰਿਕ ਨੇ ਮੈਨੂੰ ਘਰ ਲਿਆਂਦਾ ਸੀ। ਮੇਰੀ ਪਤਨੀ ਹੈਰਾਨ ਸੀ ਕਿ ਭਰਾਵਾਂ ਬਾਈ ਦੇ ਪਰਿਵਾਰ ਨੂੰ ਕਿਸ ਦੀ ਨਜ਼ਰ ਲਗ ਗਈ ਹੈ। ਮੇਰੇ ਮਾਸੂਮ ਬੱਚੇ ਤਾਂ ਕੁਝ ਸਮਝਣ ਜੋਗੇ ਹੀ ਨਹੀਂ ਸਨ। ਮੈਂ ਟੈਕਸੀ ਕੀਤੀ ਤੇ ਦੇਰ ਰਾਤ ਤਕ ਬਗ਼ਦਾਦ ਪਹੁੰਚ ਗਿਆ। ਮੈਂ ਪ੍ਰੀਤਮ ਸਿੰਘ ਦੇ ਘਰ ਚਲਾ ਗਿਆ ਜੋ ਮੇਰਾ ਦੋਸਤ ਸੀ ਤੇ ਐਂਬੈਸੀ ਵਿਚ ਹੀ ਕੰਮ ਕਰਦਾ ਸੀ। ਦੂਜੇ ਦਿਨ ਸਵੇਰੇ ਉਨ੍ਹਾਂ ਮੇਰੇ ਪਾਸਪੋਰਟ ਤੇ ਜ਼ਰੂਰੀ ਵੀਜ਼ੇ ਲਗਵਾ ਦਿੱਤੇ ਤੇ ਗ੍ਰੀਕ ਏਅਰਵੇਜ਼ ਦੀ ਟਿਕਟ ਲੈ ਦਿੱਤੀ। ਬਗ਼ਦਾਦ ਤੋਂ ਮੈਂ ਏਥਨਜ਼ ਗਿਆ ਜਿੱਥੇ ਮੈਂ ਜਹਾਜ਼ ਬਦਲਣਾ ਸੀ। ਇੱਥੋਂ ਮੈਂ ਸਰਬੀਅਨ ਏਅਰਲਾਈਨਜ਼ ਦਾ ਜਹਾਜ਼ ਫੜਿਆ ਤੇ ਤਿੰਨ ਚਾਰ ਵਜੇ ਬੈਲਗ੍ਰੇਡ ਪਹੁੰਚ ਗਿਆ। ਕਰਨਲ ਸੇਨ ਨੇ ਇੰਡੀਅਨ ਐਂਬੈਸੀ ਦੀ ਗੱਡੀ ਮੈਨੂੰ ਲੈਣ ਲਈ ਭੇਜ ਦਿੱਤੀ ਸੀ। ਮੈਂ ਘਰ ਆਇਆ ਤਾਂ ਆਸ਼ਾ ਰਾਣੀ ਬੇਹਾਲ ਹੋਈ ਪਈ ਸੀ। ਬੱਚਿਆਂ ਨੂੰ ਪਤਾ ਹੀ ਨਹੀਂ ਸੀ ਲਗ ਰਿਹਾ ਕਿ ਕੀ ਹੋ ਗਿਆ ਹੈ। ਵਿਜੇ ਦੀ ਹਾਲਤ ਠੀਕ ਉਸੇ ਤਰ੍ਹਾਂ ਸੀ ਜਿਵੇਂ ਮੇਰੀ ਹਾਲਤ ਲਾਲਾ ਟਿਕਾਇਆ ਰਾਮ ਦੀ ਮੌਤ ਵੇਲੇ ਸੀ। ਉਹ ਸਰਬੀਅਨ ਬੋਲ ਲੈਂਦਾ ਸੀ। ਜਦੋਂ ਕਿਸੇ ਅਫ਼ਸੋਸ ਤੇ ਆਉਣ ਵਾਲੇ ਨੇ ਕਿਹਾ : "ਭ੍ਰਾਤ ਉਮਰੋ!" ਤੇ ਵਿਜੇ ਨੇ ਮੈਨੂੰ ਦਸਿਆ ਕਿ ਇਹ ਕਹਿੰਦਾ ਹੈ, "ਕੀ ਤੁਹਾਡਾ ਭਰਾ ਮਰ ਗਿਆ ਹੈ।' ਇਸ ਅਸਹਿ ਦੁਖ

ਵੇਲੇ ਮੈਨੂੰ ਕੁਝ ਸੁਝਦਾ ਤਾਂ ਨਹੀਂ ਸੀ ਪਰ ਮੈਨੂੰ ਲਗਿਆ ਸੀ ਜਿਵੇਂ ਕੋਈ ਮੇਰੇ ਨਾਲ ਸੰਸਕ੍ਰਿਤ ਵਿਚ ਬੋਲ ਰਿਹਾ ਹੋਵੇ। ਬਾਅਦ ਵਿਚ ਮੈਂ ਇਸ ਭਾਸ਼ਾ ਬਾਰੇ ਹੋਰ ਜਾਣਨ ਦਾ ਯਤਨ ਕੀਤਾ। ਸੰਸਕ੍ਰਿਤ ਤੇ ਸਰਬੀਅਨ ਵਿਚ ਬੜੀ ਸਮਾਨਤਾ ਹੈ ਤੇ ਸਰਬੀਅਨ ਦਾ ਇਕ ਸੋਮਾ ਸੰਸਕ੍ਰਿਤ ਵੀ ਹੈ।

ਕਰਨਲ ਸੇਨ ਨੇ ਸਾਰੇ ਇੰਤਜ਼ਾਮ ਕੀਤੇ ਹੋਏ ਸਨ। ਦਇਆ ਨੰਦ ਦਾ ਸ਼ਰੀਰ ਹਸਪਤਾਲ ਵਿਚ ਪਿਆ ਸੀ। ਅਸੀਂ ਸੰਸਕਾਰ ਬੈਲਗ੍ਰੇਡ ਵਿਚ ਹੀ ਕਰਨ ਦਾ ਫ਼ੈਸਲਾ ਕੀਤਾ ਤੇ ਇਸ ਲਈ ਸਾਨੂੰ ਬੈਲਗ੍ਰੇਡ ਤੋਂ 15-20 ਮੀਲ ਦੂਰ ਇਕ ਫ਼ੁਟਬਾਲ ਦੀ ਗਰਾਊਂਡ ਵਿਚ ਸੰਸਕਾਰ ਦੀ ਇਜਾਜ਼ਤ ਦਿੱਤੀ ਗਈ। ਕਰਨਲ ਸੇਨ ਨੇ ਇਸ ਘਟਨਾ ਨੂੰ ਕੈਮਰੇ ਵਿਚ ਰਿਕਾਰਡ ਕਰ ਲਿਆ। ਤੀਜੇ ਦਿਨ ਅਸੀਂ ਫੁਲ ਚੁਣੇ ਤੇ ਬਾਕੀ ਰਾਖ ਦਰਿਆ ਸਾਵਾ ਵਿਚ ਪਾ ਦਿੱਤੀ ਜਿਹੜਾ ਨੇੜੇ ਸੀ। ਅਸਥੀਆਂ ਨੂੰ ਐਂਬੈਸੀ ਵਿਚ ਲਿਜਾਇਆ ਗਿਆ ਤੇ ਇਕ ਰੁੱਖ ਨਾਲ ਬੰਨ੍ਹ ਦਿੱਤਾ ਗਿਆ। ਚੌਥਾ ਵੀ ਐਂਬੈਸੀ ਦੇ ਇਕ ਹਾਲ ਵਿਚ ਹੋਇਆ ਤੇ ਜ਼ਰੂਰੀ ਰਸਮਾਂ ਕਰਨਲ ਸੇਨ ਨੇ ਆਪ ਨਿਭਾਈਆਂ। ਲੋਕਲ ਅਖ਼ਬਾਰਾਂ ਵਿਚ ਇਸ ਘਟਨਾ ਦੀ ਖ਼ਬਰ ਛਪੀ। ਜਿਸ ਰੁੱਖ ਉੱਪਰ ਦਇਆ ਨੰਦ ਦੀਆਂ ਅਸਥੀਆਂ ਬੰਨ੍ਹੀਆਂ ਹੋਈਆਂ ਸਨ, ਅਸੀਂ ਕੋਈ ਦੋ ਸਾਲ ਪਹਿਲੋਂ ਇੱਥੋਂ ਹੋ ਕੇ ਗਏ ਸਾਂ ਤੇ ਇਸ ਦੀ ਛਾਂ ਹੇਠ ਬੈਠੇ ਰਹੇ ਸਾਂ। ਅਸੀਂ 1961 ਦੀਆਂ ਗਰਮੀ ਦੀਆਂ ਛੁੱਟੀਆਂ ਯੋਰਪ ਦੀ ਯਾਤ੍ਰਾ ਤੇ ਬਿਤਾਈਆਂ ਸਨ ਤੇ ਇੱਥੇ ਵੀ ਆਏ ਸਾਂ। ਮੈਂ ਕਿਸਮਤ ਦੇ ਚੱਕਰ ਤੇ ਹੈਰਾਨ ਸੀ। ਮੈਨੂੰ ਕੀ ਪਤਾ ਸੀ ਕਿ ਜਿਸ ਭਰਾ ਨੂੰ ਮੈਂ 1962 ਵਿਚ ਬੈਲਗ੍ਰੇਡ ਜਾਣ ਲਈ ਮਜਬੂਰ ਕਰ ਕੇ ਆਇਆ ਸਾਂ, ਉਸ ਦਾ ਇਹ ਹਸ਼ਰ ਹੋਵੇ ਗਾ। ਕੁਝ ਦਿਨ ਕਾਗ਼ਜ਼ੀ ਕਾਰਵਾਈਆਂ ਤੇ ਲੱਗ ਗਏ। ਭਰਾਵਾਂ ਬਾਈ ਨੂੰ ਤਾਰ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਸੀ। ਮੈਂ ਆਪਣੀ ਭਾਬੀ ਤੇ ਦੋਵਾਂ ਬੱਚਿਆਂ ਨੂੰ ਇਰਾਕ ਲੈ ਆਇਆ। ਕੁਝ ਮਹੀਨੇ ਉਹ ਸਾਡੇ ਕੋਲ ਆਨ੍ਹਾ ਰਹੇ ਤੇ ਛੁੱਟੀਆਂ ਤੋਂ ਪਹਿਲੋਂ ਮੇਰੀ ਤਬਦੀਲੀ ਰਮਾਦੀ ਹੋ ਗਈ। ਜੂਨ 1963 ਵਿਚ ਮੈਂ ਦਇਆ ਨੰਦ ਦੇ ਪਰਿਵਾਰ ਨੂੰ ਤੇ ਆਪਣੇ ਪਰਿਵਾਰ ਨੂੰ ਲੈ ਕੇ ਭਾਰਤ ਆ ਗਿਆ।

ਭਰਾਵਾਂ ਬਾਈ ਸਾਨੂੰ ਮਿਲ ਕੇ ਜ਼ਾਰੋ ਜ਼ਾਰ ਰੋਈ। ਆਸ਼ਾ ਰਾਣੀ ਗਰਭਵਤੀ ਸੀ। ਭਰਾਵਾਂ ਬਾਈ ਨੂੰ ਇੰਜ ਲਗਿਆ ਜਿਵੇਂ ਉਸ ਉੱਪਰ ਕੋਈ ਰੱਬੀ ਪ੍ਰਕੋਪ ਆ ਪਿਆ ਹੋਵੇ। ਉਸ ਨੂੰ ਕੋਈ ਸੁੱਧ ਬੁੱਧ ਨਹੀਂ ਸੀ ਰਹੀ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਕਰੇ ਤੇ ਕੀ ਨਾ ਕਰੇ। ਪਿਛਲੇ ਹੀ ਸਾਲਾਂ ਵਿਚ ਉਸ ਨੇ ਕਈ ਖ਼ੁਸ਼ੀਆਂ ਦਾ ਮੂੰਹ ਵੇਖਿਆ ਸੀ ਪਰ ਇੰਨੇ ਵੱਡੇ ਗ਼ਮ ਨੇ ਉਸ ਦੀਆਂ ਸਾਰੀਆਂ ਖ਼ੁਸ਼ੀਆਂ ਨੂੰ ਖ਼ਤਮ ਕਰ ਦਿੱਤਾ। ਉਹ ਦਿਨੇ ਦਇਆ ਨੰਦ ਦਾ ਨਾਂ ਲੈ ਕੇ ਰੋਂਦੀ ਰਹਿੰਦੀ, ਰਾਤੀਂ ਵੀ ਉਸ ਦਾ ਨਾਂ ਹੀ ਬੜਬੜਾਉਂਦੀ ਹੋਈ ਡੁਸਕਦੀ ਰਹਿੰਦੀ। ਉਸ ਦਾ ਦੁੱਖ ਅਕਹਿ ਤੇ ਅਸਹਿ ਸੀ।

## ਸ਼ਹੁ ਸਾਗਰ ਵਿਚਕਾਰ

ਭਰਾਵਾਂ ਬਾਈ ਲਈ ਸ਼ਾਇਦ ਟਿਕਾਇਆ ਰਾਮ ਦੀ ਮੌਤ ਇੰਨੀ ਦੁਖਦਾਈ ਨਹੀਂ ਸੀ ਜਿੰਨੀ ਦਇਆ ਨੰਦ ਦੀ। ਉਸ ਨੇ ਬੜੀਆਂ ਮੁਸੀਬਤਾਂ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਸੀ ਤੇ ਜ਼ਿੰਦਗੀ ਦੇ ਸਫ਼ਰ ਤੇ ਕਾਮਯਾਬੀ ਨਾਲ ਤੋਰਿਆ ਸੀ। ਹੁਣੇ ਹੀ ਤਾਂ ਉਸ ਨੂੰ ਕੁਝ ਸੁੱਖ ਦਾ ਸਾਹ ਆਇਆ ਸੀ ਤੇ ਉਸ ਤੇ ਫਿਰ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਸੀ। ਉਹ ਕਰਦੀ ਤਾਂ ਕੀ ਕਰਦੀ। ਉਸ ਦੀ ਆਪਣੀ ਤਰ੍ਹਾਂ ਆਸ਼ਾ ਰਾਣੀ ਜਵਾਨੀ ਵਿਚ ਵਿਧਵਾ ਹੋ ਗਈ। ਉਸ ਦੇ ਦੋ ਬੱਚੇ ਵਿਜੈ ਪੰਜ ਸਾਲ ਦਾ ਸੀ ਤੇ ਕਵਿਤਾ ਤਿੰਨ ਸਾਲਾਂ ਦੀ। ਇਸ ਦੇ ਨਾਲ ਉਹ ਗਰਭਵਤੀ ਵੀ ਸੀ। ਦਇਆ ਨੰਦ ਦਾ ਇਕ ਹੋਰ ਬੱਚਾ ਉਸ ਦੀ ਕੁੱਖ ਵਿਚ ਪਲ ਰਿਹਾ ਸੀ। ਕਿਵੇਂ ਪਾਲੇ ਗੀ ਆਸ਼ਾ ਆਪਣੇ ਬੱਚਿਆਂ ਨੂੰ। ਉਹ ਤਾਂ ਮਸੋਂ ਅਠਵੀਂ ਪਾਸ ਸੀ ਤੇ ਉਸ ਕੋਲ ਕੋਈ ਵੀ ਕਸਬੀ ਹੁਨਰ ਨਹੀਂ ਸੀ। ਭਰਾਵਾਂ ਬਾਈ ਸੋਚ ਵੀ ਨਹੀਂ ਸੀ ਸਕਦੀ ਕਿ ਉਹ ਆਪਣੀ ਜਵਾਨ ਨੂੰਹ ਦੀ ਦੁਬਾਰਾ ਸ਼ਾਦੀ ਕਰ ਦੇਵੇ। ਉਸ ਦੇ ਗ਼ਰੀਬ ਮਾਂ ਬਾਪ ਉਸ ਦੀ ਕੋਈ ਮਦਦ ਨਹੀਂ ਸਨ ਕਰ ਸਕਦੇ। ਜੋ ਕਰਨਾ ਸੀ ਉਹ ਭਰਾਵਾਂ ਬਾਈ ਨੇ ਆਪ ਹੀ ਕਰਨਾ ਸੀ। ਉਸ ਨੂੰ ਜੇ ਕੋਈ ਸਹਾਰਾ ਸੀ ਤਾਂ ਉਹ ਸੀ ਸਤਿਆ ਨੰਦ ਦਾ ਜੋ ਪੜ੍ਹ ਲਿਖ ਕੇ ਪ੍ਰੋਫ਼ੈਸਰ ਬਣ ਗਿਆ ਸੀ ਤੇ ਉਸ ਦੀ ਮਦਦ ਕਰ ਸਕਦਾ ਸੀ। ਈਸ਼ਵਰ ਵੀ ਘਰ ਬੈਠੀ ਸੀ ਤੇ ਉਸ ਨੂੰ ਪਤੀ ਦਾ ਸੁਖ ਪ੍ਰਾਪਤ ਨਹੀਂ ਸੀ ਹੋਇਆ। ਉਸ ਨੇ ਸਤਿਆ ਨੰਦ ਦੇ ਤਰਲੇ ਕੀਤੇ ਕਿ ਉਹ ਵਾਪਸ ਇਰਾਕ ਨਾ ਜਾਵੇ। ਪਰ ਸਤਿਆ ਨੰਦ ਦਾ ਇਕ ਸਾਲ ਲਈ ਵਾਪਸ ਜਾਣਾ ਜ਼ਰੂਰੀ ਸੀ ਕਿਉਂਕਿ ਉਸ ਨੇ ਕੌਂਟ੍ਰੈਕਟ ਭਰਿਆ ਹੋਇਆ ਸੀ ਤੇ ਉਸ ਦਾ ਸਾਰਾ ਸਾਮਾਨ ਵੀ ਉਸ ਦੇ ਰਮਾਦੀ ਵਾਲੇ ਘਰ ਵਿਚ ਪਿਆ ਸੀ। ਉਸ ਨੇ ਭਰਾਵਾਂ ਬਾਈ ਨੂੰ ਯਕੀਨ ਦਿਵਾਇਆ ਕਿ ਉਹ ਅਗਲੇ ਸਾਲ ਵਾਪਸ ਆ ਜਾਵੇ ਗਾ ਤੇ ਇਰਾਕ ਦੀ ਨੌਕਰੀ ਤੋਂ ਅਸਤੀਫ਼ਾ ਦੇ ਦੇਵੇ ਗਾ। ਤੇ ਉਹ ਗਰਮੀ ਦੀਆਂ ਛੁੱਟੀਆਂ ਖ਼ਤਮ ਹੋਣ ਤੇ ਆਪਣੀ ਬੀਵੀ ਤੇ ਦੋ ਬੱਚਿਆਂ ਨਾਲ ਵਾਪਸ ਇਰਾਕ ਚਲਾ ਗਿਆ।

ਆਸ਼ਾ ਰਾਣੀ ਨੇ 25 ਨਵੰਬਰ, 1963 ਨੂੰ ਆਪਣੀ ਦੂਜੀ ਬੇਟੀ ਨੂੰ ਜਨਮ ਦਿੱਤਾ ਜਿਸ ਦਾ ਨਾਂ ਰੱਖਿਆ ਗਿਆ ਸਵਿਤਾ। ਵਿਜੈ ਨੂੰ ਸਾਰੇ ਪਿਆਰ ਨਾਲ 'ਬੱਬੂ' ਕਹਿੰਦੇ ਸਨ, ਕਵਿਤਾ ਨੂੰ 'ਪਿੰਕੀ' ਤੇ ਸਵਿਤਾ ਨੂੰ 'ਰੂਬੀ'। ਭਰਾਵਾਂ ਬਾਈ ਨੂੰ ਤਾਂ ਟਿਕਾਇਆ ਰਾਮ ਨੇ ਹਿਕਮਤ ਸਿਖਾ ਦਿੱਤੀ ਸੀ ਤੇ ਨਰਸ ਦੀ ਟ੍ਰੇਨਿੰਗ ਵੀ ਦਿਵਾ ਦਿੱਤੀ ਸੀ। ਇਸ ਤਰ੍ਹਾਂ ਭਾਵੇਂ ਉਸ ਦੇ ਸਿਰ ਦਾ ਸਾਈਂ ਤਾਂ ਨਹੀਂ ਸੀ ਰਿਹਾ ਪਰ ਉਹ ਇੰਨਾ ਕੁ ਆਸਾਨੀ ਨਾਲ ਕਮਾ ਲੈਂਦੀ ਸੀ ਜਿਸ ਨਾਲ

ਉਸ ਦੇ ਚਾਰੇ ਬੱਚਿਆਂ ਦੀ ਪਾਲਣਾ ਹੋ ਸਕੇ। ਆਸ਼ਾ ਦੇ ਤਿੰਨੇ ਬੱਚਿਆਂ ਦੇ ਪਾਲਣ ਦੀ ਜ਼ਿੰਮੇਵਾਰੀ ਵੀ ਭਰਾਵਾਂ ਬਾਈ ਤੇ ਆਣ ਪਈ। ਭਾਵੇਂ ਆਸ਼ਾ ਨੂੰ ਪੈਨਸ਼ਨ ਮਿਲ ਗਈ ਪਰ ਇਸ ਨਾਲ ਚਾਰ ਜੀਆਂ ਦਾ ਗੁਜ਼ਾਰਾ ਮੁਸ਼ਕਿਲ ਸੀ ਤੇ ਬੱਚਿਆਂ ਦੀ ਪੜ੍ਹਾਈ ਤੇ ਖ਼ਰਚ ਕਰਨਾ ਮੁਮਕਿਨ ਨਹੀਂ ਸੀ। ਭਰਾਵਾਂ ਬਾਈ ਲੱਗਿਆ ਜਿਵੇਂ ਉਹ ਕਿਸੇ ਸ਼ਹੁ ਸਾਗਰ ਦੇ ਵਿਚਕਾਰ ਫਸ ਗਈ ਹੋਵੇ ਤੇ ਇਸ ਮੰਝਧਾਰ ਤੋਂ ਬਾਹਰ ਨਿਕਲਣ ਲਈ ਹੱਥ ਪੈਰ ਮਾਰ ਰਹੀ ਹੋਵੇ। ਇਸ ਸ਼ਹੁ ਸਾਗਰ ਦੀਆਂ ਛੱਲਾਂ ਨੇ ਉਸ ਨੂੰ ਬੇਹਾਲ ਤਾਂ ਕਰ ਦਿੱਤਾ ਪਰ ਤਾਂ ਵੀ ਉਸ ਨੇ ਹਿੰਮਤ ਨਹੀਂ ਹਾਰੀ। ਉਸ ਨੂੰ ਮਹਿਸੂਸ ਹੋਇਆ ਜਿਵੇਂ ਜ਼ਿੰਦਗੀ ਉਸ ਦਾ ਇਮਤਿਹਾਨ ਲੈ ਰਹੀ ਹੋਵੇ। ਜਦੋਂ ਰੂਬੀ ਪੰਜ ਛੇ ਮਹੀਨੇ ਦੀ ਹੋ ਗਈ ਤਾਂ ਭਰਾਵਾਂ ਬਾਈ ਨੇ ਆਸ਼ਾ ਨੂੰ ਜੇ.ਬੀ.ਟੀ. ਦੀ ਟ੍ਰੇਨਿੰਗ ਕਰਵਾਉਣ ਦਾ ਫ਼ੈਸਲਾ ਕਰ ਲਿਆ ਤਾਂ ਕਿ ਉਹ ਕਿਸੇ ਪ੍ਰਾਇਮਰੀ ਸਕੂਲ ਵਿਚ ਅਧਿਆਪਕਾ ਲਗ ਸਕੇ ਤੇ ਆਪਣੇ ਬੱਚਿਆਂ ਨੂੰ ਪਾਲ ਸਕੇ। ਪਰ ਕਿਸੇ ਅਠਵੀਂ ਪਾਸ ਉਮੀਦਵਾਰ ਨੂੰ ਇਸ ਟ੍ਰੇਨਿੰਗ ਲਈ ਚੁਣਿਆ ਨਹੀਂ ਸੀ ਜਾ ਸਕਦਾ। ਇਸ ਲਈ ਮੈਟ੍ਰਿਕ ਪਾਸ ਕਰਨਾ ਜ਼ਰੂਰੀ ਸੀ। ਭਰਾਵਾਂ ਬਾਈ ਨੂੰ ਪਤਾ ਲੱਗਿਆ ਕਿ ਇਲਾਹਾਬਾਦ ਦੀ ਇਕ ਸੰਸਥਾ ਤੋਂ 'ਵਿਦਿਆ ਵਿਨੋਦਨੀ' ਦਾ ਇਮਤਿਹਾਨ ਪਾਸ ਕੀਤਾ ਜਾ ਸਕਦਾ ਹੈ ਤੇ ਫਿਰ ਜੇ.ਬੀ.ਟੀ. ਵਿਚ ਦਾਖ਼ਲਾ ਮਿਲ ਕਸਦਾ ਹੈ। ਉਸ ਨੇ ਪੰਜ ਛੇ ਮਹੀਨੇ ਵਿਚ ਆਸ਼ਾ ਤੋਂ ਇਸ ਇਮਤਿਹਾਨ ਦੀ ਤਿਆਰੀ ਕਰਵਾਈ ਤੇ ਆਸ਼ਾ ਇਸ ਵਿਚ ਪਾਸ ਵੀ ਹੋ ਗਈ। ਇਸ ਤਰ੍ਹਾਂ ਉਸ ਨੂੰ ਜੇ.ਬੀ.ਟੀ. ਵਿਚ ਦਾਖ਼ਲਾ ਮਿਲ ਗਿਆ। ਆਸ਼ਾ ਦਾ ਟ੍ਰੇਨਿੰਗ ਸਕੂਲ ਬਹਾਦਰਗੜ੍ਹ ਵਿਚ ਸੀ ਜਿੱਥੇ ਮਾਸਟਰ ਤੋਲਾ ਰਾਮ ਦਾ ਲੜਕਾ ਸਤਪਾਲ ਮਦਾਨ ਰਹਿੰਦਾ ਸੀ। ਆਸ਼ਾ ਵੀ ਉਨ੍ਹਾਂ ਦੇ ਘਰ ਰਹੀ। ਟ੍ਰੇਨਿੰਗ ਦੇ ਦੌਰਾਨ ਕਦੇ ਭਰਾਵਾਂ ਬਾਈ ਆਪ ਤੇ ਕਦੇ ਈਸ਼ਵਰ ਉਸ ਕੋਲ ਰਹੀਆਂ ਤਾਂਕਿ ਰੂਬੀ ਦੀ ਸੰਭਾਲ ਹੋ ਸਕੇ। ਬੱਬੂ ਤੇ ਪਿੰਕੀ ਨੂੰ ਬਿਆਸ ਪ੍ਰਾਇਮਰੀ ਸਕੂਲ ਵਿਚ ਦਾਖ਼ਿਲ ਕਰਵਾ ਦਿੱਤਾ ਗਿਆ। ਆਸ਼ਾ ਨੇ ਟ੍ਰੇਨਿੰਗ ਪੂਰੀ ਕਰ ਲਈ ਤੇ ਨੌਕਰੀ ਲਈ ਅਰਜ਼ੀ ਦੇ ਦਿੱਤੀ। ਨਿਯੁਕਤੀ ਡੀ.ਪੀ.ਆਈ. ਪੰਜਾਬ, ਚੰਡੀਗੜ੍ਹ ਨੇ ਕਰਨੀ ਸੀ। ਉਨ੍ਹਾਂ ਅਰਜ਼ੀ ਲੈ ਤਾਂ ਲਈ ਪਰ ਨੌਕਰੀ ਦੇਣ ਤੋਂ ਟਾਲ ਮਟੋਲ ਕਰਨ ਲਗ ਪਏ। ਦਰਅਸਲ ਡੀਲਿੰਗ ਕਲਰਕ ਰਿਸ਼ਵਤਖ਼ੋਰ ਸੀ ਤੇ ਆਸ਼ਾ ਦੀ ਅਰਜ਼ੀ ਨਿਯੁਕਤੀ ਲਈ ਡੀ.ਪੀ.ਆਈ. ਕੋਲ ਭੇਜਦਾ ਹੀ ਨਹੀਂ ਸੀ। ਦਫ਼ਤਰ ਚੰਡੀਗੜ੍ਹ ਵਿਚ ਸੀ। ਇਕ ਦਿਨ ਭਰਾਵਾਂ ਬਾਈ ਆਪ ਉੱਥੇ ਪਹੁੰਚ ਗਈ ਤੇ ਡੀ.ਪੀ.ਆਈ. ਨੂੰ ਮਿਲਣ ਲਈ ਚਿੱਟ ਲਿਖ ਕੇ ਬਾਹਰ ਚਪੜਾਸੀ ਨੂੰ ਦੇ ਦਿੱਤੀ। ਚਪੜਾਸੀ ਇਹ ਚਿੱਟ ਡੀਲਿੰਗ ਕਲਰਕ ਕੋਲ ਲੈ ਗਿਆ ਜਿਸ ਨੇ ਉਸ ਨੂੰ ਭਰਾਵਾਂ ਬਾਈ ਨੂੰ ਟਰਕਾਉਣ ਲਈ ਆਖ ਦਿੱਤਾ।

'ਸਾਹਬ ਮੀਟਿੰਗ ਵਿਚ ਬੈਠੇ ਨੇ ਤੇ ਅਜੇ ਨਹੀਂ ਮਿਲ ਸਕਦੇ। ਤੁਸੀਂ ਤਿੰਨ ਵਜੇ ਆ ਜਾਣਾ', ਚਪੜਾਸੀ ਨੇ ਭਰਾਵਾਂ ਬਾਈ ਨੂੰ ਆਖਿਆ।

'ਪਰ ਮੈਂ ਤਾਂ ਬੜੀ ਦੂਰ ਜਾਣਾ ਹੈ - ਬਿਆਸ ਜ਼ਿਲ੍ਹਾ ਅੰਮ੍ਰਿਤਸਰ। ਮੈਂ ਹੁਣੇ ਹੀ ਮਿਲਣਾ ਹੈ ਡੀ.ਪੀ.ਆਈ. ਸਾਹਬ ਨੂੰ।' ਭਰਾਵਾਂ ਬਾਈ ਨੇ ਬੇਨਤੀ ਭਰੇ ਲਹਿਜੇ ਵਿਚ ਕਿਹਾ।

'ਮੈਂ ਮਜਬੂਰ ਆਂ ਬੀਬੀ। ਮੈਨੂੰ ਅੰਦਰੋਂ ਹੁਕਮ ਮਿਲਿਆ ਹੈ ਕਿ ਤੁਹਾਨੂੰ ਮੀਟਿੰਗ ਬਾਰੇ ਦਸ ਦਿਆਂ', ਉਸ ਭਰਾਵਾਂ ਬਾਈ ਨੂੰ ਟਰਕਾਉਂਦਿਆਂ ਕਿਹਾ।

'ਮੈਂ ਪੰਜ ਮਿੰਟ ਤੋਂ ਵਧ ਨਹੀਂ ਲਵਾਂ ਗੀ। ਤੁਸੀਂ ਮੈਨੂੰ ਅੰਦਰ ਜਾਣ ਦਿਓ।' ਭਰਾਵਾਂ ਬਾਈ ਨੇ ਪੱਕੇ ਇਰਾਦੇ ਨਾਲ ਕਿਹਾ।

'ਤੂੰ ਅੰਦਰ ਨਹੀਂ ਜਾ ਸਕਦੀ ਬੀਬੀ। ਤਿੰਨ ਵਜੇ ਆਵੀਂ।' ਚਪੜਾਸੀ ਨੇ ਉਸ ਦੀ ਗੱਲ ਸੁਣੀ ਅਣਸੁਣੀ ਕਰ ਦਿੱਤੀ।

'ਮੈਂ ਅੰਦਰ ਜਾ ਰਹੀ ਹਾਂ! ਵੇਖਨੀ ਆਂ ਮੈਨੂੰ ਕੌਣ ਰੋਕਦਾ ਹੈ!' ਭਰਾਵਾਂ ਬਾਈ ਦਰਵਾਜ਼ਾ ਖੋਲ ਕੇ ਅੰਦਰ ਜਾਣ ਲੱਗੀ।

'ਹੱਟ ਜਾ ਬੀਬੀ, ਤੈਨੂੰ ਕਿਹਾ ਏ ਤਿੰਨ ਵਜੇ ਆਵੀਂ।' ਉਸ ਨੇ ਭਰਾਵਾਂ ਬਾਈ ਨੂੰ ਬਾਂਹ ਤੋਂ ਫੜ ਕੇ ਪਰੇ ਲਿਜਾਣ ਦੀ ਕੋਸ਼ਿਸ਼ ਕੀਤੀ।

ਭਰਾਵਾਂ ਬਾਈ ਨੇ ਆਪਣਾ ਪੂਰਾ ਜ਼ੋਰ ਲਾ ਕੇ ਉਸ ਦੇ ਮੂੰਹ ਤੇ ਥੱਪੜ ਮਾਰਿਆ ਤੇ ਆਪਣੀ ਬਾਂਹ ਛੁਡਾ ਲਈ। ਉਨ੍ਹਾਂ ਦਿਨਾਂ ਵਿਚ ਡੀ.ਪੀ.ਆਈ. ਦਾ ਦਫ਼ਤਰ ਸੈਕਟਰ 17 ਵਿਚ ਸੀ ਤੇ ਬਖਸ਼ੀ ਸਾਹਿਬ ਡੀ.ਪੀ.ਆਈ. ਸਨ। ਚਪੜਾਸੀ ਭੌਰ ਭੌਰਾ ਹੋ ਗਿਆ ਤੇ ਉਸ ਨੇ ਭਰਾਵਾਂ ਬਾਈ ਦੇ ਦੋਵੇਂ ਹੱਥ ਫੜ ਲਏ। ਭਰਾਵਾਂ ਬਾਈ ਇਕ ਸ਼ੀਂਹਣੀ ਵਾਂਗ ਹਰਕਤ ਵਿਚ ਆਈ ਤੇ ਆਪਣੇ ਹੱਥ ਛੁਡਾ ਕੇ ਉਸ ਨੂੰ ਇਕ ਥੱਪੜ ਹੋਰ ਲਾ ਦਿੱਤਾ। ਚਪੜਾਸੀ ਨੇ ਰੌਲਾ ਪਾ ਦਿੱਤਾ ਪਰ ਭਰਾਵਾਂ ਬਾਈ ਨੇ ਦਫ਼ਤਰ ਦਾ ਦਰਵਾਜ਼ਾ ਖੋਲ੍ਹ ਦਿੱਤਾ। ਡੀ.ਪੀ.ਆਈ. ਇਕੱਲਾ ਬੈਠਾ ਸੀ ਤੇ ਕੋਈ ਮੀਟਿੰਗ ਨਹੀਂ ਸੀ ਹੋ ਰਹੀ।

'ਕਿੱਥੇ ਹੋ ਰਹੀ ਏ ਮੀਟਿੰਗ ਹਰਾਮਜ਼ਾਦੇ।' ਉਸ ਨੇ ਚਪੜਾਸੀ ਨੂੰ ਆਖਿਆ। 'ਝੂਠ ਬੋਲਦਿਆਂ ਸ਼ਰਮ ਨਹੀਂ ਆਈ ਤੈਨੂੰ।'

'ਕੀ ਗੱਲ ਏ ਬੀਬੀ?' ਡੀ.ਪੀ.ਆਈ. ਨੇ ਪੁੱਛਿਆ।

'ਇਹ ਬੰਦਾ ਮੈਨੂੰ ਅੰਦਰ ਨਹੀਂ ਆਉਣ ਦਿੰਦਾ। ਕਹਿੰਦੈ ਮੀਟਿੰਗ ਹੋ ਰਹੀ ਏ।' ਭਰਾਵਾਂ ਬਾਈ ਨੇ ਕਿਹਾ।

'ਜੀ ਇਸ ਨੇ ਮੈਨੂੰ ਦੋ ਥੱਪੜ ਮਾਰੇ ਨੇ', ਚਪੜਾਸੀ ਬੋਲਿਆ।

'ਤੂੰ ਪਹਿਲੋਂ ਮੇਰੀ ਬਾਂਹ ਫੜੀ ਤੇ ਫਿਰ ਮੇਰੇ ਹੱਥ। ਇਸ ਤੋਂ ਪਹਿਲੋਂ ਤੂੰ ਝੂਠ ਬੋਲਿਆ। ਤੈਨੂੰ ਤਾਂ ਜੁੱਤੀਆਂ ਪੈਣੀਆਂ ਚਾਹੀਦੀਆਂ ਨੇ। ਮੈਂ ਬਖ਼ਸ਼ੀ ਸਾਹਿਬ ਨਾਲ ਗੱਲ ਕਰ ਲਵਾਂ, ਫਿਰ ਪੋਲੀਸ ਕੋਲ ਜਾਵਾਂ ਗੀ।' ਭਰਾਵਾਂ ਬਾਈ ਨੇ ਪੂਰੇ ਰੋਹ ਵਿਚ ਆਖਿਆ।

'ਤੁਸੀਂ ਬੈਠੋ ਬੀਬੀ ਜੀ!' ਡੀ.ਪੀ.ਆਈ. ਨੇ ਬੜੀ ਇੱਜ਼ਤ ਨਾਲ ਆਖਿਆ। 'ਜਾ ਕੇ ਪਾਣੀ ਦਾ ਗਿਲਾਸ ਲਿਆ ਬੀਬੀ ਜੀ ਲਈ', ਉਸ ਚਪੜਾਸੀ ਨੂੰ ਕਿਹਾ।

ਭਰਾਵਾਂ ਬਾਈ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੋ ਗਈਆਂ ਸਨ। ਉਸ ਦਾ ਰੋਣ ਨਿਕਲ ਗਿਆ। ਬਖ਼ਸ਼ੀ ਸਾਹਿਬ ਨੇ ਉਸ ਨੂੰ ਪਾਣੀ ਦਾ ਗਿਲਾਸ ਦਿੱਤਾ ਜੋ ਉਹੀ ਚਪੜਾਸੀ ਲੈ ਕੇ ਆਇਆ ਸੀ। ਭਰਾਵਾਂ ਬਾਈ ਨੇ ਬਖ਼ਸ਼ੀ ਸਾਹਿਬ ਨੂੰ ਦਇਆ ਨੰਦ ਦੇ ਸੁਵਰਗਵਾਸ ਹੋਣ ਤੋਂ ਲੈ ਕੇ ਆਸ਼ਾ ਦੀ ਟ੍ਰੇਨਿੰਗ ਦੀ ਸਾਰੀ ਕਹਾਣੀ ਸੁਣਾਈ ਤੇ ਉਸ ਦੀ ਅਰਜ਼ੀ ਬਾਰੇ ਦੀ ਦੱਸਿਆ। ਬਖ਼ਸ਼ੀ ਨੇ ਡੀਲਿੰਗ ਕਲਰਕ ਤੋਂ ਫ਼ਾਈਲ ਮੰਗਵਾਈ ਤੇ ਕੇਸ ਵੇਖ ਕੇ ਉਸੇ ਵੇਲੇ ਆਰਡਰ ਕਰ ਦਿੱਤੇ। ਚਪੜਾਸੀ ਨੂੰ ਉਸ ਨੇ ਭਰਾਵਾਂ ਬਾਈ ਤੋਂ ਮੁਆਫ਼ੀ ਮੰਗਣ ਲਈ ਕਿਹਾ ਜੋ ਉਸ ਨੇ ਫ਼ੌਰਨ ਮੰਗ ਲਈ। ਉਸ ਨੂੰ ਭਰਾਵਾਂ ਬਾਈ ਵਿਚ ਦੁਰਗਾ ਦੀ ਸ਼ਕਤੀ ਦਾ ਅਹਿਸਾਸ ਹੋ ਗਿਆ ਸੀ। ਡੀ.ਪੀ.ਆਈ. ਨੇ ਭਰਾਵਾਂ ਬਾਈ ਨੂੰ ਯਕੀਨ ਦਿਵਾਇਆ ਕਿ ਸਤਿਆ ਵਤੀ (ਆਸ਼ਾ ਰਾਣੀ) ਦੇ ਆਰਡਰ ਇਕ ਹਫ਼ਤੇ ਦੇ ਅੰਦਰ ਪਹੁੰਚ ਜਾਣ ਗੇ ਤੇ ਉਸ ਨੂੰ ਦੁਬਾਰਾ ਚੰਡੀਗੜ੍ਹ ਨਹੀਂ ਆਉਣਾ ਪਏ ਗਾ। ਇਸ ਤਰ੍ਹਾਂ ਭਰਾਵਾਂ ਬਾਈ ਇਹ ਮੋਰਚਾ ਫ਼ਤਿਹ ਕਰ ਕੇ ਬਿਆਸ ਮੁੜ ਆਈ। ਇਕ ਹਫ਼ਤੇ ਦੇ ਅੰਦਰ ਅੰਦਰ ਉਸ ਦਾ ਆਰਡਰ ਆ ਵੀ ਗਿਆ ਤੇ ਉਸ ਦੀ ਨੌਕਰੀ ਬਿਆਸ ਪ੍ਰਾਇਮਰੀ ਸਕੂਲ ਵਿਚ ਹੀ ਲਗ ਗਈ। ਬਾਅਦ ਵਿਚ ਉਸ ਨੇ ਪੰਜਾਬ ਬੋਰਡ ਦੀ ਮੈਟ੍ਰਿਕ ਵੀ ਪਾਸ ਕਰ ਲਈ। ਭਰਾਵਾਂ ਬਾਈ ਨੇ ਥੋੜਾ ਸੁੱਖ ਦਾ ਸਾਹ ਲਿਆ।

ਅਗਲੇ ਸਾਲ 1964 ਵਿਚ ਸਤਿਆ ਨੰਦ ਵੀ ਇਰਾਕ ਤੋਂ ਅਸਤੀਫ਼ਾ ਦੇ ਕੇ ਆ ਗਿਆ। ਉਸ ਨੂੰ ਮਿੰਟਗੁਮਰੀ ਗੁਰੂ ਨਾਨਕ ਕਾਲਿਜ ਔਫ਼ ਐਜੂਕੇਸ਼ਨ ਜਲੰਧਰ ਵਿਚ ਲੈਕਚਰਰ ਦੀ ਨੌਕਰੀ ਮਿਲ ਗਈ। ਤਨਖ਼ਾਹ ਸੀ ਉਹੀ 245 ਰੁਪਏ ਮਹੀਨਾ ਜਿਹੜੀ ਇਰਕਾ ਦੀ ਤਨਖ਼ਾਹ ਨਾਲੋਂ ਵੀਹ ਗੁਣਾ ਘੱਟ ਸੀ। ਸਤਿਆ ਨੰਦ ਲਈ ਇਰਾਕ ਰਹਿ ਕੇ ਘਰ ਲਈ ਆਰਥਕ ਸਹਿਯੋਗ ਦੇਣਾ ਸੌਖਾ ਸੀ। ਭਾਰਤ ਆ ਕੇ ਤਾਂ ਗੁਜ਼ਾਰਾ ਕਰਨਾ ਵੀ ਔਖਾ ਸੀ ਪਰ ਇਸ ਤੋਂ ਸਿਵਾ ਕੋਈ ਚਾਰਾ ਹੀ ਨਹੀਂ ਸੀ। ਉਸ ਨੇ ਦਇਆ ਨੰਦ ਦੇ ਪਰਿਵਾਰ ਸੰਭਾਲਣ ਲਈ ਭਰਾਵਾਂ ਬਾਈ ਦੀ ਮਦਦ ਵੀ ਕਰਨੀ ਸੀ ਤੇ ਆਪਣੇ ਬੱਚਿਆਂ ਦਾ ਖ਼ਿਆਲ ਵੀ ਰਖਣਾ ਸੀ। ਸਤਿਆ ਨੰਦ ਨੇ ਐਮ.ਏ.ਅੰਗ੍ਰੇਜ਼ੀ ਦਾ ਕੇਵਲ ਪਹਿਲਾ ਭਾਗ ਹੀ ਪਾਸ ਕੀਤਾ ਸੀ ਤੇ ਜ਼ਿਆਦਾ ਸਮਾਂ ਨਿਕਲ ਜਾਣ ਕਾਰਣ ਦੂਜੇ ਭਾਗ ਦਾ ਇਮਤਿਹਾਨ ਦੇ ਹੀ ਨਹੀਂ ਸੀ ਸਕਦਾ। ਉਹ ਐਮ.ਜੀ.ਐਨ. ਕਾਲਿਜ ਛਡ ਕੇ ਡੀ.ਏ.ਵੀ. ਕਾਲਿਜ, ਜਾਲੰਧਰ ਵਿਚ ਚਲਾ ਗਿਆ। ਉਸ ਨੇ ਨਵੇਂ ਸਿਰਿਓਂ ਤਿਆਰੀ ਸ਼ੁਰੂ ਕਰ ਦਿੱਤੀ ਤੇ 1965 ਵਿਚ ਪਹਿਲੇ ਭਾਗ ਦਾ ਇਮਤਿਹਾਨ ਪਾਸ ਕੀਤਾ ਤੇ 1966 ਵਿਚ ਦੂਜੇ ਭਾਗ ਦਾ। ਉਸ ਦੇ ਚੰਗੇ ਨੰਬਰ ਆਏ ਤੇ ਯੂਨੀਵਰਸਿਟੀ ਵਿਚ ਚੰਗੀ ਪੋਜ਼ੀਸ਼ਨ। ਇਸ ਸਾਲ ਉਸ ਨੇ ਅੰਮ੍ਰਿਤ ਦੀ ਸ਼ਾਦੀ ਵੀ ਕਰ ਦਿੱਤੀ ਜੋ ਹੰਸਰਾਜ ਮਹਿਲਾ ਮਹਾਵਿਦਿਆਲਾ, ਜਾਲੰਧਰ ਵਿਚ ਅੰਗ੍ਰੇਜ਼ੀ ਦੀ ਲੈਕਚਰਰ ਲੱਗੀ ਹੋਈ ਸੀ। ਵਿਆਹ ਤੋਂ

ਬਾਅਦ ਉਸ ਨੇ ਨੌਕਰੀ ਛੱਡ ਦਿੱਤੀ ਤੇ ਆਪਣੇ ਪਤੀ ਸੁਰਿੰਦਰ ਮੋਹਨ ਨਾਲ ਇੰਗਲੈਂਡ ਚਲੀ ਗਈ। ਉੱਥੇ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ਮਿਲ ਗਈਆਂ। ਸਤਿਆ ਨੰਦ ਨੇ ਕੋਸ਼ਿਸ਼ ਕਰ ਕੇ ਬਿਸ਼ੰਬਰ ਨਾਥ ਨੂੰ ਜਲੰਧਰ ਲੈ ਆਂਦਾ ਤੇ ਇੱਥੇ ਨੌਕਰੀ ਦਿਵਾ ਦਿੱਤੀ। ਈਸ਼ਵਰ ਨੂੰ ਉਸ ਨੇ ਸਮਝਾਇਆ ਕਿ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਮੁੜ ਤੋਂ ਸ਼ੁਰੂ ਕਰੇ ਤਾਂ ਕਿ ਭਰਾਵਾਂ ਬਾਈ ਨੂੰ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਬਹੁਤੀ ਚਿੰਤਾ ਨਾ ਰਹੇ। ਇਸੇ ਸਾਲ 10 ਜੂਨ, 1966 ਨੂੰ ਸਤਿਆਨੰਦ ਦੇ ਘਰ ਤੀਸਰੇ ਲੜਕੇ ਨੇ ਜਨਮ ਲਿਆ। ਇਕ ਦਿਨ ਪਹਿਲੋਂ ਭਰਾਵਾਂ ਬਾਈ ਨੂੰ ਸੁਫਨੇ ਵਿਚ ਟਿਕਾਇਆ ਰਾਮ ਦੇ ਦਰਸ਼ਨ ਹੋਏ ਸਨ ਜਿਸ ਨੇ ਉਸ ਨੂੰ ਵਰਸ਼ਾ ਦਾ ਖ਼ਾਸ ਖ਼ਿਆਲ ਰੱਖਣ ਲਈ ਕਿਹਾ ਸੀ। ਅੰਮ੍ਰਿਤ ਵਰਸ਼ਾ ਦੀ ਡਿਲਿਵਰੀ ਬਿਆਸ ਵਿਚ ਭਰਾਵਾਂ ਬਾਈ ਨੇ ਹੀ ਕੀਤੀ। ਬੱਚੇ ਦਾ ਨਾਂ ਪਹਿਲੋਂ ਅਨੂਪ ਰੱਖਿਆ ਗਿਆ ਪਰ ਵਰਸ਼ਾ ਨੇ ਇਸ ਨੂੰ ਪ੍ਰਵਾਨ ਨਾ ਕੀਤਾ ਤੇ ਉਸ ਦਾ ਨਾਂ ਰੱਖਿਆ ਆਦਿਤਯ। ਅਸੀਂ ਉਸ ਨੂੰ ਪਿਆਰ ਨਾਲ 'ਆਦੀ' ਕਹਿੰਦੇ ਹਾਂ। ਆਦੀ ਦੇ ਆਉਣ ਨਾਲ ਭਰਾਵਾਂ ਬਾਈ ਦੀ ਉਦਾਸੀ ਕੁਝ ਘਟੀ ਤੇ ਦਇਆ ਨੰਦ ਦੀ ਕਮੀ ਵੀ ਕਿਸੇ ਹੱਦ ਤਕ ਪੂਰੀ ਹੁੰਦੀ ਜਾਪੀ ਪਰ ਉਸ ਨੂੰ ਇਹ ਘਾਟ ਕਿਸੇ ਗੁੱਝੀ ਸੱਟ ਵਾਂਗ ਸਦਾ ਰੜਕਦੀ ਰਹੀ।

ਇੰਗਲੈਂਡ ਵਿਚ ਅੰਮ੍ਰਿਤ ਦੇ ਘਰ ਦੋ ਬੇਟੇ ਹੋਏ - ਵਿੱਕੀ ਤੇ ਸਰਵੀ। ਭਰਾਵਾਂ ਬਾਈ ਆਪਣੇ ਦੋਹਤਿਆਂ ਨੂੰ ਮਿਲਣ ਇੰਗਲੈਂਡ ਗਈ ਤੇ ਤਿੰਨ-ਚਾਰ ਮਹੀਨੇ ਅੰਮ੍ਰਿਤ ਕੋਲ ਰਹੀ। ਉੱਥੇ ਰਹਿ ਕੇ ਉਸ ਨੇ ਇੰਗਲੈਂਡ ਦੀਆਂ ਕਈ ਖ਼ੂਬਸੂਰਤ ਥਾਵਾਂ ਦੀ ਯਾਤ੍ਰਾ ਕੀਤੀ। ਸੁਰਿੰਦਰ ਤੇ ਅੰਮ੍ਰਿਤ ਦਾ ਫ਼ੈਮਲੀ ਡਾਕਟਰ - ਡਾ: ਅਇਰਜ਼ - ਉਸ ਦਾ ਬੜਾ ਪ੍ਰਸ਼ੰਸਕ ਬਣ ਗਿਆ। ਉਸ ਨੂੰ ਭਰਾਵਾਂ ਬਾਈ ਬੜੀ ਸਚੇਤ ਤੇ ਸੂਝਵਾਨ ਜਾਪੀ। ਡਾ: ਆਇਰਜ਼ ਵਿਆਹ ਨਹੀਂ ਸੀ ਕਰਵਾਉਂਦਾ ਤੇ ਭਰਾਵਾਂ ਬਾਈ ਨੇ ਉਸ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਤੇ ਭਾਰਤੀ ਵਹੁਟੀ ਲਭ ਕੇ ਉਸ ਦੇ ਵਿਆਹ ਕਰਾਉਣ ਦਾ ਵਿਸ਼ਵਾਸ ਦਿਵਾਇਆ। ਡਾ: ਆਇਰਜ਼ ਉਸ ਦੀਆਂ ਗੱਲਾਂ ਸੁਣ ਕੇ ਹੱਸ ਪਿਆ। ਭਰਾਵਾਂ ਬਾਈ ਨੇ ਉਸ ਨੂੰ ਕਈ ਸਿੱਧੇ ਸਾਦੇ ਦੇਸੀ, ਯੂਨਾਨੀ, ਤੇ ਆਯੁਰਵੈਦਿਕ ਨੁਸਖ਼ੇ ਵੀ ਦੱਸੇ। ਉਹ ਭਰਾਵਾਂ ਬਾਈ ਦੀ ਜਿਗਿਆਸਾ ਤੇ ਆਪਣੇ ਤਜਰਬੇ ਹੋਰਾਂ ਨਾਲ ਸਾਂਝੇ ਕਰਨ ਦੀ ਇੱਛਾ ਤੋਂ ਬਹੁਤ ਪ੍ਰਭਾਵਿਤ ਹੋਇਆ। ਇੰਗਲੈਂਡ ਵਿਚ ਭਰਾਵਾਂ ਬਾਈ ਨੂੰ ਕਈ ਐਸੇ ਪਰਿਵਾਰ ਵੀ ਮਿਲੇ ਜਿਨ੍ਹਾਂ ਦੇ ਬੱਚੇ ਉਸ ਨੇ ਆਪ ਜਮਾਏ ਸਨ। ਉਸ ਨੂੰ ਕਈ ਇਹੋ ਜਿਹੇ ਬੱਚੇ ਵੀ ਮਿਲੇ ਜਿਨ੍ਹਾਂ ਨੂੰ ਦੁਨੀਆਂ ਵਿਚ ਆਉਣ ਲਈ ਭਰਾਵਾਂ ਬਾਈ ਤੇ ਕਸਬੀ ਤੇ ਕੋਮਲ ਹੱਥਾਂ ਦੀ ਛੁਹ ਮਿਲੀ ਸੀ। ਹੈਰਾਨੀ ਤਾਂ ਇਸ ਗੱਲ ਦੀ ਹੋਈ ਕਿ ਇਨ੍ਹਾਂ ਪਰਿਵਾਰਾਂ ਦੀਆਂ ਕਈ ਔਰਤਾਂ ਮਾਤਾ ਜੀ ਕੋਲ ਸਲਾਹ-ਮਸ਼ਵਰੇ ਲਈ ਆਉਣ ਲਗ ਪਈਆਂ। ਉਨ੍ਹਾਂ ਨੂੰ ਇੰਗਲੈਂਡ ਦੇ ਸੁਸਿੱਖਿਅਤ ਡਾਕਟਰਾਂ ਤੇ ਚਿਕਿਤਸਾ ਪ੍ਰਬੰਧਾਂ ਨਾਲੋਂ ਭਰਾਵਾਂ ਬਾਈ ਦੇ ਇਲਾਜ ਤੇ ਵਧੇਰੇ ਭਰੋਸਾ ਸੀ। ਖ਼ੁਦ ਅੰਮ੍ਰਿਤ ਵੀ ਆਪਣੀ ਸਿਹਤ ਸੰਬੰਧੀ ਉਨ੍ਹਾਂ ਦੀ

ਸਲਾਹ ਲੈਂਦੀ ਸੀ ਤੇ ਆਪਣੀ ਮਾਂ ਨੂੰ ਡਾ: ਆਇਰਜ਼ ਨਾਲੋਂ ਵੀ ਵਧੇਰੇ ਸੂਝਵਾਨ ਸਮਝਦੀ ਸੀ। ਬਾਅਦ ਵਿਚ ਅੰਮ੍ਰਿਤ ਦੇ ਦੋਵੇਂ ਬੇਟੇ ਪੜ੍ਹ ਲਿਖ ਕੇ ਡਾਕਟਰ ਬਣ ਗਏ। ਉਹ ਭਾਵੇਂ ਮਾਤਾ ਜੀ ਦੀਆਂ ਦਵਾਈਆਂ ਨਾਲ ਸਹਿਮਤ ਨਾ ਹੋਣ ਪਰ ਉਨ੍ਹਾਂ ਦੇ ਸਹੀ ਨਿਰੀਖਿਅਣ ਦੀ ਹਮੇਸ਼ਾ ਤਾਰੀਫ਼ ਕਰਦੇ ਸਨ। ਅੰਮ੍ਰਿਤ ਦਾ ਸਾਰਾ ਪਰਿਵਾਰ ਇੰਗਲੈਂਡ ਵਿਚ ਹੀ ਹੈ।

ਈਸ਼ਵਰ ਦੇਵੀ ਦੀ ਜ਼ਿੰਦਗੀ ਵੀ ਕੁਝ ਸਥਿਰ ਹੋ ਗਈ। ਦਰਅਸਲ ਦਇਆ ਨੰਦ ਦੀ ਮੌਤ ਨੇ ਸਾਰੇ ਪਰਿਵਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਈਸ਼ਵਰ ਨੇ ਵੀ ਜ਼ਿੰਦਗੀ ਨਾਲ ਸਮਝੌਤਾ ਕਰਨਾ ਹੀ ਉਚਿਤ ਸਮਝਿਆ ਸੀ। ਉਸ ਦੀਆਂ ਦੋ ਬੇਟੀਆਂ ਹੋਈਆਂ – ਪ੍ਰਤਿਭਾ ਅਥਵਾ ਨੰਨ੍ਹੀ ਤੇ ਸੁਚਰਿਤਾ ਅਥਵਾ ਲਿੱਲੀ। ਸ਼੍ਰੀ ਪਾਰਵੱਤੀ ਜੈਨ ਹਾਈ ਸਕੂਲ ਵਿਚ ਉਸ ਦਾ ਦਿਲ ਲਗ ਗਿਆ ਤੇ ਉਹ ਸੈਕਿੰਡ-ਮਿਸਟ੍ਰੈਸ ਬਣ ਗਈ। ਇਸੇ ਤਰ੍ਹਾਂ ਬਿਸ਼ੰਬਰ ਨਾਥ ਵੀ ਬੀ.ਆਰ.ਇੰਡਸਟ੍ਰੀਅਲ ਕਾਰਪੋਰੇਸ਼ਨ ਵਿਚ ਮੈਨੇਜਰ ਬਣ ਗਿਆ। ਉਸ ਦੇ ਸੁਭਾਅ ਵਿਚ ਵੀ ਕਾਫ਼ੀ ਤਬਦੀਲੀ ਆ ਗਈ ਤੇ ਉਹ ਵਧੇਰੇ ਜ਼ਿੰਮੇਵਾਰ ਬਣ ਗਿਆ। ਸਤਿਆ ਨੰਦ ਨੇ ਉਸ ਨਾਲ ਬਹਿਨੋਈ ਦੀ ਬਜਾਏ ਦੋਸਤ ਵਾਂਗ ਵਰਤਣਾ ਸ਼ੁਰੂ ਕਰ ਦਿੱਤਾ। ਇਸ ਨਾਲ ਵੀ ਮੀਆਂ ਬੀਵੀ ਵਿਚਕਾਰ ਫ਼ਾਸਲੇ ਘਟੇ ਤੇ ਉਹ ਸ਼ਾਂਤਮਈ ਜੀਵਨ ਬਿਤਾਉਣ ਲਗ ਪਏ। ਉਨ੍ਹਾਂ ਨੇ ਵਿਜੈ ਨਗਰ ਜਾਲੰਧਰ ਵਿਚ ਇਕ ਸ਼ਾਨਦਾਰ ਮਕਾਨ ਵੀ ਬਣਾ ਲਿਆ। ਨੰਨ੍ਹੀ ਤੇ ਲਿੱਲੀ ਵੀ ਵੱਡੀਆਂ ਹੋ ਗਈਆਂ ਤੇ ਉਨ੍ਹਾਂ ਦੀ ਪੜ੍ਹਾਈ ਸ਼ੁਰੂ ਹੋ ਗਈ। ਭਰਾਵਾਂ ਬਾਈ ਆਪਣੀ ਧੀ ਦੇ ਪਰਿਵਾਰ ਦੀ ਪੂਰੀ ਨਿਗਰਾਨੀ ਕਰਦੀ ਰਹੀ ਤੇ ਲੋੜ ਅਨੁਸਾਰ ਉਨ੍ਹਾਂ ਦੀ ਮਦਦ ਵੀ ਕਰਦੀ ਰਹੀ। ਹੌਲੀ ਹੌਲੀ ਈਸ਼ਵਰ ਦਾ ਘਰ ਵੱਸ ਗਿਆ। ਬੱਚੇ ਜਵਾਨ ਹੋ ਗਏ, ਪੜ੍ਹ ਲਿਖ ਗਏ। ਉਸ ਦੀਆਂ ਕੁੜੀਆਂ ਦੇ ਵਿਆਹ ਵੀ ਹੋ ਗਏ। ਨੰਨ੍ਹੀ ਦਿੱਲੀ ਤੇ ਲਿੱਲੀ ਫ਼ਰੀਦਾਬਾਦ ਰਹਿੰਦੀ ਹੈ। ਈਸ਼ਵਰ ਵੀ ਜਾਲੰਧਰ ਵਾਲਾ ਮਕਾਨ ਵੇਚ ਕੇ ਕੁੜੀਆਂ ਕੋਲ ਚਲੀ ਗਈ। ਸੇਵਾ ਮੁਕਤ ਹੋਣ ਤੋਂ ਬਾਅਦ ਉਹ ਆਪਣੇ ਪਤੀ ਨਾਲ ਫ਼ਰੀਦਾਬਾਦ ਹੀ ਰਹਿੰਦੀ ਹੈ।

ਭਰਾਵਾਂ ਬਾਈ ਲਈ ਸਭ ਤੋਂ ਵੱਡੀ ਚੁਣੌਤੀ ਸੀ ਆਸ਼ਾ ਤੇ ਉਸ ਦੇ ਬੱਚਿਆਂ ਦਾ ਭਵਿੱਖ। ਉਸ ਦੀਆਂ ਸਾਰੀਆਂ ਆਸਾਂ ਵਿਜੈ ਤੇ ਕੇਂਦ੍ਰਿਤ ਹੋ ਗਈਆਂ। ਉਸ ਨੇ ਤੱਹੀਆ ਕਰ ਲਿਆ ਕਿ ਉਹ ਵਿਜੈ ਨੂੰ ਜ਼ਰੂਰ ਡਾਕਟਰ ਬਣਾਵੇ ਗੀ। ਉਸ ਨੇ ਸਤਿਆ ਨੰਦ ਨੂੰ ਕੰਪਾਊਡਰ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਈਸ਼ਵਰ ਨੂੰ ਵੀ ਲੇਡੀ ਹੈੱਲਥ ਵਿਜ਼ਿਟਰ ਦੇ ਕੋਰਸ ਵਿਚ ਦਾਖ਼ਿਲ ਕਰਵਾਇਆ ਸੀ ਪਰ ਇਹ ਦੋਵੇਂ ਬੱਚੇ ਦਵਾਈ ਦਾਰੂ ਦੇ ਕਿੱਤੇ ਵਿਚ ਬਿਲਕੁਲ ਹੀ ਰੁਚਿਤ ਨਹੀਂ ਸਨ। ਉਨ੍ਹਾਂ ਨੇ ਆਪਣੇ ਲਈ ਵੱਖਰੀਆਂ ਦਿਸ਼ਾਵਾਂ ਲਭ ਲਈਆਂ ਸਨ। ਸਤਿਆ ਨੰਦ ਡੀ.ਏ.ਵੀ. ਕਾਲਿਜ, ਜਾਲੰਧਰ ਤੋਂ ਨੌਕਰੀ ਛੱਡ ਕੇ ਡੀ.ਏ.ਵੀ. ਕਾਲਿਜ ਔਫ਼ ਐਜੂਕੇਸ਼ਨ, ਹੁਸ਼ਿਆਰਪੁਰ ਵਿਚ ਸੀਨੀਅਰ ਲੈਕਚਰਰ ਬਣ ਕੇ ਚਲਾ ਗਿਆ ਸੀ ਤੇ 1968 ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਚ ਅਸਿਸਟੈਂਟ ਪ੍ਰੋਫ਼ੈਸਰ ਔਫ਼ ਇੰਗਲਿਸ਼ ਵਜੋਂ

ਸਿਲੈਕਟ ਹੋ ਗਿਆ ਸੀ। ਉਹ ਪਹਿਲੋਂ ਹਿਸਾਰ ਰਿਹਾ ਤੇ ਫਿਰ ਲੁਧਿਆਣੇ ਆ ਗਿਆ। ਭਰਾਵਾਂ ਬਾਈ ਨੇ ਵਿਜੈ ਨੂੰ ਸ਼ੁਰੂ ਤੋਂ ਹੀ ਡਾਕਟਰ ਬਣਨ ਦੀ ਪ੍ਰੇਰਨਾ ਦੇਣੀ ਸ਼ੁਰੂ ਕਰ ਦਿੱਤੀ। ਇਸ ਕੰਮ ਵਿਚ ਸਤਿਆਨੰਦ ਨੇ ਵੀ ਉਸ ਦਾ ਸਾਥ ਦਿੱਤਾ ਤੇ ਜਦੋਂ ਵਿਜੈ ਨੇ ਬਿਆਸ ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕਰ ਲਈ ਤਾਂ ਉਹ ਉਸ ਨੂੰ ਲੁਧਿਆਣੇ ਲੈ ਆਇਆ ਤੇ ਆਰੀਆ ਕਾਲਿਜ ਵਿਚ ਪ੍ਰੀ-ਮੈਡੀਕਲ ਕਲਾਸ ਵਿਚ ਦਾਖ਼ਿਲ ਕਰਵਾ ਦਿੱਤਾ। ਵਿਜੈ ਲਈ ਇਹ ਚੰਗਾ ਮੌਕਾ ਸੀ। ਉਹ ਪ੍ਰੀ-ਮੈਡੀਕਲ ਵਿਚ 63 ਪ੍ਰਤੀਸ਼ਤ ਨੰਬਰ ਲੈ ਕੇ ਪਾਸ ਹੋਇਆ। ਉਸ ਦੇ ਮੈਡੀਕਲ ਕਾਲਿਜ ਵਿਚ ਦਾਖ਼ਲੇ ਦਾ ਇੱਕੋ ਚਾਂਸ ਸੀ ਤੇ ਉਹ ਸੀ ਉਸ ਦੇ ਪਿਤਾ ਦਇਆ ਨੰਦ ਦੀ ਮਿਲਿਟਰੀ ਸਰਵਿਸ ਦੌਰਾਨ ਮੌਤ ਕਾਰਣ ਛੇ ਸੁਰੱਖਿਅਤ ਸੀਟਾਂ ਲਈ ਮੁਕਾਬਲਾ। ਉਸ ਦੀ ਇੰਟਰਵਿਊ ਪਟਿਆਲੇ ਹੋਈ ਜਿੱਥੇ ਡਾ: ਸੇਵਾ ਸਿੰਘ ਮਾਖਨੀ ਸੀਲੈਕਸ਼ਨ ਕਮੇਟੀ ਦਾ ਚੇਅਰਮੈਨ ਸੀ। ਉਸ ਦਾ ਖ਼ਿਆਲ ਸੀ ਕਿ ਦਇਆ ਨੰਦ ਦੀ ਮੌਤ ਜੰਗ ਦੇ ਮੁਹਾਜ਼ ਤੇ ਨਹੀਂ ਸੀ ਹੋਈ ਸਗੋਂ ਪੀਸ ਸਟੇਸ਼ਨ ਤੇ ਹੋਈ ਸੀ। ਸਤਿਆ ਨੰਦ ਆਪ ਉਸ ਨੂੰ ਮਿਲਿਆ ਤੇ ਕਿਹਾ ਕਿ ਜੇ ਸਰਹੱਦ ਤੇ ਗੋਲੀ ਖਾ ਕੇ ਮਰਣ ਵਾਲੇ ਸੈਨਿਕ ਸ਼ਹੀਦ ਮੰਨੇ ਜਾਂਦੇ ਹਨ ਤਾਂ ਉਨ੍ਹਾਂ ਲਈ ਦਾਰੂ ਸਿੱਕਾ ਲਿਆਣ ਵਾਲੇ ਸੈਨਿਕ ਰਸਤੇ ਵਿਚ ਮਰ ਜਾਣ ਤੇ ਸ਼ਹੀਦ ਕਿਉਂ ਨਹੀਂ ਮੰਨੇ ਜਾ ਸਕਦੇ। ਡਾ: ਮਾਖਨੀ ਨੇ ਵਿਜੈ ਦੀ ਇੰਟਰਵਿਊ ਵੇਲੇ ਸਤਿਆ ਨੰਦ ਨੂੰ ਵੀ ਅੰਦਰ ਸੱਦ ਲਿਆ ਸੀ। ਚੋਣ ਕਮੇਟੀ ਨੇ ਇਹ ਦਲੀਲ ਮੰਨ ਲਈ। ਦਇਆ ਨੰਦ ਨੂੰ ਉਦੋਂ ਯੋਗੋਸਲਾਵੀਆ ਭੇਜਿਆ ਗਿਆ ਸੀ ਜਦੋਂ ਚੀਨ ਤੇ ਹਿੰਦੁਸਤਾਨ ਦੀ ਲੜਾਈ ਹੋ ਰਹੀ ਸੀ ਤੇ ਉਹ ਇਸੇ ਸਿਲਸਿਲੇ ਵਿਚ ਡਿਊਟੀ ਤੇ ਕੰਮ ਦੀ ਜ਼ਿਆਦਤੀ ਦੇ ਤਣਾਓ ਕਾਰਣ ਮਰਿਆ ਸੀ। ਕਮੇਟੀ ਨੇ ਵਿਜੈ ਨੂੰ ਛੇ ਸੀਟਾਂ ਲਈ ਮੁਕਾਬਲੇ ਵਾਲੀ ਕੈਟੀਗਰੀ ਵਿਚ ਪਾ ਲਿਆ ਤੇ ਉਸ ਦੀ ਸਿਲੈਕਸ਼ਨ ਹੋ ਗਈ।

ਵਿਜੈ ਦਾ ਡਾਕਟਰ ਬਣਨਾ ਭਰਾਵਾਂ ਬਾਈ ਦੇ ਇਕ ਲੰਮੇ ਸੁਫ਼ਨੇ ਦੇ ਪੂਰੇ ਹੋਣ ਵਾਂਗ ਸੀ। ਆਸ਼ਾ ਦੀ ਤਨਖ਼ਾਹ ਨਾਲ ਤਾਂ ਉਸ ਦੀ ਡਾਕਟਰੀ ਲਈ ਪੜ੍ਹਾਈ ਦੇ ਖ਼ਰਚੇ ਪੂਰੇ ਨਹੀਂ ਸਨ ਹੋ ਸਕਦੇ। ਵਿਜੈ ਦੀ ਪੜ੍ਹਾਈ ਦਾ ਸਾਰਾ ਖ਼ਰਚ ਇਨ੍ਹਾਂ ਸਾਲਾਂ ਵਿਚ ਮਾਤਾ ਜੀ ਨੇ ਆਪ ਦਿੱਤਾ ਤੇ ਵਿਜੈ ਇਕ ਚੰਗਾ ਡਾਕਟਰ ਬਣ ਗਿਆ। ਉਸ ਨੂੰ ਸਰਕਾਰੀ ਨੌਕਰੀ ਵੀ ਮਿਲ ਗਈ। ਵਿਜੈ ਨੇ ਵੀ ਮਾਤਾ ਜੀ ਕੋਲ ਬਹੁਤ ਕੁਝ ਸਿਖਿਆ ਤੇ ਉਨ੍ਹਾਂ ਦੇ ਕਈ ਨੁਸਖ਼ੇ ਅਪਨਾਏ। ਉਹ ਇਕ ਬੜਾ ਕਾਮਯਾਬ ਡਾਕਟਰ ਹੈ ਤੇ ਆਪਣੀ ਸਫਲਤਾ ਦਾ ਰਾਜ਼ ਮਾਤਾ ਜੀ ਦੀ ਭਰਪੂਰ ਸਹਾਇਤਾ ਤੇ ਆਸ਼ੀਰਵਾਦ ਨੂੰ ਹੀ ਮੰਨਦਾ ਹੈ। ਉਸ ਦੀ ਪਤਨੀ ਸਰਿਤਾ ਡੈਂਟਲ ਸਰਜਨ ਹੈ ਤੇ ਉਹ ਵੀ ਭਰਾਵਾਂ ਬਾਈ ਦੀ ਸੂਝ ਬੂਝ ਤੇ ਯੋਗਤਾ ਦੀ ਕਾਇਲ ਹੈ। ਉਨ੍ਹਾਂ ਬਿਆਸ ਵਿਚ ਭਰਾਵਾਂ ਬਾਈ ਦੀ ਯਾਦ ਵਿਚ ਇਕ ਹਸਪਤਾਲ ਵੀ ਬਣਾਇਆ ਹੈ। ਜਦੋਂ ਵਿਜੈ ਮੈਡੀਕਲ ਕਾਲਿਜ, ਅੰਮ੍ਰਿਤਸਰ ਵਿਚ ਪੜ੍ਹਦਾ ਸੀ ਤਾਂ ਕਈ ਵਾਰ ਮਾਤਾ ਜੀ ਆਪ ਉਸ ਦੇ ਕਾਲਿਜ ਚਲੇ ਜਾਂਦੇ ਤੇ

ਉਸ ਦੇ ਕਈ ਪ੍ਰੋਫ਼ੈਸਰਾਂ ਨੂੰ ਮਿਲਦੇ। ਉਹ ਵੀ ਮਾਤਾ ਜੀ ਦੀ ਹਿੰਮਤ, ਲਗਨ, ਤੇ ਪ੍ਰਬਲ ਇੱਛਾ ਸ਼ਕਤੀ ਦੀ ਤਾਰੀਫ਼ ਕੀਤੇ ਬਿਨਾ ਨਾ ਰਹਿ ਸਕਦੇ।

ਵਿਜੇ ਦੇ ਹੱਥ ਵਿਚ ਉਹੀ ਸ਼ਫ਼ਾ ਹੈ ਜੋ ਭਰਾਵਾਂ ਬਾਈ ਦੇ ਹੱਥਾਂ ਵਿਚ ਸੀ। ਉਹ ਵੀ ਜਿਸ ਮਰੀਜ਼ ਨੂੰ ਹੱਥ ਪਾਉਂਦਾ ਹੈ ਠੀਕ ਹੋ ਜਾਂਦਾ ਹੈ। ਪਿੰਡ ਦਾ ਤਾਂ ਉਹ 'ਬੱਬੂ' ਹੀ ਹੈ ਤੇ ਲੋਕੀਂ ਉਸ ਨੂੰ 'ਬੱਬੂ ਡਾਕਟਰ' ਦੇ ਨਾਂ ਨਾਲ ਹੀ ਜਾਣਦੇ ਹਨ। ਪਿੰਡ ਵਿਚ ਕਿਸੇ ਨੂੰ ਜਾ ਕੇ 'ਮਾਤਾ ਜੀ' ਬਾਰੇ ਪੁੱਛੋ ਤਾਂ ਉਹ ਭਰਾਵਾਂ ਬਾਈ ਬਾਰੇ ਜੋ ਕੁਝ ਵੀ ਜਾਣਦਾ ਹੈ ਦਸ ਦੇਵੇ ਗਾ। ਉਹ ਤੁਹਾਨੂੰ ਉਸ ਦੇ ਘਰ ਤਕ ਵੀ ਛੱਡ ਆਏ ਗਾ। ਤੇ ਜੇ 'ਬੱਬੂ ਡਾਕਟਰ' ਬਾਰੇ ਪੁੱਛੋ ਤਾਂ ਉਹ ਤੁਹਾਨੂੰ ਡਾ: ਵਿਜੇ ਕੁਮਾਰ ਅਰੋੜਾ ਦੇ ਹਸਪਤਾਲ ਤਕ ਲੈ ਜਾਏ ਗਾ। ਮੈਂ ਤਾਂ ਪਿੰਡ ਕਦੇ ਕਦੇ ਜਾਂਦਾ ਹਾਂ। ਕਈ ਵਾਰੀ ਮੈਨੂੰ ਆਪਣੀ ਪਛਾਣ ਦੱਸਣ ਲਈ ਕਹਿਣਾ ਪੈਂਦਾ ਹੈ ਕਿ ਮੈਂ ਮਾਤਾ ਜੀ ਦਾ ਪੁੱਤਰ ਹਾਂ 'ਸਤਿਆ ਨੰਦ' ਜਾਂ 'ਡਾ: ਬੱਬੂ' ਦਾ ਪਿਤਾ।

ਭਾਵੇਂ ਭਰਾਵਾਂ ਬਾਈ ਦੇ ਸਾਰੇ ਬੱਚੇ ਆਪਣ ਪਰਿਵਾਰਾਂ ਸਣੇਂ ਆਪੋ ਆਪਣੀ ਮੰਜ਼ਿਲ ਵਲ ਵਧਦੇ ਰਹੇ ਤੇ ਦਇਆ ਨੰਦ ਦੇ ਪਰਿਵਾਰ ਦਾ ਵੀ ਹਰ ਮੁਮਕਿਨ ਪ੍ਰਬੰਧ ਹੋ ਗਿਆ, ਉਸ ਦੇ ਦਿਲ ਅੰਦਰੋਂ ਆਪਣੇ ਵੱਡੇ ਪੁੱਤਰ ਦੇ ਸਦਾ ਲਈ ਗੁਆਚ ਜਾਣ ਦੀ ਟੀਸ ਕਦੇ ਵੀ ਨਾ ਘਟੀ। ਉਸ ਨੂੰ ਦਇਆ ਨੰਦ ਦੇ ਸੁਫ਼ਨੇ ਹਮੇਸ਼ਾ ਆਉਂਦੇ ਰਹਿੰਦੇ ਤੇ ਇਹੋ ਜਿਹੀ ਹਾਲਤ ਵਿਚ ਉਹ ਅਭੜਵਾਹੇ ਉਠ ਬਹਿੰਦੀ ਤੇ ਰੋਣ ਲਗ ਜਾਂਦੀ। ਦਇਆ ਨੰਦ ਬਚਪਨ ਵਿਚ ਬੜਾ ਸ਼ਰਾਰਤੀ ਸੀ ਪਰ ਜਵਾਨ ਹੋ ਕੇ ਤਾਂ ਉਹ ਕੋਈ ਦੇਵਤਾ ਬਣ ਗਿਆ ਸੀ। ਜਦੋਂ ਛੁੱਟੀ ਆਉਣਾ, ਮਾਤਾ ਜੀ ਦੇ ਪੈਰ ਦਬਾਂਦੇ ਰਹਿਣਾ, ਉਨ੍ਹਾਂ ਲਈ ਸਾੜ੍ਹੀ, ਸ਼ਾਲ, ਜਾਂ ਸੂਟ ਲੈ ਕੇ ਆਉਣਾ, ਉਸ ਨੂੰ ਲਗਾਤਾਰ ਚਿੱਠੀਆਂ ਲਿਖਦੇ ਰਹਿਣਾ। ਦਇਆ ਨੰਦ ਦੀ ਯਾਦ ਉਹ ਕਦੇ ਵੀ ਨਾ ਭੁਲਦੀ। ਵਿਜੇ ਨੂੰ ਉਹ ਦਇਆ ਨੰਦ ਦਾ ਰੂਪ ਹੀ ਸਮਝਦੇ ਸਨ ਤੇ ਉਸ ਦੀ ਸ਼ਕਲ ਵੀ ਆਪਣੇ ਪਿਤਾ ਨਾਲ ਬਹੁਤ ਮਿਲਦੀ ਹੈ। ਆਦੀ ਦੇ ਜਨਮ ਤੋਂ ਬਾਅਦ ਵੀ ਮਾਤਾ ਜੀ ਦੀ ਉਦਾਸੀ ਕੁਝ ਘਟ ਤਾਂ ਗਈ ਪਰ ਪੂਰੀ ਤਰ੍ਹਾਂ ਦੂਰ ਨਾ ਹੋਈ ਤੇ ਨਾ ਹੀ ਹੋ ਸਕਦੀ ਸੀ।

ਇਕ ਦਿਨ ਭਰਾਵਾਂ ਬਾਈ ਦੇ ਨਰਸਿੰਗ ਹੋਮ ਵਿਚ ਇਕ ਔਰਤ ਆਈ। ਉਹ ਗਰਭਵਤੀ ਸੀ। ਉਸ ਦੀ ਮਾਂ ਵੀ ਨਾਲ ਸੀ। ਉਨ੍ਹਾਂ ਆਪਣਾ ਪਤਾ ਲਿਖਵਾਇਆ ਤੇ ਭਰਾਵਾਂ ਬਾਈ ਨੇ ਉਸ ਨੂੰ ਇਕ ਬੈੱਡ ਦੇ ਦਿੱਤਾ। ਉਹ ਆਪਣੇ ਹਸਪਤਾਲ ਵਿਚ ਇਕ ਦੋ ਮਰੀਜ਼ ਰੱਖ ਸਕਦੀ ਸੀ। ਹੁਣ ਉਸ ਨੇ ਆਪਣਾ ਹਸਪਤਾਲ ਗਲੀ ਵਿਚ ਲੈ ਆਂਦਾ ਸੀ ਜਿਸ ਵਿਚ ਉਸ ਨੇ ਆਰੀਆ ਸਮਾਜ ਲਈ ਇਕ ਵੱਡਾ ਕਮਰਾ ਬਣਾਇਆ ਸੀ। ਇਹ ਆਰੀਆ ਸਮਾਜ ਉਸ ਨੇ ਦਇਆ ਨੰਦ ਦੀ ਯਾਦ ਵਿਚ ਬਣਾਈ ਸੀ। ਇੱਥੇ ਉਹ ਹਰ ਐਤਵਾਰ ਹਵਨ ਕਰਦੀ ਤੇ ਇਸੇ ਵਿਚ ਹੀ ਆਪਣਾ ਹਸਪਤਾਲ ਵੀ ਚਲਾਉਂਦੀ। ਲੋੜ ਪੈਣ ਤੇ ਇਸ ਵਿਚ ਇਕ ਦੋ ਮਰੀਜ਼ ਵੀ ਰਖ ਲੈਂਦੀ। ਆਪਣੀ ਆਮਦਨੀ ਦਾ ਕਾਫ਼ੀ ਹਿੱਸਾ ਉਹ ਆਰੀਆ ਸਮਾਜ ਦੇ ਕੰਮਾਂ ਤੇ ਖ਼ਰਚ ਕਰਨ

ਲੱਗ ਪਈ। ਕਈ ਵਾਰੀ ਉਹ ਧਾਰਮਕ ਯਾਤ੍ਰਾ ਤੇ ਵੀ ਚਲੀ ਜਾਂਦੀ। ਦਿੱਲੀ ਤੋਂ ਹਰ ਸਾਲ ਇਕ ਆਰੀਆ ਟ੍ਰੇਨ ਚਲਦੀ ਸੀ ਜਿਹੜੀ ਦੇਸ਼ ਭਰ ਵਿਚ ਉੱਘੀਆਂ ਧਾਰਮਕ ਥਾਵਾਂ ਤੇ ਜਾਂਦੀ। ਇਨ੍ਹਾਂ ਥਾਵਾਂ ਵਿਚ ਗੁਜਰਾਤ ਵਿਚ ਟੰਕਾਰਾ ਵੀ ਸ਼ਾਮਿਲ ਹੁੰਦਾ ਜਿੱਥੇ ਸਵਾਮੀ ਦਇਆ ਨੰਦ ਦਾ ਜਨਮ ਹੋਇਆ ਸੀ। ਆਪਣੇ ਜਵਾਨ ਪੁੱਤਰ ਦੀ ਮੌਤ ਤੋਂ ਬਾਅਦ ਭਰਾਵਾਂ ਬਾਈ ਧਾਰਮਕ ਕੰਮਾਂ ਵਿਚ ਜ਼ਿਆਦਾ ਹਿੱਸਾ ਲੈਣ ਲਗ ਪਈ ਸੀ ਤੇ ਦਾਨ ਪੁੰਨ ਵੀ ਕਰਦੀ ਰਹਿੰਦੀ ਸੀ। ਆਪਣੇ ਮਰੀਜ਼ਾਂ ਕੋਲੋਂ ਉਹ ਪੈਸੇ ਵੀ ਬਹੁਤ ਥੋੜ੍ਹੇ ਲੈਂਦੀ ਸੀ ਤੇ ਸੇਵਾ ਭਾਵਨਾ ਨਾਲ ਹੀ ਉਨ੍ਹਾਂ ਦਾ ਇਲਾਜ ਕਰਦੀ ਸੀ। ਇਸ ਗਰਭਵਤੀ ਲੜਕੀ ਨੂੰ ਪ੍ਰਸੂਤ ਪੀੜਾਂ ਸ਼ੁਰੂ ਹੋ ਚੁੱਕੀਆਂ ਸਨ ਤੇ ਤੜਕੇ ਉਸ ਨੇ ਇਕ ਲੜਕੇ ਨੂੰ ਜਨਮ ਦਿੱਤਾ। ਭਰਾਵਾਂ ਬਾਈ ਨੂੰ ਬਹੁਤ ਖ਼ੁਸ਼ੀ ਹੋਈ ਤੇ ਉਸ ਨੇ ਉਨ੍ਹਾਂ ਦੋਵਾਂ ਔਰਤਾਂ ਨੂੰ ਮੁਬਾਰਕ ਦਿੱਤੀ ਪਰ ਉਹ ਚੁਪ ਕਰ ਰਹੀਆਂ। ਭਰਾਵਾਂ ਬਾਈ ਨੇ ਬੱਚੇ ਨੂੰ ਸਾਫ਼ ਕੀਤਾ, ਨਾੜੂ ਕੱਟ ਕੇ ਬੰਨ੍ਹਿਆ, ਕੋਸੇ ਪਾਣੀ ਨਾਲ ਨਵਾਇਆ, ਤੇ ਸਾਫ਼ ਸੁਥਰੇ ਕਪੜੇ ਵਿਚ ਲਪੇਟ ਕੇ ਆਪਣੀ ਮਾਂ ਨਾਲ ਸਵਾ ਦਿੱਤਾ। ਉਹ ਬਹੁਤ ਥਕ ਗਈ ਸੀ ਤੇ ਜਾ ਕੇ ਆਪਣੇ ਕਮਰੇ ਵਿਚ ਸੌਂ ਗਈ।

ਸਵੇਰੇ ਨੌ ਵਜੇ ਦੇ ਕਰੀਬ ਉਹ ਉੱਠੀ ਤੇ ਆਸ਼ਾ ਨੂੰ ਤਿੰਨ ਕੱਪ ਚਾਹ ਬਣਾਉਣ ਲਈ ਕਿਹਾ। ਉਹ ਚਾਹ ਦੇ ਕੱਪ ਲੈ ਕੇ ਆਪ ਹਸਪਤਾਲ ਵਿਚ ਗਈ। ਬੱਚਾ ਆਰਾਮ ਨਾਲ ਸੌਂ ਰਿਹਾ ਸੀ ਪਰ ਮਾਵਾਂ ਧੀਆਂ ਉੱਥੇ ਨਹੀਂ ਸਨ। ਭਰਾਵਾਂ ਬਾਈ ਨੇ ਸੋਚਿਆ ਕਿ ਨਹਾਉਣ ਧੋਣ ਗਈਆਂ ਹੋਣ ਗੀਆਂ। ਉਸ ਨੇ ਆਪ ਚਾਹ ਪੀਣੀ ਸ਼ੁਰੂ ਕਰ ਦਿੱਤੀ ਪਰ ਉਹ ਔਰਤਾਂ ਤਾਂ ਗ਼ਾਇਬ ਸਨ। ਇਹ ਗੱਲ 7 ਅਗਸਤ 1976 ਦੀ ਹੈ। ਜਦੋਂ ਅੱਧਾ ਕੁ ਘੰਟਾ ਹੋ ਗਿਆ ਤਾਂ ਭਰਾਵਾਂ ਬਾਈ ਨੂੰ ਬੜਾ ਫ਼ਿਕਰ ਹੋਣ ਲੱਗ ਪਿਆ। ਬੱਚਾ ਵੀ ਰੋ ਪਿਆ। ਭਰਾਵਾਂ ਬਾਈ ਨੇ ਉਸ ਨੂੰ ਚੁਕਿਆ ਤੇ ਗਾਇਤ੍ਰੀ ਦਾ ਮੰਤਰ ਪੜ੍ਹ ਕੇ ਸ਼ਹਿਦ ਚਟਾਇਆ। ਜਦੋਂ ਉਹ ਔਰਤਾਂ ਘੰਟੇ ਬਾਅਦ ਵੀ ਨਾ ਮੁੜੀਆਂ ਤਾਂ ਉਹ ਬਹੁਤ ਹੈਰਾਨ ਹੋਈ। ਆਖ਼ਿਰ ਇਹ ਕਿਹੋ ਜਿਹੀ ਮਾਂ ਹੈ ਜੋ ਆਪਣੇ ਨਵੇਂ ਜਨਮੇ ਬੱਚੇ ਨੂੰ ਛਡ ਕੇ ਚਲੀ ਗਈ ਹੈ। ਭਰਾਵਾਂ ਬਾਈ ਨੇ ਆਸ਼ਾ ਨੂੰ ਸਦਿਆ ਤੇ ਔਰਤਾਂ ਦੇ ਗ਼ਾਇਬ ਹੋਣ ਦੀ ਗੱਲ ਦੱਸੀ। ਇਸ ਤੋਂ ਪਹਿਲੇ ਵੀ ਭਰਾਵਾਂ ਬਾਈ ਨੇ ਇਹੋ ਜਿਹੇ ਕਈ ਬੱਚੇ ਜਮਾਏ ਸਨ ਪਰ ਉਨ੍ਹਾਂ ਬਾਰੇ ਉਸ ਨੂੰ ਪਹਿਲੋਂ ਹੀ ਪਤਾ ਹੁੰਦਾ ਸੀ ਤੇ ਉਹ ਇਨ੍ਹਾਂ ਬੱਚਿਆਂ ਨੂੰ ਨਾਰੀ ਨਿਕੇਤਨ, ਜਾਲੰਧਰ ਛਡ ਆਉਂਦੀ ਸੀ ਜਾਂ ਲੋੜਵੰਦ ਸੰਤਾਨ-ਹੀਨ ਜੋੜਿਆਂ ਨੂੰ ਦੇ ਦਿੰਦੀ ਸੀ ਜਿਨ੍ਹਾਂ ਨੇ ਮਾਤਾ ਜੀ ਨੂੰ ਪਹਿਲੋਂ ਆਖਿਆ ਹੁੰਦਾ ਸੀ। ਭਰਾਵਾਂ ਬਾਈ ਨੇ ਇਸ ਬੱਚੇ ਨੂੰ ਕਿਧਰੇ ਨਾ ਭੇਜਣ ਦਾ ਮਨ ਬਣਾ ਲਿਆ। ਉਹ ਉਸ ਨੂੰ ਆਪਣੇ ਘਰ ਦੇ ਅੰਦਰ ਲੈ ਆਈ ਤੇ ਬੱਚੇ ਦੀ ਪਾਲਣਾ ਸ਼ੁਰੂ ਕਰ ਦਿੱਤੀ। ਸਲਾਹ-ਮਸ਼ਵਰੇ ਲਈ ਉਸ ਨੇ ਆਪਣੇ ਧਰਮ ਭਰਾ ਡਾ: ਵੇਦ ਪ੍ਰਕਾਸ਼ ਅਗਰਵਾਲ ਨੂੰ ਬਿਆਸ ਸਦਿਆ। ਉਸ ਨੇ ਸਲਾਹ ਦਿੱਤੀ ਕਿ ਬੱਚੇ ਨੂੰ ਬਾਕਾਇਦਾ ਤੌਰ ਤੇ ਗੋਦ ਲੈ ਲਿਆ ਜਾਏ। ਭਰਾਵਾਂ ਬਾਈ ਨੇ ਇਸ ਸੰਬੰਧੀ ਆਪਣੇ

ਬੱਚਿਆਂ ਨਾਲ ਵੀ ਸਲਾਹ ਕੀਤੀ। ਸਾਰਿਆਂ ਨੇ ਮਾਤਾ ਜੀ ਦੀ ਗੱਲ ਮੰਨ ਲਈ ਤੇ ਬੱਚੇ ਨੂੰ ਫ਼ਿਰੋਜ਼ਪੁਰ ਲਿਜਾ ਕੇ ਇਕ ਅਸ਼ਰਮ ਰਾਹੀਂ ਬਾਕਾਇਦਾ ਗੋਦ ਲੈ ਲਿਆ ਗਿਆ। ਬੱਚੇ ਦਾ ਨਾਂ ਰੱਖਿਆ ਗਿਆ ਵਿਨੀਤ ਕੁਮਾਰ ਤੇ ਇਸ ਬੱਚੇ ਦੀ ਪਾਲਨਾ ਤੇ ਸਿੱਖਿਆ ਵੀ ਉਸ ਨੇ ਇਸ ਪ੍ਰਕਾਰ ਕੀਤੀ ਕਿ ਵੱਡਾ ਹੋ ਕੇ ਉਹ ਡਾਕਟਰ ਬਣ ਸਕੇ।

ਭਰਾਵਾਂ ਬਾਈ ਅਜੇ ਵੀ ਸ਼ਹੁ ਸਾਗਰ ਦੇ ਵਿਚ ਹੀ ਸੀ ਪਰ ਉਸ ਨੂੰ ਆਪਣੀ ਪ੍ਰਬਲ ਇੱਛਾ ਸ਼ਕਤੀ ਦਾ ਜਹਾਜ਼ ਮਿਲ ਗਿਆ ਸੀ ਜਿਹੜਾ ਡੋਲਦਾ ਤਾਂ ਸੀ ਪਰ ਡੁੱਬ ਨਹੀਂ ਸੀ ਸਕਦਾ। ਉਸ ਨੇ ਇਕ ਤੋਂ ਬਾਅਦ ਦੂਜੀ ਸਮੱਸਿਆ ਨੂੰ ਹੱਲ ਕੀਤਾ ਤੇ ਆਪਣੇ ਰਸਤੇ ਦੀਆਂ ਕਠਿਨਾਈਆਂ ਦਾ ਬੜੀ ਸੂਝ ਬੂਝ ਤੇ ਦਲੇਰੀ ਨਾਲ ਟਾਕਰਾ ਕੀਤਾ। ਆਸ਼ਾ ਰਾਣੀ ਆਪਣੇ ਪੈਰਾਂ ਤੇ ਖੜੀ ਹੋ ਗਈ, ਈਸ਼ਵਰ ਦਾ ਘਰ ਵੱਸ ਗਿਆ, ਅੰਮ੍ਰਿਤ ਇੰਗਲੈਂਡ ਚਲੀ ਗਈ, ਤੇ ਸਤਿਆ ਨੰਦ ਹਰ ਸੁੱਖ ਦੁੱਖ ਵਿਚ ਉਸ ਦਾ ਸਾਥ ਦੇਣ ਲਈ ਇਰਾਕ ਵਿਚ ਆਪਣੀ ਚੰਗੀ ਨੌਕਰੀ ਛਡ ਕੇ ਆ ਗਿਆ। ਜੇ ਉਹ ਇੰਜ ਨਾ ਕਰਦਾ ਤਾਂ ਭਰਾਵਾਂ ਬਾਈ ਲਈ ਆਪਣੀਆਂ ਔਕੜਾਂ ਤੇ ਕਾਬੂ ਪਾਉਣਾ ਬੜਾ ਮੁਸ਼ਕਿਲ ਹੋ ਜਾਂਦਾ। ਭਾਵੇਂ ਦਇਆ ਨੰਦ ਚਲਾ ਗਿਆ ਪਰ ਉਸ ਦੀਆਂ ਯਾਦਾਂ ਸਦਾ ਬਣੀਆਂ ਰਹੀਆਂ। ਵਿਜੈ ਦੀ ਸ਼ਕਲ ਤਾਂ ਹੂਬਹੂ ਦਇਆ ਨੰਦ ਵਾਂਗ ਨਿਕਲੀ। ਭਰਾਵਾਂ ਬਾਈ ਦੇ ਦਿਲ ਨੂੰ ਕੁਝ ਧਰਵਾਸ ਜ਼ਰੂਰ ਹੋਇਆ ਤੇ ਉਹ ਜ਼ਿੰਦਗੀ ਦੇ ਸਫ਼ਰ ਤੇ ਵਧੇਰੇ ਆਤਮ ਵਿਸ਼ਵਾਸ ਨਾਲ ਟੁਰਨ ਲਗ ਪਈ। ਵਿਨੀਤ ਵੀ ਡਾਕਟਰ ਬਣ ਗਿਆ ਤੇ ਉਸ ਦੀ ਸ਼ਾਦੀ ਇਕ ਡਾਕਟਰ ਲੜਕੀ ਸ਼ਰੂਤੀ ਨਾਲ ਹੋ ਗਈ। ਉਸ ਦੇ ਧੀਆਂ ਪੁੱਤ ਤਾਂ ਆਪੋ ਆਪਣੇ ਖੇਤਰਾਂ ਵਿਚ ਕਾਮਯਾਬੀ ਨਾਲ ਵਿਚਰ ਰਹੇ ਸਨ, ਉਸ ਦੇ ਪੋਤੇ ਤੇ ਪੋਤਰੀਆਂ ਵੀ ਆਪੋ ਆਪਣੀਆਂ ਮੰਜ਼ਿਲਾਂ ਤੈਅ ਕਰਨ ਲਗ ਪਏ ਸਨ। ਉਸ ਦੇ ਦੋਹਤੇ ਦੋਹਤਰੀਆਂ ਨੇ ਆਪਣੀਆਂ ਪ੍ਰਾਪਤੀਆਂ ਨਾਲ ਕਈ ਪੋਤੇ ਪੋਤਰੀਆਂ ਨੂੰ ਵਿਚ ਪਿੱਛੇ ਛਡ ਦਿੱਤਾ। ਜ਼ਿੰਦਗੀ ਦੀ ਟੋਰ ਨਾਲ ਉਸ ਨੂੰ ਪੜਪੋਤੇ ਤੇ ਪੜਪੋਤਰੀਆਂ ਦਾ ਮੂੰਹ ਵੀ ਵੇਖਣ ਨੂੰ ਮਿਲਿਆ ਤੇ ਉਸ ਨੂੰ ਲਗਿਆ ਜਿਵੇਂ ਉਸ ਦੀ ਜ਼ਿੰਦਗੀ ਦੀ ਆਪਣੀ ਮੰਜ਼ਿਲ ਵੀ ਨੇੜੇ ਆ ਰਹੀ ਹੋਵੇ। ਜ਼ਿੰਦਗੀ ਦੇ ਸ਼ਹੁ ਸਾਗਰ ਵਿਚ ਉਸ ਦੀ ਇੱਛਾ ਸ਼ਕਤੀ ਦਾ ਜਹਾਜ਼ ਡੱਕੋ ਡੋਲੇ ਖਾਂਦਾ ਹੋਇਆ ਵੀ ਚਲਦਾ ਰਿਹਾ।

# ਮਾਲਣ ਤੇ ਫੁਲਵਾੜੀ

ਭਰਾਵਾਂ ਬਾਈ ਦੀ ਸਿਹਤ ਚੰਗੀ ਸੀ ਤੇ ਉਹ ਬੁਲੰਦ ਹੌਸਲੇ ਦੀ ਮਾਲਿਕ ਸੀ। ਟਿਕਾਇਆ ਰਾਮ ਨੇ ਉਸ ਨੂੰ ਇਕ ਹੋਰ ਕੰਮ ਵੀ ਸਿਖਾਇਆ ਸੀ ਤੇ ਉਹ ਸੀ ਤੇ ਸਾਈਕਲ ਚਲਾਉਣਾ। ਭਾਵੇਂ ਉਸ ਨੇ ਚੱਕ ਚੁਰਾਨਵੇਂ ਜਾਂ ਚੀਚਾ ਵਤਨੀ ਵਿਚ ਤਾਂ ਸਾਈਕਲ ਨਹੀਂ ਸੀ ਚਲਾਇਆ ਪਰ ਉਸ ਨੇ ਸਾਈਕਲ ਚਲਾਉਣਾ ਸਿਖ ਲਿਆ ਹੋਇਆ ਸੀ। ਬਿਆਸ ਆ ਕੇ ਉਸ ਨੇ ਇਕ ਲੇਡੀ ਸਾਈਕਲ ਖ਼ਰੀਦ ਲਈ। ਨੇੜੇ ਦੇ ਪਿੰਡਾਂ ਵਿਚ ਉਹ ਆਪਣੇ ਮਰੀਜ਼ਾਂ ਨੂੰ ਵੇਖਣ ਜਾਂਦੀ ਤਾਂ ਸਾਈਕਲ ਤੇ ਹੀ ਚਲੀ ਜਾਂਦੀ। ਆਮ ਤੌਰ ਤੇ ਤਾਂ ਮਰੀਜ਼ ਦੇ ਰਿਸ਼ਤੇਦਾਰ ਟਾਂਗਾ ਜਾਂ ਕਾਰ ਲੈ ਆਉਂਦੇ ਸਨ ਪਰ ਗ਼ਰੀਬ ਲੋਕ ਇਹ ਨਹੀਂ ਸਨ ਕਰ ਸਕਦੇ। ਉਹ ਸਾਈਕਲ ਤੇ ਹੀ ਆ ਜਾਂਦੇ ਤੇ ਭਰਾਵਾਂ ਬਾਈ ਆਪਣਾ ਸਾਈਕਲ ਲੈ ਕੇ ਉਨ੍ਹਾਂ ਨਾਲ ਚਲੀ ਜਾਂਦੀ। ਕਈ ਲੋਕ ਤਾਂ ਉਸ ਨੂੰ ਸਾਈਕਲ ਵਾਲੀ ਨਰਸ ਵੀ ਕਹਿਣ ਲੱਗ ਪਏ ਸਨ ਕਿਉਂਕਿ ਇਲਾਕੇ ਵਿਚ ਕੋਈ ਔਰਤ ਇਸ ਤਰ੍ਹਾਂ ਸਾਈਕਲ ਨਹੀਂ ਚਲਾਉਂਦੀ ਸੀ। ਇਕ ਵਾਰੀ ਭਰਾਵਾਂ ਬਾਈ ਬਿਆਸ ਤੋਂ ਕੁਝ ਦੂਰ ਪਿੰਡ ਟੌਂਗ ਵਿਚ ਇਕ ਮਰੀਜ਼ ਵੇਖਣ ਗਈ। ਦਿਨ ਦਾ ਵੇਲਾ ਸੀ। ਮਰੀਜ਼ ਵੇਖਣ ਤੋਂ ਬਾਅਦ ਉਸ ਨੇ ਵਾਪਸ ਬਿਆਸ ਆਉਣਾ ਸੀ। ਭਰਾਵਾਂ ਬਾਈ ਨੇ ਸੋਚਿਆਂ ਕਿ ਦਿਨੇ ਕੋਈ ਡਰ ਵਾਲੀ ਗਲ ਤਾਂ ਹੈ ਨਹੀਂ, ਉਹ ਇਕੱਲੀ ਹੀ ਵਾਪਸ ਚਲੀ ਜਾਵੇ ਗੀ ਤੇ ਉਸ ਨੇ ਘਰ ਵਾਲਿਆਂ ਨੂੰ ਆਖ ਦਿੱਤਾ ਕਿ ਉਹ ਉਸ ਨੂੰ ਛਡ ਕੇ ਆਉਣ ਦੀ ਖੇਚਲ ਨਾ ਕਰਨ, ਉਹ ਆਪੇ ਚਲੀ ਜਾਵੇ ਗੀ। ਘਰ ਵਾਲੇ ਮੰਨ ਗਏ ਤੇ ਭਰਾਵਾਂ ਬਾਈ ਸਾਈਕਲ ਦੇ ਪਿੱਛੇ ਆਪਣਾ ਬੈੱਗ ਰਖ ਕੇ ਇਕੱਲੀ ਵਾਪਸ ਚਲ ਪਈ।

ਅਪ੍ਰੈਲ ਦਾ ਮਹੀਨਾ ਸੀ। ਗਰਮੀਆਂ ਦੇ ਦਿਨ ਸਨ। ਚਾਰੇ ਪਾਸੇ ਸੁਨਹਿਰੀ ਕਣਕਾਂ ਦੇ ਖੇਤ ਸਨ। ਕਿਤੇ ਕਿਤੇ ਵਾਢੀ ਸ਼ੁਰੂ ਵੀ ਹੋ ਗਈ ਸੀ। ਭਰਾਵਾਂ ਬਾਈ ਆਪਣੇ ਧਿਆਨ ਵਿਚ ਮਗਨ ਕੱਚੇ ਰਸਤੇ ਤੇ ਸਾਈਕਲ ਚਲਾਈ ਜਾ ਰਹੀ ਸੀ। ਉਸ ਵੇਲੇ ਉਹ 40-45 ਸਾਲਾਂ ਦੀ ਹੋਵੇ ਗੀ ਪਰ ਆਪਣੀ ਚੰਗੀ ਸਿਹਤ ਤੇ ਗੋਰੇ ਰੰਗ ਨਾਲ ਉਹ ਬੜੀ ਸੁਹਣੀ ਲਗਦੀ ਸੀ। ਅਚਾਨਕ ਇਕ ਬੰਦੇ ਨੇ ਆ ਕੇ ਉਸ ਦੇ ਸਾਈਕਲ ਦਾ ਹੈਂਡਲ ਫੜ ਲਿਆ। ਭਰਾਵਾ ਬਾਈ ਨੇ ਸਾਈਕਲ ਰੋਕ ਲਈ ਤੇ ਉਸ ਬੰਦੇ ਨੂੰ ਰਸਤਾ ਛੱਡਣ ਲਈ ਕਿਹਾ। ਪਰ ਉਸ ਬੰਦੇ ਦੀ ਨੀਯਤ ਖ਼ਰਾਬ ਸੀ ਤੇ ਉਸ ਨੇ ਭਰਾਵਾ ਬਾਈ ਦਾ ਹੱਥ ਫੜ ਲਿਆ। ਭਰਾਵਾ ਬਾਈ ਨੇ ਸਾਈਕਲ ਨੂੰ ਸਟੈਂਡ ਲਾ ਦਿੱਤਾ ਤੇ ਸ਼ੀਂਹਣੀ ਵਾਂਗ ਉਸ ਦੇ ਸਾਹਮਣੇ ਆ ਗਈ। ਬੰਦੇ ਨੇ ਭਰਾਵਾਂ ਬਾਈ ਦੇ ਦੋਵੇਂ ਹੱਥ ਫੜ ਲਏ

ਤੇ ਉਸ ਨੂੰ ਖਿਚ ਕੇ ਖੇਤਾਂ ਵਿਚ ਲਿਜਾਣ ਦੀ ਕੋਸ਼ਿਸ਼ ਕੀਤੀ। ਭਰਾਵਾ ਬਾਈ ਨੇ ਝਟਕੇ ਨਾਲ ਆਪਣਾ ਸੱਜਾ ਹੱਥ ਛੁਡਾ ਲਿਆ ਤੇ ਉਸ ਦੇ ਮੂੰਹ ਤੇ ਜ਼ੋਰ ਦੀ ਥੱਪੜ ਮਾਰਿਆ। ਉਸ ਨੇ ਭਰਾਵਾਂ ਬਾਈ ਦੀ ਕਮੀਜ਼ ਫੜ ਲਈ ਤਾਂ ਸ਼ੀਂਹਣੀ ਨੇ ਉਸ ਦੀ ਦਾੜ੍ਹੀ ਫੜ ਕੇ ਉਸ ਨੂੰ ਇਕ ਥੱਪੜ ਹੋਰ ਮਾਰ ਦਿੱਤਾ। ਉਸ ਦੀ ਪਗੜੀ ਲਹਿ ਗਈ ਪਰ ਉਹ ਆਪਣੀ ਬਤਮੀਜ਼ੀ ਤੋਂ ਬਾਜ਼ ਨਾ ਆਇਆ। ਭਰਾਵਾਂ ਬਾਈ ਨੇ ਉਸ ਨੂੰ ਜ਼ੋਰ ਦੀ ਗਾਲ੍ਹ ਕੱਢੀ ਤੇ ਗਰਜ ਕੇ ਕਿਹਾ, "ਹਰਾਮਜ਼ਾਦੇ! ਤੂੰ ਸਮਝਿਆ ਕੀ ਏ ਮੈਨੂੰ? ਮੈਂ ਤੇਰਾ ਖ਼ੂਨ ਪੀ ਜਾਵਾਂ ਗੀ।" ਉਸ ਨੇ ਬੰਦੇ ਦਾ ਜੂੜਾ ਫੜ ਲਿਆ ਤੇ ਜ਼ੋਰ ਨਾਲ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਬੰਦੇ ਦੇ ਹੋਸ਼ ਠਿਕਾਣੇ ਆ ਗਏ ਤੇ ਉਸ ਨੂੰ ਪਤਾ ਲਗ ਗਿਆ ਕਿ ਉਸ ਦਾ ਵਾਹ ਇਕ ਅਬਲਾ ਇਸਤ੍ਰੀ ਨਾਲ ਨਹੀਂ ਸਗੋਂ ਇਕ ਸਬਲਾ ਔਰਤ ਨਾਲ ਪੈ ਗਿਆ ਸੀ। ਉਹ ਆਪਣੀ ਪੱਗ ਉੱਥੇ ਹੀ ਛੱਡ ਕੇ ਭੱਜ ਗਿਆ। ਭਰਾਵਾਂ ਬਾਈ ਨੇ ਉਸ ਦੀ ਪੱਗ ਚੁਕ ਕੇ ਪਿੱਛੇ ਰਖ ਲਈ ਤੇ ਬਿਆਸ ਪਹੁੰਚ ਕੇ ਸਿੱਧੀ ਥਾਣੇ ਚਲੀ ਗਈ। ਉਸ ਦੀ ਰਿਪੋਰਟ ਤੇ ਪੋਲੀਸ ਦਾ ਇਕ ਦਸਤਾ ਟੌਂਗ ਪਹੁੰਚ ਗਿਆ ਤੇ ਉਸ ਪੱਗ ਦੀ ਮਦਦ ਨਾਲ ਬੰਦੇ ਦੀ ਸ਼ਨਾਖ਼ਤ ਹੋ ਗਈ। ਉਸ ਨੂੰ ਬਿਆਸ ਥਾਣੇ ਲਿਆਂਦਾ ਗਿਆ ਤੇ ਭਰਾਵਾਂ ਬਾਈ ਨੇ ਝੱਟ ਉਸ ਦੀ ਪਛਾਣ ਕਰ ਲਈ। ਉਸ ਤੇ ਮੁਕੱਦਮਾ ਚੱਲਿਆ ਤੇ ਉਸ ਨੂੰ ਨੌਂ ਮਹੀਨੇ ਦੀ ਕੈਦ ਦੀ ਸਜ਼ਾ ਹੋਈ। ਟੌਂਗ ਦੇ ਪਤਵੰਤੇ ਭਰਾਵਾਂ ਬਾਈ ਨੂੰ ਮਿਲਣ ਆਏ ਤੇ ਉਨ੍ਹਾਂ ਉਸ ਦੀ ਬਹਾਦਰੀ ਦੀ ਬੜੀ ਤਾਰੀਫ਼ ਕੀਤੀ। ਉਨ੍ਹਾਂ ਨੇ ਉਸ ਬਦਮਾਸ਼ ਨੂੰ ਸਜ਼ਾ ਦਿਵਾਉਣ ਵਿਚ ਵੀ ਭਰਾਵਾਂ ਬਾਈ ਦਾ ਪੂਰਾ ਸਾਥ ਦਿੱਤਾ ਸੀ।

ਹੁਣ ਤਾਂ ਭਰਾਵਾਂ ਬਾਈ 60-65 ਸਾਲ ਦੀ ਹੋ ਗਈ ਸੀ। ਵਿਨੀਤ ਦੀ ਪਾਲਣਾ ਲਈ ਉਸ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਈ ਕਿਉਂਕਿ ਉਸ ਦੀਆਂ ਨੂੰਹਾਂ ਧੀਆਂ ਨੇ ਉਸ ਦਾ ਬੜਾ ਸਾਥ ਦਿੱਤਾ। ਉਸ ਦਾ ਵਿਚਾਰ ਸੀ ਕਿ ਵਿਨੀਤ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਵੇ ਤੇ ਉਸ ਨੂੰ ਸੰਸਕ੍ਰਿਤ ਦਾ ਵਿਦਵਾਨ ਬਣਾਇਆ ਜਾਵੇ। ਉਸ ਨੂੰ ਬਿਆਸ ਤੋਂ ਪ੍ਰਾਇਮਰੀ ਦਾ ਇਮਤਿਹਾਨ ਪਾਸ ਕਰ ਲਿਆ। ਆਸ਼ਾ ਰਾਣੀ ਉਸੇ ਸਕੂਲ ਵਿਚ ਟੀਚਰ ਲੱਗੀ ਹੋਈ ਸੀ। ਉਸ ਨੇ ਵਿਨੀਤ ਦੀ ਮੁਢਲੀ ਪੜ੍ਹਾਈ ਦਾ ਧਿਆਨ ਰੱਖਿਆ। ਫਿਰ ਉਸ ਨੂੰ ਸਰਕਾਰੀ ਹਾਈ ਸਕੂਲ ਬਿਆਸ ਵਿਚ ਦਾਖ਼ਿਲ ਕਰਾ ਦਿੱਤਾ ਗਿਆ ਪਰ ਭਰਾਵਾਂ ਬਾਈ ਨੇ ਸਤਵੀਂ ਜਮਾਤ ਵਿਚ ਉਸ ਨੂੰ ਗੁਰੂਕੁਲ ਕਰਤਾਰਪੁਰ ਵਿਚ ਪੜ੍ਹਨੇ ਪਾ ਦਿੱਤਾ। ਇਹ ਗੁਰੂਕੁਲ ਹਰਦਵਾਰ ਵਿਚ ਸਥਿਤ ਗੁਰੂਗੁਲ ਕਾਂਗੜੀ ਨਾਲ ਸੰਬੰਧਿਤ ਹੈ ਤੇ ਇਨ੍ਹਾਂ ਸਿਖਿਆ ਸੰਸਥਾਵਾਂ ਵਿਚ ਬੱਚਿਆਂ ਨੂੰ ਵੈਦਿਕ ਕਾਲ ਦੇ ਗੁਰੂਕੁਲਾਂ ਵਾਂਗ ਪੜ੍ਹਾਇਆ ਜਾਂਦਾ ਹੈ। ਇੱਥੇ ਧਾਰਮਿਕ ਸਿਖਿਆ ਤੇ ਸੰਸਕ੍ਰਿਤ ਤੇ ਜ਼ੋਰ ਦਿੱਤਾ ਜਾਂਦਾ ਹੈ ਪਰ ਦੂਜੇ ਵਿਸ਼ੇ ਵੀ ਪੜ੍ਹਾਏ ਜਾਂਦੇ ਸਨ। ਸਿਖਿਆ ਦਾ ਮਾਧਿਅਮ ਹਿੰਦੀ ਹੁੰਦਾ ਹੈ ਅਤੇ ਇਮਤਿਹਾਨ ਗੁਰੂਕੁਲ ਕਾਂਗੜੀ, ਹਰਦਵਾਰ ਵੱਲੋਂ ਲੈ ਜਾਂਦੇ ਹਨ। ਸਤਿਆ ਨੰਦ ਨੂੰ ਇਹ ਪ੍ਰਬੰਧ ਠੀਕ ਨਾ ਜਾਪਿਆ ਕਿਉਂਕਿ ਉਹ ਵਿਨੀਤ ਨੂੰ ਆਪਣੇ ਹੋਰ ਬੱਚਿਆਂ ਵਾਂਗ

ਵਰਤਮਾਨ ਸਿਖਿਆ ਪ੍ਰਬੰਧ ਅਨੁਸਾਰ ਪੜ੍ਹਾਉਣਾ ਚਾਹੁੰਦਾ ਸੀ। ਇਸ ਲਈ ਆਪਣੀ ਮਾਂ ਦੇ ਵਿਰੋਧ ਦੇ ਬਾਵਜੂਦ ਉਹ ਵਿਨੀਤ ਨੂੰ ਲੁਧਿਆਣੇ ਲੈ ਗਿਆ ਤੇ ਨੀਊ ਹਾਈ ਸਕੂਲ, ਸਿਵਲ ਲਾਈਨਜ਼ ਵਿਚ ਦਾਖ਼ਿਲ ਕਰਵਾ ਦਿੱਤਾ ਜਿੱਥੇ ਅੰਮ੍ਰਿਤ ਵਰਸ਼ਾ ਆਪ ਅਧਿਆਪਕਾ ਲੱਗੀ ਹੋਈ ਸੀ। ਵਿਨੀਤ ਨੇ ਮੈਟ੍ਰਿਕ ਦਾ ਇਮਤਿਹਾਨ ਇੱਥੋਂ ਹੀ ਪਾਸ ਕੀਤਾ। ਬਾਅਦ ਵਿਚ ਉਸ ਨੂੰ ਆਰੀਆ ਕਾਲਿਜ, ਲੁਧਿਆਣਾ ਵਿਚ ਦਾਖ਼ਿਲ ਕਰਵਾਇਆ ਗਿਆ ਜਿੱਥੋਂ ਉਸ ਨੇ ਪ੍ਰੀ-ਮੈਡੀਕਲ ਦਾ ਇਮਤਿਹਾਨ ਪਾਸ ਕੀਤਾ। ਬਾਅਦ ਵਿਚ ਉਸ ਦੀ ਯੋਗਤਾ ਤੇ ਉਸ ਦੀ ਇੱਛਾ ਅਨੁਸਾਰ ਉਸ ਨੂੰ ਦਇਆ ਨੰਦ ਆਯੁਰਵੈਦਿਕ ਕਾਲਿਜ, ਜਲੰਧਰ ਵਿਚ ਦਾਖ਼ਿਲ ਕਰਵਾ ਦਿੱਤਾ ਗਿਆ ਤਾਂ ਜੋ ਉਹ ਵੀ ਡਾਕਟਰ ਬਣ ਜਾਵੇ। ਭਰਾਵਾਂ ਬਾਈ ਨੇ ਵਿਨੀਤ ਦੀ ਪੜ੍ਹਾਈ ਸੰਬੰਧੀ ਸਤਿਆ ਨੰਦ ਦੀ ਸੋਧ ਤੇ ਸਹਿਯੋਗ ਨੂੰ ਪ੍ਰਵਾਨ ਕਰ ਲਿਆ।

ਇਸ ਵਿਚਕਾਰ ਸਤਿਆ ਨੰਦ ਨੇ ਪਹਿਲੋਂ ਆਪਣੇ ਭਰਾ ਦਇਆ ਨੰਦ ਦੇ ਬੱਚਿਆਂ ਦੀ ਸਿਖਿਆ ਨੂੰ ਸਿਰੇ ਚਾੜ੍ਹਿਆ। ਵਿਜੈ ਆਪਣੀ ਮੈਡੀਕਲ ਦੀ ਪੜ੍ਹਾਈ ਖ਼ਤਮ ਕਰ ਕੇ ਡਾਕਟਰ ਬਣ ਗਿਆ। ਕਵਿਤਾ (ਪਿੰਕੀ) ਤੇ ਸਵਿਤਾ (ਰੂਬੀ) ਨੇ ਬੀ.ਏ.ਬੀ.ਐੱਡ ਤਕ ਸਿਖਿਆ ਪੂਰੀ ਕਰ ਲਈ। ਆਪਣੇ ਬੱਚਿਆਂ ਨੂੰ ਵੀ ਉਸ ਨੇ ਆਪਣੀ ਸਮਰੱਥਾ ਅਨੁਸਾਰ ਪੜ੍ਹਾਇਆ। ਅਰਵਿੰਦ ਇਲੈਕਟ੍ਰੀਕਲ ਇੰਜੀਨੀਅਰ ਬਣ ਗਿਆ ਤੇ ਅਰੁਣ ਮਕੈਨੀਕਲ ਇੰਜੀਨੀਅਰ। ਬਾਅਦ ਵਿਚ ਇਨ੍ਹਾਂ ਦੋਵਾਂ ਨੇ ਐਮ.ਬੀ.ਏ. ਵੀ ਕਰ ਲਈ। ਆਦਿਤਯ ਨੇ ਪਸ਼ੂ ਚਿਕਿਸਤਾ ਦੀ ਡਿਗਰੀ ਬੀ.ਵੀ.ਐਸ.ਸੀ. ਪ੍ਰਾਪਤ ਕਰ ਲਈ ਤੇ ਉਸ ਨੂੰ ਫ਼ੌਜ ਵਿਚ ਕਮੀਸ਼ਨ ਮਿਲ ਗਿਆ। ਇਸ ਤਰ੍ਹਾਂ ਦਇਆ ਨੰਦ ਤੋਂ ਬਾਅਦ ਚਰਾਇਆ ਖ਼ਾਨਦਾਨ 'ਚੋਂ ਫ਼ੌਜ ਵਿਚ ਜਾਣ ਵਾਲਾ ਉਹ ਦੂਜਾ ਵਿਅਕਤੀ ਸੀ। ਉਸ ਨੂੰ ਇਸ ਗੱਲ ਤੇ ਫ਼ਖ਼ਰ ਸੀ ਕਿ ਉਸ ਦਾ ਤਾਇਆ ਦਇਆ ਨੰਦ ਫ਼ੌਜ ਵਿਚ ਰਹਿ ਚੁੱਕਾ ਸੀ। ਅਰਵਿੰਦ ਤੇ ਅਰੁਣ ਪ੍ਰਾਈਵੇਟ ਫ਼ੈਕਟਰੀਆਂ ਵਿਚ ਲਗ ਗਏ। ਵਿਜੈ ਨੂੰ ਸਰਕਾਰੀ ਨੌਕਰੀ ਮਿਲ ਗਈ ਸੀ। ਸਤਿਆ ਨੰਦ ਲਈ ਇਹ ਸਾਰੇ ਸਾਲ ਬੜੇ ਕਠਿਨ ਸੰਘਰਸ਼ ਦੇ ਸਨ। ਬੱਚਿਆਂ ਦੀ ਪੜ੍ਹਾਈ ਦੇ ਨਾਲ ਨਾਲ ਉਸ ਨੂੰ ਆਪਣੀ ਵਿਦਿਅਕ ਉੱਨਤੀ ਦਾ ਵੀ ਫ਼ਿਕਰ ਸੀ। ਉਸ ਨੇ ਅੰਗਰੇਜ਼ੀ ਦੀ ਪੀ.ਐਚ.ਡੀ. ਲਈ ਕੰਮ ਸ਼ੁਰੂ ਕੀਤਾ ਹੋਇਆ ਸੀ ਤੇ ਅਪ੍ਰੈਲ 1983 ਵਿਚ ਉਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਆਪਣਾ ਥੀਸਿਸ ਦੇ ਦਿੱਤਾ। ਜਿਨ੍ਹਾਂ ਦਿਨਾਂ ਵਿਚ ਉਹ ਪੀ.ਐਚ.ਡੀ. ਲਈ ਤਿਆਰੀ ਕਰ ਰਿਹਾ ਸੀ, ਭਰਾਵਾਂ ਬਾਈ ਸਖ਼ਤ ਬੀਮਾਰ ਹੋ ਗਈ। ਉਸ ਦੇ ਪਿੱਤੇ ਵਿਚ ਪੱਥਰੀ ਬਣ ਗਈ ਸੀ ਤੇ ਉਸ ਨੂੰ ਬਹੁਤ ਦਰਦ ਰਹਿਣ ਲਗਿਆ ਸੀ। ਇੰਨੀ ਤਕਲੀਫ਼ ਦੇ ਬਾਵਜੂਦ ਵੀ ਉਸ ਨੇ ਸਤਿਆ ਨੰਦ ਨੂੰ ਆਪਣੀ ਬੀਮਾਰੀ ਬਾਰੇ ਸੂਚਨਾ ਨਾ ਦਿੱਤੀ ਤਾਂ ਕਿ ਉਸ ਦੀ ਪੜ੍ਹਾਈ ਵਿਚ ਵਿਘਨ ਨਾ ਪਵੇ। ਆਪਣੀ ਮਾਂ ਦੀ ਇਸ ਕੁਰਬਾਨੀ ਤੋਂ ਮੈਨੂੰ ਨਸੀਮ ਇਜ਼ਕੀਅਲ ਦੀ ਅੰਗਰੇਜ਼ੀ ਕਵਿਤਾ ਦੀ ਯਾਦ ਆਉਂਦੀ ਹੈ: 'ਨਾਈਟ ਔਫ਼ ਦਾ ਸਕੌਰਪੀਅਨ' ਅਥਵਾ 'ਬਿੱਛੂ ਦੀ ਰਾਤ'। ਇਸ ਕਵਿਤਾ ਦੀ ਨਾਇਕਾ ਇਕ

ਮਾਂ ਹੈ ਜਿਸ ਨੂੰ ਬਿੱਛੂ ਜਾਂ ਠੂਹਾਂ ਲੜ ਜਾਂਦਾ ਹੈ ਤੇ ਉਹ ਸਾਰੀ ਰਾਤ ਦਰਦ ਨਾਲ ਤੜਪਦੀ ਰਹਿੰਦੀ ਹੈ। ਸਵੇਰੇ ਜਦੋਂ ਦਰਦ ਕੁਝ ਘਟ ਜਾਂਦਾ ਹੈ ਤਾਂ ਉਹ ਆਖਦੀ ਹੈ: 'ਸ਼ੁਕਰ ਹੈ ਰੱਬਾ! ਬਿੱਛੂ ਨੇ ਮੇਰੇ ਕਿਸੇ ਬੱਚੇ ਨੂੰ ਨਹੀਂ ਡੰਗਿਆ!!' ਮੋਹਨ ਸਿੰਘ ਨੇ ਠੀਕ ਹੀ ਆਖਿਆ ਹੈ:

ਮਾਂ ਵਰਗਾ ਘਣ ਛਾਵਾਂ ਬੂਟਾ  
ਮੈਨੂੰ ਨਜ਼ਰ ਨਾ ਆਵੇ।  
ਲੈ ਕੇ ਇਸ ਤੋਂ ਛਾਂ ਉਧਾਰੀ,  
ਰਬ ਵੀ ਸਵਰਗ ਬਣਾਵੇ।  
ਬਾਕੀ ਕੁਲ ਦੁਨੀਆਂ ਦੇ ਬੂਟੇ,  
ਜੜ ਸੁਕਿਆਂ ਮੁਰਝਾਵਣ।  
ਪਰ ਇਹ ਬੂਟਾ ਵੇਖੋਂ ਨਿਆਰਾ,  
ਫੁੱਲ ਸੁਕਿਆਂ ਮੁਰਝਾਵੇ।

ਸਤਿਆ ਨੰਦ ਨੇ 28 ਅਪ੍ਰੈਲ 1983 ਨੂੰ ਚੰਡੀਗੜ੍ਹ ਵਿਚ ਪੰਜਾਬ ਯੂਨੀਵਰਸਿਟੀ ਨੂੰ ਆਪਣਾ ਥੀਸਿਸ ਦਿੱਤਾ ਤੇ 30 ਅਪ੍ਰੈਲ ਨੂੰ ਬਿਆਸ ਪਹੁੰਚ ਗਿਆ। ਭਰਾਵਾਂ ਬਾਈ ਸਖ਼ਤ ਬੀਮਾਰੀ ਦੀ ਹਾਲਤ ਵਿਚ ਬੇਹੋਸ਼ਾਂ ਵਾਂਗ ਪਈ ਸੀ।

'ਮੈਂ ਵੀ ਡਾਕਟਰ ਬਣ ਗਿਆ ਹਾਂ ਮਾਤਾ ਜੀ!' ਸਤਿਆ ਨੰਦ ਨੇ ਪੈਰੀਂ ਹੱਥ ਲਾਉਂਦਿਆਂ ਕਿਹਾ।

'ਅੱਛਾ! ਉਹ ਕਿਵੇਂ?' ਭਰਾਵਾਂ ਬਾਈ ਜਾਗ ਪਈ।

'ਮੈਂ ਪੀ.ਐਚ.ਡੀ. ਦਾ ਥੀਸਿਸ ਦੇ ਦਿੱਤਾ ਹੈ। ਮੈਨੂੰ ਡਾਕਟਰ ਦੀ ਡਿਗਰੀ ਮਿਲੇ ਗੀ.... ਡਾਕਟਰ ਔਫ਼ ਲਿਟਰੇਚਰ। ਦਵਾਈਆਂ ਦਾ ਨਾ ਸਹੀ, ਮੈਂ ਅੰਗ੍ਰਜ਼ੀ ਸਾਹਿੱਤ ਦਾ ਡਾਕਟਰ ਤਾਂ ਬਣ ਹੀ ਗਿਆ ਹਾਂ।' ਮੈਂ ਵਿਆਖਿਆ ਕੀਤੀ।

'ਜੁੱਗ ਜੁੱਗ ਜੀਵੇਂ ਪੁੱਤਰ। ਚੰਗਾ ਹੋਇਆ ਮਰਨ ਤੋਂ ਪਹਿਲੋਂ ਮੈਨੂੰ ਤੂੰ ਇਹ ਦਸ ਦਿੱਤਾ ਹੈ। ਮੈਂ ਹੁਣ ਨਹੀਂ ਬਚਦੀ।' ਭਰਾਵਾਂ ਬਾਈ ਨੇ ਪੀੜ ਨਾਲ ਰੋਂਦਿਆ ਹੋਏ ਕਿਹਾ।

'ਤੁਸੀਂ ਮੈਨੂੰ ਸੱਦਿਆ ਕਿਉਂ ਨਹੀਂ?' ਮੈਂ ਹੈਰਾਨ ਸਾਂ।

'ਮੈਂ ਨਹੀਂ ਸਾਂ ਚਾਹੁੰਦੀ ਤੇਰੀ ਪੜ੍ਹਾਈ ਵਿਚ ਕੋਈ ਵਿਘਨ ਪਵੇ। ਹੁਣ ਤੂੰ ਆ ਗਿਆ ਏਂ। ਮੈਂ ਚੈਨ ਨਾਲ ਮਰ ਸਕਦੀ ਆਂ।' ਭਰਾਵਾਂ ਬਾਈ ਨੇ ਤੜਫਦਿਆਂ ਕਿਹਾ।

ਸਤਿਆ ਨੰਦ ਆਪਣੀ ਭਾਬੀ ਆਸ਼ਾ ਰਾਣੀ ਨਾਲ ਬਹੁਤ ਗੁੱਸੇ ਹੋਇਆ ਸੀ ਕਿ ਉਨ੍ਹਾਂ ਉਸ ਨੂੰ ਚਿੱਠੀ ਕਿਉਂ ਨਾ ਲਿਖੀ, ਫ਼ੋਨ ਕਿਉਂ ਨਾ ਕੀਤਾ, ਜਾਂ ਤਾਰ ਕਿਉਂ ਨਾ ਦਿੱਤੀ। ਮੇਰੀ ਪੀ.ਐਚ.ਡੀ. ਮੇਰੀ ਮਾਂ ਦੀ ਜ਼ਿੰਦਗੀ ਤੋਂ ਤਾਂ ਜ਼ਿਆਦਾ ਜ਼ਰੂਰੀ ਤਾਂ ਨਹੀਂ ਸੀ। ਸਤਿਆ ਨੰਦ ਨੇ ਟੈਕਸੀ ਕੀਤੀ ਤੇ ਭਰਾਵਾਂ ਬਾਈ ਨੂੰ ਲੁਧਿਆਣੇ ਲੈ ਆਇਆ। ਇੱਥੇ ਉਨ੍ਹਾਂ ਨੂੰ ਦਇਆ ਨੰਦ

ਮੈਡੀਕਲ ਕਾਲਿਜ ਦੇ ਹਸਪਤਾਲ ਵਿਚ ਦਾਖ਼ਿਲ ਕਰਵਾ ਦਿੱਤਾ ਗਿਆ। ਇੱਥੇ ਉਨ੍ਹਾਂ ਦਾ ਔਪ੍ਰੇਸ਼ਨ ਹੋਇਆ ਤੇ ਪਿੱਤੇ 'ਚੋਂ ਪੱਥਰੀ ਕਢ ਦਿੱਤੀ ਗਈ ਜਿਸ ਨਾਲ ਉਨ੍ਹਾਂ ਨੂੰ ਚੈਨ ਆਈ ਤੇ ਪੀੜ ਖ਼ਤਮ ਹੋ ਗਈ। ਉਨ੍ਹਾਂ ਨੂੰ ਤਕਰੀਬਨ ਇਕ ਮਹੀਨਾ ਹਸਪਤਾਲ ਰਹਿਣਾ ਪਿਆ। ਵਿਜੈ ਭਾਵੇਂ ਡਾਕਟਰ ਬਣ ਗਿਆ ਸੀ ਪਰ ਮਾਤਾ ਜੀ ਦੇ ਇਲਾਜ ਬਾਰੇ ਉਹ ਕੋਈ ਫ਼ੈਸਲਾ ਨਾ ਲੈ ਸਕਿਆ। ਸਤਿਆ ਨੰਦ ਨੇ ਚੰਡੀਗੜ੍ਹ ਤੋਂ ਆ ਕੇ ਪਹਿਲਾ ਕੰਮ ਹੀ ਇਹੀ ਕੀਤਾ ਤੇ ਭਰਾਵਾਂ ਬਾਈ ਦੀ ਸਿਹਤ ਕਾਫ਼ੀ ਠੀਕ ਹੋ ਗਈ। ਉਨ੍ਹਾਂ ਦਾ ਤੁਰਨਾ ਫਿਰਨਾ ਬਹੁਤ ਘਟ ਗਿਆ। ਵਰਜ਼ਿਸ ਦੀ ਘਾਟ ਕਾਰਣ ਉਨ੍ਹਾਂ ਦੇ ਸਰੀਰ ਵਿਚ ਮੋਟਾਪਾ ਆਉਣਾ ਸ਼ੁਰੂ ਹੋ ਗਿਆ। ਕੋਈ ਦੋ ਸਾਲ ਬਾਅਦ ਉਨ੍ਹਾਂ ਨੂੰ ਪੇਟ ਵਿਚ ਫਿਰ ਦਰਦ ਹੋਇਆ ਤਾਂ ਉਨ੍ਹਾਂ ਨੂੰ ਲੁਧਿਆਣਾ ਦਇਆ ਨੰਦ ਹਸਪਤਾਲ ਵਿਖਾਇਆ ਗਿਆ। ਡਾਕਟਰਾਂ ਦਾ ਖ਼ਿਆਲ ਸੀ ਕਿ ਉਨ੍ਹਾਂ ਦਾ ਇਕ ਆਪ੍ਰੇਸ਼ਨ ਹੋਰ ਕਰਨਾ ਪਵੇ ਗਾ ਕਿਉਂਕਿ ਅੰਦਰ ਟਾਂਕੇ ਢਿੱਲੇ ਹੋ ਗਏ ਸਨ ਤੇ ਮਾਸ-ਪੇਸ਼ੀਆਂ ਨੇ ਫੈਲਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੇ ਪੇਟ ਵਿਚ ਹਰਨੀਆਂ ਵਾਲੀ ਹਾਲਤ ਬਣੀ ਹੋਈ ਸੀ। ਮਾਤਾ ਜੀ ਉਸ ਵੇਲੇ 70 ਸਾਲਾਂ ਦੇ ਹੋ ਗਏ ਸਨ। ਉਨ੍ਹਾਂ ਨੇ ਹੋਰ ਆਪ੍ਰੇਸ਼ਨ ਤੋਂ ਨਾਂਹ ਕਰ ਦਿੱਤੀ। ਜੇ ਡਾਕਟਰਾਂ ਨੇ ਕਿਹਾ ਕਿ ਦੇਸੀ ਘਿਉ ਤੇ ਖੰਡ ਨਾ ਖਾਓ ਤਾਂ ਉਨ੍ਹਾਂ ਕਿਹਾ, 'ਹੋਰ ਮੈਂ ਸੁਆਹ ਖਾਵਾਂ!'

ਮਾਤਾ ਜੀ ਦੀ ਸਿਹਤ ਬਾਰੇ ਅੰਮ੍ਰਿਤ ਨਾਲ ਫ਼ੋਨ ਤੇ ਇੰਗਲੈਂਡ ਗੱਲ ਹੋਈ। ਉਸ ਨੇ ਸਲਾਹ ਦਿੱਤੀ ਕਿ ਮਾਤਾ ਜੀ ਨੂੰ ਇੰਗਲੈਂਡ ਲੈ ਆਓ ਜਿੱਥੇ ਉਨ੍ਹਾਂ ਦਾ ਔਪ੍ਰੇਸ਼ਨ ਕਰਵਾਇਆ ਜਾਵੇ। ਮਾਤਾ ਜੀ ਨੇ ਇਹ ਸਲਾਹ ਮੰਨ ਲਈ। ਇਸ ਤਰ੍ਹਾਂ ਜੁਲਾਈ 1985 ਵਿਚ ਸਤਿਆ ਨੰਦ ਭਰਾਵਾਂ ਬਾਈ ਨੂੰ ਲੈ ਕੇ ਇੰਗਲੈਂਡ ਆਪਣੀ ਛੋਟੀ ਭੈਣ ਕੋਲ ਆ ਗਿਆ। ਇੱਥੋਂ ਪਹਿਲੋਂ ਡਾ: ਆਇਰਜ਼ ਤੇ ਬਾਅਦ ਵਿਚ ਇਕ ਵਿਸ਼ੇਸ਼ੱਗ ਡਾ: ਕਸੌਲ ਨੇ ਉਨ੍ਹਾਂ ਨੂੰ ਵੇਖਿਆ। ਅਗਸਤ ਵਿਚ ਡਾ. ਕਸੌਲ ਨੇ ਹੀ ਉਨ੍ਹਾਂ ਦਾ ਔਪ੍ਰੇਸ਼ਨ ਕੀਤਾ। ਉਨ੍ਹਾਂ ਦਾ ਪੇਟ ਚਾਕ ਕਰ ਕੇ ਢਿੱਲੀਆਂ ਮਾਸ-ਪੇਸ਼ੀਆਂ ਨੂੰ ਜੋੜ ਕੇ ਰੱਖਣ ਲਈ ਅੰਦਰ ਇਕ ਮੈੱਸ਼ ਪਾ ਦਿੱਤੀ ਗਈ। ਚਾਰ ਦਿਨ ਉਹ ਡਾ: ਕਸੌਲ ਦੇ ਹਸਪਤਾਲ ਵਿਚ ਰਹੇ। ਪੰਜਵੇਂ ਦਿਨ ਡਾਕਟਰ ਨੇ ਕਿਹਾ ਕਿ ਤੁਸੀਂ ਘਰ ਜਾ ਸਕਦੇ ਹੋ। ਨੌਵੇਂ ਦਿਨ ਆ ਕੇ ਬਾਹਰਲੇ ਟਾਂਕੇ ਕਟਵਾ ਲੈਣਾ। ਜੇ ਕੋਈ ਭਾਰਤੀ ਡਾਕਟਰ ਹੁੰਦਾ ਤਾਂ ਭਰਾਵਾਂ ਬਾਈ ਨੂੰ ਇਕ ਮਹੀਨਾ ਹਸਪਤਾਲ ਵਿਚ ਹੀ ਰਖਦਾ ਤਾਂ ਕਿ ਮੋਟਾ ਬਿੱਲ ਬਣ ਸਕੇ। ਉਸ ਹਸਪਤਾਲ ਵਿਚ ਰੋਜ਼ ਦਾ ਖ਼ਰਚ ਕੋਈ 250 ਪਾਊਂਡ ਜਾਂ ਲਗ ਭਗ ਵੀਹ ਹਜ਼ਾਰ ਰੁਪਏ ਸੀ। ਪੰਜ ਦਿਨ ਪਹਿਲੋਂ ਘਰ ਭੇਜ ਕੇ ਡਾ: ਕਸੌਲ ਨੇ ਸਾਡੇ ਇਕ ਲੱਖ ਰੁਪਏ ਬਚਾ ਦਿੱਤੇ। ਕੋਈ ਆਪਣਾ ਡਾਕਟਰ ਭਲਾ ਇੰਨੀ ਮਿਹਰਬਾਨੀ ਕਰੇ ਗਾ? ਟਾਂਕੇ ਕਟਵਾਉਣ ਲਈ ਅਸੀਂ ਨੌਵੇਂ ਦਿਨ ਡਾ: ਕਸੌਲ ਕੋਲ ਗਏ। ਟਾਂਕੇ ਕੱਟ ਦਿੱਤੇ ਗਏ। ਮਾਤਾ ਜੀ ਬਿਲਕੁਲ ਠੀਕ ਹੋ ਗਏ ਸਨ। ਨਾ ਕੋਈ ਦਰਦ ਨਾ ਕੋਈ ਤਕਲੀਫ਼। ਡਾਕਟਰ ਨੇ ਅਨੁਮਾਨ ਲਗਾਇਆ ਕਿ ਮਾਤਾ ਜੀ 90

ਸਾਲ ਤੋਂ ਵੱਧ ਹੀ ਜੀਣ ਗੇ। ਅਸੀਂ ਸਾਰੇ ਬੜੇ ਖ਼ੁਸ਼ ਸਾਂ। ਸਤਿਆ ਨੰਦ ਤਾਂ ਅਕਤੂਬਰ ਵਿਚ ਵਾਪਸ ਆ ਗਿਆ ਪਰ ਮਾਤਾ ਜੀ ਅੰਮ੍ਰਿਤ ਕੋਲ ਛੇ ਸਤ ਮਹੀਨੇ ਹੋਰ ਰਹੇ ਤੇ ਅਗਲੇ ਸਾਲ ਅਪ੍ਰੈਲ ਵਿਚ ਵਾਪਸ ਆਏ। ਇੰਗਲੈਂਡ ਰਹਿ ਕੇ ਉਨ੍ਹਾਂ ਇਸ ਦੇਸ਼ ਵਿਚ ਬੜੀ ਸੈਰ ਕੀਤੀ। ਉਨ੍ਹਾਂ ਦੇ ਕਈ ਪੁਰਾਣੇ ਮਰੀਜ਼ ਤੇ ਜਮਾਏ ਹੋਏ ਬੱਚੇ ਵੀ ਇੰਗਲੈਂਡ ਪਹੁੰਚੇ ਹੋਏ ਸਨ। ਉਹ ਅਕਸਰ ਉਨ੍ਹਾਂ ਨੂੰ ਆਪਣੇ ਘਰ ਲੈ ਜਾਂਦੇ। ਭਰਾਵਾਂ ਬਾਈ ਦੇ ਦੋਹਤੇ, ਵਿੱਕੀ ਤੇ ਸਰਵੀ, ਬੜੇ ਲਾਇਕ ਸਨ ਤੇ ਡਾਕਟਰ ਬਣਨਾ ਚਾਹੁੰਦੇ ਸਨ। ਨਾਨੀ ਤੇ ਦੋਹਤਿਆਂ ਵਿਚਕਾਰ ਵੀ ਬੜੀ ਨਿੱਘੀ ਦੋਸਤੀ ਪੈਦਾ ਹੋ ਗਈ। ਇਸ ਤਰ੍ਹਾਂ ਮਾਤਾ ਜੀ ਸਤ ਅਠ ਮਹੀਨੇ ਇੰਗਲੈਂਡ ਵਿਚ ਰਹੇ ਪਰ ਸਮਾਂ ਗੁਜ਼ਰਦਿਆਂ ਪਤਾ ਹੀ ਨਾ ਲੱਗਾ। ਜਦੋਂ ਉਹ ਵਾਪਸ ਭਾਰਤ ਪਹੁੰਚੇ ਤਾਂ ਬਿਆਸ ਵਿਚ ਸਾਰਿਆਂ ਨੇ ਉਨ੍ਹਾਂ ਦੇ ਆਉਣ ਦਾ ਬੜਾ ਸ਼ੁਕਰ ਮਨਾਇਆ। ਉਨ੍ਹਾਂ ਦੇ ਦੂਰ ਜਾਣ ਤੇ ਉਨ੍ਹਾਂ ਦੇ ਬੱਚੇ ਤੇ ਹੋਰ ਸਨੇਹੀ ਬੜੇ ਉਦਾਸ ਹੋ ਗਏ ਸਨ। ਉਨ੍ਹਾਂ ਤੋਂ ਇਲਾਜ ਕਰਵਾਉਣ ਤੇ ਸਲਾਹ ਮਸ਼ਵਰਾ ਲੈਣ ਆਉਣ ਵਾਲੀਆਂ ਔਰਤਾਂ ਉਨ੍ਹਾਂ ਨੂੰ ਨਾ ਵੇਖ ਕੇ ਬਹੁਤ ਨਿਰਾਸ਼ ਹੁੰਦੀਆਂ। ਜਦੋਂ ਭਰਾਵਾਂ ਬਾਈ ਸਿਹਤਮੰਦ ਹੋ ਕੇ ਬਿਆਸ ਆ ਗਈ ਤਾਂ ਸਾਰਿਆਂ ਨੂੰ ਇਹ ਮਹਿਸੂਸ ਹੋਇਆ ਕਿ ਉਨ੍ਹਾਂ ਦਾ ਕੋਈ ਪਿਆਰਾ ਬਜ਼ੁਰਗ ਉਨ੍ਹਾਂ ਨੂੰ ਅਗਵਾਈ ਦੇਣ ਲਈ ਪਰਤ ਆਇਆ ਹੈ।

ਹੌਲੀ-ਹੌਲੀ ਭਰਾਵਾਂ ਬਾਈ ਦੀਆਂ ਪਰਿਵਾਰਕ ਖ਼ੁਸ਼ੀਆਂ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ। ਸਭ ਤੋਂ ਪਹਿਲੋਂ ਉਸ ਦੀ ਪੋਤੀ ਪਿੰਕੀ ਦੀ ਸ਼ਾਦੀ ਹੋਈ ਹਰਿਆਣਾ (ਹੁਸ਼ਿਆਪੁਰ) ਦੇ ਮਾਟਾ ਪਰਿਵਾਰ ਵਿਚ ਹਰੀਸ਼ ਨਾਲ। ਉਸ ਤੋਂ ਬਾਅਦ ਉਸ ਦੀ ਦੂਜੀ ਪੋਤੀ ਰੂਬੀ ਦੀ ਸ਼ਾਦੀ ਹੋਈ ਲੁਧਿਆਣਾ ਦੇ ਝਾਂਜੀ ਪਰਿਵਾਰ ਵਿਚ ਮਨੁਰਾਜ ਨਾਲ। ਡਾ: ਵਿਜੇ ਦੀ ਸ਼ਾਦੀ ਹੋਈ ਹੁਸ਼ਿਆਰਪੁਰ ਦੇ ਸਾਲਦੀ ਪਰਿਵਾਰ ਦੀ ਲੜਕੀ ਡਾ: ਸਰਿਤਾ ਨਾਲ। ਇਹ ਸਾਰੇ ਫ਼ਰਜ਼ ਸਤਿਆ ਨੰਦ ਨੇ ਆਪਣੀ ਮਾਂ ਦੇ ਆਦੇਸ਼ ਅਨੁਸਾਰ ਨਿਭਾਏ। ਭਰਾਵਾਂ ਬਾਈ ਆਪਣੇ ਪਰਿਵਾਰ ਨੂੰ ਵਧਦਿਆਂ ਫੁਲਦਿਆਂ ਵੇਖ ਕੇ ਬਹੁਤ ਖ਼ੁਸ਼ ਹੁੰਦੀ ਸੀ। ਸਤਿਆ ਨੰਦ ਦੇ ਆਪਣੇ ਲੜਕਿਆਂ ਵਿੱਚੋਂ ਸਭ ਤੋਂ ਵੱਡਾ ਅਰਵਿੰਦ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦਾ ਪਰ ਵਿਚਕਾਰਲਾ ਅਰੁਣ ਨੀਰਜਾ ਨਾਲ ਪ੍ਰੇਮ ਵਿਵਾਹ ਕਰਨਾ ਚਾਹੁੰਦਾ ਸੀ। ਉਹ ਦੋਵੇਂ ਐਮ.ਬੀ.ਏ ਵਿਚ ਜਮਾਤੀ ਸਨ। ਇਸ ਤਰ੍ਹਾਂ ਅਰੁਣ ਦੀ ਸ਼ਾਦੀ 1987 ਵਿਚ ਨੀਰਜਾ ਨਾਲ ਹੋ ਗਈ ਜੋ ਲੁਧਿਆਣਾ ਦੇ ਸਿੱਖ ਪਰਿਵਾਰ 'ਚੋਂ ਸੀ ਅਤੇ ਵਿੰਗ ਕਮਾਂਡਰ ਐਸ.ਜੇ.ਸਿੰਘ ਸਿਕੰਦ ਤੇ ਸ੍ਰੀਮਤੀ ਰਣਜੀਤ ਸਿਕੰਦ ਦੀ ਬੇਟੀ ਸੀ। ਅਰਵਿੰਦ ਨੇ 1990 ਵਿਚ ਪਾਣੀਪਤ ਦੇ ਬਾਠਲਾ ਪਰਿਵਾਰ ਦੀ ਲੜਕੀ ਕਿਰਨ ਨਾਲ ਸ਼ਾਦੀ ਕਰਵਾਈ। ਭਰਾਵਾਂ ਬਾਈ ਦਾ ਸਭ ਤੋਂ ਛੋਟਾ ਪੋਤਾ ਅਦਿਤਯ ਵੀ ਜਵਾਨ ਹੋ ਗਿਆ ਸੀ। ਆਦਿਤਯ ਜਾਂ ਆਦੀ ਨਾਲ ਭਰਾਵਾਂ ਬਾਈ ਨੂੰ ਬੜਾ ਪਿਆਰ ਸੀ। ਉਸ ਦੇ ਮੱਥੇ ਤੇ ਇਕ ਕੁਦਰਤੀ ਲਹਸਣ ਸੀ। ਦਇਆ ਨੰਦ ਮੈਡੀਕਲ ਕਾਲਿਜ ਦੇ ਇਕ ਡਾਕਟਰ ਨੇ ਵਹਿਮ ਵਿਚ ਪਾ ਦਿੱਤਾ ਕਿ ਇਸ ਵਿਚ ਕੈਂਸਰ ਦੇ ਕੀਟਾਣੂ ਸਨ ਤੇ ਉਸ ਨੂੰ ਫ਼ੌਰਨ ਕਢਾਉਣਾ ਜ਼ਰੂਰੀ

ਸੀ। ਆਦੀ ਉਦੋਂ ਛੇਵੀਂ ਵਿਚ ਪੜ੍ਹਦਾ ਸੀ। ਅਸੀਂ ਸਾਰੇ ਔਪ੍ਰੇਸ਼ਨ ਬਾਰੇ ਸੋਚ ਕੇ ਘਬਰਾ ਗਏ ਸਾਂ। ਉਨ੍ਹਾਂ ਦਿਨਾ ਵਿਚ ਮਾਤਾ ਜੀ ਲੁਧਿਆਣੇ ਆਏ ਹੋਏ ਸਨ। ਲਹਸਣ 'ਚੋਂ ਖ਼ੂਨ ਸਿੰਮ ਰਿਹਾ ਸੀ। ਮਾਤਾ ਜੀ ਨੇ ਆਦੀ ਨੂੰ ਪੁਛਿਆ ਕਿ ਉਸ ਨੂੰ ਕੋਈ ਸੱਟ ਤਾਂ ਨਹੀਂ ਸੀ ਲੱਗੀ। ਉਸ ਨੇ ਆਪਣੀ ਦਾਦੀ ਨੂੰ ਦਸ ਦਿੱਤਾ ਕਿ ਇਸ ਥਾਂ ਤੇ ਉਸ ਨੂੰ ਕ੍ਰਿਕਟ ਦੀ ਗੇਂਦ ਲੱਗੀ ਸੀ। ਮਾਤਾ ਜੀ ਨੇ ਸਾਨੂੰ ਬੜਾ ਝਾੜਿਆ ਤੇ ਆਦੀ ਦੇ ਲਹਸਣ ਤੇ ਟਿੰਕਚਰ ਆਯੋਡੀਨ ਲਗਾਉਣਾ ਸ਼ੁਰੂ ਕਰ ਦਿੱਤਾ। ਉਹ ਬਿਲਕੁਲ ਠੀਕ ਹੋ ਗਿਆ। ਦਇਆ ਨੰਦ ਹਸਪਤਾਲ ਦਾ ਡਾਕਟਰ ਗ਼ਲਤ ਸੀ। ਉੱਥੇ ਕੋਈ ਕੈਂਸਰ ਵਗ਼ੈਰਾ ਨਹੀਂ ਸੀ ਤੇ ਸੱਟ ਦਾ ਇਲਾਜ ਭਰਾਵਾਂ ਬਾਈ ਨੇ ਆਪ ਕਰ ਲਿਆ। ਆਦੀ ਦਾ ਲਹਸਣ ਅਜੇ ਵੀ ਕਾਇਮ ਹੈ ਤੇ ਉਸ ਨੂੰ ਕੋਈ ਤਕਲੀਫ਼ ਨਹੀਂ। ਆਦੀ ਨੂੰ ਭਰਾਵਾਂ ਬਾਈ ਸਭ ਤੋਂ ਵੱਧ ਪਿਆਰ ਕਰਦੀ ਸੀ। ਉਸ ਦੀ ਸ਼ਾਦੀ 1992 ਵਿਚ ਅੰਮ੍ਰਿਤਸਰ ਦੇ ਪੁਰੀ ਪਰਿਵਾਰ ਦੀ ਲੜਕੀ ਅਨੂ ਨਾਲ ਹੋਈ ਤੇ ਭਰਾਵਾਂ ਬਾਈ ਨੇ ਬਹੁਤ ਖ਼ੁਸ਼ੀ ਮਨਾਈ।

ਵਿਨੀਤ ਦੀ ਸ਼ਾਦੀ ਸਭ ਤੋਂ ਅਖ਼ੀਰ ਵਿਚ ਹੋਈ। ਉਸ ਸਬੰਧੀ ਭਰਾਵਾਂ ਬਾਈ ਤੇ ਸਤਿਆ ਨੰਦ ਵਿਚ ਵਿਰੋਧ ਪੈਂਦਾ ਹੋ ਗਿਆ ਸੀ। ਭਰਾਵਾਂ ਬਾਈ ਉਸ ਨੂੰ ਟਿਕਾਇਆ ਰਾਮ ਦਾ ਪੁੱਤਰ ਕਹਿੰਦੀ ਸੀ ਪਰ ਵਿਨੀਤ ਨੂੰ ਤਾਂ ਇਕ ਜਿਉਂਦਾ ਬਾਪ ਚਾਹੀਦਾ ਸੀ, ਕੋਈ ਸਵਰਗਵਾਸੀ ਟਿਕਾਇਆ ਰਾਮ ਨਹੀਂ। ਉਸ ਦੀ ਸਾਰੀ ਸਕੂਲੀ ਤੇ ਕਾਲਿਜ ਦੀ ਸਿਖਿਆ ਵੀ ਲੁਧਿਆਣੇ ਹੀ ਹੋਈ ਸੀ, ਸਤਿਆ ਨੰਦ ਦੀ ਦੇਖ ਰੇਖ ਵਿਚ। ਉਹ ਸਤਿਆ ਨੰਦ ਤੇ ਅੰਮ੍ਰਿਤ ਵਰਸ਼ਾ ਨੂੰ ਹੀ ਆਪਣੇ ਮਾਂ ਬਾਪ ਮੰਨਦਾ ਸੀ। ਸਤਿਆ ਨੰਦ ਨੇ ਉਸ ਨੂੰ ਆਪਣਾ ਪਿਆਰ ਹੀ ਨਹੀਂ ਸੀ ਦਿੱਤਾ, ਆਪਣਾ ਨਾਂ ਵੀ ਦਿੱਤਾ ਸੀ। ਉਹ ਵੀ ਡਾਕਟਰ ਬਣ ਗਿਆ ਸੀ ਤੇ ਬਿਆਸ ਵਿਚ ਵਿਜੇ ਤੇ ਸਰਿਤਾ ਦੇ ਹਸਪਤਾਲ ਵਿਚ ਕੰਮ ਕਰਨ ਲਗ ਪਿਆ ਸੀ। ਉਸ ਦੀ ਸ਼ਾਦੀ 1995 ਵਿਚ ਲੁਧਿਆਣਾ ਦੇ ਨਾਰੰਗ ਪਰਿਵਾਰ ਦੀ ਲੜਕੀ ਡਾ: ਸ਼ਰੁਤੀ ਨਾਲ ਹੋਈ। ਇਸ ਤਰ੍ਹਾਂ ਭਰਾਵਾਂ ਬਾਈ ਦੇ ਸਾਰੇ ਪੋਤੇ-ਪੋਤੀਆਂ ਵਿਆਹੇ ਗਏ। ਉਸ ਦੀਆਂ ਦੋ ਦੋਹਤੀਆਂ ਨੰਨ੍ਹੀ ਤੇ ਲਿੱਲੀ ਵੀ ਵਿਆਹੀਆਂ ਗਈਆਂ ਪਰ ਇੰਗਲੈਂਡ ਵਾਲੇ ਦੋਹਤੇ ਵਿੱਕੀ ਤੇ ਸਰਵੀ ਕੁਆਰੇ ਹੀ ਰਹੇ ਤੇ ਅਜੇ ਵੀ ਕੁਆਰੇ ਹਨ। ਭਰਾਵਾਂ ਬਾਈ ਦੀ ਬੜੀ ਇੱਛਾ ਸੀ ਕਿ ਉਹ ਆਪਣੇ ਦੋਹਤਿਆਂ ਦਾ ਵਿਆਹ ਵੀ ਵੇਖੇ ਪਰ ਉਹ ਤਾਂ ਪੰਜਾਬੀ ਮੂਲ ਦੇ ਅੰਗਰੇਜ਼ ਸਨ। ਉਨ੍ਹਾਂ ਆਪਣੇ ਫ਼ੈਸਲੇ ਆਪ ਕਰਨੇ ਸਨ। ਉਹ ਦੋਵੇਂ ਡਾਕਟਰ ਹਨ ਤੇ ਉਨ੍ਹਾਂ ਨੂੰ ਕੋਈ ਕੁੜੀ ਪਸੰਦ ਹੀ ਨਹੀਂ ਆਉਂਦੀ। ਦਰਅਸਲ ਇਹ ਇਕ ਸਭਿਆਚਾਰਕ ਸੰਕਟ ਹੈ। ਭਾਰਤੀ ਤੇ ਵਿਸ਼ੇਸ਼ਕਰ ਪੰਜਾਬੀ ਸਭਿਆਚਾਰ ਵਿਚ ਵਿਆਹ ਇਕ ਸਮਾਜਕ ਲੋੜ ਵੀ ਹੈ ਤੇ ਫ਼ਰਜ਼ ਵੀ ਜਿਸ ਨੂੰ ਹਰ ਪਰਿਵਾਰ ਨਿਭਾਉਣ ਦਾ ਯਤਨ ਕਰਦਾ ਹੈ। ਇੰਗਲੈਂਡ ਵਿਚ ਜਾਂ ਸਾਰੇ ਪੱਛਮੀ ਸਭਿਆਚਾਰ ਵਿਚ ਵਿਆਹ ਇਕ ਨਿੱਜੀ ਫ਼ੈਸਲਾ ਹੈ ਜੋ ਮੁੰਡਾ-ਕੁੜੀ ਆਪ ਕਰਦੇ ਹਨ। ਹਰ ਪੱਛਮੀ ਯੁਵਕ ਜਾਂ ਯੁਵਤੀ ਆਪਣੀ ਨਿੱਜੀ ਆਜ਼ਾਦੀ ਤੇ ਸਹੂਲਤ ਦਾ ਖ਼ਿਆਲ ਰੱਖਣਾ ਚਾਹੁੰਦਾ ਹੈ, ਆਪਣੇ ਮਾਂ

ਬਾਪ ਜਾਂ ਸਮਾਜ ਦੀਆਂ ਹਿਦਾਇਤਾਂ ਜਾਂ ਆਸਾਂ ਦਾ ਨਹੀਂ। ਅੰਮ੍ਰਿਤ ਰੋਂਦੀ ਹੈ ਕਿ ਉਸ ਦੇ ਮੁੰਡੇ ਵਿਆਹ ਨਹੀਂ ਕਰਵਾਉਂਦੇ। ਉਹ ਕਹਿੰਦੇ ਹਨ ਇਹ ਸਾਡੀ ਲੋੜ ਹੈ, ਤੁਹਾਡੀ ਨਹੀਂ। ਅੰਮ੍ਰਿਤ, ਭੋਲੀ ਕੱਲੋ, ਆਪਣੇ ਪੋਤੇ ਪੋਤੀਆਂ ਨੂੰ ਖਿਡਾਉਣਾ ਚਾਹੁੰਦੀ ਹੈ। ਭਰਾਵਾਂ ਬਾਈ ਨੇ ਆਪਣੇ ਪੜਪੋਤਰੇ ਤੇ ਪੜਪੋਤਰੀਆਂ ਵੀ ਖਿਡਾਈਆਂ। ਉਸ ਨੂੰ ਆਪਣੀਆਂ ਦੋਹਤੀਆਂ ਦੇ ਬੱਚਿਆਂ ਦਾ ਪਿਆਰ ਵੀ ਮਿਲਿਆ। ਪਰ ਉਹ ਆਪਣੇ ਦੋਹਤਿਆਂ ਦੀ ਸ਼ਾਦੀਆਂ ਨੂੰ ਤਰਸਦਿਆਂ ਹੀ ਇਸ ਦੁਨੀਆਂ ਤੋਂ ਚਲੀ ਗਈ। 'ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ'। ਸ਼ਾਇਦ ਭਰਾਵਾਂ ਬਾਈ ਦੀ ਹਾਲਤ ਵੀ ਇਹੋ ਜਿਹੀ ਹੀ ਸੀ।

ਜਿਉਂ-ਜਿਉਂ ਭਰਾਵਾਂ ਬਾਈ ਦੀ ਉਮਰ ਵੱਡੀ ਹੁੰਦੀ ਗਈ, ਜ਼ਿੰਦਗੀ ਨਾਲ ਉਸ ਦਾ ਮੋਹ ਵਧਦਾ ਗਿਆ। ਉਹ ਹੋਰ ਜੀਉਣਾ ਚਾਹੁੰਦੀ ਸੀ, ਉਸ ਨੂੰ ਜ਼ਿੰਦਗੀ ਨਾਲ ਇਸ਼ਕ ਸੀ। ਉਸ ਨੂੰ ਚੰਗਾ ਲਗਦਾ ਸੀ ਕਿ ਉਸ ਦਾ ਪਰਿਵਾਰ ਵਧੇ ਫੁਲੇ। ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦੀ ਸੀ। ਵਿਨੀਤ ਕਾਫ਼ੀ ਸਮਾਂ ਉਸ ਕੋਲ ਬਿਆਸ ਹੀ ਰਿਹਾ। ਸ਼ਰੁਤੀ ਨਾਲ ਉਸ ਦੀ ਸ਼ਾਦੀ ਤੇ ਭਰਾਵਾਂ ਬਾਈ ਬਹੁਤ ਖ਼ੁਸ਼ ਸੀ। ਉਨ੍ਹਾਂ ਦੇ ਪਹਿਲੇ ਬੱਚੇ ਦਾ ਜਨਮ ਮਹਾਂਰਿਸ਼ੀ ਬਾਲਮੀਕ ਦੇ ਜਨਮ ਦਿਵਸ ਵਾਲੇ ਦਿਨ ਹੋਇਆ ਤੇ ਮਾਤਾ ਜੀ ਨੇ ਉਸ ਦਾ ਨਾਂ ਰਿਸ਼ੀ ਰਖ ਦਿੱਤਾ। ਆਪਣੇ ਹੋਰ ਪੜਪੋਤਰੇ ਤੇ ਪੜਪੋਤਰੀਆਂ ਦੇ ਜਨਮ ਤੇ ਵੀ ਉਹ ਬਹੁਤ ਖ਼ੁਸ਼ ਹੁੰਦੀ ਤੇ ਹਰ ਬੱਚੇ ਦਾ ਨਾਮਕਰਣ ਆਪ ਜਾ ਕੇ ਕਰਦੀ। ਉਸ ਦੀ ਫੁਲਵਾੜੀ ਕਈ ਫੁੱਲਾਂ ਤੇ ਕਲੀਆਂ ਦੀ ਮਹਿਕ ਨਾਲ ਭਰ ਗਈ ਤੇ ਇਸ ਫੁਲਵਾੜੀ ਵਿਚ ਉਹ ਆਪ ਇਕ ਮਾਲਣ ਵਾਂਗ ਸੀ ਜਿਸ ਤੇ ਸਮੇਂ ਨੇ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਕਦੇ ਕਦੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਕਿ ਟਿਕਾਇਆ ਰਾਮ ਤਾਂ ਇਸ ਬਾਗ਼ ਦਾ ਸੁਫਨਾ ਵੀ ਨਹੀਂ ਸੀ ਵੇਖ ਸਕਿਆ ਤੇ ਦਇਆ ਨੰਦ ਵੀ ਇਸ ਮਹਿਕ ਦੇ ਅਨੁਭਵ ਤੋਂ ਵਾਂਝਾ ਹੀ ਰਹਿ ਗਿਆ। ਭਰਾਵਾਂ ਬਾਈ ਦਾ ਸਰੀਰ ਭਾਰਾ ਹੋ ਗਿਆ ਸੀ ਤੇ ਉਸ ਕੋਲ ਤੁਰਿਆ ਵੀ ਨਹੀਂ ਜਾਂਦਾ। ਤਾਂ ਵੀ ਉਹ ਕਦੇ ਕਿਸੇ ਫੁੱਲ ਕੋਲ ਜਾਂਦੀ ਤੇ ਉਸ ਨੂੰ ਚੁੰਮਦੀ ਅਤੇ ਕਦੇ ਕਿਸੇ ਕਲੀ ਕੋਲ ਜਾਂਦੀ ਤੇ ਉਸ ਨੂੰ ਪਿਆਰ ਕਰਦੀ।

ਇਕ ਵਾਰੀ ਅੰਮ੍ਰਿਤ ਇੰਗਲੈਂਡ ਤੋਂ ਆਈ ਹੋਈ ਸੀ ਤੇ ਉਹ ਕੋਈ ਦੋ ਹਫ਼ਤੇ ਮਾਤਾ ਜੀ ਕੋਲ ਬਿਆਸ ਹੀ ਰਹੀ। ਸੁਰਿੰਦਰ ਵੀ ਆਇਆ ਹੋਇਆ ਸੀ। ਜਦੋਂ ਉਨ੍ਹਾਂ ਵਾਪਸ ਜਾਣਾ ਸੀ ਤਾਂ ਫ਼ਰੀਦਾਬਾਦ ਜਾ ਕੇ ਈਸ਼ਵਰ ਨੂੰ ਮਿਲਣਾ ਸੀ। ਭਰਾਵਾਂ ਬਾਈ ਵੀ ਫ਼ਰੀਦਾਬਾਦ ਜਾਣ ਲਈ ਤਿਆਰ ਹੋ ਗਈ ਕਿਉਂਕਿ ਉਹ ਈਸ਼ਵਰ ਤੇ ਉਸ ਦੇ ਬੱਚਿਆਂ ਨੂੰ ਮਿਲਣਾ ਚਾਹੁੰਦੀ ਸੀ। ਸਤਿਆ ਨੰਦ ਦੇ ਵਿਰੋਧ ਦੇ ਬਾਵਜੂਦ ਉਹ ਸੁਰਿੰਦਰ ਤੇ ਅੰਮ੍ਰਿਤ ਨਾਲ ਕਾਰ ਵਿਚ ਫ਼ਰੀਦਾਬਾਦ ਚਲੀ ਗਈ। ਲੰਮੇ ਸਫ਼ਰ ਕਾਰਣ ਉਹ ਬਹੁਤ ਥਕ ਗਈ ਪਰ ਈਸ਼ਵਰ ਤੇ ਉਸ ਦੀਆ ਧੀਆਂ

ਨੰਨ੍ਹੀ ਤੇ ਲਿੱਲੀ ਨੇ ਉਸਦੀ ਥਕਾਵਟ ਦੂਰ ਕਰ ਦਿੱਤੀ। ਮਾਤਾ ਜੀ ਦੇ ਫ਼ਰੀਦਾਬਾਦ ਆਉਣ ਤੇ ਈਸ਼ਵਰ ਤੇ ਬਿਸ਼ੰਭਰ ਨਾਥ ਨੇ ਖ਼ੂਬ ਜਸ਼ਨ ਮਨਾਇਆ। ਨੰਨ੍ਹੀ ਤੇ ਲ੍ਹਿਲੀ ਦੇ ਬੱਚੇ ਵੀ ਆ ਗਏ। ਹੋਲੀ ਦਾ ਦਿਨ ਸੀ। ਬੱਚਿਆਂ ਨੇ ਮਾਤਾ ਜੀ ਨੂੰ ਵੀ ਰੰਗਾਂ ਨਾਲ ਭਰ ਦਿੱਤਾ ਤੇ ਨਾਚ ਗਾਣੇ ਨਾਲ ਉਨ੍ਹਾਂ ਦਾ ਮੰਨੋਰੰਜਨ ਕੀਤਾ। ਦਰਅਸਲ ਭਰਾਵਾਂ ਬਾਈ ਦੀ ਫੁਲਵਾੜੀ ਤਾਂ ਦੁਨੀਆਂ ਭਰ ਵਿਚ ਫੈਲ ਗਈ ਸੀ। ਇਸ ਦੀ ਵੱਡੀ ਕਿਆਰੀ ਬਿਆਸ ਵਿਚ ਸੀ ਤਾਂ ਛੋਟੀਆਂ ਕਿਆਰੀਆਂ ਲੁਧਿਆਣਾ, ਜਲੰਧਰ, ਦਿੱਲੀ, ਫ਼ਰੀਦਾਬਾਦ ਤੇ ਇੰਗਲੈਂਡ ਵਿਚ ਸਨ। ਉਹ ਇਨ੍ਹਾਂ ਸਭ ਕਿਆਰੀਆਂ ਵਿਚ ਮਾਲਣ ਵਾਂਗ ਵਿਚਰਦੀ ਸੀ ਤੇ ਆਪਣੇ ਫੁੱਲਾਂ ਤੇ ਕਲੀਆਂ ਨੂੰ ਆਪਣੇ ਸਨੇਹ ਦਾ ਪਾਣੀ ਆਪਣੀਆਂ ਅੱਖਾਂ ਦੇ ਫ਼ੱਵਾਰਿਆਂ ਨਾਲ ਦਿੰਦੀ ਸੀ। ਫ਼ਰੀਦਾਬਾਦ ਦੀ ਇਹ ਯਾਤਰਾ ਫੁਲਵਾੜੀ ਦੀਆਂ ਦੂਰ ਦੁਰੇਡੇ ਕਿਆਰੀਆਂ ਦੀ ਉਸ ਦੀ ਅੰਤਿਮ ਯਾਤਰਾ ਸੀ। ਸਤਿਆ ਨੰਦ ਆਪ ਉਨ੍ਹਾਂ ਨੂੰ ਟੈਕਸੀ ਤੇ ਫ਼ਰੀਦਾਬਾਦ ਤੋਂ ਲੈ ਕੇ ਆਇਆ। ਰਸਤੇ ਵਿਚ ਉਹ ਕਈ ਥਾਵਾਂ ਤੇ ਰੁਕਦੇ ਹੋਏ ਆਏ। ਭਰਾਵਾਂ ਬਾਈ ਦੀ ਉਮਰ 90 ਸਾਲਾਂ ਤੋਂ ਉੱਪਰ ਸੀ ਤੇ ਉਹ ਬੀਮਾਰ ਵੀ ਸਨ ਤਾਂ ਵੀ ਉਨ੍ਹਾਂ ਨੇ ਇੰਨਾ ਲੰਮਾ ਸਫ਼ਰ ਖ਼ੁਸ਼ੀ ਨਾਲ ਤੈਅ ਕੀਤਾ ਕਿਉਂਕਿ ਫ਼ਰੀਦਾਬਾਦ ਵਾਲੀ ਕਿਆਰੀ ਵਿਚ ਤਾਂ ਉਹ ਪਹਿਲੀ ਤੇ ਆਖ਼ਰੀ ਵਾਰ ਗਈ ਸੀ।

# ਸਫ਼ਰ ਦਾ ਅੰਤ

ਭਰਾਵਾਂ ਬਾਈ ਨੂੰ ਸਫ਼ਰ ਦਾ ਸ਼ੌਕ ਸੀ ਉਹ ਕਈ ਵਾਰੀ ਲੰਮੀਆ ਯਾਤ੍ਰਾਵਾਂ ਤੇ ਚਲੀ ਜਾਂਦੀ ਸੀ। ਭਾਰਤ ਵਿਚ ਉਹ ਕਸ਼ਮੀਰ ਤੋਂ ਕਲਕੱਤਾ ਅਤੇ ਕੁੱਲੂ ਤੋਂ ਕੰਨਿਆ ਕੁਮਾਰੀ ਤਕ ਅਨੇਕਾਂ ਥਾਵਾਂ ਦੀ ਸੈਰ ਕਰ ਚੁੱਕੀ ਸੀ। ਜਦੋਂ ਵੀ ਧਾਰਮਕ ਥਾਵਾਂ ਦੀ ਯਾਤਰਾ ਲਈ ਦਿੱਲੀ ਤੋਂ ਕੋਈ ਆਰੀਆ ਸਪੈਸ਼ਲ ਟ੍ਰੇਨ ਚਲਦੀ ਤਾਂ ਭਰਾਵਾਂ ਬਾਈ ਅਕਸਰ ਇਸ ਵਿਚ ਸ਼ਾਮਿਲ ਹੁੰਦੀ। ਇਕ ਵਾਰੀ ਤਾਂ ਉਹ ਆਸ਼ਾ ਰਾਣੀ ਤੇ ਵਿਨੀਤ ਨੂੰ ਵੀ ਨਾਲ ਲੈ ਗਈ। ਮਹਾਂਰਿਸ਼ੀ ਦਇਆ ਨੰਦ ਦੇ ਜਨਮ ਅਸਥਾਨ ਗੁਜਰਾਤ ਵਿਚ ਟੰਕਾਰਾ ਤਾਂ ਉਹ ਕਈ ਵਾਰ ਗਈ ਸੀ। ਉਸ ਨੇ ਭਾਰਤ ਦੇ ਮਸ਼ਹੂਰ ਮੰਦਰਾਂ, ਗੁਰਦੁਆਰਿਆਂ ਤੇ ਮਸਜਿਦਾਂ ਦੇ ਦਰਸ਼ਨ ਕੀਤੇ ਹੋਏ ਸਨ। ਆਰੀਆ ਸਮਾਜੀ ਹੋਣ ਕਾਰਣ ਉਹ ਆਰੀਆ ਸੰਸਥਾਵਾਂ ਵਲ ਵੱਧ ਧਿਆਨ ਦਿੰਦੀ ਸੀ ਪਰ ਉਹ ਸਾਰੇ ਧਰਮਾਂ ਦੀ ਇੱਜ਼ਤ ਕਰਦੀ ਸੀ। ਉਹ ਮੂਰਤੀ ਪੂਜਾ ਦੇ ਖ਼ਿਲਾਫ਼ ਸੀ ਪਰ ਫਿਰ ਵੀ ਉਹ ਸ੍ਰੀ ਕ੍ਰਿਸ਼ਨ, ਸ੍ਰੀ ਰਾਮ, ਸ਼ਿਵ ਤੇ ਹੋਰ ਹਿੰਦੂ ਦੇਵੀ ਦੇਵਤਿਆਂ ਦੇ ਮੰਦਰਾਂ ਵਿਚ ਚਲੀ ਜਾਂਦੀ ਸੀ। ਉੱਥੇ ਉਹ ਮੱਥਾ ਨਹੀਂ ਸੀ ਟੇਕਦੀ ਪਰ ਉਹ ਰਵਾਇਤੀ ਸਤਿਕਾਰ ਵਿਖਾਉਣ ਤੋਂ ਸੰਕੋਚ ਨਹੀਂ ਸੀ ਕਰਦੀ। ਭਾਵੇਂ ਉਹ ਆਰੀਆ ਸਮਾਜੀ ਸੀ, ਉਸ ਨੇ ਬਾਬਾ ਚਰਨ ਸਿੰਘ ਤੋਂ ਰਾਧਾ ਸੁਆਮੀ ਦਾ ਨਾਮ ਲਿਆ ਹੋਇਆ ਸੀ। ਕਈ ਵਾਰੀ ਉਹ ਉੱਥੇ ਦੇ ਹਸਪਤਾਲ ਵਿਚ ਸੇਵਾ ਲਈ ਵੀ ਚਲੀ ਜਾਂਦੀ ਸੀ। ਉਸ ਨੇ ਹਜ਼ਰਤ ਈਸਾ ਦੇ ਜਨਮ ਅਸਥਾਨ ਬੇਥਲੇਹਮ ਦੀ ਯਾਤਰਾ ਵੀ ਕੀਤੀ ਸੀ ਤੇ ਕਰਬਲਾ ਤੇ ਨਜਫ਼ ਦੀਆਂ ਮਸਜਿਦਾਂ ਦੀ ਵੀ। ਉਸ ਨੂੰ ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਧਰਮਾਂ ਦਾ ਬੜਾ ਗਿਆਨ ਸੀ। ਦਰਅਸਲ ਉਸ ਨੇ ਇੰਨ੍ਹਾਂ ਧਰਮਾਂ ਦੇ ਕਈ ਗ੍ਰੰਥ ਪੜ੍ਹੇ ਹੋਏ ਸਨ। ਉਸ ਨੇ ਵੇਦਾਂ ਦਾ ਪਾਠ ਕਈ ਵਾਰ ਕੀਤਾ ਸੀ। ਰਮਾਇਣ ਤੇ ਮਹਾਂਭਾਰਤ ਪੜ੍ਹੀਆ ਸਨ, ਗੀਤਾ ਤੇ ਪੁਰਾਣਾਂ ਦਾ ਅਧਿਐਨ ਕੀਤਾ ਸੀ। ਜਦੋਂ ਅਸੀਂ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਲਈ ਗਏ ਤਾਂ ਮਾਤਾ ਜੀ ਨੇ ਆਪ ਬੈਠ ਕੇ ਕੁਝ ਸਮੇਂ ਲਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਅਤੇ ਮੈਂ ਤੇ ਮੇਰੀ ਪਤਨੀ ਨੇ ਸਾਹਮਣੇ ਬੈਠ ਕੇ ਸੁਣਿਆ। ਉਹ ਆਪਣੇ ਬਚਪਨ ਵਿਚ ਧਰਮਸ਼ਾਲਾ ਜਾ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਿਆ ਕਰਦੇ ਸਨ। ਮੇਰੇ ਇਕ ਪਾਕਿਸਤਾਨੀ ਦੋਸਤ ਮੁਹੰਮਦ ਹੁਸੈਨ ਵਿਰਕ ਨੇ ਸਾਨੂੰ ਕੁਰਾਨ ਸ਼ਰੀਫ਼ ਦਾ ਹਿੰਦੀ ਅਨੁਵਾਦ ਦਿੱਤਾ ਜਿਹੜਾ ਉਨ੍ਹਾਂ ਬੜੇ ਆਦਰ ਨਾਲ ਪੜ੍ਹਿਆ। ਉਨ੍ਹਾਂ ਇਰਾਕ ਦੀਆਂ ਕਈ ਮਸਜਿਦਾਂ ਦੀ ਯਾਤਰਾ ਸਾਡੇ ਨਾਲ ਕੀਤੀ। ਇੰਗਲੈਂਡ ਵਿਚ ਅੰਮ੍ਰਿਤ ਦੇ ਘਰ ਨੇੜੇ ਇਕ

ਜਰਮਨ ਬਜ਼ੁਰਗ ਔਰਤ ਉਨ੍ਹਾਂ ਦੀ ਸਹੇਲੀ ਬਣ ਗਈ। ਉਹ ਉਸ ਨਾਲ ਕਈ ਵਾਰੀ ਈਸਾਈ ਧਰਮ ਬਾਰੇ ਗੱਲਾਂ ਕਰਦੇ ਕਿਉਂਕਿ ਉਨ੍ਹਾਂ ਨੇ ਹਜ਼ਰਤ ਈਸਾ ਦੀ ਜਨਮ ਕਥਾ ਵੀ ਪੜ੍ਹੀ ਹੋਈ ਸੀ ਤੇ ਮੁਕੱਦਸ ਬਾਈਬਲ ਦੇ ਕਈ ਅੰਸ਼ ਵੀ ਪੜ੍ਹੇ ਸਨ। ਅੰਮ੍ਰਿਤ ਉਨ੍ਹਾਂ ਵਿਚਕਾਰ ਅਨੁਵਾਦਕ ਦਾ ਕੰਮ ਕਰਦੀ ਸੀ। ਇਸ ਤਰ੍ਹਾਂ ਭਰਾਵਾਂ ਬਾਈ ਸਭ ਧਰਮਾਂ ਦੀ ਇਕ ਸਾਂਝੀ ਮੂਰਤ ਸੀ।

ਜਦੋਂ 1990 ਵਿਚ ਆਪਣੇ ਪਾਕਿਸਤਾਨੀ ਪੰਜਾਬੀ ਨਾਟਕਾਂ ਦੇ ਇਕ ਸੰਗ੍ਰਹਿ ਸੰਬੰਧੀ ਸਤਿਆ ਨੰਦ ਨੇ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਭਰਾਵਾਂ ਬਾਈ ਵੀ ਜਾਣ ਲਈ ਤਿਆਰ ਹੋ ਗਈ। ਦਰਅਸਲ ਉਹ ਚੀਚਾ ਵਤਨੀ ਜਾਣਾ ਚਾਹੁੰਦੀ ਸੀ ਜਿੱਥੇ ਉਸ ਨੇ ਆਪਣੀ ਜ਼ਿੰਦਗੀ ਦੇ ਬੜੇ ਉੱਘੇ ਵਰ੍ਹੇ ਬਿਤਾਏ ਸਨ। ਉਹ ਮਾਸਟਰ ਕਰਮ ਇਲਾਹੀ ਦੀ ਪਤਨੀ ਨੂੰ ਵੀ ਮਿਲਣਾ ਚਾਹੁੰਦੀ ਸੀ ਜੋ ਉਨ੍ਹਾਂ ਦੀ ਭੈਣ ਬਣੀ ਹੋਈ ਸੀ। ਅਸੀਂ ਉਸ ਨੂੰ ਮਾਸੀ ਕਿਹਾ ਕਰਦੇ ਸਾਂ ਤੇ ਈਦ ਵਾਲੇ ਦਿਨ ਉਨ੍ਹਾਂ ਦੇ ਘਰ ਜਾ ਕੇ ਸੇਵੀਆਂ ਖਾਂਦੇ ਹੁੰਦੇ ਸਾਂ। ਉਹ ਉਸ ਹਸਪਤਾਲ ਨੂੰ ਵੀ ਵੇਖਣਾ ਚਾਹੁੰਦੀ ਸੀ ਜਿਹੜਾ ਕਈ ਸਾਲ ਉਸ ਦੀ ਕਰਮ ਭੂਮੀ ਰਿਹਾ ਸੀ। ਸਤਿਆ ਨੰਦ ਨੇ ਪਾਕਿਸਤਾਨ ਹਾਈ ਕਮੀਸ਼ਨ ਜਾ ਕੇ ਆਪਣੇ ਮਿੱਤਰ ਮੁਹੰਮਦ ਹੁਸੈਨ ਵਿਰਕ ਦੀ ਮਦਦ ਨਾਲ ਆਪਣਾ, ਆਪਣੀ ਪਤਨੀ ਤੇ ਆਪਣੀ ਮਾਂ ਦੇ ਵੀਜ਼ੇ ਲਗਵਾ ਲਏ ਤੇ ਸਾਰੇ 20 ਮਾਰਚ, 1990 ਨੂੰ ਲਾਹੌਰ ਪਹੁੰਚ ਗਏ। ਕੁਝ ਦਿਨ ਅਸੀਂ ਲਾਹੌਰ ਰਹੇ ਤੇ 25 ਮਾਰਚ ਨੂੰ ਚੀਚਾ ਵਤਨੀ ਆ ਗਏ। ਮਾਸਟਰ ਕਰਮ ਇਲਾਹੀ ਦਾ ਵੱਡਾ ਲੜਕਾ ਮੁਹੰਮਦ ਰਿਆਜ਼ ਆਪਣੇ ਘਰ ਦੇ ਬੂਹੇ ਅੱਗੇ ਸਾਡੇ ਸੁਆਗਤ ਲਈ ਖੜਾ ਸੀ। ਉਹ ਭਰਾਵਾਂ ਬਾਈ ਨੂੰ ਗਲਵਕੜੀ ਵਿਚ ਲੈ ਕੇ ਬੱਚਿਆਂ ਵਾਂਗ ਭੁੱਬਾਂ ਮਾਰ ਕੇ ਰੋਣ ਲਗ ਪਿਆ। ਉਸ ਦੀ ਭੈਣ ਅਮੀਨਾ ਗੁਜਰਾਂਵਾਲਾ ਤੋਂ ਆਈ ਹੋਈ ਸੀ। ਉਹ ਵੀ ਮਾਤਾ ਜੀ ਨੂੰ ਚੰਬੜ ਗਈ ਤੇ ਰੋਣ ਲਗ ਪਈ। ਗਲੀ ਦੇ ਲੋਕ ਇਕੱਠੇ ਹੋ ਗਏ। ਰਿਆਜ਼ ਤੇ ਅਮੀਨਾ ਕਹਿਣ ਕਿ ਸਾਡੀ ਮਾਂ ਆ ਗਈ ਹੈ। ਸਿਰਫ਼ 15 ਦਿਨ ਪਹਿਲੋਂ ਉਨ੍ਹਾਂ ਦੀ ਮਾਂ ਵਫ਼ਾਤ ਪਾ ਗਈ ਸੀ ਤੇ ਭਰਾਵਾਂ ਬਾਈ ਦੀ ਸ਼ਕਲ ਵਿਚ ਉਨ੍ਹਾਂ ਨੂੰ ਆਪਣੀ ਮਾਂ ਹੀ ਦਿਸ ਰਹੀ ਸੀ। ਉਹ ਭਰਾਵਾਂ ਬਾਈ ਨੂੰ ਖ਼ਾਲਾ ਯਾਨੀ ਮਾਸੀ ਕਹਿਣ ਦੀ ਬਜਾਏ ਅੰਮਾਂ ਹੀ ਕਹੀ ਜਾ ਰਹੇ ਸਨ। ਜਦੋਂ ਭਰਾਵਾਂ ਬਾਈ ਨੂੰ ਪਤਾ ਲੱਗਾ ਕਿ ਉਸ ਦੀ ਸਹੇਲੀ ਤਾਂ ਗੁਜ਼ਰ ਗਈ ਹੈ ਤੇ ਉਹ ਵੀ ਸਿਰਫ਼ ਦਸ ਪੰਦਰਾਂ ਦਿਨ ਪਹਿਲੋਂ ਤਾਂ ਉਹ ਬਹੁਤ ਹੀ ਰੋਈ। ਕੁਦਰਤ ਨੇ ਉਸ ਨਾਲ ਕਿੱਡਾ ਮਜ਼ਾਕ ਕੀਤਾ ਸੀ।

ਚੀਚਾ ਵਤਨੀ ਵਿਚ ਅਮੀਨਾ ਨੇ ਮਾਤਾ ਵੀ ਦੀ ਬਹੁਤ ਸੇਵਾ ਕੀਤੀ। ਉਹ ਮਾਤਾ ਜੀ ਦੇ ਕਪੜਿਆਂ ਨੂੰ ਚੁੰਮੇ, ਉਨ੍ਹਾਂ ਦੇ ਹੱਥਾਂ ਪੈਰਾਂ ਨੂੰ ਘੁੱਟੇ, ਤੇ ਉਨ੍ਹਾਂ ਦੇ ਅੱਗੇ ਪਿੱਛੇ ਹੀ ਰਹੇ। ਉਸ ਨੂੰ ਭਰਾਵਾਂ ਬਾਈ ਦੇ ਸਰੀਰ ਤੋਂ ਬੜੀ ਖ਼ੁਸ਼ਬੋਅ ਆਉਂਦੀ ਸੀ। ਉਸ ਦੀ ਭੈਣ ਸਕੀਨਾ ਫ਼ੌਤ ਹੋ ਗਈ ਸੀ। ਆਮੀਨਾ ਨੇ ਘਰ ਵਿਚ ਸਾਡੇ ਆਰਾਮ ਲਈ ਕੋਈ ਕਸਰ ਨਾ ਛੱਡੀ। ਸਤਿਆ ਨੰਦ ਨੂੰ ਉਹ ਈਸ਼ਵਰ ਵਾਂਗ ਹੀ ਆਪਣੀ ਸੱਕੀ ਭੈਣ ਜਾਪਦੀ ਸੀ। ਰਿਆਜ਼ ਦੀ ਬੀਵੀ ਵੀ ਮੌਤ ਹੋ

ਚੁੱਕੀ ਸੀ। ਹੁਣ ਉਹ 60 ਸਾਲਾਂ ਦਾ ਹੋ ਚੁੱਕਾ ਸੀ ਪਰ ਭਰਾਵਾਂ ਬਾਈ ਉਸ ਨੂੰ ਦੁਬਾਰਾ ਸ਼ਾਦੀ ਕਰਨ ਲਈ ਮਨਾਉਂਦੀ ਰਹੀ। ਦਰਅਸਲ ਰਿਆਜ਼ ਦਇਆ ਨੰਦ ਦਾ ਜਮਾਤੀ ਸੀ ਤੇ ਸਕੂਲ ਵਿਚ ਮੇਰੇ ਤੋਂ ਅੱਗੇ ਸੀ। ਮੈਂ ਵੀ ਉਸ ਨੂੰ ਵੱਡੇ ਭਰਾ ਵਾਂਗ ਸਮਝਦਾ ਸਾਂ। ਅਸੀਂ ਚੀਚਾ ਵਤਨੀ ਦੇ ਉਸ ਸਕੂਲ ਵਿਚ ਵੀ ਗਏ ਜਿੱਥੇ ਮੈਂ ਪੜ੍ਹਦਾ ਹੁੰਦਾ ਸਾਂ ਤੇ ਸਤਵੀਂ ਜਮਾਤ 'ਚੋਂ ਹਟ ਕੇ ਭਾਰਤ ਆਇਆਂ ਸਾ। ਸਕੂਲ ਵਿਚ ਸਾਡੇ ਸਤਿਕਾਰ ਲਈ ਇਕ ਸਮਾਗਮ ਰਚਾਇਆ ਗਿਆ ਜਿੱਥੇ ਸਤਵੀਂ ਜਮਾਤ ਦੇ ਇਕ ਬੱਚੇ ਨੇ ਮੈਨੂੰ ਮਾਨ-ਪੱਤਰ ਭੇਂਟ ਕੀਤਾ। ਅਸੀਂ ਉਸ ਹਸਪਤਾਲ ਵਿਚ ਵੀ ਗਏ ਜਿੱਥੇ ਭਰਾਵਾਂ ਬਾਈ ਦਾ ਨਿੱਘਾ ਸੁਆਗਤ ਕੀਤਾ ਗਿਆ। ਅਸੀਂ ਉਸ ਮਕਾਨ ਵਿਚ ਵੀ ਗਏ ਜਿੱਥੇ ਅਸੀਂ ਰਹਿੰਦੇ ਹੁੰਦੇ ਸਾਂ ਤੇ ਜਿੱਥੋਂ ਭਰਾਵਾਂ ਬਾਈ ਨੇ ਆਪਣੇ ਬੱਚਿਆਂ ਨੂੰ ਸਹੀ ਸਲਾਮਤ ਕਢ ਲਿਆ ਸੀ।

ਮੁਲਤਾਨ ਵਿਚ ਮੇਰਾ ਇਕ ਦੋਸਤ ਸੀ-ਹਨੀਫ਼ ਚੌਧਰੀ। ਉਸ ਨੂੰ ਵੀ ਮੈਂ ਆਪਣੇ ਪਾਕਿਸਤਾਨੀ ਪੰਜਾਬੀ ਨਾਟਕਾਂ ਦੇ ਮਜਮੂਏ ਸਬੰਧੀ ਮਿਲਣਾ ਸੀ। ਰਿਆਜ਼ ਨੇ ਟੈਕਸੀ ਕਰ ਲਈ ਤੇ ਅਸੀਂ ਮੁਲਤਾਨ ਲਈ ਰਵਾਨਾ ਹੋ ਪਏ। ਹਕੀਫ਼ ਚੌਧਰੀ ਸਾਨੂੰ ਮਿਲ ਕੇ ਬਹੁਤ ਖ਼ੁਸ਼ ਹੋਇਆ। ਰਮਜ਼ਾਨ ਦਾ ਮਹੀਨਾ ਸੀ ਤੇ ਉਨ੍ਹਾਂ ਸਾਰਿਆਂ ਰੋਜ਼ੇ ਰੱਖੇ ਹੋਏ ਸਨ। ਪਰ ਉਨ੍ਹਾਂ ਸਾਡੇ ਲਈ ਰੋਟੀ ਪਕਾਈ ਤੇ ਬੜੇ ਸ਼ੌਕ ਨਾਲ ਖੁਆਈ। ਹਨੀਫ਼ ਚੌਧਰੀ ਸਾਨੂੰ ਮੁਲਤਾਨ ਦੀਆਂ ਕਈ ਇਤਿਹਾਸਕ ਥਾਵਾਂ ਵਿਖਾਉਣ ਵੀ ਲੈ ਗਿਆ ਜੋ ਭਰਾਵਾਂ ਬਾਈ ਨੇ ਪਹਿਲੋਂ ਟਿਕਾਇਆ ਰਾਮ ਦੀ ਸੰਗਤ ਵਿਚ ਵੇਖੀਆਂ ਸਨ। ਉਸ ਦੀਆ ਅੱਖਾਂ ਵਿਚ ਹੰਝੂ ਸਨ। ਮੁਲਤਾਨ ਤੋਂ ਚੀਚਾ ਵਤਨੀ ਮੁੜਦਿਆਂ ਮਾਤਾ ਜੀ ਨੇ ਸਾਨੂੰ ਦੱਸਿਆ ਕਿ ਖ਼ਾਨੇਵਾਲ ਦੀ ਬਰਫ਼ੀ ਬੜੀ ਮਸ਼ਹੂਰ ਹੈ। ਉੱਥੇ ਉਨ੍ਹਾਂ ਟੈਕਸੀ ਰੁਕਵਾਈ ਤੇ ਖ਼ਾਨੇਵਾਲ ਦੀ ਇਕ ਚੰਗੀ ਦੁਕਾਨ ਤੋਂ ਬਰਫ਼ੀ ਖ਼ਰੀਦੀ। ਅਸੀਂ ਸਾਰੇ ਰਸਤੇ ਇਹ ਬਰਫ਼ੀ ਖਾਂਦੇ ਰਹੇ ਜੋ ਸੱਚਮੁੱਚ ਬੜੀ ਹੀ ਸੁਆਦ ਸੀ। ਜਦੋਂ ਅਸੀਂ ਚੀਚਾ ਵਤਨੀ ਤੋਂ ਵਾਪਸ ਲਾਹੌਰ ਲਈ ਰਵਾਨਾ ਹੋਏ ਤਾਂ ਰਿਆਜ਼ ਤੇ ਉਸ ਦੇ ਬੱਚੇ ਬਹੁਤ ਰੋਏ। ਅਮੀਨਾ ਤਾਂ ਮਾਤਾ ਜੀ ਨੂੰ ਛੱਡਦੀ ਹੀ ਨਹੀਂ ਸੀ। ਮਾਤਾ ਜੀ ਨੇ ਉਨ੍ਹਾਂ ਨੂੰ ਬਿਆਸ ਆਉਣ ਦਾ ਸੱਦਾ ਦਿੱਤਾ ਤੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤੀ।

ਭਰਾਵਾਂ ਬਾਈ ਇਕ ਵਾਰ ਫਿਰ ਅੰਮ੍ਰਿਤ ਨੂੰ ਮਿਲਣ ਇੰਗਲੈਂਡ ਜਾਣਾ ਚਾਹੁੰਦੀ ਸੀ ਤੇ ਵਿੱਕੀ ਦਾ ਵਿਆਹ ਵੇਖਣਾ ਚਾਹੁੰਦੀ ਸੀ। ਜਦੋਂ 1998-99 ਵਿਚ ਸਤਿਆ ਨੰਦ ਦਾ ਇੰਗਲੈਂਡ ਜਾਣ ਦਾ ਪ੍ਰੋਗਰਾਮ ਬਣਿਆ ਤਾਂ ਭਰਾਵਾਂ ਬਾਈ ਨੇ ਫਿਰ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਇਸ ਵਾਰੀਂ ਸਤਿਆ ਨੰਦ ਨਾ ਮੰਨਿਆ ਕਿਉਂ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਹੁਣ ਉਹ ਅਕਸਰ ਬਿਆਸ ਹੀ ਰਹਿੰਦੇ ਸਨ। ਉਨ੍ਹਾਂ ਦੀ ਨਜ਼ਰ ਬਿਲਕੁਲ ਠੀਕ ਸੀ ਤੇ ਉਹ ਖ਼ੂਬ ਪੜ੍ਹਦੇ ਰਹਿੰਦੇ ਸਨ ਪਰ ਉਨ੍ਹਾਂ ਦੀ ਸੁਣਨ ਸ਼ਕਤੀ ਬੜੀ ਘਟ ਗਈ ਸੀ। ਕੰਨਾਂ ਦੀ ਮਸ਼ੀਨ ਲਾਉਂਦਿਆ ਉਨ੍ਹਾਂ ਨੂੰ ਕੋਫ਼ਤ ਹੁੰਦੀ ਸੀ। ਉਨ੍ਹਾਂ ਦਾ ਸਰੀਰ ਕਾਫ਼ੀ ਭਾਰਾ ਹੋ

ਗਿਆ ਸੀ ਤੇ ਉਹ ਵਾਕਰ ਦੀ ਮਦਦ ਨਾਲ ਟੁਰਦੇ ਸਨ ਪਰ ਉਨ੍ਹਾਂ ਦੀ ਸੂਝ-ਬੂਝ ਤੇ ਇੱਛਾ ਸ਼ਕਤੀ ਵਿਚ ਕੋਈ ਕਮੀ ਨਹੀਂ ਸੀ ਆਈ। ਉਹ ਸਾਰਾ ਦਿਨ ਆਪਣੇ ਮਰੀਜ਼ਾਂ ਨਾਲ ਬਿਤਾਉਂਦੇ ਤੇ ਇਲਾਜ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਵਿਸ਼ਾਲ ਤਜਰਬੇ 'ਚੋਂ ਕਈ ਗੱਲਾਂ ਸੁਣਾਉਂਦੇ। ਹੁਣ ਉਹ ਮਰੀਜ਼ਾਂ ਕੋਲੋਂ ਬਹੁਤੇ ਪੈਸੇ ਨਹੀਂ ਸਨ ਲੈਂਦੇ ਤੇ ਕੇਵਲ ਦਵਾਈਆਂ ਦਾ ਹੀ ਖ਼ਰਚਾ ਲੈਂਦੇ ਸਨ। ਉਨ੍ਹਾਂ ਦੇ ਸ਼ਬਦਾਂ ਵਿਚ ਕੋਈ ਅਦੁੱਤੀ ਖਿੱਚ ਸੀ, ਉਨ੍ਹਾਂ ਦੇ ਇਲਾਜ ਵਿਚ ਸ਼ਫ਼ਾ ਸੀ, ਤੇ ਉਨ੍ਹਾਂ ਦੀ ਆਸ਼ੀਰਵਾਦ ਵਿਚ ਕੋਈ ਦੈਵੀ ਸ਼ਕਤੀ ਸੀ। ਕਈ ਵਾਰੀ ਉਹ ਆਪਣੇ ਮਰੀਜ਼ਾਂ ਨੂੰ ਇਹ ਵੀ ਕਹਿੰਦੇ ਕਿ ਉਨ੍ਹਾਂ ਦੀ ਸੁਣਨ ਦੀ ਤਾਕਤ ਘਟ ਗਈ ਹੈ ਤੇ ਉਹ ਕਿਸੇ ਹੋਰ ਹਸਪਤਾਲ ਵਿਚ ਚਲੇ ਜਾਣ ਪਰ ਉਹ ਤਾਂ ਆਪਣੇ ਵਿਸ਼ਵਾਸ ਕਾਰਣ ਹੀ ਉਨ੍ਹਾਂ ਕੋਲ ਆਉਂਦੇ ਸਨ। ਇਹ ਅਟੁੱਟ ਵਿਸ਼ਵਾਸ ਹੀ ਉਨ੍ਹਾਂ ਦੀ ਸਿਹਤਯਾਬੀ ਦਾ ਰਾਜ਼ ਸੀ। ਕਈ ਵਾਰੀ ਅੰਮ੍ਰਿਤ ਵਰਸ਼ਾ ਉਨ੍ਹਾਂ ਨੂੰ ਮਰੀਜ਼ਾਂ ਦੀਆਂ ਤਕਲੀਫ਼ਾਂ ਸੁਣ ਕੇ ਕੰਨ ਦੇ ਨੇੜੇ ਜਾ ਕੇ ਦਸਦੀ ਤੇ ਤਾਂ ਉਹ ਦਵਾਈ ਦਿੰਦੇ। ਮੈਂ ਆਪ ਉਸ ਡਾਕਟਰ ਕੋਲ ਹੀ ਜਾਂਦਾ ਹਾਂ ਜਿਸ ਤੇ ਮੈਨੂੰ ਵਿਸ਼ਵਾਸ ਹੋਵੇ। ਭਰਾਵਾਂ ਬਾਈ ਨੂੰ ਆਪ ਵੀ ਸਾਡੀ ਯੂਨੀਵਰਸਿਟੀ ਦੇ ਇਕ ਡਾਕਟਰ ਪੁਸ਼ਪਿੰਦਰ ਸਿੰਘ ਸਿੱਧੂ ਤੇ ਬੜਾ ਵਿਸ਼ਵਾਸ ਸੀ। ਉਨ੍ਹਾਂ ਨੂੰ ਜਦੋਂ ਵੀ ਕੋਈ ਤਕਲੀਫ਼ ਹੁੰਦੀ, ਉਹ ਮੈਨੂੰ ਫ਼ੋਨ ਕਰਦੇ ਤੇ ਮੈਂ ਆਪ ਕਾਰ ਤੇ ਜਾ ਕੇ ਉਨ੍ਹਾਂ ਨੂੰ ਲੈ ਆਉਂਦਾ। ਡਾ: ਸਿੱਧੂ ਨੂੰ ਮਿਲ ਕੇ ਉਹ ਬੜਾ ਖ਼ੁਸ਼ ਹੁੰਦੇ ਤੇ ਉਨ੍ਹਾਂ ਦੀਆਂ ਦਿੱਤੀਆਂ ਦਵਾਈਆਂ ਹੀ ਖਾਂਦੇ। ਭਾਵੇਂ ਵਿਜੈ ਤੇ ਵਿਨੀਤ ਵੀ ਡਾਕਟਰ ਸਨ ਤੇ ਐਮਰਜੈਂਸੀ ਵਿਚ ਮਾਤਾ ਜੀ ਉਨ੍ਹਾਂ ਤੋਂ ਹੀ ਇਲਾਜ ਕਰਵਾਉਂਦੇ ਸਨ ਪਰ ਪੂਰਾ ਵਿਸ਼ਵਾਸ ਉਨ੍ਹਾਂ ਨੂੰ ਡਾ: ਸਿੱਧੂ ਤੇ ਹੀ ਸੀ ਜਿਨ੍ਹਾਂ ਦੀਆਂ ਦਿੱਤੀਆਂ ਦਵਾਈਆਂ ਉਹ ਅਖ਼ੀਰ ਤਕ ਖਾਂਦੇ ਰਹੇ। ਜਦੋਂ ਉਹ ਲੁਧਿਆਣੇ ਆਉਂਦੇ, ਸਾਨੂੰ ਬਹੁਤ ਚੰਗਾ ਲਗਦਾ। ਆਦੀ ਦੇ ਬੱਚਿਆਂ ਮਿੱਠੂ ਤੇ ਪਾਰੀ ਨਾਲ ਉਹ ਬਹੁਤ ਪਿਆਰ ਕਰਦੇ ਸਨ ਤੇ ਆਦੀ ਤੇ ਉਸ ਦੀ ਪਤਨੀ ਅਣੂ ਨਾਲ ਉਹ ਬੜੇ ਖ਼ੁਸ਼ ਰਹਿੰਦੇ ਸਨ ਪਰ ਉਹ ਇਕ ਅੱਧ ਹਫ਼ਤਾ ਲੁਧਿਆਣੇ ਰਹਿ ਕੇ ਹੀ ਵਾਪਸ ਬਿਆਸ ਚਲੇ ਜਾਂਦੇ।

ਲੁਧਿਆਣੇ ਵਿਚ ਇਕ ਵਾਰ ਭਰਾਵਾਂ ਬਾਈ ਕੋਲ ਉਸ ਦੀਆਂ ਦੋ ਭੈਣਾਂ ਵਿਦਿਆ ਤੇ ਲਛਮੀ ਆ ਗਈਆਂ। ਉਦੋਂ ਅਸੀਂ ਯੂਨੀਵਰਸਿਟੀ ਦੇ ਅੰਦਰ ਸਰਕਾਰੀ ਮਕਾਨ ਵਿਚ ਆ ਗਏ ਸਾਂ ਪਰ ਸਿਵਲ ਲਾਈਨਜ਼ ਵਿਚ ਸਾਡਾ ਘਰ ਖ਼ਾਲੀ ਪਿਆ ਸੀ। ਤਿੰਨੇ ਭੈਣਾਂ ਉਸ ਘਰ ਵਿਚ ਰਹੀਆਂ ਤੇ ਉਨ੍ਹਾਂ ਨੇ ਆਪਣੇ ਬਚਪਨ, ਜਵਾਨੀ, ਤੇ ਵੱਡੀ ਉਮਰ ਦੇ ਸਮੇਂ ਦੀਆਂ ਕਈ ਯਾਦਾਂ ਤੇ ਘਟਨਾਵਾਂ ਬਾਰੇ ਰੱਜ ਕੇ ਗੱਲਾਂ ਕੀਤੀਆਂ। ਮੈਂ ਤਿੰਨਾਂ ਭੈਣਾਂ ਨੂੰ ਰੋਟੀ ਆਦਿ ਦੇਣ ਯੂਨੀਵਰਸਿਟੀ ਤੋਂ ਆਉਂਦਾ ਤੇ ਕਾਫ਼ੀ ਦੇਰ ਉਨ੍ਹਾਂ ਨਾਲ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ। ਕਦੇ ਕਦੇ ਮੇਰੀ ਪਤਨੀ ਅੰਮ੍ਰਿਤ ਵਰਸ਼ਾ ਵੀ ਮੇਰੇ ਨਾਲ ਆ ਜਾਂਦੀ ਤੇ ਤਿੰਨਾਂ ਬਜ਼ੁਰਗ ਔਰਤਾਂ ਦੀਆਂ ਗੱਲਾਂ ਸੁਣਦੀ। ਉਦੋਂ ਭਰਾਵਾਂ ਬਾਈ ਦੋ ਹਫ਼ਤੇ ਲੁਧਿਆਣੇ ਰਹੀ ਤੇ ਆਪਣੇ ਜੀਵਨ

ਦੀਆਂ ਕਈ ਘਟਨਾਵਾਂ ਬਾਰੇ ਸਾਨੂੰ ਦੱਸਿਆ। ਭਰਾਵਾਂ ਬਾਈ ਦਾ ਜੀਵਨ ਕਾਲ ਦੋ ਵਿਸ਼ਵ ਮਹਾਂ ਯੁੱਧਾਂ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੇ ਸੁਤੰਤਰ ਭਾਰਤ ਦੇ ਵਿਕਾਸ ਦੇ ਕਈ ਪੜਾਵਾਂ ਨਾਲ ਜੁੜਿਆ ਹੋਇਆ ਸੀ। ਉਹ ਆਪ ਵੀ ਕਈ ਸਮਾਜਕ ਤੇ ਧਾਰਮਕ ਅੰਦੋਲਨਾਂ ਨਾਲ ਜੁੜੀ ਰਹੀ ਸੀ ਤੇ ਆਪਣੀ ਵਿੱਤ ਅਨੁਸਾਰ ਇਨ੍ਹਾਂ ਵਿਚ ਆਪਣਾ ਹਿੱਸਾ ਵੀ ਪਾਉਂਦੀ ਸੀ। ਉਹ ਔਰਤਾਂ ਦੇ ਹੱਕਾਂ ਬਾਰੇ ਬੜੀ ਜਾਗਰੂਕ ਸੀ ਅਤੇ ਉਸ ਨੇ ਆਪਣੇ ਸੰਘਰਸ਼ ਤੇ ਉਦਾਹਰਣ ਨਾਲ ਇਹ ਸਿੱਧ ਕਰ ਦਿੱਤਾ ਸੀ ਕਿ ਭਾਰਤੀ ਨਾਰੀ ਆਪਣੇ ਪੁਰਸ਼ ਸਾਥੀਆਂ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ। ਉਸ ਨੇ ਆਪਣੇ ਸੰਪਰਕ ਵਿਚ ਆਉਣ ਵਾਲੀਆਂ ਔਰਤਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ  ਦਾ ਯਤਨ ਕੀਤਾ। ਉਹ ਊਚ-ਨੀਚ ਤੇ ਜ਼ਾਤ ਪਾਤ ਦੇ ਬਹੁਤ ਖ਼ਿਲਾਫ਼ ਸੀ। ਉਹ ਦਲਿਤ ਵਰਗ ਨੂੰ ਵਧੇਰੇ ਪਿਆਰ ਕਰਦੀ ਸੀ ਤੇ ਉਨ੍ਹਾਂ ਦੇ ਘਰ ਖਾਣ-ਪੀਣ ਤੋਂ ਸੰਕੋਚ ਨਹੀਂ ਸੀ ਕਰਦੀ। ਕਈ ਅਖੌਤੀ ਉੱਚੀਆਂ ਜ਼ਾਤਾਂ ਦੇ ਲੋਕ ਉਸ ਨੂੰ ਆਪਣੇ ਘਰ ਮਰੀਜ਼ਾਂ ਨੂੰ ਵੇਖਣ ਲਈ ਸੱਦਦੇ ਤਾਂ ਉਸ ਨੂੰ ਬਹੁਤ ਵਾਰੀ ਸ਼ੀਸ਼ੇ ਦੇ ਗਿਲਾਸਾਂ ਵਿਚ ਪਾਣੀ, ਚਾਹ ਜਾਂ ਦੁੱਧ ਪੇਸ਼ ਕਰਦੇ ਤੇ ਚੀਨੀ ਦੇ ਭਾਂਡਿਆਂ ਵਿਚ ਖਾਣਾ ਆਦਿ ਦਿੰਦੇ। ਇਕ ਵਾਰੀ ਭਰਾਵਾਂ ਬਾਈ ਨੇ ਕਿਸੇ ਇਹੋ ਜਿਹੇ ਪਰਿਵਾਰ ਦੀ ਔਰਤ ਨੂੰ ਪੁੱਛਿਆ ਕਿ ਉਹ ਉਸ ਨੂੰ ਸਟੀਲ ਜਾਂ ਪਿੱਤਲ ਦੇ ਬਰਤਨ ਕਿਉਂ ਨਹੀਂ ਦਿੰਦੇ ਤਾਂ ਉਸ ਨੇ ਕਿਹਾ, "ਤੁਸੀਂ ਈਸਾਈ ਜੂ ਹੋਏ।" ਭਰਾਵਾਂ ਬਾਈ ਦੀ ਦਲਿਤਾਂ ਦੇ ਘਰ ਖਾਣ-ਪੀਣ ਦੀ ਖੁਲ੍ਹ ਨੂੰ ਵੇਖ ਲੋਕੀਂ ਉਸ ਨੂੰ ਈਸਾਈ ਸਮਝਣ ਲਗ ਪਏ ਸਨ। ਉਸ ਦਿਨ ਤੋਂ ਬਾਅਦ ਭਰਾਵਾਂ ਬਾਈ ਨੇ ਜ਼ਾਤ-ਪਾਤ ਦੇ ਵਿਰੁੱਧ ਵੀ ਉਚੇਚੇ ਯਤਨ ਸ਼ੁਰੂ ਕਰ ਦਿੱਤੇ। ਇਸੇ ਤਰ੍ਹਾਂ ਮੁੰਡੇ ਕੁੜੀਆ ਦੀ ਸਮਾਨਤਾ ਬਾਰੇ ਵੀ ਉਹ ਲੋਕਾਂ ਨੂੰ ਸਮਝਾਉਂਦੇ ਰਹਿੰਦੇ ਸਨ।

ਭਾਸ਼ਾ ਬਾਰੇ ਭਰਾਵਾਂ ਬਾਈ ਦੀ ਸੋਚ ਸਹੀ ਨਹੀਂ ਸੀ। ਭਾਵੇ ਚੀਚਾ ਵਤਨੀ ਵਿਚ ਉਨ੍ਹਾਂ ਆਪਣੇ ਬੱਚਿਆਂ ਨੂੰ ਉਰਦੂ-ਫ਼ਾਰਸੀ ਪੜ੍ਹਨ ਦੀ ਹਿਦਾਇਤ ਕੀਤੀ ਸੀ ਪਰ ਭਾਰਤ ਆ ਕੇ ਉਹ ਹਿੰਦੀ-ਪੱਖੀ ਹੋ ਗਈ ਸੀ। ਦੇਸ਼ ਦੀ 1951 ਵਿਚ ਪਹਿਲੀ ਮਰਦਮ ਸ਼ੁਮਾਰੀ ਵੇਲੇ ਉਸ ਨੇ ਆਪਣੀ ਤੇ ਆਪਣੇ ਬੱਚਿਆਂ ਦੀ ਮਾਂ-ਬੋਲੀ ਹਿੰਦੀ ਲਿਖਵਾਈ। ਇਹ ਅਰੀਆ ਸਮਾਜ ਦੇ ਪ੍ਰਭਾਵ ਦਾ ਸਿੱਟਾ ਸੀ ਕਿ ਉਸ ਨੇ ਆਪਣੀ ਮਾਂ-ਬੋਲੀ ਨੂੰ ਸਹੀ ਥਾਂ ਨਹੀਂ ਸੀ ਦਿੱਤੀ। ਇਸ ਗ਼ਲਤੀ ਦੇ ਵਿਰੁੱਧ ਸਭ ਤੋਂ ਪਹਿਲੋਂ ਸਤਿਆ ਨੰਦ ਨੇ ਆਵਾਜ਼ ਉਠਾਈ ਜਿਸ ਨੇ ਗੁਰੂ ਤੇਗ਼ ਬਹਾਦਰ ਹਾਈ ਸਕੂਲ, ਬਾਬਾ ਬਕਾਲਾ ਤੋਂ ਮੈਟ੍ਰਿਕ ਪਾਸ ਕੀਤੀ ਸੀ ਤੇ 'ਸੇਵਕ' ਦੇ ਤਖ਼ੱਲਸ ਨਾਲ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਭਾਵੇਂ ਉਸ ਨੇ ਵੀ ਪਹਿਲੋਂ ਹਿੰਦੀ ਪ੍ਰਭਾਕਰ ਦਾ ਇਮਤਿਹਾਨ ਹੀ ਪਾਸ ਕੀਤਾ ਸੀ ਤੇ ਬਾਅਦ ਵਿਚ ਨੈਸ਼ਨਲ ਹਾਈ ਸਕੂਲ ਸਠਿਆਲਾ ਵਿਚ ਹਿੰਦੀ ਟੀਚਰ ਲਗ ਗਿਆ ਸੀ ਪਰ ਉਸ ਨੇ ਮਹਿਸੂਸ ਕਰ ਲਿਆ ਸੀ ਕਿ ਸਾਡੀ ਮਾਂ-ਬੋਲੀ ਪੰਜਾਬੀ ਹੈ। ਬਾਅਦ ਵਿਚ 1958 ਵਿਚ ਉਸ ਨੇ ਐਮ.ਏ. ਪੰਜਾਬੀ ਦਾ

ਇਮਤਿਹਾਨ ਵੀ ਪਾਸ ਕੀਤਾ ਤੇ 1959 ਵਿਚ ਪੰਜਾਬੀ ਦਾ ਲੈਕਚਰਰ ਲਗ ਗਿਆ। ਉਸ ਨੇ ਆਪਣੀ ਮਾਂ ਨਾਲ ਬਹਿਸ ਕੀਤੀ ਤੇ ਉਸ ਨੂੰ ਇਹ ਮਨਾਉਣ ਵਿਚ ਕਾਮਯਾਬ ਹੋ ਗਿਆ ਕਿ 1961 ਦੀ ਮਰਦਮ ਸ਼ੁਮਾਰੀ ਵਿਚ ਸਾਰੇ ਪਰਿਵਾਰ ਦੇ ਜੀਆਂ ਦੀ ਮਾਂ-ਬੋਲੀ ਪੰਜਾਬੀ ਹੀ ਲਿਖਵਾਈ ਜਾਏ। ਇਸ ਤੋਂ ਬਾਅਦ ਭਰਾਵਾਂ ਬਾਈ ਪੰਜਾਬੀ ਦੀ ਚੰਗੀ ਸਮਰਥੱਕ ਬਣ ਗਈ। ਉਸ ਨੇ ਸਤਿਆ ਨੰਦ ਸੇਵਕ ਤੇ ਉਸ ਦੇ ਮਿੱਤਰਾਂ ਦੀਆਂ ਪੰਜਾਬੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇਕ ਵਾਰੀ ਹਰਭਜਨ ਸਿੰਘ ਹੁੰਦਲ ਢਿਲਵਾਂ ਤੋਂ ਬਿਆਸ ਆਇਆ ਤੇ ਸਤਿਆ ਨੰਦ ਨੇ ਉਸ ਨੂੰ ਆਪਣੀ ਮਾਂ ਨਾਲ ਮਿਲਾਇਆ।

'ਮਾਤਾ ਜੀ, ਇਹ ਹਰਭਜਨ ਸਿੰਘ ਹੁੰਦਲ ਹੈ, ਪੰਜਾਬੀ ਦਾ ਉੱਘਾ ਲਿਖਾਰੀ ਤੇ ਕੇਂਦਰੀ ਪੰਜਾਬੀ ਲੇਖਕ ਦਾ ਮੀਤ-ਪ੍ਰਧਾਨ,' ਸਤਿਆ ਨੰਦ ਨੇ ਕਿਹਾ।

'ਅੱਛਾ ਹੁੰਦਲ..... 'ਨਿਤਰੇ ਪਾਣੀ' ਵਾਲਾ?' ਭਰਾਵਾਂ ਬਾਈ ਨੇ ਪੁਛਿਆ।

ਹੁੰਦਲ ਹੈਰਾਨ ਰਹਿ ਗਿਆ। ਉਸ ਨੂੰ ਅਜੇ ਤਕ ਆਪਣਾ ਕੋਈ ਇੰਨਾ ਬਜ਼ੁਰਗ ਪਾਠਕ ਨਹੀਂ ਸੀ ਮਿਲਿਆ। ਮਾਤਾ ਜੀ ਪੰਜਾਬੀ ਦੇ ਕਈ ਲੇਖਕਾਂ ਨੂੰ ਜਾਣਦੇ ਸਨ। ਉਨ੍ਹਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਬੜਾ ਪੜ੍ਹਿਆ ਸੀ। ਪ੍ਰੋਫ਼ੈਸਰ ਮੋਹਨ ਸਿੰਘ ਤੇ ਪ੍ਰੋਫ਼ੈਸਰ ਸੁਰਿੰਦਰ ਸਿੰਘ ਨਰੂਲਾ ਨੂੰ ਉਹ ਮਿਲੇ ਸਨ। ਇੰਗਲੈਂਡ ਵਿਚ ਉਹ ਗੁਰਨਾਮ ਢਿੱਲੋਂ ਨੂੰ ਵੀ ਮਿਲੇ ਸਨ ਤੇ ਉਸ ਦੀ ਪੁਸਤਕ 'ਅੱਗ ਦੇ ਬੀਜ' ਦੀ ਬੜੀ ਪ੍ਰਸ਼ੰਸਾ ਕੀਤੀ ਸੀ। ਨਾਨਕ ਸਿੰਘ ਨਾਵਲ 'ਪਵਿੱਤਰ ਪਾਪੀ' ਉਨ੍ਹਾਂ ਨੂੰ ਬੜਾ ਚੰਗਾ ਲਗਦਾ ਸੀ। ਦਰਸ਼ਨ ਸਿੰਘ ਆਵਾਰਾ ਦੀਆਂ ਕਵਿਤਾਵਾਂ ਉਨ੍ਹਾਂ ਨੂੰ ਬਹੁਤ ਚੰਗੀਆਂ ਲਗਦੀਆਂ ਸਨ। ਸਾਡਾ ਸਾਹਿੱਤਕ-ਸਭਿਆਚਾਰਕ ਪਰਚਾ 'ਜੀਵਨ-ਸਾਂਝਾਂ' ਉਨ੍ਹਾਂ ਨੂੰ ਬਹੁਤ ਚੰਗਾ ਲਗਦਾ ਸੀ ਤੇ ਇਸ ਨੂੰ ਉਹ ਬੜੇ ਚਾਅ ਨਾਲ ਪੜ੍ਹਦੇ ਸਨ। ਸਤਿਆ ਨੰਦ ਦੇ ਬਹੁਤ ਸਾਰੇ ਅਦਬੀ ਦੋਸਤ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਦਿੱਲੀ ਦਾ ਸਾਹਿੱਤਕ ਪੱਤਰਕਾਰ ਲੂਥਰਾ ਉਨ੍ਹਾਂ ਨੂੰ ਇੰਗਲੈਂਡ ਮਿਲਿਆ ਸੀ ਤੇ ਉਨ੍ਹਾਂ ਬਾਰੇ ਇਕ ਲੇਖ ਵੀ ਲਿਖਿਆ ਸੀ। ਸਤਿਆ ਨੰਦ ਸੇਵਕ ਨੇ ਆਪਣੀ ਕਾਵਿ-ਪੁਸਤਕ 'ਰੁੱਤ ਕੰਡਿਆਲੀ' ਵਿਚ ਆਪਣੀ ਮਾਂ ਬਾਰੇ ਲਿਖਿਆ ਵੀ ਹੈ ਤੇ ਅਖ਼ੀਰਲੀ ਕਵਿਤਾ 'ਸਪੱਰਪਣ' ਉਨ੍ਹਾਂ ਦੇ ਨਾਂ ਕੀਤੀ ਹੈ। ਸ਼ਿਵ ਕੁਮਾਰ ਦੀ 'ਲੂਣਾ' ਮੈਂ ਪਹਿਲੀ ਵਾਰ ਬਿਆਸ ਪੜ੍ਹੀ ਸੀ। ਉਸ ਵਿਚ ਲੂਣਾਂ ਦੇ 'ਇਕ ਮੁੱਠ ਕੰਙਣੀ ਦੀ ਖ਼ਾਤਿਰ' ਵਿੱਕਣ ਦਾ ਜ਼ਿਕਰ ਆਇਆ ਤਾਂ ਮੈਨੂੰ 'ਕੰਙਵੀ' ਦੇ ਅਰਥ ਨਹੀਂ ਸਨ ਆਉਂਦੇ। ਮੈਂ ਮਾਤਾ ਜੀ ਨੂੰ ਪੁਛਿਆ ਤਾਂ ਉਨ੍ਹਾਂ ਦਸਿਆ ਕਿ ਇਹ ਇਕ ਸਸਤਾ ਅਨਾਜ ਹੁੰਦਾ ਹੈ ਜੋ ਗ਼ਰੀਬ ਲੋਕ ਖਾਂਦੇ ਹਨ। ਮੈਂ ਉਨ੍ਹਾਂ ਦੀ ਪੰਜਾਬੀ ਸ਼ਬਦਾਵਲੀ ਦੀ ਸੂਝ ਦਾ ਕਾਇਲ ਹੋ ਗਿਆ। ਮੈਨੂੰ 'ਲੂਣਾ' ਪੜ੍ਹਨ ਦਾ ਜ਼ਿਆਦਾ ਮਜ਼ਾ ਆਇਆ ਕਿਉਂਕਿ ਮੈਂ ਉਸ ਦੀ ਤਰਸਯੋਗ ਹਾਲਤ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਗਿਆ ਸਾਂ।

ਜਦੋਂ ਸਤਿਆ ਨੰਦ 1998-99 ਦੀ ਆਪਣੀ ਇੰਗਲੈਂਡ ਤੇ ਕੇਨੀਆਂ ਦੀ ਯਾਤਰਾ ਤੋਂ ਵਾਪਸ ਆਇਆ ਤਾਂ ਭਰਾਵਾਂ ਬਾਈ ਨੇ ਉਸ ਨੂੰ ਕਿਹਾ ਕਿ ਉਹ ਮੁੜ ਪਰਦੇਸ ਨਾ ਜਾਵੇ। ਉਸ ਨੂੰ ਲਗਦਾ ਸੀ ਕਿ ਉਸ ਦਾ ਅੰਤ ਨੇੜੇ ਆ ਰਿਹਾ ਹੈ। ਇਕ ਦੋ ਵਾਰੀ ਤਾਂ ਉਹ ਬਹੁਤ ਬੀਮਾਰ ਹੋ ਗਈ ਸੀ ਅਤੇ ਵਿਜੈ ਤੇ ਵਿਨੀਤ ਨੇ ਵੇਲੇ ਸਿਰ ਪਹੁੰਚ ਕੇ ਉਸ ਨੂੰ ਬਚਾਇਆ ਸੀ। ਸਤਿਆ ਨੰਦ ਚਾਹੁੰਦਾ ਸੀ ਕਿ ਉਹ ਲੁਧਿਆਣੇ ਆ ਜਾਵੇ ਪਰ ਉਸ ਨੂੰ ਬਿਆਸ ਨਾਲ ਬੜਾ ਮੋਹ ਸੀ। ਉਹ ਚਾਹੁੰਦੀ ਸੀ ਕਿ ਉਹ ਜ਼ਿੰਦਗੀ ਦੇ ਸੌ ਸਾਲ ਪੂਰੇ ਕਰੇ ਤੇ ਇਸ ਮੌਕੇ ਤੇ ਦੇਸੀ ਘਿਓ ਨਾਲ ਨਹਾਵੇ ਜੋ ਉਸ ਦੇ ਪੇਕਿਆਂ ਵੱਲੋਂ ਦਿੱਤਾ ਜਾਣਾ ਚਾਹੀਦਾ ਸੀ। ਇਸ ਲਈ ਉਸ ਨੇ ਮਾਸਟਰ ਤੋਲਾ ਰਾਮ ਦੇ ਪੁੱਤਰ ਸੱਤਪਾਲ ਨੂੰ ਮਨਾ ਵੀ ਲਿਆ ਸੀ। ਪਰ ਅੰਦਰੋਂ ਤਾਂ ਉਸ ਨੂੰ ਪਤਾ ਹੀ ਸੀ ਕਿ ਜ਼ਿੰਦਗੀ ਦਾ ਕੋਈ ਭਰੋਸਾ। ਨਹੀਂ ਉਸ ਤੋਂ ਵੱਡੇ ਮਾਸਟਰ ਤੋਲਾ ਰਾਮ, ਮਾਸਟਰ ਲਕਸ਼ਮੀ ਦਾਸ, ਰਾਮ ਬਾਈ ਅਤੇ ਛੋਟੀਆਂ ਭੈਣਾਂ ਵਿਦਿਆ ਵੰਤੀ ਤੇ ਭਾਗ ਵੰਤੀ ਸਵਰਗ ਵਾਸ ਹੋ ਗਏ ਸਨ। ਪਿੰਡ ਵਿਚ ਬਾਵਾ ਦਲਜੀਤ ਸਿੰਘ, ਡਾਕਟਰ ਰਾਮ ਚੰਦ, ਡਾਕਟਰ ਪਿਆਰੇ ਲਾਲ, ਤੇ ਉਸ ਦੀਆਂ ਕਈ ਹਾਣਨਾਂ ਤੇ ਸਹੇਲੀਆਂ ਦੁਨੀਆਂ ਵਿਚ ਨਹੀਂ ਸਨ ਰਹੇ। ਉਨ੍ਹਾਂ ਦੀ ਇਕ ਬਜ਼ੁਰਗ ਸਹੇਲੀ ਸੀ ਦਮਯੰਤੀ ਜਿਸ ਨੂੰ ਉਹ ਭਰਜਾਈ ਕਹਿੰਦੇ ਸਨ ਕਿਉਂਕਿ ਉਸ ਦਾ ਪਤੀ ਉਨ੍ਹਾਂ ਦਾ ਮੂੰਹ-ਬੋਲਾ ਭਰਾ ਸੀ, ਉਹ ਵੀ ਰੱਬ ਨੂੰ ਪਿਆਰੀ ਹੋ ਗਈ। ਸੋ ਭਰਾਵਾਂ ਬਾਈ ਨੂੰ ਲਗਿਆ ਕਿ ਮੌਤ ਦਾ ਪਰਛਾਵਾਂ ਉਸ ਵੱਲ ਵੀ ਵਧ ਰਿਹਾ ਹੈ। ਉਸ ਨੂੰ ਆਪਣੀ ਫੁਲਵਾੜੀ ਬਹੁਤ ਚੰਗੀ ਲਗਦੀ ਸੀ ਤੇ ਉਹ ਇਸ ਦੀ ਖ਼ੁਸ਼ਬੋ ਨੂੰ ਵਧ ਤੋਂ ਵੱਧ ਮਾਨਣਾ ਚਾਹੁੰਦੀ ਸੀ ਪਰ ਇਹ ਕਦੋਂ ਤਕ ਮੁਮਕਿਨ ਸੀ, ਉਸ ਨੂੰ ਕੋਈ ਪਤਾ ਨਹੀਂ ਸੀ। ਹਿਸਾਰ ਤੋਂ ਖ਼ਬਰ ਆਈ ਕਿ ਵਜ਼ੀਰ ਚੰਦ ਗੁਜ਼ਰ ਗਿਆ ਹੈ। ਵਜ਼ੀਰ ਚੰਦ ਸਾਡੇ ਤਾਏ ਰਾਮ ਚੰਦ ਯਾਨੀ ਟਿਕਾਇਆ ਰਾਮ ਦੇ ਵੱਡੇ ਭਰਾ ਦਾ ਪੁੱਤਰ ਸੀ। ਦਇਆ ਨੰਦ ਤੋਂ ਬਾਅਦ ਮੈਂ ਵਜ਼ੀਰ ਚੰਦ ਨੂੰ ਸਦਾ ਆਪਣੇ ਵੱਡੇ ਭਰਾ ਦਾ ਦਰਜਾ ਦਿੱਤਾ ਸੀ ਤੇ ਉਸ ਨੂੰ ਆਪਣੇ ਸਾਰੇ ਬੱਚਿਆਂ ਦੀ ਸ਼ਾਦੀ ਦੇ ਮੌਕਿਆਂ ਤੇ ਸਦਿਆ ਸੀ। ਵਜ਼ੀਰ ਚੰਦ ਦੀ ਮੌਤ ਦੀ ਖ਼ਬਰ ਸੁਣ ਕੇ ਭਰਾਵਾਂ ਬਾਈ ਬਹੁਤ ਉਦਾਸ ਹੋਈ ਸੀ। ਉਸ ਦਾ ਛੋਟਾ ਭਰਾ ਦੇਵ ਰਾਜ ਵੀ ਗੁਜ਼ਰ ਗਿਆ ਜਿਸ ਨਾਲ ਭਰਾਵਾਂ ਬਾਈ ਸਾਰੀ ਉਮਰ ਨਾਰਾਜ਼ ਹੀ ਰਹੀ ਸੀ ਤੇ ਕੁਝ ਸਾਲ ਪਹਿਲੋਂ ਹੀ ਉਸ ਨਾਲ ਬੋਲਣ ਲੱਗੀ ਸੀ। ਦੇਵ ਰਾਜ ਦੀ ਪਤਨੀ, ਸ਼ਾਂਤੀ, ਇਕ ਰਿਸ਼ਤਿਓਂ ਸਾਡੀ ਭੈਣ ਦੂਰੇ ਰਿਸ਼ਤਿਓਂ ਮਾਮੀ, ਵੀ ਰੱਬ ਨੂੰ ਪਿਆਰੀ ਹੋ ਗਈ। ਆਪਣੀ ਮਾੜੀ ਸਿਹਤ ਕਾਰਣ ਭਰਾਵਾਂ ਬਾਈ ਉਨ੍ਹਾਂ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਣ ਲਈ ਨਹੀਂ ਸੀ ਜਾ ਸਕੀ ਅਤੇ ਹਰ ਥਾਂ ਮੈਂ ਤੇ ਮੇਰੀ ਪਤਨੀ ਹੀ ਗਏ ਸਾਂ। ਇਨ੍ਹਾਂ ਸਾਰੀਆਂ ਮੌਤਾਂ ਤੋਂ ਭਰਾਵਾਂ ਬਾਈ ਨੂੰ ਇਹੀ ਸੰਕੇਤ ਮਿਲਦਾ ਸੀ ਕਿ ਉਸ ਕੋਲ ਬਹੁਤਾ ਸਮਾਂ ਨਹੀਂ ਸੀ ਰਿਹਾ।

ਜੁਲਾਈ 2004 ਵਿਚ ਭਰਾਵਾਂ ਬਾਈ ਦੀ ਸਿਹਤ ਖ਼ਰਾਬ ਰਹਿਣ ਲਗ ਪਈ। ਉਨ੍ਹਾਂ ਨੂੰ ਪੇਟ ਦਰਦ ਵੀ ਮਹਿਸੂਸ ਹੋਇਆ ਤੇ ਘਬਰਾਹਟ ਵੀ ਹੋਈ। ਮੈਂ ਉਨ੍ਹਾਂ ਨੂੰ ਅਕਸਰ ਕਹਿੰਦਾ ਹੁੰਦਾ ਸਾਂ ਕਿ ਉਹ ਲੁਧਿਆਣੇ ਆ ਜਾਣ ਤੇ ਬਿਆਸ ਛੱਡ ਦੇਣ। ਉਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਮੈਂ ਸਦਾ ਲਈ ਹੀ ਉਥੇ ਆਵਾਂ ਗੀ। ਤੇ ਉਹ 13 ਜੁਲਾਈ ਸ਼ਾਮੀਂ ਵਿਨੀਤ ਤੇ ਸ਼ਰੁਤੀ ਨਾਲ ਲੁਧਿਆਣੇ ਆ ਗਏ। ਜਦੋਂ ਉਹ ਬਿਆਸ ਤੋਂ ਚੱਲੇ ਤਾਂ ਰੂਬੀ ਦੀ ਧੀ ਆਂਚਲ ਨੇ ਪੁੱਛਿਆ ਕਿ ਬਿਆਸ ਵਾਪਸ ਕਦੋਂ ਆਓ ਗੇ ਤਾਂ ਉਨ੍ਹਾਂ ਜਵਾਬ ਦਿੱਤਾ 'ਕਦੇ ਨਹੀਂ!' ਉਨ੍ਹਾਂ ਕੁਝ ਚਿਰ ਪਹਿਲੋਂ ਮੈਨੂੰ ਪੰਜ ਸੌ ਰੁਪਏ ਦਿੱਤੇ ਸਨ ਤਾਂ ਜੋ ਇਹ ਮੈਂ ਬਹਾਦੁਰ ਗੜ੍ਹ ਗੁਰੂਕੁਲ ਗਾਈਆਂ ਦੇ ਚਾਰੇ ਲਈ ਦੇ ਆਵਾਂ। ਜਦੋਂ ਉਹ ਅੰਦਰ ਆਏ ਤੇ ਪਾਣੀ ਪੀ ਲਿਆ ਤਾਂ ਮੈਂ ਉਨ੍ਹਾਂ ਨੂੰ ਦਸਿਆ ਕਿ ਮੈਂ ਉਨ੍ਹਾਂ ਦਾ ਗਾਈਆਂ ਦੇ ਚਾਰੇ ਲਈ ਦਾਨ ਗੁਰੂ ਕੁਲ ਬਹਾਦਰਗੜ੍ਹ ਪਹੁੰਚਾ ਦਿੱਤਾ ਹੈ। ਉਹ ਬਹੁਤ ਖ਼ੁਸ਼ ਹੋਏ। ਉਨ੍ਹਾਂ ਕਿਹਾ ਕਿ ਮੈਂ ਡਾ: ਸਿੱਧੂ ਨੂੰ ਮਿਲਣਾ ਹੈ। ਮੈਂ ਕਿਹਾ ਸਵੇਰੇ ਉਠ ਕੇ ਚੱਲਾਂ ਗੇ। ਉਨ੍ਹਾਂ ਰੋਟੀ ਖਾਣ ਤੋਂ ਬਾਅਦ ਆਪਣਾ ਮਨ ਭਾਉਂਦਾ ਦੁਸਹਿਰੀ ਅੰਬ ਖਾਧਾ ਤੇ ਕੂਲਰ ਦੇ ਅੱਗੇ ਸੌਂ ਗਏ। ਪਿੱਛੇ ਦੀਵਾਨ ਤੇ ਮੈਂ ਸੌਂ ਗਿਆ ਤਾਂ ਕਿ ਉਨ੍ਹਾਂ ਦਾ ਖ਼ਿਆਲ ਰਖ ਸਕਾਂ। ਰਾਤੀਂ ਦੋ ਵਾਰ ਉਹ ਬਾਥਰੂਮ ਗਏ ਤੇ ਮੈਂ ਉਨ੍ਹਾਂ ਨੂੰ ਆਪ ਲੈ ਕੇ ਗਿਆ। ਜਦੋਂ ਤੀਸਰੀ ਵਾਰ ਜਾਣ ਲੱਗੇ ਤਾਂ ਉਹ ਡਿੱਗ ਪਏ। ਮੈਂ ਆਦੀ ਨੂੰ ਉਠਾਇਆ ਤੇ ਅਸੀਂ ਉਨ੍ਹਾਂ ਨੂੰ ਚੁੱਕ ਕੇ ਮੰਜੇ ਤੇ ਪਾਇਆ। ਉਹ ਬਾਰ-ਬਾਰ ਮੈਨੂੰ ਕਹਿਣ 'ਸਤਿਆ ਨੰਦ! ਗੋਡਾ ਦੇ!!' ਮੈਂ ਉਨ੍ਹਾਂ ਨੂੰ ਗੋਦ ਵਿਚ ਲੈ ਕੇ ਕਿਹਾ ਕਿ ਐਵੇਂ ਨਾ ਘਬਰਾਉਣ, ਉਹ ਠੀਕ ਹੋ ਜਾਣ ਗੇ। ਪਰ ਉਨ੍ਹਾਂ ਨੂੰ ਆਪਣੀ ਸਥਿਤੀ ਦਾ ਗਿਆਨ ਹੋ ਗਿਆ ਸੀ। ਉਨ੍ਹਾਂ ਆਪਣਾ ਜਨੇਊ ਉਤਾਰ ਕੇ ਮੈਨੂੰ ਦੇ ਦਿੱਤਾ ਜਿਸ ਨਾਲ ਚਾਬੀ ਬੰਨ੍ਹੀ ਹੋਈ ਸੀ। ਮੈਨੂੰ ਲਗਿਆ ਜਿਵੇਂ ਉਹ ਮੈਨੂੰ ਰਸਮੀ ਤੌਰ ਤੇ ਘਰ ਦੀ ਜ਼ਿੰਮੇਵਾਰੀ ਸੌਂਪ ਰਹੇ ਹੋਣ। ਵਿਨੀਤ ਆਪਣੇ ਸੁਹਰੇ ਘਰ ਗਿਆ ਹੋਇਆ ਸੀ। ਅਸੀਂ ਉਸ ਨੂੰ ਵੀ ਸੱਦ ਲਿਆ ਤੇ ਮਾਤਾ ਜੀ ਨੂੰ ਕਾਰ ਵਿਚ ਪਾ ਕੇ ਪੀ.ਏ.ਯੂ. ਹਸਪਤਾਲ ਲੈ ਗਏ। ਉੱਥੇ ਡਾ: ਪੂਨੀ ਨੇ ਉਨ੍ਹਾਂ ਨੂੰ ਵੇਖਿਆ ਤੇ ਕਿਹਾ ਕਿ ਇਹ ਬ੍ਰੇਨ-ਸਟ੍ਰੋਕ ਦਾ ਕੇਸ ਹੈ, ਦਇਆ ਨੰਦ ਹਸਤਪਾਲ ਲੈ ਜਾਓ। ਉਥੇ ਐਮਰਜੈਂਸੀ ਵਾਰਡ ਵਿਚ ਉਨ੍ਹਾਂ ਨੂੰ ਔਕਸੀਜਨ ਤੇ ਗੁਲੂਕੋਸ ਲਾ ਦਿੱਤੇ ਗਏ। ਉਨ੍ਹਾਂ ਦੇ ਅੰਤਿਮ ਸ਼ਬਦ ਸਨ: 'ਆਦੀ ਮੈਨੂੰ ਇਕ ਵਾਰੀ ਉਠਾਓ ਨਹੀਂ ਤਾਂ ਮੈਂ ਨਹੀਂ ਬਚਣਾ।' ਪਰ ਡਾਕਟਰਾਂ ਨੇ ਉਨ੍ਹਾਂ ਨੂੰ ਉੱਠਣ ਹੀ ਨਾ ਦਿੱਤਾ ਤੇ ਉਨ੍ਹਾਂ ਦੇ ਮੂੰਹ ਵਿਚ ਪਲਾਸਟਿਕ ਦਾ ਉਪਕਰਣ ਪਾ ਦਿੱਤਾ ਗਿਆ ਤਾਂ ਕਿ ਉਹ ਮੂੰਹ ਖੋਲ੍ਹ ਹੀ ਨਾ ਸਕਣ ਕਿਉਂਕਿ ਉਨ੍ਹਾਂ ਦੀ ਜ਼ਬਾਨ ਦੇ ਕੱਟੇ ਜਾਣ ਦਾ ਖ਼ਤਰਾ ਸੀ। ਆਦੀ ਅਜੇ ਵੀ ਰੋਂਦਾ ਹੈ ਕਿ ਉਸ ਨੇ ਉਸ ਵੇਲੇ ਮਾਤਾ ਜੀ ਨੂੰ ਕਿਉਂ ਨਾ ਉਠਾਇਆ। ਸ਼ਾਇਦ ਉਨ੍ਹਾਂ ਕੋਈ ਜ਼ਰੂਰੀ ਗੱਲ ਕਹਿਣੀ ਸੀ। ਮੈਨੂੰ ਆਦੀ ਦੇ ਚਿਹਰੇ ਤੋਂ ਟਿਕਾਇਆ ਰਾਮ ਦਾ ਝਾਉਲਾ ਪੈਂਦਾ ਹੈ। ਭਰਾਵਾਂ ਬਾਈ ਨੂੰ ਉਹ ਦਇਆ ਨੰਦ ਜਾਪਦਾ ਸੀ। ਉਹ ਆਦੀ ਨੂੰ ਕੁਝ ਕਹਿਣਾ ਚਾਹੁੰਦੀ ਸੀ ਪਰ ਕਹਿ ਨਾ ਸਕੀ। ਉਸ ਦੇ ਸਿਰ

ਦੀ ਸਕੈਨਿੰਗ ਹੋਈ ਤੇ ਪਤਾ ਲਗਿਆ ਕਿ ਦਿਮਾਗ਼ ਵਿਚ ਕੋਈ ਕਲੌਟ ਆ ਗਿਆ ਸੀ। ਉਹ ਬੇਬੱਸ ਪਈ ਸੀ ਪਰ ਉਸ ਵਿਚ ਅਹਿਸਾਸ ਅਜੇ ਵੀ ਬਾਕੀ ਸੀ।

ਭਰਾਵਾਂ ਬਾਈ ਨੂੰ ਸਟ੍ਰੋਕ ਆਈ.ਸੀ.ਯੂ. ਵਿਚ ਸ਼ਿਫ਼ਟ ਕਰ ਦਿੱਤਾ ਗਿਆ ਜਿੱਥੇ ਉਹ ਲਗ ਭਗ ਇਕ ਹਫਤਾ ਰਹੀ। ਡਾਕਟਰਾਂ ਨੇ ਇਲਾਜ ਤਾਂ ਸ਼ੁਰੂ ਕਰ ਦਿੱਤਾ ਪਰ ਬਚਣ ਦੀ ਉਮੀਦ ਘਟ ਹੀ ਦੱਸੀ। ਮੈਂ ਫ਼ੌਰਨ ਅੰਮ੍ਰਿਤ ਨੂੰ ਫ਼ੋਨ ਕੀਤਾ ਕਿ ਅੰਤ ਸਮਾਂ ਆ ਗਿਆ ਹੈ ਤੇ ਉਹ ਫ਼ੌਰਨ ਪਹੁੰਚ ਜਾਵੇ। ਇਕ ਵਾਰੀ ਮੈਂ ਮਾਤਾ ਜੀ ਦੇ ਸਿਰ ਉੱਪਰ ਆਪਣਾ ਮੂੰਹ ਕਰ ਕੇ ਆਖਿਆ:

'ਮਾਤਾ ਜੀ! ਮੈਂ ਸਤਿਆ ਨੰਦ, ਮੈਨੂੰ ਪਛਾਨਦੇ ਹੋ?'

ਉਨ੍ਹਾਂ ਹਾਂ ਵਿਚ ਸਿਰ ਹਿਲਾਇਆ।

'ਤੁਸੀਂ ਠੀਕ ਹੋ ਜਾਓ ਗੇ। ਅਸੀਂ ਤੁਹਾਨੂੰ ਘਰ ਲੈ ਜਾਵਾਂ ਗੇ।' ਮੈਂ ਕਿਹਾ। ਉਨ੍ਹਾਂ ਨਾਂਹ ਵਿਚ ਸਿਰ ਹਿਲਾਇਆ। ਇਹ ਉਨ੍ਹਾਂ ਦੀ ਸਚੇਤ ਅਵਸਥਾ ਦਾ ਆਖ਼ਰੀ ਪਲ ਸੀ।

ਅੰਮ੍ਰਿਤ 19 ਜੁਲਾਈ ਨੂੰ ਪਹੁੰਚ ਗਈ। ਹੋਰ ਵੀ ਕਈ ਰਿਸ਼ਤੇਦਾਰ ਤੇ ਮਿੱਤਰ ਆ ਗਏ। ਹਰ ਇਕ ਨੇ ਮਾਤਾ ਜੀ ਦੀ ਅੰਤਿਮ ਸਮੇਂ ਤੇ ਜੋ ਵੀ ਸੇਵਾ ਹੋ ਸਕੀ ਕੀਤੀ। ਮਾਤਾ ਜੀ ਲਈ ਸਾਹ ਲੈਣਾ ਮੁਸ਼ਕਿਲ ਹੋ ਗਿਆ ਸੀ। ਪਹਿਲੋਂ ਉਨ੍ਹਾਂ ਨੂੰ ਬੈਲੂਨ ਤੇ ਰਖਿਆ ਗਿਆ ਤੇ ਅਸੀਂ ਸਾਰੇ ਵਾਰੋ ਵਾਰੀ ਬੈਲੂਨ ਨੂੰ ਦਬਾਉਂਦੇ ਸਾਂ ਤਾਂ ਕਿ ਉਨ੍ਹਾਂ ਦਾ ਸਾਹ ਚਲਦਾ ਰਹੇ। 20 ਜੁਲਾਈ ਨੂੰ ਉਨ੍ਹਾਂ ਨੂੰ ਵੈਂਟੀਲੇਟਰ ਤੇ ਪਾ ਦਿੱਤਾ ਗਿਆ। 21 ਜੁਲਾਈ ਸਵੇਰੇ 11 ਵਜੇ ਡਾਕਟਰਾਂ ਨੇ ਇਕ ਮਿੰਟ ਲਈ ਵੈਂਟੀਲੇਟਰ ਹਟਾਇਆ ਤਾਂ ਭਰਾਵਾਂ ਬਾਈ ਇਕ ਦਮ ਅਹਿੱਲ ਹੋ ਗਈ। ਡਾਕਟਰਾਂ ਨੇ ਬੜੀ ਕੋਸ਼ਿਸ਼ ਕੀਤੀ ਕਿ ਉਸ ਦਾ ਸਾਹ ਪਰਤ ਆਏ ਪਰ ਉਹ ਨਾ ਹੋ ਸਕਿਆ। ਭਰਾਵਾਂ ਬਾਈ ਆਪਣੇ ਟਿਕਾਇਆ ਰਾਮ ਤੇ ਆਪਣੇ ਦਇਆ ਨੰਦ ਕੋਲ ਚਲੀ ਗਈ ਸੀ।

ਸਤਿਆ ਨੰਦ ਤੇ ਪਰਿਵਾਰ ਦੇ ਸਾਰੇ ਮੈਂਬਰ ਇਸ ਅੰਤ ਲਈ ਤਿਆਰ ਸਨ ਪਰ ਉਨ੍ਹਾਂ ਸਾਰਿਆਂ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੇ ਝਰਨੇ ਵਹਿਣ ਲੱਗੇ। ਸਤਿਆ ਨੰਦ ਨੇ ਆਪਣੀ ਮਾਂ ਦੀ ਦੇਹ ਨੂੰ ਬਿਆਸ ਲਿਜਾਣ ਦਾ ਫ਼ੈਸਲਾ ਕੀਤਾ ਜਿੱਥੇ ਉਸ ਨੇ ਜ਼ਿੰਦਗੀ ਦੇ ਅਰਥ ਤਲਾਸ਼ ਕੀਤੇ ਸਨ ਤੇ ਇਕ ਬਹਾਦਰ ਔਰਤ ਵਾਂਗ ਆਪਣੀ ਜ਼ਿੰਦਗੀ ਬਿਤਾਈ ਸੀ। ਬਿਆਸ ਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਵੀ ਭਰਾਵਾਂ ਬਾਈ ਨੂੰ ਉਡੀਕ ਰਹੇ ਸਨ। ਪਰਿਵਾਰ ਦੇ ਹੋਰ ਮੈਂਬਰ ਵੀ ਦੂਰ ਦੁਰਾਡੇ ਸ਼ਹਿਰਾਂ ਤੋਂ ਆ ਗਏ। ਗੁਰੂਕੁਲ ਕਰਤਾਰਪੁਰ ਦੇ ਆਚਾਰੀਆ ਤੇ ਬ੍ਰਹਮਚਾਰੀ ਵੀ ਆਏ। ਸਾਰਿਆਂ ਨੇ 22 ਜੁਲਾਈ ਵਾਲੇ ਦਿਨ ਭਰਾਵਾਂ ਬਾਈ ਨੂੰ ਹੰਝੂਆਂ ਭਰੀ ਵਿਦਾਈ ਦਿੱਤੀ। ਉਹ ਚਰਾਇਆ ਪਰਿਵਾਰ ਦੀ ਮਾਂ ਹੀ ਨਹੀਂ ਸੀ ਤੇ ਆਪਣੀ ਫੁਲਵਾੜੀ ਦੀ ਮਾਲਣ ਹੀ ਨਹੀਂ ਸੀ ਸਗੋਂ ਉਹ ਤਾਂ ਸਾਰੇ ਇਲਾਕੇ ਦੀ ਮਾਂ ਸੀ। 24 ਜੁਲਾਈ ਨੂੰ ਚੌਥੇ ਵਾਲੇ ਦਿਨ ਭਰਾਵਾਂ ਬਾਈ ਦੀ ਮੁੱਖ ਫੁਲਵਾੜੀ ਵਿਚ ਪਿੰਡ ਦੇ, ਇਲਾਕੇ ਦੇ, ਤੇ ਦੂਰੋਂ ਨੇੜਿਓਂ ਆਏ ਸ਼ਹਿਰਾਂ ਦੇ ਲੋਕ ਸ਼ਾਮਲ ਹੋਏ। ਬਾਬੂ ਸ਼ਾਮ ਲਾਲ ਨੇ ਭਰਾਵਾਂ ਬਾਈ ਨੂੰ ਦੇਸ਼ ਦੀ ਇਕ ਮਹਾਨ ਔਰਤ

ਆਖਿਆ। ਡਾ: ਪਵਨ ਕੁਮਾਰ ਨੇ ਉਸ ਨੂੰ ਪਿੰਡ ਦੀ ਰੂਹ ਕਿਹਾ। ਸਰਪੰਚ ਬਾਵਾ ਸ਼ਿਵ ਸਿੰਘ ਨੇ ਉਸ ਨੂੰ ਜਗਤ ਮਾਂ ਦਾ ਦਰਜਾ ਦਿੱਤਾ। ਸ: ਭਜਨ ਸਿੰਘ ਨੇ ਉਸ ਨੂੰ ਮਦਰ ਟੈਰੀਸਾ ਨਾਲ ਤੁਲਨਾਇਆ। ਸ਼੍ਰੀਮਤੀ ਵਰਮਾ ਨੇ ਉਸ ਨੂੰ ਨਾਰੀ ਸ਼ਕਤੀ ਦਾ ਰੂਪ ਦੱਸਿਆ। ਆਚਾਰੀਆ ਸੁਖਦੇਵ ਨੇ ਉਸ ਨੂੰ ਪੂਰਣ ਵਿਦੁਸ਼ੀ ਆਖਿਆ। ਸ: ਸੰਤੋਖ ਸਿੰਘ ਨੇ ਉਸ ਨੂੰ ਦੇਵੀ ਦਾ ਸਰੂਪ ਸਮਝਿਆ ਜਿਸ ਨੇ ਪਿੰਡ ਵਿਚ ਨਵੀਂ ਸੋਚ ਦਾ ਆਰੰਭ ਕੀਤਾ ਸੀ। ਸਤਿਆ ਨੰਦ ਤਾਂ ਇਸ ਮੌਕੇ ਤੇ ਹੰਝੂ ਹੀ ਕੇਰ ਸਕਿਆ। ਉਸ ਦੇ ਹੰਝੂ ਹੀ ਉਸ ਮਹਾਨ ਔਰਤ ਲਈ ਦਿਲੀ ਸ਼ਰਧਾਂਜਲੀ ਸਨ। ਉਸ ਨੇ ਭਰਾਵਾਂ ਬਾਈ ਦੀ ਫੁਲਵਾੜੀ ਦੀ ਹਿਫ਼ਾਜ਼ਤ ਕਰਨ ਦੀ ਸਹੁੰ ਜ਼ਰੂਰ ਖਾਧੀ।

ਜਦੋਂ ਸਤਿਆ ਨੰਦ ਆਪਣੀ ਮਾਂ ਦੇ ਫੁੱਲ ਲੈ ਕੇ ਹਰਦੁਆਰ ਗਿਆ ਤਾਂ ਉਸ ਨਾਲ ਅੰਮ੍ਰਿਤ ਵਰਸ਼ਾ, ਈਸ਼ਵਰ, ਅੰਮ੍ਰਿਤ, ਵਿਜੈ, ਸਰਿਤਾ, ਆਦੀ, ਤੇ ਵਿੰਨੀ ਸਨ। ਉਸ ਨੂੰ ਮਾਂ ਦੇ ਫੁੱਲ ਕਨਖਲ ਦੀ ਬਜਾਏ ਹਰ ਕੀ ਪੌੜੀ ਤੇ ਪ੍ਰਵਾਹਿਤ ਕਰਨ ਦੀ ਆਗਿਆ ਮਿਲ ਗਈ। ਇਸ ਵਿਚ ਟਿਕਾਇਆ ਰਾਮ ਤੇ ਕੁਲ ਪੰਡਿਤ ਘਨਿਸ਼ਿਆਮ ਦੇ ਦੋਤਰੇ ਅਰਵਿੰਦ ਕੁਮਾਰ ਦਾ ਸਹਿਯੋਗ ਸੀ। ਸਤਿਆ ਨੰਦ ਹੈਰਾਨ ਸੀ ਕਿ ਉਹ ਉਸ ਥਾਂ ਤੇ ਖੜ੍ਹਾ ਸੀ ਜਿੱਥੇ ਆਪਣੇ ਬਚਪਨ ਵਿਚ ਉਹ ਟਿਕਾਇਆ ਰਾਮ ਤੇ ਭਰਾਵਾਂ ਬਾਈ ਨਾਲ ਆਇਆ ਸੀ। ਇੱਥੋਂ ਹੀ ਬਾਂਦਰ ਨੇ ਉਸ ਦੇ ਹੱਥੋਂ ਅੰਬ ਖੋਹਿਆ ਸੀ। ਉਸੇ ਥਾਂ ਤੇ ਹੀ ਉਸ ਨੇ ਗੰਗਾ ਵਿਚ ਪੰਡਿਤ ਅਰਵਿੰਦ ਕੁਮਾਰ ਦੀ ਸਹਾਇਤਾ ਨਾਲ ਫੁੱਲਾਂ ਦਾ ਪ੍ਰਵਾਹ ਕੀਤਾ। ਉਸ ਨੂੰ ਇੰਜ ਲੱਗਿਆ ਕਿ ਉਹ ਦੁਨੀਆਂ ਦਾ ਚੱਕਰ ਕੱਟ ਕੇ ਉਸੇ ਥਾਂ ਤੇ ਹੀ ਆ ਗਿਆ ਹੋਵੇ ਜਿੱਥੋਂ ਉਹ ਤੁਰਿਆ ਸੀ। ਉਸ ਨੂੰ ਫਿਰ ਲਗਿਆ ਜਿਵੇਂ ਉਹ ਇਕ ਬੱਚਾ ਬਣ ਗਿਆ ਹੋਵੇ ਤੇ ਸੱਜੇ ਹੱਥ ਨਾਲ ਉਸ ਮਾਂ ਦੀ ਤੇ ਖੱਬੇ ਹੱਥ ਨਾਲ ਬਾਪ ਦੀ ਉਂਗਲੀ ਪਕੜੀ ਹੋਈ ਹੋਵੇ।

ਪੰਡਿਤ ਅਰਵਿੰਦ ਕੁਮਾਰ ਸਾਰਿਆਂ ਨੂੰ ਆਪਣੇ ਘਰ ਲੈ ਗਿਆ ਤੇ ਮੂਲ ਰਾਜ ਤੋਂ ਲੈ ਕੇ ਸਤਿਆ ਨੰਦ ਦਾ ਸਾਰਾ ਵੇਰਵਾ ਉਸ ਯਾਤਰੀਆਂ ਦੀ ਕਿਤਾਬ ਦੇ ਉਸ ਹਿੱਸੇ ਵਿਚ ਦਰਜ ਕਰ ਲਿਆ ਜਿਸ ਵਿਚ ਚਰਾਇਆ ਖ਼ਾਨਦਾਨ ਦੇ ਬਜ਼ੁਰਗਾਂ ਦੇ ਦਸਤਖ਼ਤ ਮੌਜੂਦ ਸਨ।

# ਅਧੂਰੀਆਂ ਗੱਲਾਂ

ਅਸੀਂ ਅੰਮ੍ਰਿਤਸਰ ਜਿਸ ਇਲਾਕੇ ਵਿਚ ਰਹਿੰਦੇ ਸਾਂ ਉਸਨੂੰ ਇਸਲਾਮਾਬਾਦ ਕਿਹਾ ਜਾਂਦਾ ਹੈ। ਕਿਸੇ ਵੇਲੇ ਏਥੇ ਮੁਸਲਮਾਨਾਂ ਦੀ ਆਬਾਦੀ ਜ਼ਿਆਦਾ ਸੀ ਤੇ ਸ਼ਾਇਦ ਇਸੇ ਕਰ ਕੇ ਇਸ ਮੁਹੱਲੇ ਦਾ ਨਾਂ ਇਸਲਾਮਾਬਾਦ ਰੱਖਿਆ ਗਿਆ ਸੀ। ਪਾਕਿਸਤਾਨ ਬਣਨ ਤੋਂ ਬਾਅਦ ਮੁਸਲਮਾਨ ਵੱਸੋਂ ਤਾਂ ਇੱਥੋਂ ਚਲੀ ਗਈ ਪਰ ਇਲਾਕੇ ਦਾ ਨਾਂ ਉਹੀ ਰਿਹਾ ਜਿਹੜਾ ਸ਼ੁਰੂ ਤੋਂ ਚਲਿਆ ਆ ਰਿਹਾ ਸੀ। ਜੇ ਇਕ ਇਸਲਾਮਾਬਾਦ ਪਾਕਿਸਤਾਨ ਵਿਚ ਹੈ ਤੇ ਉਸ ਦੇਸ਼ ਦੀ ਰਾਜਧਾਨੀ ਤਾਂ ਇਕ ਇਸਲਾਮਾਬਾਦ ਅੰਮ੍ਰਿਤਸਰ ਵਿਚ ਅਜੇ ਵੀ ਹੈ ਭਾਵੇਂ ਇਹ ਇਕ ਛੋਟਾ ਜਿਹਾ ਮੁਹੱਲਾ ਹੀ ਹੈ। ਇਸਲਾਮਾਬਾਦ ਦੀ ਇਕ ਗਲੀ ਦਾ ਨਾ ਹੈ ਗਾਂਧੀ ਗਲੀ ਜਿਸ ਵਿਚ ਸਾਡਾ ਘਰ ਸੀ। ਸਾਡੇ ਘਰ ਦੇ ਸਾਹਮਣੇ ਇਕ ਸੱਜਣ ਸ: ਤ੍ਰਿਲੋਕ ਸਿੰਘ ਰਹਿੰਦੇ ਸਨ ਜੋ ਲੋਕ ਸੰਪਰਕ ਵਿਭਾਗ ਵਿਚ ਔਪ੍ਰੇਟਰ ਦਾ ਕੰਮ ਕਰਦੇ ਸਨ। ਮੈਂ ਵੀ ਇਸੇ ਵਿਭਾਗ ਵਿਚ ਪਬਲਿਸਟੀ ਔਰਗੇਨਾਈਜ਼ਰ ਵਜੋਂ ਕੰਮ ਕਰਦੀ ਸਾਂ। ਸਾਡੇ ਨਾਲ ਇਸ ਵਿਭਾਗ ਵਿਚ ਇਕ ਸੱਜਣ ਸ: ਦੀਵਾਨ ਸਿੰਘ ਵੀ ਸਨ ਜੋ ਡਰਾਈਵਰ ਸਨ। ਅਸੀਂ ਅਕਸਰ ਇਕੋ ਗੱਡੀ ਵਿਚ ਪਿੰਡਾਂ ਤੇ ਮੁਹੱਲਿਆਂ ਵਿਚ ਜਾਇਆ ਕਰਦੇ ਸਾਂ। ਅਸੀਂ ਲੋਕਾਂ ਨੂੰ ਸਰਕਾਰੀ ਨੀਤੀਆਂ ਬਾਰੇ ਤੇ ਵਿਕਾਸ ਦੇ ਕੰਮਾਂ ਬਾਰੇ ਜਾਗਰੂਕ ਕਰਨ ਲਈ ਵੱਖ ਵਖਰੀ ਕਿਸਮ ਦੇ ਸਮਾਗਮਾਂ ਦਾ ਪ੍ਰਬੰਧ ਕਰਿਆ ਕਰਦੇ ਸਾਂ। ਸ: ਤ੍ਰਿਲੋਕ ਸਿੰਘ ਨੂੰ ਮੈਂ 'ਭਰਾ ਜੀ' ਕਹਿੰਦੀ ਸਾਂ ਤੇ ਉਨ੍ਹਾਂ ਦੀ ਪਤਨੀ ਜਸਵੰਤ ਕੌਰ ਨੂੰ 'ਭਰਜਾਈ'। ਉਹ ਦੋਵੇਂ ਪਤੀ ਪਤਨੀ ਮੈਨੂੰ ਬੜਾ ਪਿਆਰ ਤੇ ਸਤਿਕਾਰ ਦਿੰਦੇ ਸਨ। ਇੱਕੋ ਮੁਹੱਲੇ ਵਿਚ ਰਹਿਣ ਕਰ ਕੇ ਅਸੀਂ ਦਿਨ ਵਿਚ ਕਈ ਵਾਰ ਇਕ ਦੂਜੇ ਨੂੰ ਮਿਲ ਪੈਂਦੇ ਸਾਂ।

ਐਤਵਾਰ ਦਾ ਦਿਨ ਸੀ ਦੇ ਦਫ਼ਤਰ ਵਿਚ ਛੁੱਟੀ ਸੀ। ਮੈਨੂੰ ਆਪਣੇ ਘਰੋਂ ਜਸਵੰਤ ਕੌਰ ਦੀ ਆਵਾਜ਼ ਆਈ: 'ਅੰਮ੍ਰਿਤ!' ਮੈਂ ਆਪਣੀ ਬੈਠਕ ਵਿਚ ਅਖ਼ਬਾਰ ਪੜ੍ਹ ਰਹੀ ਸਾਂ। ਜਸਵੰਤ ਕੌਰ ਦੀ ਆਵਾਜ਼ ਬੜੀ ਮਿੱਠੀ ਸੀ। ਉਹ ਜਦੋਂ ਵੀ ਮੈਨੂੰ ਮੇਰੇ ਨਾਮ ਨਾਲ ਬੁਲਾਉਂਦੀ, ਮੈਨੂੰ ਬੜਾ ਚੰਗਾ ਲਗਦਾ। ਮੈਂ ਉਠ ਕੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਜੋ ਗਲੀ ਵਿਚ ਪੈਂਦਾ ਸੀ। ਜਸਵੰਤ ਕੌਰ ਆਪਣੇ ਘਰ ਦੇ ਦਰਵਾਜ਼ੇ ਵਿਚ ਖੜ੍ਹੀ ਸੀ।

'ਹਾਂ ਭਰਜਾਈ ਜੀ, ਤੁਸੀਂ ਆਵਾਜ਼ ਦਿੱਤੀ ਸੀ?' ਮੈਂ ਪੁੱਛਿਆ।

'ਹਾਂ ਅੰਮ੍ਰਿਤ, ਮੈਂ ਹੀ ਸਾਂ। ਆਈਂ ਜ਼ਰਾ।' ਉਸ ਕਿਹਾ

'ਗੱਲ ਕੀ ਏ ਭਰਜਾਈ?' ਮੈਂ ਫਿਰ ਪੁਛਿਆ।

'ਤੂੰ ਆ ਤੇ ਸਹੀ, ਗੱਲ ਵੀ ਦਸ ਦਿਆਂ ਗੀ।' ਉਸ ਆਖਿਆ।

ਮੈਂ ਅਖ਼ਬਾਰ ਛਡ ਕੇ ਜਸਵੰਤ ਕੌਰ ਦੇ ਘਰ ਆ ਗਈ। ਉੱਥੇ ਸ: ਦੀਵਾਨ ਸਿੰਘ ਬੈਠੇ ਸਨ। ਮੈਂ ਉਨ੍ਹਾਂ ਨੂੰ ਸਤ ਸ੍ਰੀ ਅਕਾਲ ਬੁਲਾਈ ਤੇ ਪੁਛਿਆ ਕਿ ਐਤਵਾਰ ਨੂੰ ਕਿਸ ਤਰ੍ਹਾਂ ਆਏ ਹਨ। ਕਿਧਰੇ ਟੂਰ ਤੇ ਜਾਣ ਦਾ ਅਚਾਨਕ ਪ੍ਰੋਗਰਾਮ ਤਾਂ ਨਹੀਂ ਬਣ ਗਿਆ। ਕਈ ਵਾਰੀ ਕਿਸੇ ਵਜ਼ੀਰ ਨੇ ਆਉਣਾ ਹੋਵੇ ਤਾਂ ਸਾਨੂੰ ਜਾਣਾ ਵੀ ਪੈਂਦਾ ਸੀ। ਸ: ਦੀਵਾਨ ਸਿੰਘ ਨੇ ਮੈਨੂੰ ਦੱਸਿਆ ਕਿ ਇਹੋ ਜਿਹੀ ਕੋਈ ਗੱਲ ਨਹੀਂ ਸੀ। ਮੈਂ ਇਕ ਅਧੇੜ ਉਮਰ ਦੀ ਔਰਤ ਨੂੰ ਉੱਥੇ ਬੈਠਿਆਂ ਵੇਖਿਆ ਜਿਸ ਦੀ ਨਜ਼ਰ ਮੇਰੇ ਤੇ ਟਿਕੀ ਹੋਈ ਸੀ। ਉਸ ਨੇ ਚਿੱਟਾ ਦੁਪੱਟਾ ਲਿਆ ਹੋਇਆ ਸੀ। ਜਸਵੰਤ ਕੌਰ ਨੇ ਮੈਨੂੰ ਉਸ ਦੇ ਸਾਹਮਣੇ ਪਈ ਇਕ ਕੁਰਸੀ ਤੇ ਬੈਠਣ ਲਈ ਕਿਹਾ। ਮੈਂ ਬੈਠ ਕੇ ਉਸ ਔਰਤ ਨੂੰ ਨਮਸਤੇ ਆਖੀ ਤੇ ਉਸ ਨੇ ਬੜੇ ਪਿਆਰ ਨਾਲ ਮੈਨੂੰ ਜਵਾਬ ਦਿੱਤਾ। ਮੈਂ ਪਹਿਲੇ ਉਸ ਨੂੰ ਕਦੇ ਨਹੀਂ ਸੀ ਵੇਖਿਆ। ਮੈਂ ਜਸਵੰਤ ਕੌਰ ਨੂੰ ਉਨ੍ਹਾਂ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਸ: ਦੀਵਾਨ ਸਿੰਘ ਦੀ ਭੈਣ ਹੈ। ਮੈਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਈ। ਗੋਰਾ ਰੰਗ, ਵਾਲ ਕਾਲੇ-ਚਿੱਟੇ ਪਰ ਸੰਘਣੇ, ਚੰਗੀ ਸਿਹਤ ਤੇ ਮੁਸਕਰਾਉਂਦਾ ਚਿਹਰਾ। ਮੈਂ ਉਨ੍ਹਾਂ ਦੇ ਵਾਲਾ ਦੀ ਤਾਰੀਫ਼ ਕੀਤੇ ਬਿਨਾ ਨਾ ਰਹਿ ਸਕੀ। ਉਹ ਵੀ ਮੇਰੀ ਵਲ ਤੱਕੀ ਜਾ ਰਹੇ ਸਨ। ਫਿਰ ਉਨ੍ਹਾਂ ਮੈਨੂੰ ਕੁਝ ਸਵਾਲ ਵੀ ਪੁੱਛੇ।

'ਕੀ ਨਾਂ ਏ ਬੇਟਾ ਤੇਰਾ?' ਉਸ ਨੇ ਕਿਹਾ।

'ਜੀ ਅੰਮ੍ਰਿਤ ਵਰਸ਼ਾ'। ਮੈਂ ਉੱਤਰ ਦਿੱਤਾ।

'ਤੁਹਾਡੇ ਪਿਤਾ ਜੀ ਕੀ ਕਰਦੇ ਨੇ?'

'ਜੀ ਕਪੜੇ ਦੀ ਛਪਾਈ ਦਾ ਕੰਮ।'

'ਕਿੰਨੇ ਭੈਣ ਭਰਾ ਹੋ ਤੁਸੀਂ?'

'ਦੋ ਭਰਾ ਦੋ ਭੈਣਾਂ'

'ਕਿਸੇ ਦੀ ਸ਼ਾਦੀ ਹੋਈ ਏ?'

'ਅਜੇ ਨਹੀਂ।'

ਮੈਨੂੰ ਪਤਾ ਲਗ ਗਿਆ ਕਿ ਸ: ਦੀਵਾਨ ਸਿੰਘ ਦੀ ਇਹ ਭੈਣ ਕਿਉਂ ਆਈ ਹੈ। ਸ: ਤ੍ਰਿਲੋਕ ਸਿੰਘ ਬਾਜ਼ਾਰੋਂ ਕੁਝ ਖਾਣ-ਪੀਣ ਦਾ ਸਾਮਾਨ ਲੈਣ ਗਏ ਹੋਏ ਸਨ। ਉਹ ਵੀ ਆ ਗਏ ਤੇ ਜਸਵੰਤ ਕੌਰ ਨੇ ਚਾਹ ਬਣਾਉਣੀ ਸ਼ੁਰੂ ਕਰ ਦਿੱਤੀ। ਮੈਂ ਉਸ ਨੂੰ ਇਹ ਕਹਿ ਕੇ ਆ ਗਈ ਕਿ ਮੈਂ ਕਪੜੇ ਧੋਣੇ ਹਨ, ਪਾਣੀ ਚਲਾ ਜਾਵੇ ਗਾ। ਦੂਜੇ ਦਿਨ ਸ: ਦੀਵਾਨ ਸਿੰਘ ਨੇ ਮੈਨੂੰ ਦੱਸਿਆ ਕਿ ਉਹ ਔਰਤ ਭਰਾਵਾਂ ਬਾਈ ਸੀ, ਸਤਿਆ ਨੰਦ ਦੀ ਮਾਂ। ਉਹ ਚੰਗਾ ਵਿਚੋਲਾ ਸੀ। ਉਸ ਤੋਂ ਬਾਅਦ ਮਿਲਣ ਮਿਲਾਣ ਦਾ ਸਿਲਸਿਲਾ ਚਲਦਾ ਰਿਹਾ ਤੇ 30 ਸਤੰਬਰ, 1960 ਨੂੰ ਦੁਸਹਿਰੇ

ਵਾਲੇ ਦਿਨ ਮੈਂ ਭਰਾਵਾਂ ਬਾਈ ਦੀ ਨੂੰਹ ਬਣ ਕੇ ਬਿਆਸ ਆ ਗਈ। ਰਾਮ ਆਪਣੀ ਸੀਤਾ ਨੂੰ ਅਯੁਧਿਆ ਲੈ ਆਇਆ।

ਮਾਤਾ ਜੀ ਨਾਲ ਮੇਰਾ ਸਾਥ ਕੋਈ 44 ਸਾਲ ਦਾ ਰਿਹਾ। ਇਹ ਇਕ ਲੰਮਾ ਅਰਸਾ ਹੈ ਜਿਸ ਵਿਚ ਸਾਨੂੰ ਇਕ ਦੂਜੇ ਨੂੰ ਜਾਨਣ, ਸਮਝਣ ਤੇ ਜਾਚਣ ਦਾ ਪੂਰਾ ਅਵਸਰ ਮਿਲਿਆ। ਮੈਨੂੰ ਉਨ੍ਹਾਂ ਵਿਚ ਹਿੰਮਤ ਤੇ ਮਿਹਨਤ ਨਾਲ ਕੰਮ ਕਰਨ ਵਾਲੀ ਇਕ ਸੂਝਵਾਨ ਔਰਤ ਦਾ ਅਹਿਸਾਸ ਹੋਇਆ। ਉਹ ਮੇਰੀ ਸੱਸ ਹੀ ਨਹੀਂ ਸੀ, ਇਕ ਸਹੇਲੀ ਦੇ ਸਲਾਹਕਾਰ ਵੀ ਸੀ। 1978 ਵਿਚ ਮੇਰੀ ਮਾਂ ਦਾ ਦੇਹਾਂਤ ਹੋ ਗਿਆ। ਮੈਂ ਆਪਣੇ ਆਪ ਨੂੰ ਬੜੀ ਕਮਜ਼ੋਰ ਮਹਿਸੂਸ ਕੀਤਾ ਜਿਸ ਦਾ ਕੋਈ ਮਹਿਰਮ ਵਿਛੜ ਗਿਆ ਹੋਵੇ। ਮਾਤਾ ਜੀ ਨੇ ਮੈਨੂੰ ਆਪਣੀ ਗਲਵਕੜੀ ਵਿਚ ਲੈ ਕੇ ਆਖਿਆ, 'ਤੂੰ ਚਿੰਤਾ ਕਿਉਂ ਕਰਦੀ ਏਂ, ਤੇਰੀ ਅਸਲੀ ਮਾਂ ਤਾਂ ਮੈਂ ਹਾਂ। ਮੈਂ ਹਰ ਦਮ ਹਰ ਹਾਲ ਵਿਚ ਤੇਰੇ ਨਾਲ ਹਾਂ।' ਉਨ੍ਹਾਂ ਦੇ ਸ਼ਬਦਾਂ ਵਿਚ ਕੋਈ ਜਾਦੂ ਸੀ। ਉਨ੍ਹਾਂ ਦੇ ਦਿੱਤੇ ਹੌਸਲੇ ਨਾਲ ਮੈਂ ਆਪਣੇ ਆਪ ਨੂੰ ਬੜਾ ਮਜ਼ਬੂਤ ਮਹਿਸੂਸ ਕਰਨ ਲਗ ਪਈ ਤੇ ਮੇਰਾ ਵਿਸ਼ਵਾਸ ਮੈਨੂੰ ਦੁਬਾਰਾ ਮਿਲ ਗਿਆ।

ਮਾਤਾ ਜੀ ਦੀ ਸ਼ਖ਼ਸੀਅਤ ਦੇ ਜਿਸ ਪੱਖ ਦਾ ਸਭ ਤੋਂ ਵੱਧ ਅਸਰ ਮੇਰੇ ਤੇ ਪਿਆ, ਉਹ ਸੀ ਉਨ੍ਹਾਂ ਦੀ ਆਰੀਆ ਸਮਾਜ ਬਾਰੇ ਪ੍ਰਤੀਬੱਧਤਾ ਤੇ ਸਵਾਮੀ ਦਇਆ ਨੰਦ ਦੇ ਆਦਰਸ਼ਾਂ ਤੇ ਦ੍ਰਿੜ੍ਹ ਵਿਸ਼ਵਾਸ। ਇਸ ਬਾਰੇ ਸਾਡੀ ਸੋਚ ਬਿਲਕੁਲ ਇੱਕੋ ਜਿਹੀ ਸੀ। ਘਰੇਗੀ ਮਸਲਿਆਂ ਬਾਰੇ ਤਾਂ ਕਈ ਵਾਰ ਸਾਡਾ ਝਗੜਾ ਵੀ ਹੋ ਜਾਂਦਾ ਪਰ ਸਮਾਜਕ ਤੇ ਧਾਰਮਕ ਸਮੱਸਿਆਵਾਂ ਬਾਰੇ ਤਾਂ ਵਿਚਾਰ ਹਮੇਸ਼ਾ ਸਾਂਝੇ ਹੁੰਦੇ। ਮੈਂ ਉਨ੍ਹਾਂ ਦੇ ਵਿਸ਼ਾਲ ਸੰਪਰਕ ਖੇਤਰ ਬਾਰੇ ਹੈਰਾਨ ਸਾਂ। ਸੁਆਮੀ ਅਗਨੀ ਵੇਸ਼ ਤੇ ਸੁਆਮੀ ਇੰਦਰ ਵੇਸ਼ ਉਨ੍ਹਾਂ ਦਾ ਬੜਾ ਆਦਰ ਕਰਦੇ ਸਨ। ਮਾਤਾ ਜੀ ਉਨ੍ਹਾਂ ਨੂੰ ਜਦੋਂ ਵੀ ਬਿਆਸ ਆਉਣ ਦਾ ਨਿਮੰਤ੍ਰਣ ਦਿੰਦੇ, ਉਹ ਹੋਰ ਕੰਮਾਂ ਨੂੰ ਛੱਡ ਕੇ ਆ ਜਾਂਦੇ। ਅਪ੍ਰੈਲ 1981 ਵਿਚ ਉਨ੍ਹਾਂ ਨੇ ਬਿਆਸ ਵਿਚ ਇਕ ਵਿਸ਼ੇਸ਼ ਸਮਾਗਮ ਰਚਾਇਆ ਤੇ ਆਪਣੇ ਮਕਾਨ ਦੇ ਇਕ ਵੱਡੇ ਕਮਰੇ ਨੂੰ ਆਪਣੇ ਸਵਰਗਵਾਸੀ ਪੁੱਤਰ ਦਇਆ ਨੰਦ ਦੀ ਯਾਦ ਵਿਚ ਆਰੀਆ ਸਮਾਜ ਨੂੰ ਸਮਰਪਿਤ ਕੀਤਾ। ਉਸ ਮੌਕੇ ਤੇ ਉਨ੍ਹਾਂ ਸੁਆਮੀ ਇੰਦਰ ਵੇਸ਼ ਨੂੰ ਸੱਦਿਆ ਜਿਨ੍ਹਾਂ ਨੇ ਮਾਤਾ ਜੀ ਦੇ ਧਾਰਮਕ ਤੇ ਸਮਾਜਕ ਕੰਮਾਂ ਦੀ ਬੜੀ ਸ਼ਲਾਘਾ ਕੀਤੀ। ਸਮਾਗਮ ਦਾ ਸੰਚਾਲਨ ਮੈਂ ਕੀਤਾ। ਮਾਤਾ ਜੀ ਉਸ ਅਵਸਰ ਤੇ ਬੜੇ ਖ਼ੁਸ਼ ਸਨ। ਅਕਤੂਬਰ 2000 ਵਿਚ ਉਨ੍ਹਾਂ ਨੇ ਆਰੀਆ ਸਮਾਜ ਬਿਆਸ ਟ੍ਰਸਟ ਦੀ ਸਥਾਪਨਾ ਕੀਤੀ। ਇਸ ਮੌਕੇ ਤੇ ਉਨ੍ਹਾਂ ਸੁਆਮੀ ਅਗਨੀ ਵੇਸ਼ ਨੂੰ ਸੱਦਿਆ ਜਿਨ੍ਹਾਂ ਨੇ ਇੱਕੀਵੀਂ ਸਦੀ ਵਿਚ ਦੇਸ਼ ਅੱਗੇ ਸਮਾਜਕ ਤੇ ਸਭਿਆਚਾਰਕ ਚੁਣੌਤੀਆਂ ਬਾਰੇ ਵਿਸਤ੍ਰਿਤ ਭਾਸ਼ਣ ਦਿੱਤਾ। ਮਾਤਾ ਜੀ ਨੇ ਟ੍ਰੱਸਟ ਲਈ ਇਕ ਲੱਖ ਰੁਪਇਆ ਜਮਾ ਕਰਾਇਆ ਤਾਂ ਜੋ ਸਮਾਜਕ ਤੇ ਧਾਰਮਕ ਸਰਗਰਮੀਆਂ ਉਨ੍ਹਾਂ ਦੇ ਜਾਣ ਤੋਂ ਬਾਅਦ ਵੀ ਚਲਦੀਆਂ ਰਹਿਣ। ਟ੍ਰੱਸਟੀਆਂ ਵਿਚ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਪਿੰਡ ਦੇ ਪਤਵੰਤੇ ਵੀ

ਸ਼ਾਮਿਲ ਹਨ। ਇਸ ਸਮਾਗਮ ਦਾ ਸੰਚਾਲਨ ਵੀ ਮੈਂ ਕੀਤਾ ਜਿਸ ਨਾਲ ਮਾਤਾ ਜੀ ਨੂੰ ਬੜੀ ਸਤੁੰਸ਼ਟੀ ਹੋਈ। ਉਹ ਹਮੇਸ਼ਾ ਉੱਘੇ ਆਰੀਆ ਸੰਨਿਆਸੀਆਂ, ਵਿਦਵਾਨਾਂ ਉਪਦੇਸ਼ਕਾਂ ਤੇ ਭਜਨੀਕਾਂ ਨੂੰ ਬਿਆਸ ਬੁਲਾਉਂਦੇ ਤੇ ਇਸ ਮੰਤਵ ਲਈ ਵਿਸ਼ੇਸ਼ ਸਮਾਗਮ ਰਚਾਉਂਦੇ। ਜਦੋਂ ਦੀਨਾ ਨਗਰ ਤੋਂ ਸੁਆਮੀ ਸਰਵਾਨੰਦ ਇਕ ਯਾਤਰਾ ਦੇ ਰੂਪ ਵਿਚ ਬਿਆਸ ਪੁੱਜੇ ਤਾਂ ਮਾਤਾ ਜੀ ਨੇ ਉਨ੍ਹਾਂ ਦਾ ਬੜਾ ਸੁਆਗਤ ਕੀਤਾ। ਇਹ ਯਾਤਰਾ ਲੁਧਿਆਣੇ ਦੇ ਪਿੰਡ ਮੋਹੀ ਤਕ ਜਾਣੀ ਸੀ ਜਿੱਥੇ ਦੇ ਆਰੀਆ ਸੰਨਿਆਸੀ ਸੁਆਮੀ ਸੁਤੰਤਰਾ ਨੰਦ ਨੇ ਆਰੀਆ ਸਮਾਜ ਲਈ ਉੱਘਾ ਕੰਮ ਕੀਤਾ ਸੀ। ਮਾਤਾ ਜੀ ਆਰੀਆ ਪ੍ਰਚਾਰਕਾਂ ਨੂੰ ਬੜੀ ਸਹਾਇਤਾ ਤੇ ਸਨਮਾਨ ਦਿੰਦੇ ਰਹਿੰਦੇ ਸਨ ਤੇ ਇਸ ਬਾਰੇ ਮੇਰੇ ਨਾਲ ਬਾਕਾਇਦਾ ਸਲਾਹ ਕਰ ਲੈਂਦੇ ਸਨ।

ਕਈ ਵਾਰੀ ਮੈਨੂੰ ਮਾਤਾ ਜੀ ਨਾਲ ਲੰਮੀਆਂ ਯਾਤ੍ਰਾਵਾਂ ਦੇ ਜਾਣ ਦਾ ਮੌਕਾ ਵੀ ਮਿਲਿਆ। ਹਰਦੁਆਰ ਤਾਂ ਉਹ ਹਰ ਅਪ੍ਰੈਲ ਵਿਚ ਜਾਂਦੇ ਤੇ ਵਾਨਪ੍ਰਸਥ ਆਸ਼ਰਮ ਜੁਆਲਾਪੁਰ ਵਿਚ ਠਹਿਰਦੇ। ਮੈਂ ਅਕਸਰ ਉਨ੍ਹਾਂ ਨਾਲ ਹੁੰਦੀ। ਸੁਆਮੀ ਅਗਨੀ ਵੇਸ਼ ਦੇ ਮਾਤਾ ਜੀ ਉੱਥੇ ਹੀ ਰਹਿੰਦੇ ਸਨ। ਮਾਤਾ ਜੀ ਨੇ ਉਨ੍ਹਾਂ ਨਾਲ ਮੇਰੀ ਜਾਣ-ਪਛਾਣ ਕਰਾਈ। ਉਹ ਜਦੋਂ ਵੀ ਹਰਦੁਆਰ ਜਾਂਦੇ ਤਾਂ ਦੇਹਰਾਦੂਨ ਦੇ ਤਪੋਵਨ ਆਸ਼ਰਮ ਵਿਚ ਜ਼ਰੂਰ ਜਾਂਦੇ। ਉੱਥੇ ਦਾ ਰਮਣੀਕ ਵਾਤਾਵਰਣ ਉਨ੍ਹਾਂ ਨੂੰ ਬਹੁਤ ਚੰਗਾ ਲਗਦਾ ਤੇ ਉੱਥੇ ਉਹ ਕਈ ਦਿਨ ਰਹਿੰਦੇ। ਇਨ੍ਹਾਂ ਆਸ਼ਰਮਾਂ ਨੂੰ ਉਹ ਦਿਲ ਖੋਲ੍ਹ ਕੇ ਦਾਨ ਦਿੰਦੇ। ਉਹ ਗੁਰੂਕੁਲ ਕਾਂਗੜੀ ਹਰਿਦੁਆਰ ਵੀ ਅਕਸਰ ਜਾਂਦੇ ਸਨ ਤੇ ਵਿਨੀਤ ਨੂੰ ਉੱਥੇ ਪੜ੍ਹਾਉਣਾ ਚਾਹੁੰਦੇ ਸਨ ਪਰ ਸਾਡੀ ਸਲਾਹ ਤੇ ਉਨ੍ਹਾਂ ਉਸ ਨੂੰ ਜਾਲੰਧਰ ਦੇ ਦਇਆ ਨੰਦ ਆਯੁਰਵੈਦਿਕ ਕਾਲਿਜ ਵਿਚ ਪੜ੍ਹਾਉਣਾ ਮੰਨ ਲਿਆ। ਸੁਆਮੀ ਵਿਰਜਾ ਨੰਦ ਗੁਰੂਕੁਲ ਕਰਤਾਰਪੁਰ ਦੇ ਤਾਂ ਉਹ ਟ੍ਰੱਸਟੀ ਸਨ ਜੋ ਗੁਰੂਕੁਲ ਕਾਂਗੜੀ ਨਾਲ ਸੰਬੰਧਿਤ ਸੀ। ਇੱਥੇ ਦੇ ਬ੍ਰਹਮਚਾਰੀਆਂ ਨੂੰ ਕਈ ਵਾਰ ਬਿਆਸ ਬੁਲਾ ਲੈਂਦੇ ਸਨ ਤੇ ਕਈ ਧਾਰਮਕ ਕਾਰਜ ਕਰਵਾਉਂਦੇ ਸਨ। ਘਰ ਵਿਚ ਕਦੇ ਝਗੜਾ ਹੋ ਜਾਂਦਾ ਤਾਂ ਝਟ ਧਮਕੀ ਦਿੰਦੇ, "ਮੈਂ ਤਾਂ ਤਪੋਵਨ ਆਸ਼ਰਮ ਚਲੇ ਜਾਣਾ ਹੈ। ਮੈਂ ਆਪਣੇ ਆਖ਼ਰੀ ਦਿਨ ਉੱਥੇ ਬਿਤਾ ਲਵਾਂ ਗੀ।" ਅਸੀਂ ਸਾਰੇ ਉਨ੍ਹਾਂ ਦੀ ਧਮਕੀ ਤੋਂ ਡਰ ਜਾਂਦੇ ਤੇ ਉਨ੍ਹਾਂ ਦੀ ਗੱਲ ਮੰਨ ਲੈਂਦੇ।

ਆਪਣੇ ਪੇਸ਼ੇ ਵਿਚ ਮਾਤਾ ਜੀ ਬੜੇ ਮਾਹਿਰ ਸਨ। ਉਨ੍ਹਾਂ ਦੀ ਸਮਝ ਤੇ ਸੂਝ ਦਾ ਮੁਕਾਬਲਾ ਵੱਡੇ-ਵੱਡੇ ਡਾਕਟਰ ਵੀ ਨਹੀਂ ਸਨ ਕਰ ਸਕਦੇ। ਮੇਰੇ ਪਹਿਲੇ ਬੱਚੇ ਦੇ ਜਨਮ ਵੇਲੇ ਉਹ ਸਾਡੇ ਕੋਲ ਇਰਾਕ ਆਏ ਤਾਂ ਮੈਨੂੰ ਬੜੀ ਤਸੱਲੀ ਹੋਈ। ਉੱਥੇ ਰਹਿੰਦਿਆਂ ਉਨ੍ਹਾਂ ਨੇ ਸਾਡੇ ਇਕ ਹੈਲਥ ਅਫ਼ਸਰ ਦੋਸਤ ਦੀ ਬੀਵੀ ਦਾ ਇਲਾਜ ਕੀਤਾ ਜਿਸ ਨੂੰ ਕਈ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ। ਉਹ ਗਰਭਵਤੀ ਹੋ ਗਈ ਤੇ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਂ ਉਸ ਦੇ ਮਾਂ ਬਾਪ ਨੇ ਰਖਿਆ 'ਹਿੰਦੀ'! ਉਹ ਔਰਤਾਂ ਦੀਆਂ ਬੀਮਾਰੀਆਂ ਦੇ ਮਾਹਿਰ ਸਨ ਤੇ ਉਨ੍ਹਾਂ ਦੀ ਤਸ਼ਖ਼ੀਸ ਕਦੇ ਗ਼ਲਤ ਨਹੀਂ ਸੀ ਹੁੰਦੀ। ਉਹ ਯੂਨਾਨੀ, ਅੰਗ੍ਰਜ਼ੀ ਤੇ ਆਯੂਰਵੈਦਿਕ ਦਵਾਈਆਂ

ਦੀ ਲੋੜ ਅਨੁਸਾਰ ਵਰਤੋਂ ਕਰਦੇ ਤੇ ਉਨ੍ਹਾਂ ਦਾ ਇਲਾਜ ਹਮੇਸ਼ਾ ਕਾਮਯਾਬ ਰਹਿੰਦਾ। ਬੱਚਿਆਂ ਦੇ ਇਲਾਜ ਵਿਚ ਵੀ ਉਹ ਬੜੇ ਪ੍ਰਵੀਣ ਸਨ। ਇਕ ਵਾਰੀ ਸਾਡੇ ਆਪਣੇ ਬੇਟੇ ਆਦੀ ਨੂੰ ਦਇਆ ਨੰਦ ਮੈਡੀਕਲ ਕਾਲਿਜ ਦੇ ਡਾਕਟਰਾਂ ਨੇ ਮੱਥੇ ਦੇ ਇਕ ਦਾਗ਼ ਦੇ ਔਪਰੇਸ਼ਨ ਦੀ ਸਲਾਹ ਦਿੱਤੀ ਪਰ ਮਾਤਾ ਜੀ ਨੇ ਉਸ ਨੂੰ ਤਿੰਨ ਦਿਨਾਂ ਵਿਚ ਠੀਕ ਕਰ ਦਿੱਤਾ। ਇਕ ਵਾਰੀ ਮਾਤਾ ਜੀ ਤੇ ਮੈਂ ਇਕ ਸਮਾਗਮ ਸੰਬੰਧੀ ਮੋਗਾ ਗਏ ਜਿਸ ਦੀ ਪ੍ਰਧਾਨਗੀ ਭਾਰਤ ਦੀ ਸਿਹਤ ਮੰਤਰੀ ਡਾ: ਸੁਸ਼ੀਲਾਂ ਨੈਯੱਰ ਨੇ ਕਰਨੀ ਸੀ। ਇਸ ਸਮਾਗਮ ਵਿਚ ਨਸ਼ਿਆਂ ਵਿਰੋਧੀ ਚਰਚਾ ਹੋਣੀ ਸੀ ਜਿਸ ਵਿਚ ਮੈਂ ਵੀ ਹਿੱਸਾ ਲਿਆ। ਮਾਤਾ ਜੀ ਨੇ ਇਸ ਵਿਸ਼ੇ ਤੇ ਬੋਲਦਿਆਂ ਕਿਹਾ ਕਿ ਮਰਦਾਂ ਦੇ ਨਸ਼ੇ ਲਈ ਔਰਤਾਂ ਜ਼ਿੰਮੇਵਾਰ ਹਨ ਜੋ ਉਨ੍ਹਾਂ ਨੂੰ ਕੰਟ੍ਰੋਲ ਨਹੀਂ ਕਰਦੀਆਂ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਜੇ ਮਾਵਾਂ, ਭੈਣਾਂ, ਤੇ ਬੀਵੀਆਂ ਤੈ ਕਰ ਲੈਣ ਕਿ ਉਨ੍ਹਾਂ ਆਪਣੇ ਪੁੱਤਰਾਂ, ਭਰਾਵਾਂ, ਤੇ ਪਤੀਆਂ ਨੂੰ ਨਸ਼ਾ ਨਹੀਂ ਕਰਨ ਦੇਣਾ ਤਾਂ ਉਹ ਕੁਰਾਹੇ ਪੈਣ ਦੀ ਜੁਰੱਤ ਹੀ ਨਹੀਂ ਕਰ ਸਕਦੇ। ਡਾ: ਸੁਸ਼ੀਲਾ ਨੈਯੱਰ ਉਨ੍ਹਾਂ ਦੀ ਦਲੇਰੀ ਤੇ ਹੈਰਾਨ ਸਨ ਤੇ ਉਸ ਨੇ ਔਰਤਾਂ ਨੂੰ ਭਰਾਵਾਂ ਬਾਈ ਵਾਂਗ ਦਲੇਰ ਤੇ ਬਲਵਾਨ ਬਣਨ ਦੀ ਪ੍ਰੇਰਨਾ ਦਿੱਤੀ।

ਮੈਂ ਮਾਤਾ ਜੀ ਦੇ ਪੜ੍ਹਨ ਦੇ ਸ਼ੌਕ ਦੀ ਵੀ ਬੜੀ ਤਾਰੀਫ਼ ਕਰਦੀ ਹਾਂ। ਉਹ ਧਾਰਮਕ ਕਿਤਾਬਾਂ ਜਿਵੇਂ ਵੇਦ, ਪੁਰਾਣ, ਗੀਤਾ, ਰਾਮਾਇਣ, ਮਹਾਂ ਭਾਰਤ ਆਦਿ ਤਾਂ ਪੜ੍ਹਿਆ ਹੀ ਕਰਦੇ ਸਨ, ਉਨ੍ਹਾਂ ਨੇ ਕੁਰਾਨ ਤੇ ਬਾਈਬਲ ਦਾ ਵੀ ਅਧਿਐਨ ਕੀਤਾ ਸੀ। ਇਤਨਾ ਹੀ ਨਹੀਂ, ਉਹ ਹਿੰਦੀ ਤੇ ਪੰਜਾਬੀ ਸਾਹਿੱਤ ਦੀਆਂ ਕਿਤਾਬਾਂ ਵੀ ਬੜੇ ਸ਼ੌਕ ਨਾਲ ਪੜ੍ਹਦੇ। ਸੇਵਕ ਸਾਹਿਬ ਤੇ ਉਨ੍ਹਾਂ ਦੇ ਕਈ ਦੋਸਤਾਂ ਦੀਆਂ ਕਿਤਾਬਾਂ ਉਨ੍ਹਾਂ ਪੜ੍ਹੀਆਂ ਸਨ। ਉਨ੍ਹਾਂ ਹਿੰਦੀ ਰਤਨ ਪਾਸ ਕੀਤੀ ਹੋਈ ਸੀ ਤੇ ਹਿੰਦੀ ਦੇ ਕਈ ਉੱਘੇ ਲੇਖਕਾਂ ਨੂੰ ਉਨ੍ਹਾਂ ਪੜ੍ਹਿਆ ਸੀ। ਅਖ਼ਬਾਰ ਤਾਂ ਉਹ ਉਰਦੂ ਦੀ ਵੀ ਪੜ੍ਹ ਲੈਂਦੇ ਸਨ, ਪੰਜਾਬੀ ਕੇਸਰੀ ਤੇ ਅਜੀਤ ਉਨ੍ਹਾਂ ਦੇ ਮਨ-ਭਾਉਂਦੇ ਅਖ਼ਬਾਰ ਸਨ।

ਉਨ੍ਹਾਂ ਦਾ ਦ੍ਰਿਸ਼ਟੀਕੋਣ ਸੰਕੀਰਣ ਨਹੀਂ ਸੀ। ਉਹ ਸਾਰੇ ਸੰਸਾਰ ਦਾ ਭਲਾ ਚਾਹੁੰਦੇ ਸਨ। ਪਿੰਡ ਦੀ ਪੰਚ ਰਹਿ ਕੇ ਉਨ੍ਹਾਂ ਨੇ ਪਹਿਲੀ ਵਾਰ ਔਰਤਾਂ ਨੂੰ ਸਮਾਜਕ ਕੰਮਾਂ ਵਿਚ ਹਿੱਸਾ ਲੈਣ ਲਈ ਅਗਵਾਈ ਦਿੱਤੀ। ਉਹ ਆਪਣੇ ਫ਼ੈਸਲੇ ਆਪਣੀ ਸੋਚ ਅਨੁਸਾਰ ਕਰਦੇ ਸਨ ਤੇ ਇਸ ਗੱਲ ਦੇ ਵਿਰੋਧੀ ਸਨ ਕਿ ਔਰਤ ਪੰਚ ਜਾਂ ਸਰਪੰਚ ਆਪਣੇ ਪਤੀਆਂ, ਭਰਾਵਾਂ, ਜਾਂ ਬਾਪਾਂ ਦਾ ਆਸਰਾ ਲੈ ਕੇ ਕੰਮ ਕਰਨ। ਪਿੰਡ ਵਿਚ ਉਨ੍ਹਾਂ ਦੀ ਬੜੀ ਇਜ਼ੱਤ ਸੀ ਤੇ ਇਲਾਕੇ ਦੇ ਲੋਕ ਉਨ੍ਹਾਂ ਦੀ ਪੂਜਾ ਦਾ ਹੱਦ ਤਕ ਆਦਰ ਕਰਦੇ ਸਨ। ਉਨ੍ਹਾਂ ਦੀ ਸੋਚ ਬੜੀ ਦਲੀਲ ਪੂਰਣ ਤੇ ਸਪੱਸ਼ਟ ਹੁੰਦੀ ਸੀ ਤੇ ਉਹ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਬੜੇ ਹੌਸਲੇ ਤੇ ਵਿਸ਼ਵਾਸ ਨਾਲ ਕਰਿਆ ਕਰਦੇ ਸਨ।

ਮਾਤਾ ਜੀ ਨੂੰ ਘਰ ਦੇ ਕੰਮ ਕਾਜ ਵਿਚ ਬਹੁਤੀ ਦਿਲਚਸਪੀ ਨਹੀਂ ਸੀ। ਤਾਂ ਵੀ ਉਹ ਦੁੱਧ, ਮੱਖਣ ਤੇ ਘਿਉ ਦਾ ਕੰਮ ਕਰ ਕੇ ਬੜੇ ਖ਼ੁਸ਼ ਹੁੰਦੇ ਸਨ। ਜੇ ਉਨ੍ਹਾਂ ਨੂੰ ਕਦੀ ਰੋਟੀ ਪਕਾਉਣੀ ਪੈ ਹੀ ਜਾਂਦੀ ਤਾਂ ਉਹ ਮੋਟੀਆਂ-ਮੋਟੀਆਂ ਰੋਟੀਆਂ ਪਕਾਉਂਦੇ ਤੇ ਸਾਦਾ ਦਾਲ ਤੇ ਸਬਜ਼ੀ ਬਣਾ ਦਿੰਦੇ। ਸਾਨੂੰ ਉਨ੍ਹਾਂ ਦੀਆਂ ਪੱਕੀਆਂ ਖਾਣ ਦਾ ਮੌਕਾ ਘਟ ਹੀ ਮਿਲਦਾ। ਪਰ ਕਪੜਿਆਂ ਦੀ ਸਿਲਾਈ ਵਿਚ ਉਹ ਮਾਹਿਰ ਸਨ। ਉਨ੍ਹਾਂ ਦਾ ਅੰਦਾਜ਼ਾ ਹੀ ਇੰਨਾ ਸਹੀ ਹੁੰਦਾ ਸੀ ਕਿ ਅਸੀਂ ਹੈਰਾਨ ਰਹਿ ਜਾਂਦੇ ਸਾਂ। ਉਨ੍ਹਾਂ ਨੂੰ ਬੁਣਨ ਤੇ ਉਣਨ ਦਾ ਵੀ ਬੜਾ ਸ਼ੌਕ ਸੀ। ਨਵੇਂ ਜਨਮੇ ਬੱਚਿਆਂ ਲਈ ਉਹ ਫ਼ਰਾਕਾਂ ਸੀ ਦਿੰਦੇ, ਸਵੈਟਰ ਬੁਣ ਲੈਂਦੇ ਤੇ ਕਿਰੋਸ਼ੀਏ ਦੀ ਵਰਤੋਂ ਨਾਲ ਕਈ ਖ਼ੂਬਸੂਰਤ ਡਿਜ਼ਾਇਨ ਬਣਾ ਕੇ ਬੜੇ ਖ਼ੁਸ਼ ਹੁੰਦੇ। ਦੁਪੱਟੇ ਤੇ ਰੁਮਾਲਾਂ ਦੇ ਕਿਨਾਰੇ ਬਣਾ ਕੇ ਉਨ੍ਹਾਂ ਨੂੰ ਬੜਾ ਸੁਆਦ ਆਉਂਦਾ। ਪਲਾਸਟਿਕ ਦੇ ਥੈਲਿਆਂ ਨੂੰ ਕੱਟ ਕੇ ਉਹ ਪਾਇਦਾਨ ਦੀ ਸ਼ਕਲ ਦੇ ਦਿੰਦੇ। ਚਾਦਰਾਂ ਤੇ ਚੁੰਨੀਆਂ ਦੀ ਕਢਾਈ ਵੀ ਉਨ੍ਹਾਂ ਨੂੰ ਬੜੀ ਚੰਗੀ ਲਗਦੀ। ਉਹ ਸੁਹਣੀਆਂ-ਸੁਹਣੀਆਂ ਪੱਖੀਆਂ ਵੀ ਬਣਾ ਲੈਂਦੇ। ਦਰਅਸਲ ਜਦੋਂ ਉਹ ਆਪਣੇ ਕਿੱਤੇ ਦੇ ਕੰਮ ਤੋਂ ਥਕ ਜਾਂਦੇ ਤਾਂ ਘਰੇਲੂ ਦਸਤਕਾਰੀ ਦਾ ਕੰਮ ਲੈ ਬਹਿੰਦੇ ਜਿਸ ਨਾਲ ਉਨ੍ਹਾਂ ਨੂੰ ਖ਼ੁਸ਼ੀ ਵੀ ਮਿਲਦੀ ਤੇ ਕਿਸੇ ਕਲਾਤਮਕ ਕੰਮ ਕਰਨ ਦਾ ਅਹਿਸਾਸ ਵੀ ਹੁੰਦਾ। ਉਨ੍ਹਾਂ ਦੀਆਂ ਬਣਾਈਆਂ ਕਈ ਛੋਟੀਆਂ ਛੋਟੀਆਂ ਵਸਤੂਆਂ ਅਸੀਂ ਯਾਦਾਂ ਵਜੋਂ ਸਾਂਭ ਕੇ ਰਖੀਆਂ ਹੋਈਆਂ ਹਨ।

ਮੈਂ ਮਾਤਾ ਜੀ ਦੀ ਤਿੱਖੀ ਯਾਦ ਸ਼ਕਤੀ ਦੀ ਵੀ ਸ਼ਲਾਘਾ ਕਰਨੋਂ ਨਹੀਂ ਰਹਿ ਸਕਦੀ। ਬੜੀ ਕਮਾਲ ਦੀ ਯਾਦ-ਦਾਸ਼ਤ ਸੀ ਉਨ੍ਹਾਂ ਦੀ, ਪੁਰਾਣੇ ਤੋਂ ਪੁਰਾਣੀਆਂ ਗੱਲਾਂ ਵੀ ਉਨ੍ਹਾਂ ਨੂੰ ਇਸ ਤਰ੍ਹਾਂ ਯਾਦ ਸਨ ਜਿਵੇਂ ਕਲ੍ਹ ਵਾਪਰੀਆਂ ਹੋਣ। ਉੱਘੇ ਸੰਤਾਂ, ਸਿੱਖ ਗੁਰੂਆਂ, ਕਾਮਿਲ ਫ਼ਕੀਰਾਂ, ਮਸ਼ਹੂਰ ਕਵੀਆ ਦੇ ਵਿਦਵਾਨ ਲੇਖਕਾਂ ਦੀਆਂ ਕਈ ਪੰਕਤੀਆਂ ਉਨ੍ਹਾਂ ਨੂੰ ਜ਼ਬਾਨੀ ਯਦ ਸਨ ਤੇ ਉਹ ਇਨ੍ਹਾਂ ਦੀ ਵਰਤੋਂ ਲੋੜ ਅਨੁਸਾਰ ਕਰਦੇ ਰਹਿੰਦੇ ਸਨ। ਇਸੇ ਤਰ੍ਹਾਂ ਕਈ ਲੋਕ ਕਥਾਵਾਂ, ਬੋਲੀਆਂ ਗੀਤ ਤੇ ਟੋਟਕੇ ਵੀ ਉਨ੍ਹਾਂ ਨੂੰ ਮੂੰਹ ਜ਼ਬਾਨੀ ਆਉਂਦੇ ਸਨ। ਜਦੋਂ ਵੀ ਉਨ੍ਹਾਂ ਨੂੰ ਸਮਾਜਕ ਵਿਸ਼ਿਆਂ ਬਾਰੇ ਬੋਲਣ ਦਾ ਮੌਕਾ ਮਿਲਦਾ, ਉਹ ਆਪਣੀ ਯਾਦਾਂ ਨੂੰ ਪਟਾਰੀ 'ਚੋਂ ਢੁਕਵੀਆਂ ਮਿਸਾਲਾਂ ਕਢ ਲੈਂਦੇ ਤੇ ਆਪਣੇ ਵਿਚਾਰਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਦਿੰਦੇ। ਅਨੇਕਾਂ ਵੈਦਿਕ ਮੰਤਰ ਉਨ੍ਹਾਂ ਰਟੇ ਹੋਏ ਸਨ ਤੇ ਜਦੋਂ ਵੀ ਕਿਧਰੇ ਹਵਨ ਤੇ ਬੈਠਦੇ ਤਾਂ ਵਿਦਵਾਨ ਪੰਡਤਾਂ ਨੂੰ ਵੀ ਅਗਵਾਈ ਦਿੰਦੇ। ਆਜ਼ਾਦੀ ਦੀ ਲੜਾਈ ਨਾਲ ਜੁੜੀਆਂ ਘਟਨਾਵਾਂ ਵੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਯਾਦ ਸਨ। ਸੁਆਮੀ ਦਇਆ ਨੰਦ ਨੂੰ ਉਹ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਇਕ ਸਭਿਆਚਾਰਕ ਸਿਪਾਹੀ ਮੰਨਦੇ ਸਨ ਜਿਸ ਨੇ ਦੇਸ਼ ਵਾਸੀਆਂ ਵਿਚ ਸਵੈਮਾਨ ਦਾ ਸੰਚਾਰ ਕੀਤਾ ਅਤੇ ਆਪਣੀ ਭਾਸ਼ਾ, ਸੰਸਕ੍ਰਿਤੀ ਤੇ ਸਭਿਅਤਾ ਨਾਲ ਪਿਆਰ ਕਰਨਾ ਸਿਖਾਇਆ। ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਕਾਰਨਾਮਿਆਂ ਦਾ ਵੀ ਪਤਾ ਸੀ ਤੇ 'ਪਗੜੀ ਸੰਭਾਲ ਜੱਟਾ' ਦਾ ਗੀਤ ਉਨ੍ਹਾਂ ਨੂੰ ਜ਼ਬਾਨੀ ਯਾਦ ਸੀ।

ਮਾਤਾ ਜੀ ਸਹੀ ਅਰਥਾਂ ਵਿਚ ਇਕ ਕਰਮ ਯੋਗੀ ਸਨ। ਜਦੋਂ ਉਹ 13 ਜੁਲਾਈ, 2004 ਨੂੰ ਸ਼ਾਮੀਂ ਲੁਧਿਆਣੇ ਆਏ ਤਾਂ ਉਹ ਆਪਣੇ ਮਰੀਜ਼ਾਂ ਨੂੰ ਤੋਰ ਕੇ ਆਏ ਸਨ। ਉਨ੍ਹਾਂ ਦੀ ਪੋਤੀ ਦੀ ਧੀ ਆਂਚਲ ਬਿਆਸ ਹੀ ਸੀ। ਉਸ ਨੇ ਮਾਤਾ ਜੀ ਨੂੰ ਪੁੱਛਿਆ, "ਹੁਣ ਵਾਪਸ ਬਿਆਸ ਕਦੋਂ ਆਓ ਗੇ?" ਮਾਤਾ ਜੀ ਨੇ ਉੱਤਰ ਦਿੱਤਾ, "ਹੁਣ ਨਹੀਂ ਆਉਣਾ ਮੈਂ। ਹੁਣ ਮੈਂ ਕਿਸੇ ਲੰਮੇ ਸਫ਼ਰ ਤੇ ਜਾ ਰਹੀ ਹਾਂ।" ਉਨ੍ਹਾਂ ਨੂੰ ਆਪਣੇ ਭਾਵੀ ਅੰਤ ਦਾ ਪਤਾ ਲਗ ਗਿਆ ਸੀ। ਉਨ੍ਹਾਂ ਆਪਣੇ ਸਾਰੇ ਜ਼ਰੂਰੀ ਕੰਮ ਮੁਕਾ ਲਏ ਸਨ। ਉਹ ਕਈ ਵਾਰ ਕਿਹਾ ਕਰਦੇ ਸਨ:

ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਆਨੰਦ,
ਮਰਨੇ ਹੀ ਤੇ ਪਾਈਐ, ਪੂਰਣ ਪਰਮਾਨੰਦ।

ਉਨ੍ਹਾਂ ਇਕ ਭਰਪੂਰ ਜੀਵਨ ਬਿਤਾਇਆ ਸੀ, ਸੰਘਰਸ਼ ਤੇ ਪ੍ਰਾਪਤੀਆਂ ਦਾ ਜੀਵਨ। ਹੁਣ ਉਹ ਭੌਤਿਕ ਜੀਵਨ ਤੋਂ ਵਿਦਾ ਲੈਣਾ ਚਾਹੁੰਦੇ ਸਨ ਤੇ ਆਪਣਾ ਆਤਮਕ ਸਫ਼ਰ ਸ਼ੁਰੂ ਕਰਨਾ ਚਾਹੁੰਦੇ ਸਨ - ਇਕ ਰਹੱਸਮਈ ਯਾਤਰਾ ਜਿਸ ਤੇ ਕੇਵਲ ਆਤਮਾ ਹੀ ਜਾ ਸਕਦੀ ਹੈ, ਸਰੀਰ ਨਹੀਂ।

ਭਾਵੇਂ ਮੇਰੀ ਤੇ ਮਾਤਾ ਜੀ ਦੀ ਵਿਚਾਰਾਂ ਦੀ ਬੜੀ ਸਾਂਝ ਸੀ ਪਰ ਮੇਰੇ ਪਤੀ ਨਾਲ ਉਨ੍ਹਾਂ ਨੂੰ ਵਿਸ਼ੇਸ਼ ਪਿਆਰ ਸੀ। ਹੁੰਦਾ ਵੀ ਕਿਉਂ ਨਾ, ਮੇਰੇ ਜੇਠ ਦਇਆ ਨੰਦ ਦੀ ਮੌਤ ਤੋਂ ਬਾਅਦ ਮੇਰਾ ਪਤੀ ਹੀ ਉਨ੍ਹਾਂ ਲਈ ਸਭ ਕੁਝ ਸੀ। ਉਨ੍ਹਾਂ ਨੂੰ ਚੰਗਾ ਲਗਦਾ ਸੀ ਕਿ ਸਤਿਆ ਨੰਦ ਉਨ੍ਹਾਂ ਦੇ ਨੇੜੇ ਹੋਵੇ, ਉਨ੍ਹਾਂ ਦੇ ਛੋਟੇ ਮੋਟੇ ਕੰਮ ਕਰੇ, ਉਨ੍ਹਾਂ ਦੀਆਂ ਕਈ ਲੋੜਾਂ ਪੂਰੀਆਂ ਕਰੇ। ਤੇ ਮੇਰਾ ਪਤੀ ਵੀ ਉਨ੍ਹਾਂ ਦੀ ਹਰ ਗੱਲ ਮੰਨਦਾ ਸੀ। ਸ਼ਾਇਦ ਮੇਰੇ ਨਾਲੋਂ ਵੀ ਕਿਤੇ ਵਧ ਉਹ ਮਾਤਾ ਜੀ ਦਾ ਖ਼ਿਆਲ ਰਖਦਾ ਸੀ। ਕਈ ਵਾਰੀ ਮੈਨੂੰ ਖਿੱਜ ਵੀ ਆਉਂਦੀ ਪਰ ਮੈਂ ਸੋਚਦੀ ਕਿ ਮਾਤਾ ਜੀ ਦਾ ਹੋਰ ਕੌਣ ਹੈ। ਇਹ ਸੋਚ ਕੇ ਮੈਂ ਸ਼ਾਂਤ ਹੋ ਜਾਂਦੀ। ਉਨ੍ਹਾਂ ਦੇ ਆਖ਼ਰੀ ਦਿਨਾਂ ਵਿਚ ਸਾਨੂੰ ਦੋਵਾਂ ਨੂੰ ਉਨ੍ਹਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਜਦੋਂ ਉਨ੍ਹਾਂ ਦੇ ਦੇਹਾਂਤ ਬਾਰੇ ਬਿਆਸ ਤੇ ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਹਰ ਇਕ ਨੇ ਇਹ ਮਹਿਸੂਸ ਕੀਤਾ ਕਿ ਉਸ ਦੀ ਆਪਣੀ ਮਾਂ ਦੁਨੀਆਂ ਤੋਂ ਚਲੀ ਗਈ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ ਅਸੀਂ ਬਿਆਸ ਹੀ ਕੀਤਾ। ਮੈਂ ਹਰ ਚਿਹਰੇ ਤੇ ਇਕ ਅਜੀਬ ਉਦਾਸੀ ਵੇਖੀ ਜਿਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇੰਜ ਲਗਦਾ ਸੀ ਜਿਵੇਂ ਹਰ ਕਿਸੇ ਦੀ ਆਪਣੀ ਹੋਂਦ ਦਾ ਕੋਈ ਵਿਸ਼ੇਸ਼ ਭਾਗ ਕਿਧਰੇ ਗੁਆਚ ਗਿਆ ਹੋਵੇ!

ਜ਼ਿੰਦਗੀ ਬੜੀ ਅਜੀਬ ਹੈ। ਇਸ ਦੇ ਆਣ-ਜਾਣ ਦਾ ਕੋਈ ਪਤਾ ਹੀ ਨਹੀਂ ਲਗਦਾ। ਮਾਤਾ ਜੀ ਲੁਧਿਆਣੇ ਆਏ ਤਾਂ ਉਨ੍ਹਾਂ ਕਿਹਾ ਕਿ ਮੈਂ ਬਹੁਤ ਗੱਲਾਂ ਕਰਨੀਆਂ ਹਨ ਤੁਹਾਡੇ ਨਾਲ। ਅਸੀਂ ਕਿਹਾ ਹੁਣ ਆਰਾਮ ਕਰੋ, ਸਵੇਰੇ ਕਰ ਲਵਾਂ ਗੇ....... ਤੁਸੀਂ ਥਕੇ ਹੋਏ ਹੋ। ਤੇ ਉਹ ਸਵੇਰੇ ਆਈ ਹੀ ਨਾ! ਅਚਾਨਕ ਬ੍ਰੇਨ ਸਟ੍ਰੋਕ ਨਾਲ ਉਹ ਬੋਲਣ ਤੋਂ ਆਤੁਰ ਹੋ ਗਏ। ਇਕ

ਹਫਤਾ ਹਸਪਤਾਲ ਵਿਚ ਬੀਤਿਆ - ਇਕ ਖ਼ਾਮੋਸ਼ੀ ਦੀ ਹਾਲਤ ਵਿਚ। ਤੇ 21 ਜੁਲਾਈ 2004 ਨੂੰ ਸਵੇਰੇ 11 ਵਜੇ ਇਹ ਖ਼ਾਮੋਸ਼ੀ ਸਦੀਵੀ ਚੁੱਪ ਵਿਚ ਬਦਲ ਗਈ। ਮੈਂ ਸੋਚਨੀ ਆਂ ਕਦੋਂ ਕਰਾਂ ਗੇ ਅਸੀਂ ਉਹ ਗੱਲਾਂ ਜੋ ਮਾਤਾ ਜੀ ਦੇ ਮਨ ਵਿਚ ਰਹਿ ਗਈਆਂ। ਫਿਰ ਮੈਨੂੰ ਆਵਾਜ਼ ਆਉਂਦੀ ਹੈ, "ਵਰਸ਼ਾ! ਆ ਧੀਏ, ਗੱਲਾਂ ਕਰੀਏ..... ਮਾਵਾਂ ਧੀਆਂ ਦੀਆਂ ਗੱਲਾਂ...... ਨੂੰਹ ਸੱਸ ਦੀਆਂ ਗੱਲਾਂ!"

ਮੇਰਾ ਉਹ ਗੱਲਾਂ ਕਰਨ ਨੂੰ ਜੀਅ ਕਰਦਾ ਹੈ! ਅਧੂਰੀਆਂ ਗੱਲਾਂ!!

**-ਅੰਮ੍ਰਿਤ ਸੇਵਕ**

2998, ਗੁਰਦੇਵ ਨਗਰ, ਲੁਧਿਆਣਾ

SUCHET

# ਮਾਵਾਂ ਧੀਆਂ

## 1.

## ਅਭੁੱਲ ਯਾਦਾਂ

ਮਾਵਾਂ ਤੇ ਧੀਆਂ ਦੇ ਸੰਬੰਧਾਂ ਬਾਰੇ ਸੁਰਿੰਦਰ ਕੌਰ ਨੇ ਇਕ ਬੜਾ ਪਿਆਰਾ ਗੀਤ ਗਾਇਆ ਹੈ:

ਮਾਵਾਂ ਤੇ ਧੀਆਂ ਰੱਲ ਬੈਠੀਆਂ ਨੀ ਮਾਏ
ਕਰਦੀਆਂ ਗੱਲੋੜੀਆਂ ਨੀ।

ਜਦੋਂ ਵੀ ਮੈਂ ਇਹ ਗੀਤ ਸੁਣਦੀ ਤਾਂ ਮੈਨੂੰ ਆਪਣੀ ਮਾਂ ਦੀ ਯਾਦ ਆ ਜਾਂਦੀ ਹੈ ਜਿਸ ਨਾਲ ਗੱਲਾਂ ਕਰਦਿਆਂ ਅਸੀਂ ਥਕਦੀਆਂ ਹੀ ਨਹੀਂ ਸਾਂ। ਕਈ ਵਾਰੀ ਤਾਂ ਸਾਰੀ ਸਾਰੀ ਰਾਤ ਗੱਲਾਂ ਕਰਦੇ ਰਹਿੰਦੇ ਤੇ ਕਈ ਵਾਰੀ ਦਿਨੇ ਵੀ ਗੱਲਾਂ ਦੀ ਮਹਿਫ਼ਲ ਜੰਮ ਜਾਂਦੀ ਜਿਹੜੀ ਘੰਟਿਆਂ ਬੱਧੀ ਚਲਦੀ ਰਹਿੰਦੀ। ਇਨ੍ਹਾਂ ਗੱਲਾਂ ਵਿਚ ਪਿਆਰ ਵੀ ਹੁੰਦਾ, ਗੁੱਸੇ ਗਿਲੇ ਵੀ, ਅਤੇ ਹੱਡ-ਬੀਤੀ ਤੇ ਜੱਗ-ਬੀਤੀ ਦੀਆਂ ਘਟਨਾਵਾਂ ਵੀ। ਹੁਣ ਤਾਂ ਉਹ ਗੱਲਾਂ ਕੇਵਲ ਯਾਦਾਂ ਹੀ ਬਣ ਕੇ ਰਹਿ ਗਈਆਂ ਹਨ - ਜੀਵਨ ਦੀਆਂ ਅਭੁੱਲ ਯਾਦਾਂ। ਮੇਰੀ ਮਾਂ ਵਾਂਗ ਹੁਣ ਤਾ: ਸੁਰਿੰਦਰ ਕੌਰ ਵੀ ਇਕ ਯਾਦ ਬਣ ਕੇ ਹੀ ਰਹਿ ਗਈ ਹੈ ਪਰ ਉਸ ਦੀ ਮਿੱਠੀ ਆਵਾਜ਼ ਵਿਚ ਗਾਇਆ ਇਹ ਗੀਤ ਹਮੇਸ਼ਾਂ ਮੇਰੇ ਕੰਨਾਂ ਵਿਚ ਗੂੰਜਦਾ ਰਹਿੰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀ ਕਿ ਇਕ ਬੇਟੀ ਲਈ ਉਸ ਦਾ ਸਭ ਤੋਂ ਸੱਚਾ ਤੇ ਸੁੱਚਾ ਸ਼ੁਭ-ਚਿੰਤਕ ਤੇ ਮਾਰਗ ਦਰਸ਼ਕ ਉਸ ਦੀ ਮਾਂ ਹੀ ਹੁੰਦੀ ਹੈ। ਛੋਟੀ ਉਮਰ ਤੇ ਭਰ ਜਵਾਨੀ ਵਿਚ ਆਪਣੇ ਪਤੀ ਦਾ ਸਾਥ ਛੁੱਟ ਜਾਣ ਤੇ ਅਸੀਂ ਚਾਰੇ ਭੈਣ ਭਰਾ ਹੀ ਆਪਣੀ ਮਾਂ ਲਈ ਸਭ ਕੁਝ ਸਾਂ। ਉਹ ਆਪ ਬੇਸਹਾਰਾ ਹੋ ਗਈ ਕਿਉਂਕਿ ਉਸ ਦੇ ਕਿਸੇ ਭੈਣ ਭਰਾ ਨੇ ਉਸ ਨੂੰ ਕੋਈ ਆਸਰਾ ਨਾ ਦਿੱਤਾ। ਜੀਵਨ ਉਸ ਲਈ ਚੁਣੌਤੀ ਬਣ ਗਿਆ ਤੇ ਉਸ ਨੇ ਪੂਰੇ ਆਤਮ-ਵਿਸ਼ਵਾਸ ਨਾਲ ਕਠਿਨ ਹਾਲਾਤ ਦਾ ਮੁਕਾਬਲਾ ਹੀ ਨਾ ਕੀਤਾ ਸਗੋਂ ਆਪਣੇ ਬੱਚਿਆਂ ਨੂੰ ਸਹਾਰਾ ਵੀ ਦਿੱਤਾ ਤੇ ਅਗਵਾਈ ਵੀ। ਉਸ ਨੇ ਆਪਣੇ ਬੱਚਿਆਂ ਨੂੰ ਇੰਨਾ ਕਾਬਿਲ ਬਣਾਇਆ ਕਿ ਲੋਕ ਉਸ ਦੀ ਸੂਝ-ਬੂਝ ਤੇ ਹਿੰਮਤ ਤੇ ਹੈਰਾਨ ਰਹਿ ਗਏ। ਉਹ ਇਕ ਅਬਲਾ ਨਾਰੀ ਨਹੀਂ ਬਣੀ ਸਗੋਂ ਸਬਲਾ ਰਹਿਬਰ ਬਣ ਗਈ ਜਿਸ ਨੇ ਆਪਣੇ ਬੱਚਿਆਂ ਨੂੰ ਹੀ ਜੀਵਨ ਦਾ ਰਾਹ ਨਾ ਵਿਖਾਇਆ ਸਗੋਂ ਆਪਣੇ ਪਰਿਵਾਰ ਤੇ ਸਮਾਜ ਦੇ ਅਨੇਕਾਂ ਵਿਅਕਤੀਆਂ ਨੂੰ ਵੀ ਸੇਧ ਤੇ ਸਹਾਇਤਾ ਦਿੱਤੀ।

ਮੇਰੀ ਸਾਰੀ ਪੜ੍ਹਾਈ ਪ੍ਰਾਈਵੇਟ ਹੀ ਹੋਈ ਤੇ ਮੈਨੂੰ ਕਿਸੇ ਸਕੂਲ ਜਾਂ ਕਾਲਿਜ ਜਾਣ ਦਾ ਮੌਕਾ ਨਾ ਮਿਲਿਆ। ਪਾਕਿਸਤਾਨ ਵਿਚ ਮੁਢਲੀ ਸਿਖਿਆ ਮੈਨੂੰ ਚੀਚਾ ਵਤਨੀ ਦੇ ਇਕ ਉਰਦੂ ਸਕੂਲ ਤੋਂ ਮਿਲੀ ਤੇ ਭਾਰਤ ਆ ਕੇ ਬਿਆਸ ਦੇ ਪ੍ਰਾਇਮਰੀ ਸਕੂਲ ਵਿਚ ਮੁੱਖ ਅਧਿਆਪਕਾ ਸਤਿਆ ਭੈਣ ਜੀ ਦੀ ਅਗਵਾਈ ਹੇਠ ਕੁਝ ਸਾਲ ਸਕੂਲੀ ਸਿਖਿਆ ਪ੍ਰਾਪਤ ਕਰਨ ਦਾ ਅਵਸਰ ਮਿਲਿਆ। ਉਹ ਮਾਤਾ ਜੀ ਦੀ ਬੜੀ ਪੱਕੀ ਸਹੇਲੀ ਸੀ।

ਮਾਤਾ ਜੀ ਹਸਪਤਾਲ ਵਿਚ ਰੁਝੇ ਰਹਿੰਦੇ ਸਨ ਤੇ ਕਈ ਵਾਰੀ ਨਾਲ ਦੇ ਪਿੰਡਾਂ ਵਿਚ ਮਰੀਜ਼ ਵੇਖਣ ਜਾਂ ਪ੍ਰਸੂਤ ਕਰਵਾਉਣ ਚਲੇ ਜਾਂਦੇ ਸਨ। ਘਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਤੇ ਹੁੰਦੀ ਸੀ। ਸਫ਼ਾਈ, ਰਸੋਈ, ਕਪੜੇ ਧੋਣਾ ਆਦਿ। ਮੇਰੇ ਲਈ ਤਾਂ ਹਾਈ ਸਕੂਲ ਜਾਂ ਕਾਲਿਜ ਜਾਣਾ ਮੁਮਕਿਨ ਹੀ ਨਹੀਂ ਸੀ। ਮੇਰੇ ਦੋਵੇਂ ਭਰਾ ਹਾਈ ਸਕੂਲ ਤੋਂ ਬਾਅਦ ਰੋਜ਼ੀ ਰੋਟੀ ਦੇ ਚੱਕਰ-ਵਿਊਹ ਵਿਚ ਪੈ ਗਏ ਤੇ ਪੜ੍ਹਾਈ ਲਈ ਆਪੋ ਆਪਣੀਆਂ ਕੋਸ਼ਿਸ਼ਾਂ ਵਿਚ ਲੱਗੇ ਰਹੇ। ਹਾਂ, ਛੋਟੀ ਭੈਣ ਅੰਮ੍ਰਿਤ ਨੂੰ ਸਕੂਲ, ਕਾਲਿਜ ਤੇ ਯੂਨੀਵਰਸਿਟੀ ਜਾ ਕੇ ਪੜ੍ਹਨ ਦਾ ਮੌਕਾ ਮਿਲਿਆ। ਇਸ ਪੱਖੋਂ ਮੈਂ ਤਾਂ ਸਭ ਤੋਂ ਪਿੱਛੇ ਹੀ ਰਹੀ। ਅਠਵੀਂ ਪ੍ਰਾਈਵੇਟ ਕਰਨ ਤੋਂ ਬਾਅਦ ਹਿੰਦੀ ਰਤਨ, ਭੂਸ਼ਣ ਤੇ ਪ੍ਰਭਾਕਰ ਦੇ ਇਮਤਿਹਾਨ ਵੀ ਪ੍ਰਾਈਵੇਟ ਵਿਦਿਆਰਥੀ ਦੇ ਤੌਰ ਤੇ ਹੀ ਪਾਸ ਕੀਤੇ ਤੇ ਫਿਰ ਮੇਰਾ ਵਿਆਹ ਕਰ ਦਿੱਤਾ ਗਿਆ ਜਿਸ ਲਈ ਮੈਂ ਬਿਲਕੁਲ ਤਿਆਰ ਨਹੀਂ ਸਾਂ। ਅਧੂਰੀ ਸਿਖਿਆ, ਅਣਜਾਣ ਉਮਰ, ਸਵੈ-ਵਿਸ਼ਵਾਸ ਦੀ ਘਾਟ - ਮੇਰੇ ਕੋਲ ਤੇ ਕੁਝ ਵੀ ਪੂਰਾ ਨਹੀਂ ਸੀ। ਪਤਾ ਨਹੀਂ ਮੇਰੀ ਮਾਂ ਨੇ ਇਸ ਬਾਰੇ ਕਾਹਲ ਤੋਂ ਕੰਮ ਕਿਉਂ ਲਿਆ? ਸ਼ਾਇਦ ਇਹ ਮੇਰੇ ਮਾਮੇ ਤੋਲਾ ਰਾਮ ਤੇ ਦੂਰੋਂ ਰਿਸ਼ਤੇ ਦੇ ਮਾਮੇ ਗੇਂਧਾ ਰਾਮ ਦੇ ਕਹਿਣ ਤੇ ਹੋਇਆ। ਸ਼ਾਇਦ ਇਹੀ ਮੇਰੀ ਹੋਣੀ ਸੀ!

ਮਾਤਾ ਜੀ ਨੇ ਮੈਨੂੰ ਇਕ ਵਾਰੀ ਦਸਿਆ ਸੀ ਕਿ ਮੇਰੇ ਪਿਤਾ ਜੀ ਮੇਰੇ ਜਨਮ ਤੇ ਬੜੇ ਖ਼ੁਸ਼ ਹੋਏ ਸਨ। ਉਸ ਦਿਨ ਦੀਵਾਲੀ ਸੀ ਤੇ ਪਿਤਾ ਜੀ ਨੇ ਆਪਣੇ ਦੋਸਤਾਂ ਵਿਚ ਬਹਿ ਕੇ ਕੌਡੀਆਂ ਨਾਲ ਜੂਆ ਖੇਡਿਆ। ਉਹ ਵੀਹ ਰੁਪਏ ਜਿੱਤ ਗਏ ਜੋ ਉਨ੍ਹਾਂ ਦਿਨਾਂ ਵਿਚ ਇਕ ਵੱਡੀ ਰਕਮ ਸੀ। ਉਨ੍ਹਾਂ ਮੇਰੇ ਲਈ ਸੋਨੇ ਦੇ ਕਾਂਟੇ ਤੇ ਛੋਟੇ-ਛੋਟੇ ਕੰਗਨ ਬਣਵਾਏ ਅਤੇ ਕਿਹਾ:" ਸਾਡੇ ਘਰ ਲਕਸ਼ਮੀ ਆਈ ਹੈ।" ਮੈਨੂੰ ਇਨ੍ਹਾਂ ਗੱਲਾਂ ਦਾ ਕੋਈ ਪਤਾ ਨਹੀਂ। ਸਾਡੀ ਕਿਸਮਤ ਵਿਚ ਪਿਤਾ ਦਾ ਪਿਆਰ ਨਹੀਂ ਸੀ ਲਿਖਿਆ, ਮਾਂ ਨੇ ਹੀ ਸਾਨੂੰ ਢੇਰ ਸਾਰਾ ਪਿਆਰ ਦਿੱਤਾ ਤੇ ਆਪਣੀ ਵਿੱਤ ਅਨੁਸਾਰ ਸਾਡੀ ਪਾਲਣਾ ਕੀਤੀ। ਚੀਚਾ ਵਤਨੀ ਵਿਚ ਮਾਤਾ ਜੀ ਨੇ ਮੈਨੂੰ ਆਪਣੇ ਰਿਸ਼ਤੇਦਾਰਾਂ ਦੇ ਵਿਰੋਧ ਦੇ ਬਾਵਜੂਦ ਇਕ ਉਰਦੂ ਸਕੂਲ ਵਿਚ ਪੜ੍ਹਨੇ ਪਾਇਆ ਜਿੱਥੇ ਜ਼ਿਆਦਾਤਰ ਮੁਸਲਮਾਨ ਕੁੜੀਆਂ ਜਾਂਦੀਆਂ ਸਨ। ਉੱਥੇ ਸਾਨੂੰ ਸਿਲਾਈ, ਕਢਾਈ ਤੇ ਰਸੋਈ ਦੀ ਸਿਖਿਆ ਵੀ ਦਿੱਤੀ ਜਾਂਦੀ ਸੀ। ਮਾਤਾ ਜੀ ਆਪ ਜਾ ਕੇ ਉਸਤਾਨੀਆਂ ਨੂੰ ਮਿਲਦੇ ਤੇ ਮੇਰੀ ਪੜ੍ਹਾਈ ਵੱਲ ਧਿਆਨ ਦੇਣ ਲਈ ਕਹਿੰਦੇ। ਦਰ ਅਸਲ ਉਸ ਸਕੂਲ ਦੀਆਂ ਉਸਤਾਨੀਆਂ

ਮਾਤਾ ਜੀ ਦੀਆਂ ਸਹੇਲੀਆਂ ਸਨ। ਉੱਥੇ ਇਕ ਕੁੜੀ ਸਕੀਨਾ ਮੇਰੀ ਪੱਕੀ ਸਹੇਲੀ ਬਣ ਗਈ। ਉਹ ਮਾਸਟਰ ਕਰਮ ਇਲਾਹੀ ਦੀ ਧੀ ਸੀ ਜਿਸ ਦੀ ਪਤਨੀ ਵੀ ਮਾਤਾ ਜੀ ਦੀ ਸਹੇਲੀ ਸੀ। ਅਸੀਂ ਉਨ੍ਹਾਂ ਦੇ ਘਰ ਈਦ ਦੇ ਮੌਕੇ ਤੇ ਸੇਂਵੀਆਂ ਖਾਣ ਜਾਇਆ ਕਰਦੇ ਸਾਂ। ਮੈਂ ਉਦੋਂ ਤੀਸਰੀ ਜਮਾਤ ਵਿਚ ਪੜ੍ਹਦੀ ਸਾਂ ਜਦੋਂ ਬਟਵਾਰਾ ਹੋ ਗਿਆ ਤੇ ਅਸੀਂ ਭਾਰਤ ਆ ਗਏ।

ਮੇਰੀ ਮਾਂ ਨੇ ਸ਼ਾਇਦ ਮੇਰਾ ਵਿਆਹ ਇਸ ਕਰ ਕੇ ਵੀ ਛੇਤੀ ਕਰ ਦਿੱਤਾ ਕਿਉਂਕਿ ਮੈਂ ਅਕਸਰ ਘਰ ਵਿਚ ਇਕੱਲੀ ਹੁੰਦੀ ਸਾਂ। ਮੇਰੇ ਭੈਣ ਭਰਾ ਸਕੂਲ ਚਲੇ ਜਾਂਦੇ ਸਨ, ਮਾਤਾ ਜੀ ਕੰਮ ਤੇ, ਮੈਂ ਘਰ ਦਾ ਕੰਮ ਕਾਜ ਕਰਦੀ ਰਹਿੰਦੀ। ਜਵਾਨ ਕੁੜੀ ਨੂੰ ਘਰ ਇਕੱਲੇ ਛਡ ਜਾਣਾ ਉਨ੍ਹਾਂ ਲਈ ਚਿੰਤਾ ਦਾ ਕਾਰਣ ਸੀ। ਉਹ ਮੈਨੂੰ ਹਮੇਸ਼ਾ ਸਮਝਾਉਂਦੇ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਘਰ ਵਿਚ ਕਿਸੇ ਨੂੰ ਨਾ ਆਣ ਦਿਆਂ, ਬਾਹਰ ਨਾ ਜਾਵਾਂ, ਕਿਸੇ ਨਾਲ ਗੱਲਾਂ ਨਾ ਕਰਾਂ..... ਵਗ਼ੈਰਾ ਵਗ਼ੈਰਾ। ਇਸ ਤਰ੍ਹਾਂ ਮੈਂ ਅੰਤਰਮੁਖੀ ਹੋ ਗਈ ਤੇ ਬਾਕੀ ਭੈਣਾਂ ਭਰਾਵਾਂ ਵਾਂਗ ਚੁਸਤ ਨਾ ਬਣ ਸਕੀ। ਮੇਰੀ ਕੋਈ ਸਹੇਲੀ ਨਹੀਂ ਸੀ। ਮੇਰੇ ਮੁਕਾਬਲੇ ਤੇ ਕੱਲੋ -ਅੰਮ੍ਰਿਤ- ਦੀਆਂ ਅਨੇਕਾਂ ਸਹੇਲੀਆਂ ਸਨ-ਸਕੂਲ ਦੀਆਂ, ਕਾਲਿਜ ਦੀਆਂ, ਯੂਨੀਵਰਸਿਟੀਆਂ ਦੀਆਂ। ਮੇਰੇ ਵਿਚ ਕਿਸੇ ਹੱਦ ਤਕ ਇਕ ਹੀਨ ਭਾਵਨਾ ਆ ਗਈ। ਮੇਰੀ ਸ਼ਖ਼ਸੀਅਤ ਦੱਬ ਕੇ ਰਿਹ ਗਈ। ਮੈਂ ਆਪਣਾ ਧਿਆਨ ਘਰ ਦੇ ਕੰਮਾਂ ਵਿਚ ਲਾ ਲਿਆ - ਘਰ ਦੀ ਸਜਾਵਟ, ਰਸੋਈ ਵਿਚ ਵੱਖੋ ਵੱਖ ਪ੍ਰਕਾਰ ਦੇ ਪਕਵਾਨ, ਸਿਲਾਈ ਕਢਾਈ ਦੇ ਪ੍ਰਯੋਗ। ਕਈ ਵਾਰੀ ਮੈਨੂੰ ਮਾਤਾ ਜੀ ਕਿਸੇ ਨੁਕਸਾਨ ਦੇ ਕਾਰਣ ਡਾਂਟ ਦਿੰਦੇ ਤਾਂ ਮੈਂ ਰੋ ਪੈਂਦੀ ਜਾਂ ਰੁੱਸ ਜਾਂਦੀ। ਉਸ ਵੇਲੇ ਮੇਰਾ ਵੀਰ ਸਤਿਆ ਨੰਦ ਆ ਕੇ ਮੈਨੂੰ ਮਨਾਉਂਦਾ ਤੇ ਆਖਦਾ, "ਮਾਂ ਦੀਆਂ ਗਾਲ੍ਹਾ ਤੇ ਘਿਓ ਦੀਆ ਨਾਲਾਂ"। ਵੱਡਾ ਵੀਰ ਦਇਆ ਨੰਦ ਵੀ ਆ ਕੇ ਪਲੋਸਦਾ: "ਮੇਰੀ ਭੈਣ ਤਾਂ ਚੌਕੇ ਦੀ ਰਾਣੀ ਹੈ। ਜੇ ਇਹ ਰੁੱਸ ਗਈ ਤਾਂ ਸਾਨੂੰ ਰੋਟੀ ਕੌਣ ਪਕਾ ਕੇ ਦੇਵੇ ਗਾ।" ਤੇ ਮੈਂ ਮੰਨ ਜਾਂਦੀ ਤੇ ਆਪਣੇ ਕੰਮ ਵਿਚ ਲਗ ਜਾਂਦੀ। ਮਾਤਾ ਜੀ ਮੈਨੂੰ ਹੀ ਨਹੀਂ, ਸਾਰਿਆਂ ਨੂੰ ਡਾਂਟ ਕੇ ਰਖਦੇ ਸਨ। ਉਨ੍ਹਾਂ ਦਾ ਰੋਅਬ ਘਰ ਹੀ ਨਹੀਂ, ਬਾਹਰ ਵੀ ਚਲਦਾ ਸੀ। ਜੇ ਉਹ ਸਖ਼ਤੀ ਨਾ ਕਰਦੇ ਤਾਂ ਸ਼ਾਇਦ ਉਨ੍ਹਾਂ ਦੇ ਬੱਚੇ ਇੰਨੇ ਲਾਇਕ ਨਾ ਬਣ ਸਕਦੇ। ਉਹ ਆਪ ਜ਼ਿੰਦਗੀ ਵਿਚ ਇੰਨੀ ਜੱਦੋ ਜਹਿਦ ਕਰ ਰਹੇ ਸਨ। ਉਨ੍ਹਾਂ ਦੇ ਬੱਚਿਆਂ ਨੇ ਇਸ ਸੰਘਰਸ਼ ਵਿਚ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ। ਸ਼ਾਇਦ ਮੈਂ ਵੀ ਆਪਣਾ ਹਿੱਸਾ ਪਾਇਆ - ਥੋੜ੍ਹਾ ਜਾਂ ਬਹੁਤਾ।

ਮਾਤਾ ਜੀ ਨੇ ਇਹ ਮਹਿਸੂਸ ਕਰ ਲਿਆ ਕਿ ਮੇਰੀ ਸ਼ਾਦੀ ਛੇਤੀ ਕਰ ਕੇ ਉਨ੍ਹਾਂ ਇਕ ਗ਼ਲਤੀ ਕੀਤੀ ਸੀ। ਇਸ ਗ਼ਲਤੀ ਦਾ ਅਹਿਸਾਸ ਉਨ੍ਹਾਂ ਨੂੰ ਅਖ਼ੀਰ ਤਕ ਰਿਹਾ। ਮੇਰੀ ਸ਼ਾਦੀ ਦੇ ਮੁਢਲੇ ਸਾਲ ਬੜੇ ਅਣਸੁਖਾਵੇਂ ਸਨ। ਮੈਨੂੰ ਵਿਵਾਹਿਤ ਜੀਵਨ ਚੰਗਾ ਨਹੀਂ ਸੀ ਲਗਦਾ ਤੇ ਨਾ ਹੀ ਇਹ ਮੈਨੂੰ ਰਾਸ ਆਇਆ। ਪਤਾ ਨਹੀਂ ਕਿਉਂ ਮੈਨੂੰ ਆਦਮੀਆਂ ਤੋਂ ਡਰ ਲਗਦਾ ਸੀ। ਦਰਅਸਲ ਮੈਂ ਘਰ ਜੋਗੀ ਰਹਿ ਗਈ ਸਾਂ ਤੇ ਮੈਨੂੰ ਕਦੇ ਬਾਹਰ ਜਾਣ ਦਾ ਮੌਕਾ ਹੀ ਨਹੀਂ ਸੀ

ਦਿੱਤਾ ਜਾਂਦਾ। ਘਰ ਵਿਚ ਵੀ ਅੰਦਰ ਹੀ ਰਹਿਣ ਦੀ ਹਿਦਾਇਤ ਕੀਤੀ ਜਾਂਦੀ ਸੀ। ਮਾਤਾ ਜੀ ਨੇ ਮੈਨੂੰ ਵਿਆਹ ਲਈ ਮਜਬੂਰ ਕਰ ਦਿੱਤਾ ਸੀ। ਮੇਰੇ ਸੁਹਰੇ ਪਾਣੀਪਤ ਸਨ। ਉਨ੍ਹਾਂ ਮੇਰੇ ਤੇ ਕਈ ਬੰਦਸ਼ਾਂ ਲਾ ਦਿੱਤੀਆਂ। ਮੈਂ ਹੋਰ ਪੜ੍ਹਨਾ ਚਾਂਹਦੀ ਸਾਂ - ਆਪਣੇ ਬਾਕੀ ਭੈਣਾਂ ਭਰਾਵਾਂ ਵਾਂਗ, ਪਰ ਉਹ ਚਾਹੁੰਦੇ ਸਨ ਕਿ ਮੈਂ ਕਿਸੇ ਪ੍ਰਾਈਵੇਟ ਸਕੂਲ ਵਿਚ 40-45 ਰੁਪਏ ਮਹੀਨੇ ਦੀ ਹਿੰਦੀ ਅਧਿਆਪਕਾ ਦੀ ਨੌਕਰੀ ਕਰ ਲਵਾਂ। ਇਸ ਲਈ ਮੈਂ ਬਿਲਕੁਲ ਰਾਜ਼ੀ ਨਹੀਂ ਸਾਂ। ਸੁਹਰੇ ਘਰ ਮੈਨੂੰ ਘੁੰਡ ਕੱਢ ਕੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ ਜੋ ਮੈਨੂੰ ਚੰਗਾ ਨਹੀਂ ਸੀ ਲਗਦਾ। ਇਸ ਤਰ੍ਹਾਂ ਮੇਰਾ ਦਮ ਘੁਟਦਾ ਸੀ। ਘਰ ਵਿਚ ਬੜਾ ਤਣਾਉ ਰਹਿੰਦਾ ਸੀ ਤੇ ਮੇਰਾ ਜੀ ਕਰਦਾ ਸੀ ਕਿ ਮੈਂ ਉੱਡ ਕੇ ਇਸ ਕੈਦ ਵਿੱਚੋਂ ਨਿਕਲ ਜਾਵਾਂ। ਮੈਂ ਘਰ ਜਾਣ ਲਈ ਜ਼ਿੱਦ ਕਰਨ ਲੱਗੀ ਤੇ ਮਾਤਾ ਜੀ ਨੂੰ ਚਿੱਠੀ ਲਿਖੀ। ਉਨ੍ਹਾਂ ਮੇਰੇ ਵੱਡੇ ਵੀਰ ਦਇਆ ਨੰ ਨੂੰ ਭੇਜਿਆ ਜੋ ਮੇਰੇ ਸੁਹਰਿਆਂ ਦੀਆਂ ਕਈ ਸ਼ਰਤਾਂ ਮੰਨ ਕੇ ਮੈਨੂੰ ਕੁਝ ਦਿਨਾਂ ਲਈ ਬਿਆਸ ਲੈ ਆਇਆ।

ਘਰ ਆ ਕੇ ਮੈਂ ਬਹੁਤ ਰੋਈ। ਮਾਤਾ ਜੀ ਵੀ ਬਹੁਤ ਰੋਏ ਤੇ ਮੈਨੂੰ ਬੜਾ ਧੀਰਜ ਦਿੱਤਾ। ਮੇਰੀ ਮਾਂ ਕੋਲੋਂ ਇਕ ਗ਼ਲਤੀ ਤਾਂ ਹੋ ਗਈ ਸੀ ਪਰ ਦੂਜੀ ਨਹੀਂ ਹੋਈ। ਹੋਰ ਕੋਈ ਮਾਂ ਹੁੰਦੀ ਤਾਂ ਆਖਦੀ : "ਤੈਨੂੰ ਜਿਸ ਹਾਲ ਵਿਚ ਰਖਿਆ ਜਾਂਦਾ ਹੈ, ਰਹਿਣਾ ਪਵੇ ਗਾ। ਲੜਕੀ ਦਾ ਅਸਲੀ ਘਰ ਸੁਹਰੇ ਹੀ ਹੁੰਦਾ ਹੈ। ਉਸ ਦਾ ਜੀਣ ਮਰਣ ਉੱਥੇ ਹੀ ਹੁੰਦਾ ਹੈ। ਸਹਿਨ ਸ਼ਕਤੀ ਹੀ ਲੜਕੀ ਦਾ ਗੁਣ ਹੁੰਦਾ ਹੈ। ਲੜਕੀ ਤਾਂ ਪਰਾਇਆ ਧਨ ਹੁੰਦੀ ਹੈ ਜਿਸ ਦਾ ਪੇਕੇ ਘਰ ਆਉਣ ਦਾ ਕੋਈ ਮਤਲਬ ਹੀ ਨਹੀਂ।" ਪਰ ਮੇਰੀ ਮਾਂ ਨੇ ਮੈਨੂੰ ਕੋਈ ਇਹੋ ਜਿਹੀ ਗੱਲ ਨਹੀਂ ਆਖੀ ਤੇ ਮੈਨੂੰ ਪੂਰੀ ਸਹਾਇਤਾ ਦੇਣ ਦਾ ਯਕੀਨ ਦਿਵਾਇਆ। ਮੇਰੇ ਵੀਰਾਂ ਨੇ ਪੜ੍ਹਾਈ ਬਾਰੇ ਮੇਰੀਆਂ ਭਾਵਨਾਵਾਂ ਦੀ ਪੁਸ਼ਟੀ ਕੀਤੀ ਤੇ ਮੇਰੀ ਪੂਰੀ ਮਦਦ ਕਰਨ ਦਾ ਮਨ ਬਣਾ ਲਿਆ। ਮੈਂ ਆਪਣੇ ਸੁਹਰੇ ਘਰ ਜਾਣ ਤੋਂ ਨਾਂਹ ਕਰ ਦਿੱਤੀ ਤੇ ਆਪਣੀ ਪੜ੍ਹਾਈ ਦਾ ਸਫ਼ਰ ਦੁਬਾਰਾ ਸ਼ੁਰੂ ਕਰ ਲਿਆ। ਪਹਿਲੋਂ ਮੈਟ੍ਰਿਕ, ਫਿਰ ਜੇ.ਬੀ.ਟੀ., ਫਿਰ ਐਫ.ਏ., ਫਿਰ ਬੀ.ਏ., ਤੇ ਫਿਰ ਬੀ.ਐੱਡ। ਜੇ.ਬੀ.ਟੀ. ਕਰਨ ਤੋਂ ਬਾਅਦ ਮੈਨੂੰ ਗਾਂਧੀ ਵਨਿਤਾ ਆਸ਼ਰਮ ਜਾਲੰਧਰ ਵਿਚ ਅਧਿਆਪਕ ਦੀ ਨੌਕਰੀ ਵੀ ਮਿਲ ਗਈ ਤੇ ਮੇਰਾ ਪੜ੍ਹਾਈ ਦਾ ਅਗਲਾ ਸਫ਼ਰ ਆਸਾਨ ਹੋ ਗਿਆ। ਇਸ ਸਫ਼ਰ ਵਿਚ ਮੇਰੇ ਵੀਰ ਸਤਿਆ ਨੰਦ ਨੇ ਮੇਰਾ ਸਭ ਤੋਂ ਵਧ ਸਾਥ ਦਿੱਤਾ ਤੇ ਮੇਰੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਆਸਾਨ ਕਰ ਦਿੱਤੀਆਂ। ਮੇਰੀ ਮਾਂ ਨੇ ਸੱਚ ਮੁੱਚ ਮੈਨੂੰ ਪੂਰਾ ਸਹਿਯੋਗ ਦਿੱਤਾ - ਆਰਥਿਕ, ਨੈਤਿਕ ਤੇ ਸਮਾਜਿਕ। ਮੈਨੂੰ ਬਲਾਕ ਡਿਵੈਲਪਮੈਂਟ ਵਿਭਾਗ ਵਿਚ ਚੰਗੀ ਸਰਕਾਰੀ ਨੌਕਰੀ ਮਿਲ ਗਈ ਪਰ ਮੇਰੇ ਲਈ ਅੰਮ੍ਰਿਤਸਰ ਦੇ ਦੁਰਾਡੇ ਕਸਬੇ ਦੇ ਪਿੰਡਾਂ ਵਿਚ ਕੰਮ ਕਰਨਾ ਔਖਾ ਜਾਪਿਆ ਤੇ ਮੈਂ ਇਕ ਮਾਨਤਾ-ਪ੍ਰਾਪਤ ਪ੍ਰਾਈਵੇਟ ਸਕੂਲ ਸ਼੍ਰੀ ਪਾਰਵੱਤੀ ਜੈਨ ਹਾਈ ਸਕੂਲ, ਵਿਜੇ ਨਗਰ ਜਾਲੰਧਰ ਵਿਜ ਬੀ.ਐੱਡ ਅਧਿਆਪਕਾ ਦੀ ਨੌਗਰੀ ਹਾਸਿਲ ਕਰ ਲਈ ਜੋ ਮੇਰੀ ਯੋਗਤਾ ਤੇ ਹਾਲਾਤ ਦੇ ਅਨੁਕੂਲ ਸੀ। ਹੁਣ ਮੈਂ ਕੋਈ ਅੰਤਰਮੁਖੀ ਤੇ ਕਮਜ਼ੋਰ ਔਰਤ ਨਹੀਂ ਸਾਂ

ਸਗੋਂ ਪੂਰੇ ਆਤਮ ਵਿਸ਼ਵਾਸ ਵਾਲੀ ਪੜ੍ਹੀ ਲਿਖੀ ਟੀਚਰ ਬਣ ਗਈ ਸਾਂ ਤੇ ਸ਼ਾਇਦ ਹੁਣ ਮੈਂ ਆਪਣੇ ਗ੍ਰਹਿਸਥੀ ਜੀਵਨ ਬਿਤਾਉਣ ਦੇ ਕਾਬਿਲ ਵੀ ਹੋ ਗਈ ਸਾਂ।

ਅਪ੍ਰੈਲ 1963 ਵਿਚ ਸਾਡੇ ਪਰਿਵਾਰ ਤੇ ਕਹਿਰ ਦਾ ਇਕ ਪਹਾੜ ਟੁੱਟ ਪਿਆ। ਮੇਰੇ ਵੱਡੇ ਵੀਰ ਦਇਆ ਨੰਦ ਦਾ ਬੈਲਗ੍ਰੇਡ, ਯੋਗੋਸਲਾਵੀਆ ਵਿਚ ਸਵਰਗਵਾਸ ਹੋ ਜਾਣਾ ਸਾਡੇ ਪਰਿਵਾਰ ਲਈ ਵੱਡੀ ਸੱਟ ਸੀ। ਮੇਰੇ ਛੋਟੇ ਵੀਰ ਸਤਿਆ ਨੰਦ ਨੂੰ ਇਰਾਕ ਤੋਂ ਆਪਣੀ ਚੰਗੀ ਨੌਕਰੀ ਛੱਡ ਕੇ ਵਾਪਿਸ ਆਣਾ ਪਿਆ। ਕਹਿੰਦੇ ਨੇ ਮੁਸੀਬਤ ਕਈ ਵਾਰੀ ਜੋੜਨ ਦਾ ਕੰਮ ਵੀ ਕਰਦੀ ਹੈ। ਮੇਰੇ ਭਰਾ ਦੇ ਸੋਗ ਵਿਚ ਮੇਰੇ ਸੁਹਰੇ ਵੀ ਸ਼ਾਮਿਲ ਹੋਏ। ਵੀਰ ਸਤਿਆ ਨੰਦ ਨੇ ਮੇਰੇ ਪਤੀ ਸ੍ਰੀ ਬਿਸ਼ੰਬਰ ਨਾਥ ਨਾਲ ਗਲ ਕੀਤੀ ਤੇ ਉਨ੍ਹਾਂ ਨੂੰ ਜਾਲੰਧਰ ਇਕ ਚੰਗੀ ਨੌਕਰੀ ਲੈ ਦਿੱਤੀ। ਇਸ ਤਰ੍ਹਾਂ ਅਸੀਂ ਜਾਲੰਧਰ ਤੋਂ ਜੀਵਨ ਦੀ ਨਵੀਂ ਸ਼ੁਰੂਆਤ ਕੀਤੀ - ਪੂਰੇ ਨੌਂ ਸਾਲਾਂ ਬਾਅਦ। ਅੰਮ੍ਰਿਤ ਦੀ ਸ਼ਾਦੀ 1965 ਵਿਚ ਜਾਲੰਧਰ ਹੀ ਹੋਈ ਤੇ ਉਹ ਇੰਗਲੈਂਡ ਚਲੀ ਗਈ। ਵੀਰ ਸਤਿਆ ਨੰਦ ਇਰਾਕ ਤੋਂ ਆ ਕੇ ਪਹਿਲੋਂ ਜਾਲੰਧਰ ਤੇ ਬਾਅਦ ਵਿਚ ਹੁਸ਼ਿਆਰਪੁਰ ਚਲੇ ਗਏ। ਇੱਥੋਂ ਉਹ ਲੁਧਿਆਣਾ ਦੀ ਪੰਜਾਬ ਐਗ੍ਰੀਕਲਚਰਲ ਯੂਨੀਵਰਸਿਟੀ ਵਿਚ ਆ ਗਏ ਤੇ ਸਾਡੇ ਟੁੱਟੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਦੇ ਰਹੇ। ਜਾਲੰਧਰ ਅਸੀਂ ਆਪਣਾ ਮਕਾਨ ਵਿਜੈ ਨਗਰ ਵਿਚ ਹੀ ਬਣਾ ਲਿਆ। ਮਾਤਾ ਜੀ ਜਦੋਂ ਜਾਲੰਧਰ ਆਉਂਦੇ, ਸਾਡੇ ਕੋਲ ਠਹਿਰਦੇ। ਉਨ੍ਹਾਂ ਨੂੰ ਸਾਡੇ ਕੋਲ ਰਹਿਣਾ ਬਹੁਤ ਚੰਗਾ ਲਗਦਾ। ਮੇਰੀਆਂ ਬੇਟੀਆਂ ਨੰਨ੍ਹੀ (ਪ੍ਰਤਿਭਾ ਖੰਨਾ) ਤੇ ਲਿੱਲੀ (ਸੁਚਰਿਤਾ ਅਲਵਾਦੀ) ਦਾ ਜਨਮ ਉਨ੍ਹਾਂ ਹੀ ਕਰਵਾਇਆ। ਭਾਵੇਂ ਅਸੀਂ ਪਤੀ-ਪਤਨੀ ਇਕ ਦੂਜੇ ਨਾਲ ਪੂਰਾ ਸਹਿਯੋਗ ਕਰਨ ਲੱਗ ਪਏ ਸਾਂ, ਤਾਂ ਵੀ ਉਹ ਸਾਨੂੰ ਆ ਕੇ ਸਮਝਾਉਂਦੇ ਰਹਿੰਦੇ ਤੇ ਸਾਡੀ ਹਰ ਮੁਮਕਿਨ ਸਹਾਇਤਾ ਕਰਦੇ। ਅਸੀਂ ਵੀ ਕਈ ਵਾਰ ਬਿਆਸ ਚਲੇ ਜਾਂਦੇ ਤੇ ਉਨ੍ਹਾਂ ਕੋਲ ਰਾਤ ਜ਼ਰੂਰ ਰਹਿੰਦੇ ਤਾਂ ਜੋ ਮਾਵਾਂ-ਧੀਆਂ ਦੀਆਂ ਗੱਲਾਂ ਹੋ ਸਕਣ। ਮੇਰੇ ਬੱਚੇ ਵੀ ਬਿਆਸ ਜਾ ਕੇ ਬੜੇ ਖ਼ੁਸ਼ ਹੁੰਦੇ ਤੇ ਮਾਤਾ ਜੀ ਨਾਲ ਪਿਆਰ ਕਲੋਲਾਂ ਕਰਦੇ ਰਹਿੰਦੇ। ਮਾਤਾ ਜੀ ਨੂੰ ਕੁੜੀਆਂ ਨਾਲ ਬੜਾ ਪਿਆਰ ਸੀ ਤੇ ਉਨ੍ਹਾਂ ਇਹ ਕਦੇ ਵੀ ਨਹੀਂ ਸੀ ਕਿਹਾ ਕਿ ਕੁੜੀਆਂ ਕਿਸੇ ਤਰ੍ਹਾਂ ਮੁੰਡਿਆ ਨਾਲੋਂ ਘਟ ਹੁੰਦੀਆਂ ਸਨ।

ਮੈਂ ਸਮਝਦੀ ਹਾਂ ਕਿ ਮਾਤਾ ਜੀ ਨੇ ਮਿਹਨਤ ਤੇ ਮੁਹੱਬਤ ਨਾਲ ਬੜੀ ਭਰਪੂਰ ਜ਼ਿੰਦਗੀ ਬਿਤਾਈ। ਉਨ੍ਹਾਂ ਨੂੰ ਆਪਣੇ ਪਤੀ ਦਾ ਤਾਂ ਪੂਰਾ ਪਿਆਰ ਨਹੀਂ ਮਿਲਿਆ ਪਰ ਆਪਣੇ ਪੁੱਤਰਾਂ, ਪੋਤਰਿਆਂ, ਪੋਤਰੀਆ, ਧੀਆਂ, ਦੋਹਤਰਿਆਂ, ਦੋਹਤਰੀਆਂ ਦਾ ਬੜਾ ਪਿਆਰ ਮਿਲਿਆ। ਉਨ੍ਹਾਂ ਨੂੰ ਪੜਪੋਤਰਿਆਂ, ਪੜਪੋਤਰੀਆਂ , ਪੜਦੋਹਤਰੇ ਤੇ ਪੜਦੋਹਤਰੀਆਂ ਦਾ ਪਿਆਰ ਵੀ ਨਸੀਬ ਹੋਇਆ। ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਦੇ ਆਖ਼ਰੀ ਸੁਆਸਾਂ ਤਕ ਉਨ੍ਹਾਂ ਦਾ ਸਾਥ ਦਿੱਤਾ। ਜਦੋਂ ਮੈਂ ਜਾਲੰਧਰ ਤੋਂ ਫ਼ਰੀਦਾਬਾਦ ਆ ਗਈ ਤਾਂ ਮੈਂ ਆਪਣੇ ਆਪ ਨੂੰ ਬੜਾ ਇਕੱਲਿਆਂ ਮਹਿਸੂਸ ਕੀਤਾ। ਜਾਲੰਧਰ ਤੋਂ ਬਿਆਸ ਜਾਣਾ ਬੜਾ ਸੌਖਾ ਸੀ ਪਰ ਫ਼ਰੀਦਾਬਾਦ ਤੋਂ ਬਿਆਸ ਜਾਣਾ

ਬੜਾ ਔਖਾ ਹੈ। ਤਾਂ ਵੀ ਮਹੀਨੇ ਦੋ ਮਹੀਨੇ ਵਿਚ ਮੈਂ ਇਕ ਵਾਰ ਬਿਆਸ ਜ਼ਰੂਰ ਜਾਂਦੀ। ਜਾਲੰਧਰ ਤੋਂ ਪੈਨਸ਼ਨ ਲੈਣ ਤਾਂ ਜਾਣਾ ਪੈਂਦਾ ਸੀ। ਸੋ ਮੈਂ ਦੋ-ਤਿੰਨ ਦਿਨ ਬਿਆਸ ਰਹਿਣ ਦਾ ਪ੍ਰੋਗਰਾਮ ਬਣਾ ਕੇ ਜਾਂਦੀ ਤਾਂ ਕਿ ਮਾਤਾ ਜੀ ਕੋਲ ਰਹਿ ਸਕਾਂ। ਕਈ ਵਾਰੀ ਇੰਗਲੈਂਡ ਤੋਂ ਅੰਮ੍ਰਿਤ ਆਈ ਹੁੰਦੀ ਤੇ ਅਸੀਂ ਮਾਵਾਂ ਧੀਆਂ ਖ਼ੂਬ ਗੱਲਾਂ ਕਰਦੀਆਂ। ਮੈਂ ਜਦੋਂ ਵੀ ਬਿਆਸ ਜਾਂਦੀ, ਰਸੋਈ ਦਾ ਕੰਮ ਆਪ ਸੰਭਾਲ ਲੈਂਦੀ। ਮਾਤਾ ਜੀ ਨੂੰ ਉਨ੍ਹਾਂ ਦਾ ਮਨ-ਪਸੰਦ ਖਾਣਾ ਬਣਾ ਕੇ ਖਵਾਉਂਦੀ, ਉਨ੍ਹਾਂ ਲਈ ਨਵੇਂ ਬਲਾਊਜ਼, ਸਾੜੀਆਂ ਤੇ ਸੂਟ ਲੈ ਆਉਂਦੀ। ਇਨ੍ਹਾਂ ਕੰਮਾਂ ਲਈ ਉਹ ਮੇਰੇ ਤੇ ਹੀ ਨਿਰਭਰ ਕਰਦੇ ਸਨ ਤੇ ਮੇਰੀ ਹੀ ਉਡੀਕ ਕਰਿਆ ਕਰਦੇ ਸਨ ਕਿ ਮੈਂ ਕਦੋਂ ਆਵਾਂ ਤੇ ਕਦੋਂ ਉਨ੍ਹਾਂ ਦੇ ਨਵੇਂ ਕਪੜੇ ਬਣਵਾਵਾਂ। ਮੇਰੇ ਵਾਪਸ ਜਾਣ ਵੇਲੇ ਉਹ ਹਰ ਵਾਰੀ ਮੈਨੂੰ ਸੋ ਦੋ ਸੋ ਰੁਪਏ ਦੇ ਦਿੰਦੇ ਤੇ ਜੇ ਮੈਂ ਨਾ ਲੈਂਦੀ ਤਾਂ ਰੋਣ ਲਗ ਜਾਂਦੇ। ਇਕ ਵਾਰੀ ਕਿਸੇ ਕਾਰਣ ਮੈਂ ਉਨ੍ਹਾਂ ਨਾਲ ਨਾਰਾਜ਼ ਹੋ ਗਈ ਤੇ ਕਈ ਮਹੀਨੇ ਬਿਆਸ ਨਾ ਗਈ। ਪਰ ਮਾਵਾਂ ਨੂੰ ਛਡਿਆ ਥੋੜਾ ਜਾਂਦਾ ਹੈ। ਅਗਲੀ ਵਾਰੀ ਜਦੋਂ ਬਿਆਸ ਗਈ ਤਾਂ ਉਹ ਇਨਾ ਰੋਏ ਕਿ ਮੈਂ ਸ਼ਰਮਿੰਦਗੀ ਦੇ ਅਹਿਸਾਸ ਥੱਲੇ ਦਬ ਗਈ। "ਹੁਣ ਤੁਸੀਂ ਵੱਡੇ ਹੋ ਗਏ ਹੋ! ਤੁਹਾਨੂੰ ਬੁੱਢੀ ਮਾਂ ਦੀ ਲੋੜ ਨਹੀਂ!! ਮੇਰਾ ਕੋਣ ਹੈ ਰੱਬ ਤੋਂ ਸਿਵਾ!!!" ਪਤਾ ਨਹੀਂ ਕੀ ਕੀ ਕਹਿ ਜਾਂਦੇ। ਮੈਂ ਬੜਾ ਕਹਿਣਾ ਕਿ ਹੁਣ ਸਾਡੀਆਂ ਜ਼ਿੰਮੇਵਾਰੀਆਂ ਵਧ ਗਈਆਂ ਹਨ, ਛੇਤੀ ਨਹੀਂ ਆ ਹੁੰਦਾ। ਉਨ੍ਹਾਂ ਨੂੰ ਸਾਡੇ ਬਹਾਨਿਆਂ ਦਾ ਪਤਾ ਲਗ ਜਾਂਦਾ ਸੀ ਤੇ ਅਸੀਂ ਉਨ੍ਹਾਂ ਦੀਆਂ ਮੋਹ-ਭਰੀਆਂ ਦਲੀਲਾਂ ਅੱਗੇ ਨਿਰੁੱਤਰ ਹੋ ਜਾਂਦੇ ਸਾਂ।

ਜਦੋਂ ਮੈਂ ਆਖ਼ਰੀ ਵਾਰ ਉਨ੍ਹਾਂ ਦੇ ਹੁੰਦਿਆਂ ਬਿਆਸ ਗਈ ਤਾਂ ਇੰਗਲੈਂਡ ਤੋਂ ਅੰਮ੍ਰਿਤ ਵੀ ਆਈ ਹੋਈ ਸੀ। ਇਹ ਅਪ੍ਰੈਲ 2004 ਦੀ ਗੱਲ ਹੈ। ਇਕ ਦਿਨ ਕਹਿਣ ਲੱਗੇ, "ਹੁਣ ਤਾਂ ਤੇਰੀ ਪੈਨਸ਼ਨ ਦਾ ਚੱਕਰ ਵੀ ਖ਼ਤਮ ਹੋ ਗਿਆ ਹੈ। ਤੈਨੂੰ ਪੈਨਸ਼ਨ ਫ਼ਰੀਦਾਬਾਦ ਹੀ ਮਿਲਣੀ ਸ਼ੁਰੂ ਹੋ ਜਾਏ ਗੀ। ਹੁਣ ਤਾਂ ਤੂੰ ਮੈਨੂੰ ਮਿਲਣ ਕਦੇ ਵੀ ਨਹੀਂ ਆਵੇਂ ਗੀ।" ਉਨ੍ਹਾਂ ਦੀਆਂ ਗੱਲਾਂ ਵਿਚ ਕੋਈ ਭਵਿੱਖ ਬਾਣੀ ਸੀ। ਮੈਂ ਝਟ ਉੱਤਰ ਦਿੱਤਾ; "ਆਵਾਂ ਗੀ ਕਿਉਂ ਨਹੀਂ ਮਾਤਾ ਜੀ। ਮੈਂ ਤਾਂ ਆਪ ਬੜੀ ਉਦਾਸ ਹੋ ਜਾਨੀ ਆਂ। ਜਾਲੰਧਰ ਤੋਂ ਫ਼ਰੀਦਾਬਾਦ ਜਾ ਕੇ ਮੈਂ ਪਛਤਾ ਰਹੀ ਆਂ। ਮੈਨੂੰ ਇੱਥੇ ਕੋਈ ਮਕਾਨ ਲੈ ਦਿਓ। ਮੈਂ ਵਾਪਸ ਆ ਜਾਵਾਂ ਗੀ।" ਇਹ ਸੁਣ ਕੇ ਉਹ ਹੱਸ ਪਏ। ਤੇ ਜਦੋਂ ਮੈਂ ਫ਼ਰੀਦਾਬਾਦ ਜਾਣ ਲੱਗੀ ਤਾਂ ਉਨ੍ਹਾਂ ਮੈਨੂੰ ਪੰਜ ਸੋ ਰੁਪਏ ਦਾ ਨੋਟ ਦਿੱਤਾ ਤੇ ਕਿਹਾ:"ਫ਼ਰੀਦਾਬਾਦ ਦੂਰ ਹੈ। ਉੱਥੇ ਦਾ ਕਿਰਾਇਆ ਜ਼ਿਆਦਾ ਹੈ। ਹੁਣ ਮੈਂ ਆਪ ਆਵਾਂ ਗੀ ਤੇਰੇ ਕੋਲ।" ਇਹ ਗੱਲ ਮੈਨੂੰ ਭੁਲਦੀ ਹੀ ਨਹੀਂ। ਉਨ੍ਹਾਂ ਲਈ ਸਫ਼ਰ ਕਰਨਾ ਬੜਾ ਔਖਾ ਸੀ। ਉਹ ਬੜੇ ਬਿਰਧ ਹੋ ਗਏ ਸਨ ਤੇ ਵਾਕਰ ਨਾਲ ਚਲਦੇ ਸਨ। ਭਾਵੇਂ ਉਹ ਆਪਣੇ ਮਰੀਜ਼ਾਂ ਨੂੰ ਵੇਖਦੇ ਤੇ ਪੂਰਾ ਕੰਮ ਕਰਦੇ ਪਰ ਕੁਰਸੀ ਤੇ ਬੈਠੇ ਰਹਿੰਦੇ। ਸੁਣਦਾ ਵੀ ਉੱਚਾ ਸੀ ਉਨ੍ਹਾਂ ਨੂੰ ਤੇ ਕੰਨ ਦੀ ਮਸ਼ੀਨ ਲਾਉਂਦਿਆਂ ਉਨ੍ਹਾਂ ਨੂੰ ਤਕਲੀਫ਼ ਹੁੰਦੀ ਸੀ। ਮਰੀਜ਼ ਉੱਚੀ ਬੋਲ ਕੇ ਉਨ੍ਹਾਂ ਨੂੰ

ਕੰਨ ਵਿਚ ਆਪਣਾ ਹਾਲ ਦਸਦੇ ਤੇ ਤਾਂ ਉਹ ਦਵਾਈ ਦਿੰਦੇ। ਵੀਰ ਜੀ ਨੇ ਵੀ ਉਨ੍ਹਾਂ ਦੇ ਸਫ਼ਰ ਤੇ ਪਾਬੰਦੀ ਲਾਈ ਹੋਈ ਸੀ ਪਰ ਉਨ੍ਹਾਂ ਮੇਰੇ ਕੋਲ ਆਉਣ ਦਾ ਮਨ ਬਣਾ ਲਿਆ ਸੀ ਤੇ ਇਹ ਗੱਲ ਮੈਂ ਕਦੇ ਲਈ ਭੁੱਲ ਸਕਦੀ।

ਅੰਮ੍ਰਿਤ ਨੇ ਵਾਪਸ ਜਾਣ ਲਈ ਦਿੱਲੀ ਤੋਂ ਜਹਾਜ਼ ਫੜਨਾ ਸੀ। ਉਸ ਕੋਲ ਸਾਮਾਨ ਬਹੁਤ ਸੀ। ਉਸ ਦੇ ਪਤੀ ਸੁਰਿੰਦਰ ਮੋਹਨ ਨੇ ਟੈਕਸੀ ਲੈ ਆਂਦੀ। ਮਾਤਾ ਜੀ ਵੀ ਤਿਆਰ ਹੋ ਗਏ ਕਿ ਮੈਂ ਫ਼ਰੀਦਾਬਾਦ ਜਾਣਾ ਹੈ। ਸੁਰਿੰਦਰ ਤੇ ਅੰਮ੍ਰਿਤ ਨਾਂਹ ਨਾ ਕਰ ਸਕੇ। ਵੀਰ ਜੀ ਨੂੰ ਦਸਿਆ ਹੀ ਨਾ ਗਿਆ। ਮਾਤਾ ਜੀ ਦਸ ਘੰਟੇ ਦਾ ਲੰਮਾ ਸਫ਼ਰ ਤੈਅ ਕਰ ਕੇ ਫ਼ਰੀਦਾਬਾਦ ਪਹੁੰਚ ਗਏ। ਸਾਡੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਮਾਤਾ ਜੀ ਫ਼ਰੀਦਾਬਾਦ ਵਿਚ! ਸਾਨੂੰ ਯਕੀਨ ਹੀ ਨਹੀਂ ਸੀ ਆ ਰਿਹਾ। ਮਾਤਾ ਜੀ ਨੇ ਆ ਕੇ ਕਿਹਾ, "ਮੈਂ ਤਾਂ ਬਿਸ਼ੰਭਰ ਨਾਥ ਨੂੰ ਮਿਲਣ ਆਈ ਹਾਂ। ਪਤਾ ਨਹੀਂ ਫਿਰ ਮੇਲ ਹੋਵੇ ਕਿ ਨਾ!"

ਸਾਡੇ ਲਈ ਇਸ ਤੋਂ ਵੱਡੀ ਖ਼ੁਸ਼ੀ ਦੀ ਘਟਨਾ ਤਾਂ ਕੋਈ ਹੋ ਹੀ ਨਹੀਂ ਸੀ ਸਕਦੀ। ਮੇਰੀ ਬੇਟੀ ਲਿੱਲੀ, ਉਸ ਦਾ ਪਤੀ ਅਨੂਪ, ਤੇ ਉਨ੍ਹਾਂ ਦੀਆਂ ਧੀਆਂ ਆਸ਼ੂ ਤੇ ਹਨੀ ਆ ਗਏ। ਦਿੱਲੀ ਤੋਂ ਨੰਨ੍ਹੀ, ਉਸ ਦਾ ਪਤੀ ਦੀਪਕ, ਤੇ ਬੱਚੇ ਗੁੱਡੂ ਤੇ ਜਾਨੂ ਵੀ ਪਹੁੰਚ ਗਏ। ਸਾਡੇ ਘਰ ਤਾਂ ਮੇਲਾ ਲਗ ਗਿਆ। ਇੰਨ੍ਹਾਂ ਦਿਨਾਂ ਵਿਚ ਹੀ ਹੋਲੀ ਦਾ ਤਿਉਹਾਰ ਆ ਗਿਆ। ਸਾਰਿਆ ਨੇ ਮਾਤਾ ਜੀ ਨੂੰ ਕਈ ਰੰਗਾਂ ਵਿਚ ਰੰਗ ਦਿੱਤਾ। ਕੁਰਸੀ ਤੇ ਬੈਠੇ ਉਹ ਇਕ ਰੰਗੀਨ ਮੂਰਤੀ ਜਾਪਦੇ ਸਨ। ਆਸ਼ੂ ਤੇ ਹਨੀ ਨੇ ਖ਼ੂਬ ਨਾਚ ਕੀਤਾ। ਗੁੱਡੂ ਨੇ ਵੀ ਡਾਂਸ ਵਿਖਾਇਆ। ਜਾਨੂੰ ਨੇ ਕਈ ਚੁਟਕਲੇ ਸੁਣਾਏ। ਮਾਤਾ ਜੀ ਨੇ ਬੱਚਿਆਂ ਨੂੰ ਇਨਾਮ ਦਿੱਤੇ - ਆਸ਼ੂ ਨੂੰ ਪਹਿਲਾ, ਹਨੀ ਨੂੰ ਦੂਜਾ, ਗੁੱਡੂ ਨੂੰ ਤੀਜਾ, ਤੇ ਜਾਨੂੰ ਨੂੰ ਚੌਥਾ। ਪਰ ਸਭ ਤੋਂ ਵੱਡਾ ਇਲਾਮ ਤਾਂ ਮੈਨੂੰ ਮਿਲਿਆ। ਮਾਤਾ ਜੀ ਮੇਰੇ ਕੋਲ ਸਨ, ਮੇਰੇ ਘਰ ਵਿਚ ਮੇਰੇ ਸਾਹਮਣੇ, ਇਸ ਤੋਂ ਵੱਡਾ ਇਨਾਮ ਕੋਈ ਹੋਰ ਹੋ ਸਕਦਾ ਸੀ! ਇਸ ਵੇਲੇ ਨੂੰ ਤਾਂ ਮੈਂ ਤਰਸਦੀ ਰਹੀ ਸਾਂ - ਹਮੇਸ਼ਾ, ਸਾਰੀ ਉਮਰ। ਮੇਰੇ ਲਈ ਇਹ ਇਕ ਸੁਫ਼ਨਾ ਸੀ ਜੋ ਸਾਕਾਰ ਹੋ ਗਿਆ ਸੀ!

ਜਦੋਂ ਵੀਰ ਜੀ ਨੂੰ ਪਤਾ ਲੱਗਾ ਕਿ ਮਾਤਾ ਜੀ ਫ਼ਰੀਦਾਬਾਦ ਪਹੁੰਚੇ ਹੋਏ ਹਨ ਤਾਂ ਉਹ ਬੜੇ ਨਾਰਾਜ਼ ਹੋਏ। ਉਨ੍ਹਾਂ ਨੂੰ ਮਾਤਾ ਜੀ ਦੀ ਮਾੜੀ ਸਿਹਤ ਦਾ ਪਤਾ ਸੀ। ਕਿਸੇ ਵੇਲੇ ਕੁਝ ਵੀ ਹੋ ਸਕਦਾ ਸੀ। ਉਨ੍ਹਾਂ ਬਿਆਸ ਵਿਚ ਮਾਤਾ ਜੀ ਦੇ ਆਰਾਮ ਲਈ ਹਰ ਤਰ੍ਹਾਂ ਦੀ ਸਹੂਲਤ ਮੁਹਈਆ ਕਰਵਾ ਦਿੱਤੀ ਸੀ। ਸਫ਼ਰ ਵਿਚ ਨਾ ਤਾਂ ਉਨ੍ਹਾਂ ਨੂੰ ਆਰਾਮ ਮਿਲ ਸਕਦਾ ਸੀ ਤੇ ਨਾ ਹੀ ਡਾਕਟਰੀ ਸਹਾਇਤਾ। ਉਨ੍ਹਾਂ ਅੰਮ੍ਰਿਤ ਨੂੰ ਮਿਲਣ ਦਿੱਲੀ ਆਉਣਾ ਸੀ। ਉਹ ਸਿੱਧੇ ਫ਼ਰੀਦਾਬਾਦ ਆਏ। ਜਦੋਂ ਉਨ੍ਹਾਂ ਮਾਤਾ ਜੀ ਨੂੰ ਸਿਹਤਮੰਦ ਤੇ ਖ਼ੁਸ਼ ਵੇਖਿਆ ਤਾਂ ਉਨ੍ਹਾਂ ਦਾ ਗੁੱਸਾ ਦੂਰ ਹੋ ਗਿਆ। ਉਨ੍ਹਾਂ ਮਾਤਾ ਜੀ ਨੂੰ ਸਲਾਹ ਦਿੱਤੀ ਕਿ ਉਹ ਇਕ ਦੋ ਮਹੀਨੇ ਈਸ਼ਵਰ ਕੋਲ ਹੀ ਰਹਿਣ ਤੇ ਆਪਣੀ ਸਿਹਤ ਦਾ ਖ਼ਿਆਲ ਰੱਖਣ। ਪਰ ਵੀਰ ਜੀ ਨੂੰ ਵੇਖਦਿਆਂ ਸਾਰ

ਮਾਤਾ ਜੀ ਦਾ ਮਨ ਬਦਲ ਗਿਆ। ਕਹਿਣ ਲੱਗੇ ਕਿ ਬਿਆਸ ਜਾਣਾ ਹੈ, ਟੈਕਸੀ ਕਰ ਲਵਾਂ ਗੇ। ਉਹ ਲਗ ਭਗ ਇਕ ਹਫਤਾ ਫ਼ਰੀਦਾਬਾਦ ਰਹੇ। ਉਨ੍ਹਾਂ ਦੀ ਹੋਣੀ ਉਨ੍ਹਾਂ ਨੂੰ ਬਿਆਸ ਖਿਚ ਰਹੀ ਸੀ। ਮੇਰੇ ਕੋਲ ਉਹ ਬਹੁਤੇ ਦਿਨ ਨਹੀਂ ਸਨ ਰਹਿਣਾ ਚਾਹੁੰਦੇ। ਮੇਰੇ ਕੋਲ ਆਉਣ ਦੀ ਉਨ੍ਹਾਂ ਸੱਧਰ ਪੂਰੀ ਹੋ ਗਈ ਸੀ ਤੇ ਹੁਣ ਉਹ ਵਾਪਸ ਜਾਣਾ ਚਾਹੁੰਦੇ ਸਨ। ਅੰਮ੍ਰਿਤ ਨੇ ਇੰਗਲੈਂਡ ਲਈ ਰਵਾਨਾ ਹੋਣਾ ਸੀ, ਇਸ ਤੋਂ ਪਹਿਲੋਂ ਮਾਤਾ ਜੀ ਬਿਆਸ ਲਈ ਰਵਾਨਾ ਹੋ ਪਏ। ਲਿੱਲੀ ਉਨ੍ਹਾਂ ਨੂੰ ਆਪਣੇ ਘਰ ਲਿਜਾਣਾ ਚਾਹੁੰਦੀ ਸੀ। ਬਿਆਸ ਰਵਾਨਾ ਹੋਣ ਤੋਂ ਪਹਿਲੋਂ ਉਹ ਟੈਕਸੀ ਨੂੰ ਲਿੱਲੀ ਦੇ ਘਰ ਲੈ ਆਏ ਤੇ ਉਸ ਦੇ ਘਰ ਇਕ ਘੰਟਾ ਠਹਿਰੇ। ਬੱਚਿਆਂ ਨੂੰ ਆਸ਼ੀਰਵਾਦ ਦਿੱਤੀ। ਮੈਨੂੰ ਤੇ ਅੰਮ੍ਰਿਤ ਨੂੰ ਉਹ ਬੜਾ ਘੁੱਟ ਕੇ ਮਿਲੇ ਤੇ ਬਹੁਤ ਰੋਏ। ਸ਼ਾਇਦ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਮਾਂ ਤੇ ਧੀਆਂ ਦੀ ਇਹ ਆਖ਼ਰੀ ਮਿਲਣੀ ਸੀ।

ਵੀਰ ਜੀ ਨੇ ਮੈਨੂੰ ਦਸਿਆ ਕਿ ਮਾਤਾ ਜੀ ਬਿਆਸ ਜਾਣ ਲੱਗਿਆਂ ਰਸਤੇ ਵਿਚ ਬੜੇ ਥਕ ਗਏ ਸਨ। ਰਸਤੇ ਵਿਚ ਕਈ ਥਾਵਾਂ ਤੇ ਉਹ ਆਰਾਮ ਲਈ ਰੁਕੇ। ਦਰਅਸਲ ਵੀਰ ਜੀ ਉਨ੍ਹਾਂ ਨੂੰ ਸਿੱਧਾ ਬਿਆਸ ਲੈ ਕੇ ਨਹੀਂ ਗਏ ਤੇ ਉਨ੍ਹਾਂ ਨੂੰ ਲੁਧਿਆਣੇ ਲੈ ਆਏ। ਇੱਥੇ ਕੁਝ ਦਿਨ ਆਰਾਮ ਕਰਨ ਤੋਂ ਬਾਅਦ ਆਪਣੇ ਬੇਟੇ ਆਦੀ ਦੀ ਕਾਰ ਵਿਚ ਉਨ੍ਹਾਂ ਨੂੰ ਬਿਆਸ ਛੱਡ ਕੇ ਆਏ। ਇੱਥੇ ਵਿਨੀਤ, ਸ਼ਰੁਤੀ, ਵਿਜੈ, ਤੇ ਭਾਬੀ ਜੀ ਉਨ੍ਹਾਂ ਨੂੰ ਬੇਸਬਰੀ ਨਾਲ ਉਡੀਕ ਰਹੇ ਸਨ। ਆਪਣੇ ਏ.ਸੀ. ਵਾਲੇ ਕਮਰੇ ਵਿਚ ਆ ਕੇ ਉਨ੍ਹਾਂ ਸੁਖ ਦਾ ਸਾਹ ਲਿਆ। ਜਿਹੜਾ ਸੁੱਖ ਛੱਜੂ ਦੇ ਚੁਬਾਰੇ ਉਹ ਨਾ ਬਲਖ਼ ਤੇ ਬੁਖ਼ਾਰੇ। ਮਾਤਾ ਜੀ ਤੇ ਵੀ ਇਹ ਗੱਲ ਪੂਰੀ ਤਰ੍ਹਾਂ ਲਾਗੂ ਹੁੰਦੀ ਸੀ। ਬਿਆਸ ਵਿਚ ਆਪਣੇ ਕਮਰੇ ਵਿਚ ਉਹ ਸਵਰਗ ਦੇ ਝੂਟੇ ਲੈਂਦੇ ਸਨ। ਇਹ ਉਨ੍ਹਾਂ ਦੀ ਕਰਮ ਭੂਮੀ ਵੀ ਸੀ ਤੇ ਵਿਸ਼ਰਾਮ ਗ੍ਰਿਹ ਵੀ।

ਜਦੋਂ ਮਾਤਾ ਜੀ ਫ਼ਰੀਦਾਬਾਦ ਤੋਂ ਮੇਰੇ ਕੋਲੋਂ ਵਿਦਾ ਹੋਏ ਤਾਂ ਮੈਂ ਆਖਿਆ: "ਮਾਤਾ ਜੀ ਤੁਸੀਂ ਉਦਾਸ ਨਾ ਹੋਵੋ, ਮੈਂ ਤੁਹਾਨੂੰ ਮਿਲਣ ਛੇਤੀ ਆਇਆ ਕਰਾਂ ਗੀ।" ਮਾਤਾ ਜੀ ਹਸ ਪਏ ਸਨ। ਉਨ੍ਹਾਂ ਦੇ ਬੀਮਾਰ ਹੋਣ ਦੀ ਸੂਚਨਾ ਮਿਲਣ ਤੋਂ ਕੁਝ ਦਿਨ ਪਹਿਲੋਂ ਮੈਂ ਆਪਣੀ ਇਕ ਸਹੇਲੀ ਮਿਸਿਜ਼ ਕਾਲੜਾ ਨੂੰ ਕਿਹਾ ਕਿ ਮੈਂ ਬਿਆਸ ਜਾਣਾ ਹੈ ਤੇ ਉਹ ਮੇਰੇ ਘਰ ਦਾ ਖ਼ਿਆਲ ਰੱਖੇ। ਅਗਲੇ ਦਿਨ ਮੈਂ ਆਪਣਾ ਬੈਗ ਤਿਆਰ ਕੀਤਾ ਹੀ ਸੀ ਕਿ ਲੁਧਿਆਣੇ ਤੋਂ ਵੀਰ ਜੀ ਦਾ ਫ਼ੋਨ ਆ ਗਿਆ ਕਿ ਮਾਤਾ ਜੀ ਸੀਰੀਅਸ ਹਨ ਤੇ ਦਇਆ ਨੰਦ ਹਸਪਤਾਲ ਵਿਚ ਦਾਖ਼ਿਲ ਹਨ। ਮੇਰੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ ਤੇ ਮੈਂ ਪਹਿਲੀ ਗੱਡੀ ਲੈ ਕੇ ਲੁਧਿਆਣੇ ਚਲ ਪਈ। ਜਦੋਂ ਮੈਂ ਹਸਪਤਾਲ ਪਹੁੰਚੀ ਤਾਂ ਮੈਨੂੰ ਯਕੀਨ ਹੀ ਨਾ ਆਇਆ ਕਿ ਮਾਤਾ ਜੀ ਇਸ ਤਰ੍ਹਾਂ ਬੇਵੱਸ ਪਏ ਸਨ। ਨਾ ਹਿਲ ਸਕਦੇ ਸਨ, ਨਾ ਬੋਲ ਸਕਦੇ ਸਨ। ਕਦੇ ਕਦੇ ਅੱਖਾਂ ਜ਼ਰੂਰ ਖੋਲਦੇ ਜਿਸ ਤੋਂ ਉਨ੍ਹਾਂ ਦੀ ਬੇਚਾਰਗੀ ਦਾ ਅਹਿਸਾਸ ਹੁੰਦਾ ਸੀ। ਇੰਗਲੈਂਡ ਤੋਂ ਅੰਮ੍ਰਿਤ ਵੀ ਆ ਗਈ। ਧੀਆਂ ਦੀ ਮਾਂ ਉਨ੍ਹਾਂ ਸਾਹਮਣੇ ਬੇਹੋਸ਼ ਪਈ ਸੀ। ਅਸੀਂ ਉਨ੍ਹਾਂ ਦਾ ਹੱਥ ਫੜ ਲਿਆ। ਸਾਨੂੰ

ਲੱਗਿਆ ਕਿ ਉਨ੍ਹਾਂ ਸਾਡਾ ਹੱਥ ਘੁਟਿਆ ਹੈ ਤੇ ਸਾਨੂੰ ਅਲਵਿਦਾ ਆਖੀ ਹੈ। ਫਿਰ 21 ਜੁਲਾਈ 2004 ਦਾ ਦਿਨ, ਸਵੇਰ ਦੇ 11 ਵਜੇ, ਮਾਂ ਤੇ ਹੱਥਾਂ ਦਾ ਨਿੱਘ ਵੀ ਸਾਥੋਂ ਖੁਸ ਗਿਆ।

ਜਦੋਂ ਮੈਨੂੰ ਮਾਤਾ ਜੀ ਦੀ ਅਚਾਨਕ ਫ਼ਰੀਦਾਬਾਦ ਫੇਰੀ ਦੀ ਯਾਦ ਆਉਂਦੀ ਹੈ, ਤਾਂ ਅੰਮ੍ਰਿਤ ਪ੍ਰੀਤਮ ਦੀਆਂ ਇਹ ਸਤਰਾਂ ਮੇਰੇ ਜ਼ਿਹਨ ਵਿਚ ਗੂੰਜ ਪੈਂਦੀਆਂ ਹਨ:

ਨਿੱਤ ਨਿੱਤ ਵਗਦੇ ਰਹਿਣ ਗੇ ਪਾਣੀ,
ਨਿੱਤ ਪੱਤਣ ਤੇ ਮੇਲਾ।
ਬਚਪਨ ਨਿੱਤ ਜਵਾਨੀ ਬਣਸੀ,
ਉੱਡ ਜਾਣ ਦਾ ਵੇਲਾ।
ਪਰ ਜੋ ਪਾਣੀ ਅਜ ਲੰਘ ਜਾਣਾ,
ਫੇਰ ਨਾ ਆਉਣਾ ਭਲਕੇ।
ਬੇੜੀ ਦਾ ਪੂਰ ਤੇ ਤ੍ਰਿੰਞਣ ਦੀਆਂ ਕੁੜੀਆਂ,
ਫੇਰ ਨਾ ਬੈਠਣ ਰਲ ਕੇ।

ਫ਼ਰੀਦਾਬਾਦ ਦੀ ਉਹ ਹੋਲੀ ਸਾਡੇ ਲਈ ਤ੍ਰਿੰਞਣ ਹੀ ਤਾਂ ਸੀ! ਮਾਤਾ ਜੀ, ਬਿਸ਼ੰਬਰ ਨਾਥ, ਸੁਰਿੰਦਰ ਮੋਹਨ, ਅੰਮ੍ਰਿਤ, ਲਿੱਲੀ, ਅਨੂਪ, ਆਸ਼ੂ, ਹਨੀ, ਨੰਨ੍ਹੀ, ਦੀਪਕ, ਗੁੱਡੂ, ਜਾਨੂੰ, ਤੇ ਮੈਂ। ਕਦੇ ਅਸੀਂ ਫਿਰ ਇਕੱਠੇ ਹੋਵਾਂ ਗੇ ਇਸ ਤਰ੍ਹਾਂ? ਕਦੀ ਇਹ ਪੂਰ ਮੁੜ ਬੈਠੇਗਾ? ਸ਼ਾਇਦ ਕਦੇ ਵੀ ਨਹੀਂ।

**ਈਸ਼ਵਰ ਦੇਵੀ**

278, ਸੈਕਟਰ 16

ਫ਼ਰੀਦਾਬਾਦ, ਹਰਿਆਣਾ।

SUCHET

2.

## ਮੇਰੀ ਮਾਂ

ਮੇਰੀ ਮਾਂ ਉਹ ਚੜ੍ਹਦਾ ਸੂਰਜ, ਕਣ ਕਣ ਜੋ ਰੁਸ਼ਨਾਵੇ।
ਉਹ ਇਕ ਅਮਰ ਪ੍ਰੇਮ ਦੀ ਜੋਤੀ, ਹਰ ਮਨ ਨੂੰ ਛੂਹ ਜਾਏ।

ਫੁੱਲਾਂ ਭਰਿਆ ਬੂਟਾ ਸੀ ਜੋ, ਨਾਲ ਸੁਗੰਧਾਂ ਭਰਿਆ।
ਮਹਿਕਾਂ ਵੰਡੀਆਂ ਚਾਰ ਚੁਫੇਰੇ, ਹਰ ਝੱਖੜ ਨੂੰ ਜਰਿਆ।

ਉਸ ਦੀ ਠੰਡੀ ਮਿੱਠੀ ਛਾਵੇਂ, ਲੂੰ ਲੂੰ ਠਰਦਾ ਜਾਏ।
ਉਸ ਦੀ ਮਿਹਨਤ ਸਦਕਾ ਆਪਾਂ, ਜੀਵਨ ਦੇ ਸੁਖ ਪਾਏ।

ਕਰਮ ਯੋਗ ਦੀ ਸੱਚੀ ਸਾਧਕ, ਅਣਥੱਕ ਕਰਮ ਕਮਾਇਆ।
ਸੁੱਖ ਚਾਹੋ ਤਾਂ  ਕਰਮ ਕਰੋ ਨਿੱਤ, ਸਾਨੂੰ ਵੀ ਸਮਝਾਇਆ।

ਜਗ ਦੀ ਪੀੜ ਨੂੰ ਮੰਨ ਕੇ ਆਪਣੀ, ਸਭ ਦਾ ਦਰਦ ਵੰਡਾਂਦੀ।
ਦਿਲ ਦੇ ਦੁਖਦੇ ਜ਼ਖ਼ਮਾਂ ਉੱਤੇ, ਪਿਆਰ ਦਾ ਮਰਹਮ ਲਾਂਦੀ।

ਸੱਚੇ ਜੀਵਨ ਬਾਰੇ ਦਸਿਆ, ਦੂਜੇ ਦੇ ਕੰਮ ਆਵੇਂ।
ਉਸ ਦੇ ਪੱਕੇ ਨਿਸ਼ਚੇ ਅੱਗੇ, ਮਸਤਕ ਝੁਕਦਾ ਜਾਵੇ।

ਤਿਆਗ ਤਪੱਸਿਆ ਦੀ ਉਹ ਮੂਰਤ, ਪ੍ਰੀਤਾਂ ਨਾਲ ਸ਼ਿੰਗਾਰੀ।
ਯੋਧੇ ਵਾਂਗੂੰ ਜੀਵਨ ਅੰਦਰ, ਜੂਝੀ ਉਮਾਰਾ ਸਾਰੀ।

ਕਹਿੰਦੇ ਨੇ ਰੱਬ ਧਰਤੀ ਉੱਪਰ, ਹਰ ਥਾਂ ਪੁੱਜ ਨਾ ਸਕਦਾ।
ਮਾਵਾਂ ਨੂੰ ਉਸ ਦੇ ਕੇ ਸ਼ਕਤੀ, ਭਾਰ ਚੁਕਾਇਆ ਜਗ ਦਾ।

ਮਾਂ ਦੀ ਸੁਹਣੀ ਸੂਰਤ ਅੰਦਰ, ਰੱਬ ਹੀ ਨਜ਼ਰੀਂ ਆਏ।

ਮਾਂ ਹੀ ਰੱਬ ਹੈ, ਰੱਬ ਹੀ ਮਾਂ ਹੈ, ਰੂਹ ਵਿਚ ਵਸਦੀ ਜਾਏ।

- **ਅੰਮ੍ਰਿਤ ਸੁਰਿੰਦਰ ਮੋਹਨ**

28, ਫ਼ਰਾਂਸਿਸ ਵੇਅ, ਸਲਾਓ, ਇੰਗਲੈਂਡ।

SUCHET

# ਫੁੱਲਾਂ ਦੀ ਮਹਿਕ

## 1.

## ਵਿਸ਼ਵਾਸ਼ ਦੀ ਮੂਰਤ

ਸ਼੍ਰੀ ਮਤੀ ਭਰਾਵਾਂ ਬਾਈ ਮੇਰੀ ਦਾਦੀ ਸੀ ਪਰ ਅਸਲ ਵਿਚ ਉਹ ਹਰ ਮਨੁੱਖ ਦੀ ਮਾਂ ਸੀ - ਇਕ ਸੰਪੂਰਣ ਮਾਂ ਵਾਂਗ। ਮੈਂ ਉਨ੍ਹਾਂ ਨੂੰ ਆਪਣੇ ਬਾਲਪਨ ਤੋਂ ਲੈ ਕੇ ਆਪਣੀ ਜਵਾਨੀ ਤੇ ਵਿਚਕਾਰਲੀ ਉਮਰ ਤਕ ਵੇਖਿਆ ਤੇ ਸਮਝਿਆ ਹੈ ਤੇ ਮੈਂ ਉਨ੍ਹਾਂ ਦੀ ਮਮਤਾ ਤੇ ਕੁਰਬਾਨੀ ਨੂੰ ਆਪ ਮਹਿਸੂਸ ਕੀਤਾ ਹੈ। ਉਨ੍ਹਾਂ ਵਿਚ ਜਗਤ ਮਾਤਾ ਦੇ ਸਾਰੇ ਗੁਣ ਮੌਜੂਦ ਸਨ। ਮੈਂ ਆਪਣੀ ਕਾਮਯਾਬੀ ਉਨ੍ਹਾਂ ਦੀ ਬਖ਼ਸ਼ਿਸ਼ ਹੀ ਮੰਨਦਾ ਹਾਂ। ਮੇਰੇ ਲਈ ਉਹ ਪਰਮਾਤਮਾ ਤੋਂ ਘਟ ਨਹੀਂ ਸਨ। ਉਹ ਤਾਂ ਹਰ ਬੱਚੇ ਲਈ ਰੱਬ ਦਾ ਰੂਪ ਸਨ। ਮੈਨੂੰ ਉਨ੍ਹਾਂ ਦੀ ਸ਼ਖ਼ਸੀਅਤ ਕੁਦਰਤ ਦਾ ਇਕ ਕਰਿਸ਼ਮਾ ਜਾਪਦੀ ਹੈ। ਮੈਂ ਆਪਣੇ ਆਪ ਨੂੰ ਖ਼ੁਸ਼ ਕਿਸਮਤ ਸਮਝਦਾ ਹਾਂ ਕਿ ਮੈਨੂੰ ਉਨ੍ਹਾਂ ਦਾ ਅੰਸ਼ ਹੋਣ ਦਾ ਸੁਭਾਗ ਮਿਲਿਆ।

ਮੇਰੀ ਉਮਰ ਸਿਰਫ਼ ਛੇ ਵਰ੍ਹਿਆਂ ਦੀ ਸੀ ਤੇ ਮੇਰੀ ਭੈਣ ਕਵਿਤਾ ਦੀ ਤਿੰਨ ਸਾਲ ਜਦੋਂ ਸਾਡੇ ਪਿਤਾ ਜੀ ਦਾ ਬੈੱਲਗ੍ਰੇਡ, ਯੌਗੋਸਲਾਵੀਆ ਵਿਚ ਦੇਹਾਂਤ ਹੋ ਗਿਆ। ਸਾਨੂੰ ਤਾਂ ਪਤਾ ਵੀ ਨਹੀਂ ਸੀ ਕਿ ਮੌਤ ਕੀ ਹੁੰਦੀ ਹੈ। ਯੌਗੋਸਲਾਵੀਆ ਹਿੰਦੁਸਤਾਨ ਦਾ ਇਕ ਮਿੱਤਰ ਦੇਸ਼ ਸੀ ਤੇ ਮੇਰੇ ਪਿਤਾ ਦਇਆ ਨੰਦ ਭਾਰਤੀ ਦੂਤਾਵਾਸ ਦੇ ਮਿਲਿਟਰੀ ਅਟੈਚੀ ਦੇ ਦਫ਼ਤਰ ਵਿਚ ਕੰਮ ਕਰਦੇ ਸਨ। ਮੇਰੀ ਮਾਂ ਸਤਿਆ ਵਤੀ (ਆਸ਼ਾ ਰਾਣੀ) ਭਰ ਜਵਾਨੀ ਵਿਚ ਵਿਧਵਾ ਹੋ ਗਈ। ਮੇਰੀ ਸਭ ਤੋਂ ਛੋਟੀ ਭੈਣ ਸਵਿਤਾ ਦਾ ਜਨਮ ਮੇਰੇ ਪਿਤਾ ਜੀ ਦੀ ਮੌਤ ਤੋਂ ਛੇ ਮਹੀਨੇ ਬਾਅਦ ਹੋਇਆ। ਮੇਰੇ ਪਿਤਾ ਜੀ ਦੀ ਮੌਤ ਮੇਰੇ ਦਾਦੀ ਜੀ ਲਈ ਅਸਹਿ ਸੀ ਤੇ ਉਹ ਸਾਰੀ ਉਮਰ ਇਸ ਸਦਮੇ 'ਚੋਂ ਨਿਕਲ ਹੀ ਨਹੀਂ ਸਕੇ। ਦਰਅਸਲ ਮੇਰੇ ਦਾਦੇ ਦੀ ਮੌਤ ਮੇਰੀ ਦਾਦੀ ਦੀ ਭਰ ਜਵਾਨੀ ਵੇਲੇ ਹੋਈ ਸੀ। ਉਨ੍ਹਾਂ ਨੂੰ ਜਾਪਿਆ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਹੈ। ਜੋ ਉਨ੍ਹਾਂ ਨਾਲ ਵਾਪਰੀ ਸੀ, ਉਹੀ ਮੇਰੀ ਮਾਂ ਨਾਲ ਅਰਥਾਤ ਉਨ੍ਹਾਂ ਦੀ ਨੂੰਹ ਨਾਲ ਵਾਪਰ ਗਈ। ਉਨ੍ਹਾਂ ਨੇ ਮਸੋਂ ਤਾਂ ਆਪਣੇ ਬੱਚਿਆਂ ਨੂੰ ਪੈਰਾਂ ਤੇ ਖੜ੍ਹਾ ਕੀਤਾ ਸੀ, ਹੁਣ ਉਨ੍ਹਾਂ ਤੇ ਬੱਚਿਆਂ ਦੇ ਬੱਚਿਆਂ ਦੀ ਜ਼ਿੰਮੇਵਾਰੀ ਵੀ ਆਣ ਪਈ। ਪਰ ਉਹ ਬੜੀ ਬਹਾਦਰ ਤੇ ਸੂਝਵਾਨ ਸਾਬਿਤ ਹੋਈ ਤੇ ਉਸ ਨੇ ਇਸ ਅਜੀਬ ਚੁਣੌਤੀ ਦਾ ਦਲੇਰੀ ਨਾਲ ਸਾਹਮਣਾ ਕੀਤਾ। ਉਨ੍ਹਾਂ ਨੇ ਮੇਰੀ ਮਾਂ ਨੂੰ ਹੀ ਨਹੀਂ

ਸੰਭਾਲਿਆ ਸਗੋਂ ਉਸ ਦੇ ਬੱਚਿਆਂ ਨੂੰ ਵੀ ਸਹਾਰਾ ਦਿੱਤਾ ਤੇ ਜ਼ਿੰਦਗੀ ਦੇ ਕਠਿਨ ਸਫ਼ਰ ਤੇ ਅਗਵਾਈ ਦਿੱਤੀ।

ਸਭ ਤੋਂ ਪਹਿਲੋਂ ਤਾਂ ਮਾਤਾ ਜੀ ਨੇ ਸਾਡੀ ਮਾਂ ਨੂੰ ਪੜ੍ਹਾਇਆ, ਜੇ.ਬੀ.ਟੀ.ਦੀ ਟ੍ਰੇਨਿੰਗ ਦਿਵਾਈ ਤੇ ਪ੍ਰਾਇਮਰੀ ਸਕੂਲ ਵਿਚ ਟੀਚਰ ਬਣਨ ਲਈ ਹਰ ਮੁਮਕਿਨ ਸਹਾਇਤਾ ਕੀਤੀ। ਉਨ੍ਹਾਂ ਸਾਡੀ ਮਾਂ ਨੂੰ ਇਸ ਯੋਗ ਬਣਾ ਦਿੱਤਾ ਕਿ ਉਨ੍ਹਾਂ ਨੂੰ ਸਰਕਾਰੀ ਨੌਕਰੀ ਮਿਲ ਗਈ। ਮਾਤਾ ਜੀ ਨੇ ਮੇਰੀ ਸਭ ਤੋਂ ਵੱਧ ਸਹਾਇਤਾ ਕੀਤੀ। ਮੇਰੇ ਵਿਚ ਉਨ੍ਹਾਂ ਨੂੰ ਆਪਣਾ ਦਇਆ ਨੰਦ ਵਿਖਾਈ ਦਿੰਦਾ ਸੀ। ਜੇ ਮੈਂ ਕਦੇ ਬੀਮਾਰ ਹੋ ਜਾਂਦਾ ਤਾਂ ਉਹ ਮੇਰੇ ਇਲਾਜ ਲਈ ਚੰਗੇ ਤੋਂ ਚੰਗੇ ਡਾਕਟਰਾਂ ਕੋਲ ਜਾਂਦੇ। ਬਚਪਨ ਵਿਚ ਮੈਨੂੰ ਇਕ ਵਾਰ ਕਾਲੀ ਖਾਂਸੀ ਹੋ ਗਈ। ਉਨ੍ਹਾਂ ਨੇ ਮੇਰੇ ਇਲਾਜ ਲਈ ਚੰਗੇ ਤੋਂ ਚੰਗੇ ਮਾਹਿਰ ਡਾਕਟਰਾਂ ਦੀ ਮਦਦ ਲਈ। ਮੇਰੇ ਚਾਚਾ ਜੀ ਸਤਿਆ ਨੰਦ, ਜਿਨ੍ਹਾਂ ਨੂੰ ਮੈਂ ਪਾਪਾ ਹੀ ਕਹਿੰਦਾ ਸਾਂ ਤੇ ਸਮਝਦਾ ਹਾਂ, ਮੈਨੂੰ ਮਾਤਾ ਜੀ ਦੇ ਨਾਲ ਕਈ ਡਾਕਟਰਾਂ ਕੋਲ ਲੈ ਕੇ ਗਏ ਤੇ ਮੈਨੂੰ ਇਸ ਖ਼ਤਰਨਾਕ ਬੀਮਾਰੀ ਤੋਂ ਬਚਾ ਲਿਆ। ਮਾਤਾ ਜੀ ਮੈਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ। ਇਸ ਲਈ ਮੇਰੀ ਪੜ੍ਹਾਈ ਵਿਚ ਉਨ੍ਹਾਂ ਨੇ ਉਚੇਚਾ ਧਿਆਨ ਦਿੱਤਾ। ਪਾਪਾ ਸਤਿਆ ਨੰਦ ਤੋਂ ਇਲਾਵਾ ਮੇਰੀ ਭੂਆ ਈਸ਼ਵਰ ਤੇ ਅੰਮ੍ਰਿਤ ਵੀ ਮੈਨੂੰ ਪੜ੍ਹਾਉਂਦੇ ਸਨ। ਇਸ ਲਈ ਆਦੇਸ਼ ਮਾਤਾ ਜੀ ਵੱਲੋਂ ਹੀ ਦਿੱਤਾ ਗਿਆ ਸੀ। ਮਾਤਾ ਜੀ ਦਾ ਸੁਫਨਾ ਸੀ ਕਿ ਮੈਂ ਡਾਕਟਰ ਬਣਾ ਤੇ ਮੈਂ ਉਨ੍ਹਾਂ ਦਾ ਇਹ ਸੁਫ਼ਨਾ ਪੂਰਾ ਕਰ ਵਿਖਾਇਆ। ਮੈਂ ਕਿਸੇ ਇਹੋ ਜਿਹੀ ਦਾਦੀ ਨੂੰ ਨਹੀਂ ਜਾਣਦਾ ਜਿਸ ਨੇ ਆਪਣੇ ਪੋਤੇ ਦੀ ਉੱਚ ਸਿਖਿਆ ਲਈ ਆਪਣਾ ਸਭ ਕੁਝ ਦਾਅ ਤੇ ਲਾ ਦਿੱਤਾ ਹੋਵੇ। ਕਿਤਾਬਾਂ ਹੋਣ ਜਾਂ ਟੀਊਸ਼ਨ ਦੀਆਂ ਲੋੜਾਂ, ਮਾਤਾ ਜੀ ਨੇ ਮੇਰੇ ਲਈ ਪੂਰਾ ਖ਼ਰਚ ਕੀਤਾ ਤੇ ਮੈਨੂੰ ਕਿਸੇ ਗੱਲ ਦੀ ਕਮੀ ਨਾ ਰਹਿਣ ਦਿੱਤੀ। ਮੈਨੂੰ ਖ਼ੁਸ਼ੀ ਹੈ ਕਿ ਮੈਂ ਉਨ੍ਹਾ ਦੀ ਆਸਾਂ ਤੇ ਪੂਰਾ ਉਤਰਿਆ ਤੇ ਉਹ ਕੁਝ ਕਰ ਵਿਖਾਇਆ ਜਿਸ ਦੀ ਉਨ੍ਹਾਂ ਨੂੰ ਇੱਛਾ ਸੀ। ਮੈਂ ਆਪਣੀ ਸਫਲਤਾ ਲਈ ਮਾਤਾ ਜੀ ਦੀ ਸਹਾਇਤਾ ਤੇ ਆਸ਼ੀਰਵਾਦ ਨੂੰ ਹੀ ਜ਼ਿੰਮੇਵਾਰ ਸਮਝਦਾ ਹਾਂ।

ਡਾਕਟਰਾਂ ਦੀ ਸਫਲਤਾ ਲਈ ਉਨ੍ਹਾਂ ਦੀ ਪੜ੍ਹਾਈ ਤੇ ਸਿਖਲਾਈ ਹੀ ਕਾਫ਼ੀ ਨਹੀਂ ਹੁੰਦੀ। ਉਨ੍ਹਾਂ ਨੂੰ ਲੋਕਾਂ ਨਾਲ ਸਫਲ ਸੰਪਰਕ ਦੀ ਲੋੜ ਵੀ ਪੈਂਦੀ ਹੈ ਤੇ ਆਪਣੇ ਕਸਬੀ ਗੁਣਾਂ ਨੂੰ ਵਰਤਣ ਦੀ ਜਾਚ ਵੀ ਸਿਖਣੀ ਪੈਂਦੀ ਹੈ। ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਮੈਂ ਇਹ ਸਭ ਕੁਝ ਮਾਤਾ ਜੀ ਕੋਲੋਂ ਸਿਖਿਆ। ਉਨ੍ਹਾਂ ਮੈਨੂੰ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਦੀ ਸਿਖਿਆ ਦਿੱਤੀ ਤੇ ਹਰ ਮਰੀਜ ਨੂੰ ਪੂਰਾ ਧਿਆਨ ਦੇਣ ਦਾ ਮਸ਼ਵਰਾ ਦਿੱਤੇ। ਆਰੀਆ ਸਮਾਜੀ ਹੋਣ ਕਾਰਣ ਉਹ ਜ਼ਾਤ-ਪਾਤ ਵਿਚ ਵਿਸ਼ਵਾਸ ਨਹੀਂ ਸਨ ਕਰਦੇ। ਉਨ੍ਹਾਂ ਮੈਨੂੰ ਇਨ੍ਹਾਂ ਸਮਾਜਕ ਵਿਤਕਿਰਿਆਂ ਤੋਂ ਉੱਪਰ ਉੱਠਣ ਦੀ ਪ੍ਰੇਰਣਾ ਦਿੱਤੀ। ਦਰਅਸਲ ਉਨ੍ਹਾਂ ਮੈਨੂੰ ਮਨੁੱਖ ਮਾਤਰ ਨੂੰ ਪਿਆਰ ਕਰਨਾ ਸਿਖਾਇਆ। ਮੈਂ ਹਰ ਮਰੀਜ਼ ਨੂੰ ਇਕ ਇਨਸਾਨ ਵਜੋਂ ਵੇਖਦਾ ਹਾਂ, ਉਸ ਦੇ

ਸਮਾਜਕ ਤੇ ਆਰਥਕ ਪੱਧਰ ਤੋਂ ਨਹੀਂ। ਇਹ ਰੁਚੀ ਮਾਤਾ ਜੀ ਦੀ ਕਾਮਯਾਬੀ ਦੀ ਕੁੰਜੀ ਸੀ ਤੇ ਇਹ ਉਨ੍ਹਾਂ ਮੇਰੇ ਸਪੁੱਰਦ ਕਰ ਦਿੱਤੀ। ਮੇਰੇ ਲਈ ਹਰ ਮਰੀਜ਼ ਇਕ ਮਨੁੱਖ ਹੁੰਦਾ ਹੈ, ਹਿੰਦੂ, ਮੁਸਲਮਾਨ, ਸਿਖ, ਜਾਂ ਈਸਾਈ ਨਹੀਂ। ਅਮੀਰ, ਗ਼ਰੀਬ, ਜਾਂ ਵਿਚਕਾਰਲਾ ਨਹੀਂ। ਉਸ ਦੀ ਬੀਮਾਰੀ ਹੀ ਮੇਰੇ ਲਈ ਇਕ ਚੁਣੌਤੀ ਹੁੰਦੀ ਹੈ ਜਿਸ ਨਾਲ ਮੈਂ ਆਪਣੀ ਸੂਝ ਤੇ ਸਮਰੱਥਾ ਅਨੁਸਾਰ ਜੂਝਦਾ ਹਾਂ ਤੇ ਅਕਸਰ ਸਫਲ ਹੁੰਦਾ ਹਾਂ। ਇਹ ਸਿਖਿਆ ਮੈਨੂੰ ਮਾਤਾ ਜੀ ਦੀ ਹੀ ਦਿੱਤੀ ਹੋਈ ਹੈ - ਆਪਣੀ ਕਥਨੀ ਤੇ ਕਰਨੀ ਰਾਹੀਂ।

ਕਈ ਵਾਰੀ ਮੈਨੂੰ ਲਗਦਾ ਹੈ ਕਿ ਉਨ੍ਹਾਂ ਕੋਲ ਕੋਈ ਗੁੱਝੀ ਹੀਲਿੰਗ ਪਾਵਰ ਸੀ। ਉਹ ਜਿਸ ਮਰੀਜ਼ ਨੂੰ ਹੱਥ ਪਾਉਂਦੇ, ਠੀਕ ਹੋ ਜਾਂਦਾ। ਉਹ ਕੋਈ ਗੁੰਝਲਦਾਰ ਇਲਾਜ  ਨਹੀਂ ਸਨ ਕਰਦੇ, ਸਾਧਾਰਣ ਦਵਾਈਆਂ ਦੀ ਵਰਤੋਂ ਕਰਦੇ ਸਨ ਪਰ ਉਨ੍ਹਾਂ ਦੇ ਮਰੀਜ਼ ਨਿਸ਼ਚੇ ਹੀ ਤੰਦਰੁਸਤ ਹੋ ਜਾਂਦੇ ਸਨ। ਪਤਾ ਨਹੀਂ ਇਹ ਉਨ੍ਹਾਂ ਦੀ ਤਪੱਸਿਆ ਸੀ, ਕੁਰਬਾਨੀ, ਜਾਂ ਤਜਰਬਾ। ਮਰੀਜ਼ਾਂ ਨੂੰ ਉਨ੍ਹਾਂ ਤੇ ਅਥਾਹ ਵਿਸ਼ਵਾਸ ਸੀ ਤੇ ਸ਼ਾਇਦ ਇਹ ਵਿਸ਼ਵਾਸ ਉਨ੍ਹਾਂ ਦੀ ਕਾਮਯਾਬੀ ਦਾ ਰਾਜ਼ ਸੀ। ਮੇਰੇ ਵਿਚ ਵੀ ਲੋਕਾਂ ਦਾ ਵਿਸ਼ਵਾਸ ਕਈ ਵਾਰੀ ਇਸ ਕਰ ਕੇ ਵੀ ਹੁੰਦਾ ਹੈ ਕਿ ਮੈਂ ਮਾਤਾ ਜੀ ਦਾ ਪੋਤਾ ਹਾਂ। ਉਹ ਸਮਝਦੇ ਹਨ ਕਿ ਕਿਸੇ ਹੱਦ ਤੱਕ ਉਨ੍ਹਾਂ ਦੀ ਸ਼ਫ਼ਾ ਮੇਰੇ ਹੱਥ ਵਿਚ ਵੀ ਹੈ। ਮੈਂ ਕੋਸ਼ਿਸ ਕਰਦਾ ਹਾਂ ਕਿ ਆਪਣੇ ਮਰੀਜ਼ਾਂ ਵਿਚ ਉਹ ਵਿਸ਼ਵਾਸ ਪੈਦਾ ਕਰਾਂ ਜੋ ਮਾਤਾ ਜੀ ਆਪਣੇ ਮਰੀਜ਼ਾਂ ਵਿਚ ਪੈਦਾ ਕਰ ਦਿੰਦੇ ਸਨ। ਵਿਸ਼ਵਾਸ ਇਕ ਅਜਿਹਾ ਜਾਦੂ ਹੈ ਜੋ ਕਿਸੇ ਨੂੰ ਵੀ ਠੀਕ ਕਰ ਸਕਦਾ ਹੈ। ਮਾਤਾ ਜੀ ਨੇ ਲੋਕਾਂ ਵਿਚ ਅਥਾਹ ਵਿਸ਼ਵਾਸ ਪੈਦਾ ਕੀਤਾ। ਉਹ ਆਪ ਵਿਸ਼ਵਾਸ ਦੀ ਸਾਕਾਰ ਮੂਰਤ ਸਨ। ਮੈਂ ਵੀ ਇਹ ਵਿਸ਼ਵਾਸ ਪੈਦਾ ਕਰਨ ਦਾ ਯਤਨ ਕਰਦਾ ਹਾਂ ਜੋ ਮੈਨੂੰ ਮਾਤਾ ਜੀ ਦੀ ਹੀ ਦੇਣ ਹੈ।

ਮਾਤਾ ਜੀ ਬਿਆਸ ਲਈ ਤੇ ਸਾਰੇ ਇਲਾਕੇ ਲਈ ਮਦਰ ਟੈਰੇਸਾ ਵਾਂਗ ਸਨ। ਉਹ ਬੇਸਹਾਰਾ ਲੋਕਾਂ ਦੀ ਮਦਦ ਕਰਦੇ ਸਨ, ਯਤੀਮ ਬੱਚਿਆਂ ਨੂੰ ਸੰਭਾਲਦੇ ਸਨ, ਤੇ ਉਨ੍ਹਾਂ ਨੂੰ ਅਜਿਹੇ ਪਰਿਵਾਰਾਂ ਨੂੰ ਸੌਂਪਦੇ ਸਨ ਜਿੱਥੇ ਉਨ੍ਹਾਂ ਨੂੰ ਪੂਰਾ ਪਿਆਰ ਮਿਲੇ। ਗ਼ਰੀਬਾਂ ਦਾ ਮੁਫ਼ਤ ਇਲਾਜ ਕਰਦੇ ਸਨ ਤੇ ਸਮਸਾਜ ਦੇ ਸਾਰੇ ਵਰਗਾਂ ਵਿਚ ਬਰਾਬਰੀ ਦੀ ਭਾਵਨਾ ਜਗਾਉਂਦੇ ਸਨ। ਮੈਂ ਬਿਆਸ ਵਿਚ ਇਕ ਹਸਪਤਾਲ ਬਣਾ ਰਿਹਾ ਹਾਂ ਜਿਹੜਾ ਉਨ੍ਹਾਂ ਦੇ ਨਾਂ ਤੇ ਹੋਵੇ ਗਾ। ਜਦੋਂ ਮੈਂ ਉਨ੍ਹਾਂ ਨੂੰ ਇਸ ਹਸਪਤਾਲ ਦਾ ਨੀਂਹ ਪੱਥਰ ਰੱਖਣ ਲਈ ਬੁਲਾਇਆ ਤਾਂ ਮੈਂ ਉਨ੍ਹਾਂ ਦੀ ਉੱਚੀ ਸੋਚ ਦਾ ਪ੍ਰਤੱਖ ਪ੍ਰਗਟਾਵਾ ਵੇਖ ਕੇ ਹੈਰਾਨ ਹੋ ਗਿਆ। ਉਨ੍ਹਾਂ ਕੋਈ ਭੂਮੀ ਪੂਜਨ ਨਹੀਂ ਕੀਤਾ ਸਗੋਂ ਉੱਥੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਆਪਣੇ ਕੋਲ ਸੱਦਿਆ ਤੇ ਉਨ੍ਹਾਂ ਵੱਲ ਮੂੰਹ ਕਰ ਕੇ ਗਾਇਤ੍ਰੀ ਮੰਤਰ ਪੜ੍ਹਿਆ ਤੇ ਕਿਹਾ: "ਪੂਜਾ ਤਾਂ ਇਨ੍ਹਾਂ ਦੀ ਹੋਣੀ ਚਾਹੀਦੀ ਹੈ ਜੋ ਆਪਣੀ ਮਿਹਨਤ ਨਾਲ ਦੇਸ਼ ਤੇ ਸਮਾਜ ਦਾ ਨਿਰਮਾਣ ਕਰਦੇ ਹਨ।" ਉਨ੍ਹਾਂ ਆਪ ਵੀ ਨੀਂਹ ਵਿਚ ਇੱਟ ਰੱਖੀ ਤੇ ਉਨ੍ਹਾਂ ਮਜ਼ਦੂਰਾਂ ਕੋਲੋਂ ਵੀ ਇੱਕ ਇੱਕ ਇੱਟ ਰਖਵਾਈ। ਮੈਂ ਉਨ੍ਹਾਂ ਦਾ ਮਾਨਵਵਾਦੀ

ਦ੍ਰਿਸ਼ਟੀਕੋਣ ਵੇਖ ਕੇ ਬੜਾ ਪ੍ਰਭਾਵਿਤ ਹੋਇਆ। ਮੈਨੂੰ ਜਾਪਿਆ ਕਿ ਉਹ ਸਾਡੇ ਤੋਂ ਬਹੁਤ ਅੱਗੇ ਹਨ, ਉਨ੍ਹਾਂ ਦੀ ਦ੍ਰਿਸ਼ਟੀ ਵਰਤਮਾਨ ਤਕ ਸੀਮਿਤ ਨਹੀਂ ਸਗੋਂ ਦੂਰ ਭਵਿੱਖ ਤਕ ਜਾਂਦੀ ਹੈ।

ਭਾਵੇਂ ਮਾਤਾ ਜੀ ਸਾਥੋਂ ਬਹੁਤ ਦੂਰ ਚਲੇ ਗਏ ਹਨ, ਉਨ੍ਹਾਂ ਦੀਆਂ ਯਾਦਾਂ ਤੇ ਨੇਕ ਕੰਮਾਂ ਦਾ ਖ਼ਜ਼ਾਨਾ ਸਾਡੇ ਕੋਲ ਹੈ। ਉਨ੍ਹਾਂ ਦੀ ਯਾਦ ਵਿਚ ਬਣਾਇਆ ਗਿਆ, 'ਭਰਾਵਾਂ ਬਾਈ ਆਰੀਆ ਜਨਰਲ ਤੇ ਡੈਂਟਲ ਹਸਪਤਾਲ' ਇਕ ਸਮਾਰਕ ਹੋਵੇ ਗਾ ਜਿੱਥੇ ਉਨ੍ਹਾਂ ਦੀਆਂ ਮਨੁੱਖੀ ਕਦਰਾਂ ਤੇ ਉਨ੍ਹਾਂ ਦੀਆਂ ਪਾਈਆਂ ਲੀਹਾਂ ਤੇ ਕੰਮ ਹੋਵੇ ਗਾ। ਇੱਥੇ ਉਨ੍ਹਾਂ ਦੇ ਪੁੱਤਰ ਤੇ ਮੇਰੇ ਪਿਤਾ ਦਇਆ ਨੰਦ ਦੀ ਯਾਦ ਵਿਚ ਇਕ ਲਾਇਬ੍ਰੇਰੀ ਵੀ ਬਣਾਈ ਜਾਏ ਗੀ ਜਿੱਥੇ ਹਸਪਤਾਲ ਵਿਚ ਆਉਣ ਵਾਲੇ ਮਰੀਜ਼ ਤੇ ਆਮ ਪਾਠਕ ਸੂਚਨਾ ਤੇ ਮਨੋਰੰਜਨ ਪ੍ਰਾਪਤ ਕਰ ਸਕਣ। ਅਸੀਂ ਹਰ ਮੁਮਕਿਨ ਕੋਸ਼ਿਸ ਕਰਾਂ ਗੇ ਕਿ ਇਸ ਹਸਪਤਾਲ ਰਾਹੀਂ ਅਸੀਂ ਆਪਣੇ ਪਿੰਡ ਤੇ ਇਲਾਕੇ ਦੀ ਉਨ੍ਹਾਂ ਦੇ ਦਰਸਾਏ ਆਦਰਸ਼ਾਂ ਅਨੁਸਾਰ ਸੇਵਾ ਕਰ ਸਕੀਏ। ਲੋਕ ਸੇਵਾ ਦਾ ਜਿਹੜਾ ਕੰਮ ਉਨ੍ਹਾਂ ਮੈਨੂੰ ਇਕ ਡਾਕਟਰ ਬਣਾ ਕੇ ਸੌਂਪਿਆ ਹੈ, ਉਸ ਨੂੰ ਪੂਰੀ ਈਮਾਨਦਾਰੀ ਤੇ ਕਸਬੀ ਸੂਝ ਨਾਲ ਪੂਰਾ ਕਰਨ ਦੀ ਹਰ ਮੁਮਕਿਨ ਕੋਸ਼ਿਸ਼ ਕਰਾਂ ਗਾ। ਮੈਨੂੰ ਮਾਣ ਹੈ ਕਿ ਇਸ ਮਿਸ਼ਨ ਵਿਚ ਮੇਰੇ ਪਾਪਾ ਸਤਿਆ ਨੰਦ, ਮਾਂ ਆਸ਼ਾ ਰਾਣੀ, ਪਤਨੀ ਡਾ: ਸਰਿਤਾ ਅਰੋੜਾ, ਮੇਰਾ ਵੀਰ ਡਾ: ਵਿਨੀਤ ਤੇ ਉਸ ਦੀ ਪਤਨੀ ਡਾ: ਸ਼ਰੁਤੀ, ਅਤੇ ਮੇਰੇ ਸਾਰੇ ਬੱਚੇ ਕੋਮਲ, ਵਿਸ਼ਵਾਨੀ ਤੇ ਤਰੁਣਦੀਪ ਮੇਰੇ ਨਾਲ ਹਨ।

ਮੈਨੂੰ ਮੇਰੀ ਆਂਟੀ ਅੰਮ੍ਰਿਤਾ ਸੇਵਕ, ਭੂਆ ਈਸ਼ਵਰ ਤੇ ਅੰਮ੍ਰਿਤ, ਛੋਟੇ ਵੀਰ ਡਾ: ਆਦਿਤਯ ਸੇਵਕ, ਮੇਰੀਆਂ ਭੈਣਾਂ, ਕਵਿਤਾ ਤੇ ਸਵਿਤਾ, ਤੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਵੀ ਸ਼ੁਭ-ਕਾਮਨਾਵਾਂ ਭੇਜੀਆਂ ਹਨ ਜਿਨ੍ਹਾਂ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ। ਸਭ ਤੋਂ ਵੱਧ ਤਾਂ ਮੈਨੂੰ ਆਪਣੇ ਪਿੰਡ ਬਿਆਸ ਦੇ ਬਜ਼ੁਰਗਾਂ ਦਾ ਆਸ਼ੀਰਵਾਦ ਪ੍ਰਾਪਤ ਹੈ ਤੇ ਪਿੰਡ ਵਾਸੀਆਂ ਦਾ ਸਨੇਹ ਤੇ ਸਤਿਕਾਰ ਹਾਸਿਲ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮੈਂ ਉਨ੍ਹਾਂ ਦੀਆਂ ਆਸਾਂ ਤੇ ਪੂਰਾ ਉਤਰਾਂ ਗਾ ਅਤੇ ਮਾਤਾ ਜੀ ਦੇ ਸੁਫ਼ਨਿਆਂ ਨੂੰ ਸਾਕਾਰ ਕਰ ਸਕਾਂ ਗਾ।

**- ਡਾ. ਵਿਜੈ ਕੁਮਾਰ ਅਰੋੜਾ**

ਬਿਆਸ, ਅੰਮ੍ਰਿਤਸਰ।

# ਸੁਪਨਿਆਂ ਦੀ ਰਾਣੀ

ਮਾਤਾ ਜੀ ਬਾਰੇ ਮੇਰੀਆਂ ਮੁਢਲੀਆਂ ਯਾਦਾਂ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਨਾਲ ਜੁੜੀਆਂ ਹੋਈਆਂ ਹਨ ਜਦੋਂ ਮੈਂ 7-8 ਸਾਲਾਂ ਦਾ ਸਾਂ। ਮੇਰੀ ਕਲਪਨਾ ਵਿਚ ਉਹ ਦੁਨੀਆਂ ਦੀ ਸਭ ਤੋਂ ਸੁੰਦਰ ਤੇ ਆਕਰਸ਼ਕ ਇਸਤ੍ਰੀ ਸੀ। ਮੈਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ। ਉਨ੍ਹਾਂ ਦਿਨਾਂ ਵਿਚ ਮੈਂ ਇਕ ਫ਼ਿਲਮੀ ਗੀਤ ਗਾ ਕੇ ਬੜਾ ਖ਼ੁਸ਼ ਹੁੰਦਾ ਸਾਂ: ਮੇਰੇ ਸਪਨੋਂ ਕੀ ਰਾਣੀ ਕਬ ਆਏ ਗੀ ਤੂ! ਉਹ ਮੈਨੂੰ ਮਜ਼ਾਕ ਨਾਲ ਪੁੱਛਦੇ: “ਕੌਣ ਹੈ ਤੇਰੇ ਸੁਪਨਿਆਂ ਦੀ ਰਾਣੀ?” ਮੈਂ ਝਟ ਜਵਾਬ ਦਿੰਦਾ: “ਤੁਸੀਂ!” ਤੇ ਅਸੀਂ ਖ਼ੂਬ ਹਸਦੇ। ਮੈਨੂੰ ਜਾਪਦਾ ਹੈ ਕਿ ਉਨ੍ਹਾਂ ਦਿਨਾ ਵਿਚ ਮੇਰੇ ਮਾਸੂਮ ਖ਼ਵਾਬਾਂ ਦੀ ਰਾਣੀ ਸਚਮੁੱਚ ਮੇਰੀ ਪਿਆਰੀ ਦਾਦੀ ਹੀ ਸੀ। ਉਹ ਵੀ ਮੈਨੂੰ ਕਿਹਾ ਕਰਦੇ ਸਨ : “ਤੂੰ ਮੇਰੇ ਸੁਪਨਿਆਂ ਦਾ ਰਾਜਾ ਏਂ!” ਮੈਨੂੰ ਮੇਰੇ ਪਿਤਾ ਡਾ: ਸਤਿਆ ਨੰਦ ਸੇਵਕ ਨੇ ਕਈ ਵਾਰੀ ਦਸਿਆ ਹੈ ਕਿ ਮੇਰੀ ਸ਼ਕਲ ਆਪਣੇ ਦਾਦਾ ਲਾਲਾ ਟਿਕਾਇਆ ਰਾਮ ਨਾਲ ਬੜੀ ਮਿਲਦੀ ਹੈ ਹਾਲਾਂਕਿ ਉਨ੍ਹਾਂ ਕੋਲ ਵੀ ਆਪਣੇ ਮਰਹੂਮ ਬਾਪ ਦੀਆਂ ਧੁੰਦਲੀਆਂ ਯਾਦਾਂ ਹੀ ਹਨ। ਸ਼ਾਇਦ ਮਾਤਾ ਜੀ ਨੂੰ ਵੀ ਮੇਰੇ ਚਿਹਰੇ ਤੋਂ ਮੇਰੇ ਦਾਦੇ ਦਾ ਝਾਉਲਾ ਪੈਂਦਾ ਹੋਵੇ। ਇਹ ਗੱਲ ਪੱਕੀ ਹੈ ਕਿ ਮਾਤਾ ਜੀ ਮੈਨੂੰ ਕਿਸੇ ਵੀ ਹੋਰ ਬੱਚੇ ਨਾਲੋਂ ਵਧ ਪਿਆਰ ਕਰਦੇ ਸਨ। ਸ਼ਾਇਦ ਇਹੀ ਕਾਰਣ ਸੀ ਕਿ ਮੇਰੇ ਹੋਰ ਭੈਣ ਭਰਾ ਮੇਰੇ ਨਾਲ ਈਰਖਾ ਕਰਦੇ ਸਨ।

ਮੇਰਾ ਜਨਮ ਬਿਆਸ ਹੀ ਹੋਇਆ ਸੀ ਮਾਤਾ ਜੀ ਦੀ ਸਹਾਇਤਾ ਨਾਲ। ਉਨ੍ਹਾਂ ਮੈਨੂੰ ਕਈ ਵਾਰੀ ਦਸਿਆ ਸੀ ਕਿ ਮੇਰੇ ਜਨਮ ਬਾਰੇ ਉਨ੍ਹਾਂ ਨੂੰ ਇਕ ਸੁਫ਼ਨਾ ਆਇਆ ਸੀ। ਇਸ ਸੁਫ਼ਨੇ ਵਿਚ ਉਨ੍ਹਾਂ ਨੂੰ ਦਇਆ ਨੰਦ ਮਿਲੇ ਸਨ ਜੋ ਮੇਰੇ ਤਾਇਆ ਜੀ ਸਨ ਤੇ ਜਿਨ੍ਹਾਂ ਦੀ ਮੌਤ 1963 ਵਿਚ ਯੋਗੋਸਲਾਵੀਆ ਵਿਚ ਹੋਈ ਸੀ। ਮਾਤਾ ਜੀ ਦਇਆ ਨੰਦ ਦੇ ਵਿਛੋੜੇ ਦਾ ਦੁੱਖ ਸਹਿਨ ਨਹੀਂ ਸਨ ਕਰ ਸਕੇ। ਸੁਫ਼ਨੇ ਵਿਚ ਦਇਆ ਨੰਦ ਨੇ ਉਨ੍ਹਾਂ ਨੂੰ ਦਸਿਆ ਕਿ ਉਹ ਘਰ ਮੁੜ ਆਉਣ ਗੇ, ਇਸ ਲਈ ਉਹ ਰੋਇਆ ਨਾ ਕਰਨ। ਇਸ ਸੁਫ਼ਨੇ ਤੋਂ ਕੁਝ ਹੀ ਦਿਨਾਂ ਬਾਅਦ 1966 ਵਿਚ ਮੇਰਾ ਜਨਮ ਹੋਇਆ। ਮਾਤਾ ਜੀ ਮੈਨੂੰ ਹਮੇਸ਼ਾਂ ਦਇਆ ਨੰਦ ਦਾ ਹੀ ਰੂਪ ਸਮਝਦੇ ਸਨ ਤੇ ਮੈਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦੇ ਸਨ। ਦਰਅਸਲ ਉਹ ਮੈਨੂੰ ਇਕ ਰਾਜਕੁਮਾਰ ਦਾ ਦਰਜਾ ਦਿੰਦੇ ਸਨ ਤੇ ਮੈਂ ਜਦੋਂ ਵੀ ਬਿਆਸ ਆਉਂਦਾ, ਮੈਨੂੰ ਸ਼ਾਹੀ ਮਹਿਮਾਨ ਵਾਲਾ ਪਿਆਰ ਮਿਲਦਾ। ਉਹ ਰੋਜ਼ ਮੈਨੂੰ ਇੰਨੇ ਪੈਸੇ ਦਿੰਦੇ ਜਿਹੜੇ ਮੈਂ ਸਾਰਾ ਦਿਨ ਖ਼ਰਚ ਹੀ ਨਾ ਕਰ ਸਕਦਾ। ਮੈਂ ਬਾਜ਼ਾਰ ਜਾ ਕੇ ਬਟੂਏ, ਖਿਡੌਣੇ, ਪਤੰਗਾਂ, ਡੋਰ ਆਦਿ ਖ਼ਰੀਦ ਲਿਆਉਂਦਾ। ਮਾਤਾ ਜੀ ਮੈਨੂੰ ਕਦੇ ਵੀ

ਇਹੋ ਜਿਹੀਆਂ ਚੀਜ਼ਾਂ ਖਰੀਦਣ ਤੋਂ ਨਹੀਂ ਸੀ ਰੋਕਿਆ। ਆਖ਼ਿਰ ਮੈਂ ਤਾਂ ਇਕ ਸਹਿਜ਼ਾਦਾ ਸਾਂ ਜੋ ਆਪਣੀ ਰਿਆਸਤ ਵਿਚ ਮੌਜ ਮਸਤੀ ਕਰਨ ਆਇਆ ਹੋਵੇ। ਮੈਂ ਜਦੋਂ ਵੀ ਪੈਸੇ ਮੰਗਣੇ, ਉਨ੍ਹਾਂ ਮੈਨੂੰ ਘੱਟੋ ਘੱਟ ਇਕ ਰੁਪਇਆ ਜ਼ਰੂਰ ਦੇਣਾ। ਵੈਸੇ ਰਕਮ ਮੈਨੂੰ ਆਪਣੀਆਂ ਲੋੜਾਂ ਤੋਂ ਵੱਧ ਹੀ ਮਿਲਦੀ ਸੀ ਪਰ ਉਨ੍ਹਾਂ ਦਿਨਾ ਵਿਚ ਖਰਚਣ ਲਈ ਇਕ ਰੁਪਇਆ ਵੀ ਘੱਟ ਨਹੀਂ ਸੀ ਹੁੰਦਾ। ਜਦੋਂ ਮੈਂ ਡੋਰ ਲੈ ਕੇ ਆਉਂਦਾ ਤਾਂ ਉਹ ਮੈਨੂੰ ਆਪਣੇ ਹਸਪਤਾਲ 'ਚੋਂ ਰਬੜ ਦੇ ਨਵੇਂ ਦਸਤਾਨੇ ਦੇ ਦਿੰਦੇ ਤਾਂ ਜੋ ਪਤੰਗ ਉਡਾਉਣ ਵੇਲੇ ਮੇਰੀਆਂ ਉਂਗਲੀਆਂ ਕੱਟੀਆ ਨਾ ਜਾਣ। ਬਿਆਸ ਵਿਚ ਆ ਕੇ ਕਈ ਦਿਨ ਰਹਿਣ ਦਾ ਮੇਰਾ ਇਕ ਕਾਰਣ ਇਹ ਵੀ ਸੀ ਕਿ ਇੱਥੇ ਮੇਰੀ ਹਰ ਮੰਗ ਪੂਰੀ ਹੋ ਜਾਂਦੀ ਸੀ ਪਰ ਇਸ ਤੋਂ ਵੱਡਾ ਕਾਰਣ ਮਾਤਾ ਜੀ ਦਾ ਮੇਰੇ ਪ੍ਰਤੀ ਅਥਾਹ ਮੋਹ ਵੀ ਸੀ ਜੋ ਮੈਨੂੰ ਉਨ੍ਹਾਂ ਵਲ ਖਿਚ ਲਿਆਉਂਦਾ ਸੀ।

ਮੈਨੂੰ ਇੰਜ ਲਗਦਾ ਹੈ ਕਿ ਮੈਨੂੰ ਆਪਣੇ ਦੋਵੇਂ ਵੱਡੇ ਭਰਾਵਾਂ ਨਾਲੋਂ ਆਪਣੇ ਮਾਤਾ-ਪਿਤਾ ਦਾ ਪਿਆਰ ਵਧੇਰੇ ਮਿਲਿਆ ਤੇ ਆਪਣੀ ਦਾਦੀ ਦਾ ਸਭ ਤੋਂ ਜ਼ਿਆਦਾ। ਸ਼ਾਇਦ ਉਨ੍ਹਾਂ ਦੇ ਲਾਡ ਨੇ ਮੈਨੂੰ ਵਿਗਾੜ ਵੀ ਦਿੱਤਾ ਸੀ ਤੇ ਮੇਰੇ ਭਰਾ ਮੈਨੂੰ 'ਪ੍ਰਿੰਸ' ਕਹਿ ਕੇ ਛੇੜਿਆ ਕਰਦੇ ਸਨ। ਉਹ ਦੋਵੇਂ ਮਾਤਾ ਜੀ ਦੇ ਇੰਨੇ ਨੇੜੇ ਹੋ ਹੀ ਨਾ ਸਕੇ ਜਿੰਨਾ ਮੈਂ ਸਾਂ। ਸ਼ਾਹਿਦ ਇਹੀ ਕਾਰਣ ਹੈ ਕਿ ਮੈਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਸਮਝ ਸਕਦਾ ਸਾਂ। ਆਪਣੀ ਜ਼ਿੰਦਗੀ ਦੀ ਆਖ਼ਰੀ ਗੱਲ ਵੀ ਉਨ੍ਹਾਂ ਮੇਰੇ ਨਾਲ ਹੀ ਕਰਨ ਦੀ ਕੋਸ਼ਿਸ ਕੀਤੀ ਜਦੋਂ ਉਹ ਡਾਕਟਰਾਂ ਨਾਲ ਘਿਰੇ ਹੋਏ ਸਨ, ਪਰ ਡਾਕਟਰਾਂ ਉਨ੍ਹਾਂ ਨੂੰ ਉੱਠਣ ਹੀ ਨਾ ਦਿੱਤਾ। ਡਾਕਟਰਾਂ ਨੇ ਤਾਂ ਉਨ੍ਹਾਂ ਦੇ ਮੂੰਹ ਵਿਚ ਪਲਾਸਟਿਕ ਸਟਿਕ ਪਾ ਦਿੱਤੀ ਤਾਂ ਜੋ ਉਨ੍ਹਾਂ ਦੀ ਜ਼ੁਬਾਨ ਨਾ ਕੱਟੀ ਜਾਏ। ਤੇ ਇਸ ਤੋਂ ਬਾਅਦ ਉਹ ਬੋਲ ਹੀ ਨਾ ਸਕੇ। ਪਤਾ ਨਹੀਂ ਕੀ ਗੱਲ ਆਈ ਸੀ ਉਨ੍ਹਾਂ ਦੇ ਮਨ ਵਿਚ ਜੋ ਉਨ੍ਹਾਂ ਦੀ ਜ਼ਬਾਨ ਤੇ ਆ ਹੀ ਨਾ ਸਕੀ। ਤੇ ਮੈਂ ਪਛਤਾਉਂਦਾ ਹੀ ਰਹਿ ਗਿਆ ਕਿ ਮੈਂ ਉਨ੍ਹਾਂ ਨੂੰ ਕਿਉਂ ਨਾ ਉਠਾਇਆ।

ਸਾਡੇ ਪਰਿਵਾਰ ਵਿਚ ਮਾਤਾ ਜੀ ਸ਼ਕਤੀ ਦਾ ਪ੍ਰਤੀਕ ਸਨ। ਉਨ੍ਹਾਂ ਨੇ ਆਪਣੇ ਸ਼ਬਦਾਂ ਤੇ ਕੰਮਾਂ ਨਾਲ ਹਰ ਇਕ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦਾ ਕਿਹਾ ਹਰ ਸ਼ਬਦ ਇਕ ਫ਼ੈਸਲਾ ਹੁੰਦਾ ਸੀ। ਰੱਬ ਨੇ ਉਨ੍ਹਾਂ ਨੂੰ ਕੋਈ ਅਜਿਹੀ ਸ਼ਕਤੀ ਦਿੱਤੀ ਸੀ ਕਿ ਜੋ ਉਹ ਕਹਿੰਦੇ ਸੱਚ ਹੋ ਜਾਂਦਾ। ਉਹ ਮੈਨੂੰ ਕਈ ਵਾਰ ਦਸਦੇ ਸਨ ਕਿ ਲੋਕੀਂ ਉਨ੍ਹਾਂ ਕੋਲੋਂ ਇਲਾਜ ਕਰਵਾਉਣ ਆਉਂਦੇ ਤਾਂ ਪੁੱਤਰ ਦੀ ਦਾਤ ਮੰਗਦੇ। ਮਾਤਾ ਜੀ ਉਨ੍ਹਾਂ ਔਰਤਾਂ ਦਾ ਇਲਾਜ ਆਯੁਰਵੈਦਿਕ ਵਿਧੀ ਨਾਲ ਤਾਂ ਕਰਦੇ ਹੀ, ਉਨ੍ਹਾਂ ਨੂੰ ਕੁਝ ਧਾਰਮਕ ਉਪਾਅ ਵੀ ਦਸਦੇ। ਉਨ੍ਹਾਂ ਦੀ ਦਵਾਈ ਮਰੀਜ਼ ਨੂੰ ਨਿਸ਼ਚਿਤ ਸਮੇਂ ਵੱਛੇ ਵਾਲੀ ਗਾਂ ਦੇ ਦੁੱਧ ਨਾਲ ਸੂਰਜ ਵਲ ਮੂੰਹ ਕਰ ਕੇ ਖਾਣੀ ਹੁੰਦੀ ਸੀ ਤੇ ਕਈ ਹਿਦਾਇਤਾਂ ਦਾ ਧਿਆਨ ਰਖਣਾ ਪੈਂਦਾ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਦਸਾਂ ਵਿਚੋਂ ਨੌਂ ਹਾਲਤਾਂ ਵਿਚ ਉਨ੍ਹਾਂ ਦਾ ਇਲਾਜ ਕਾਮਯਾਬ ਹੁੰਦਾ। ਇਕ ਡਾਕਟਰ ਦੀ ਹੈਸੀਅਤ

ਵਿਚ ਮੈਂ ਉਨ੍ਹਾਂ ਨੂੰ ਇਕ ਵਾਰੀ ਪੁੱਛਿਆ ਕਿ ਕੀ ਉਹ ਆਪ ਇਸ ਇਲਾਜ ਵਿਚ ਵਿਸ਼ਵਾਸ ਰਖਦੇ ਸਨ। ਉਨ੍ਹਾਂ ਮੈਨੂੰ ਸਾਫ਼ ਕਿਹਾ ਕਿ ਇਸ ਦਾ ਕੋਈ ਵਿਗਿਆਨਕ ਆਧਾਰ ਤਾਂ ਨਹੀਂ ਪਰ ਅਮਲੀ ਤੌਰ ਤੇ ਇਹ ਇਕ ਕਾਮਯਾਬ ਤੇ ਸੁਰਖਿਅਤ ਸਾਧਨ ਹੈ ਜਿਸ ਨੂੰ ਅਜ਼ਮਾਉਣ ਵਿਚ ਕੋਈ ਹਰਜ ਨਹੀਂ। ਇਸ ਨੂੰ ਤੁਸੀਂ ਵਿਸ਼ਵਾਸ ਕਹੋ, ਚਤਮਕਾਰ, ਜਾਂ ਕਿਸਮਤ, ਉਨ੍ਹਾਂ ਦੀ ਕਾਮਯਾਬੀ ਦੀ ਦਰ ਬਹੁਤ ਜ਼ਿਆਦਾ ਸੀ ਤੇ ਦੂਰ ਦੂਰ ਤੋਂ ਲੋੜਵੰਦ ਔਰਤਾਂ ਉਨ੍ਹਾਂ ਕੋਲ ਇਲਾਜ ਲਈ ਆਉਂਦੀਆਂ ਸਨ। 'ਫ਼ੇਥ-ਹੀਲਿੰਗ' ਅਥਵਾ ਵਿਸ਼ਵਾਸ-ਚਿਕਿਤਸਾ ਬਾਰੇ ਕਈ ਕਿਤਾਬਾਂ ਮਿਲਦੀਆਂ ਹਨ ਤੇ ਕਈ ਤਜਰਬੇ ਵੇਖੇ ਗਏ ਹਨ। ਮੈਂ ਮਾਤਾ ਜੀ ਦੀ ਇਲਾਜ ਦੀ ਵਿਧੀ ਨੂੰ ਇਸੇ ਘੇਰੇ ਵਿਚ ਰਖ ਸਕਦਾ ਹਾਂ।

ਮੈਨੂੰ ਜਾਪਦਾ ਹੈ ਕਿ ਮਾਤਾ ਜੀ ਆਪਣੇ ਸਮੇਂ ਤੋਂ ਬਹੁਤ ਅੱਗੇ ਸਨ - ਘੱਟ ਤੋਂ ਘੱਟ ਸੌ ਸਾਲ ਅੱਗੇ। ਕਈ ਵਾਰੀ ਅਸੀਂ ਸਾਰੇ ਆਪਣੇ ਪਰਿਵਾਰ, ਸਮਾਜ, ਦੇਸ਼ ਤੇ ਸੰਸਾਰ ਦੀਆਂ ਘਟਨਾਵਾਂ ਬਾਰੇ ਕੁਝ ਨਹੀਂ ਸਾਂ ਆਖ ਸਕਦੇ ਪਰ ਉਹ ਆਪਣੀ ਦੂਰ-ਦ੍ਰਿਸ਼ਟੀ ਨਾਲ ਕਈ ਇਹੋ ਜਿਹੀਆਂ ਗੱਲਾਂ ਕਰਦੇ ਜੋ ਸਹੀ ਸਾਬਿਤ ਹੁੰਦੀਆਂ। ਭਾਵੇਂ ਉਨ੍ਹਾਂ ਦੀ ਅਕਾਦਮਿਕ ਸਿਖਿਆ ਕੋਈ ਲੰਮੀ ਚੌੜੀ ਨਹੀਂ ਸੀ ਪਰ ਉਨ੍ਹਾਂ ਦੀ ਨੀਝ ਬੜੀ ਡੂੰਘੀ ਸੀ ਤੇ ਉਹ ਸਾਹਿੱਤ, ਸਭਿਆਚਾਰ, ਧਰਮ, ਤੇ ਰਾਜਨੀਤੀ ਬਾਰੇ ਇੰਨੀ ਸਾਰਥਕ ਚਰਚਾ ਕਰ ਸਕਦੇ ਸਨ ਜੋ ਅਜ ਦੇ ਪੋਸਟ-ਗ੍ਰੈਜੂਏਟ ਵੀ ਨਹੀਂ ਕਰ ਸਕਦੇ। ਉਹ ਅਖ਼ਬਾਰਾਂ ਤੇ ਧਾਰਮਿਕ ਰਸਾਲਿਆਂ ਨੂੰ ਇੰਨੀ ਬਾਰੀਕੀ ਨਾਲ ਪੜ੍ਹਦੇ ਸਨ ਕਿ ਉਨ੍ਹਾਂ ਦਾ ਗਿਆਨ-ਖੇਤਰ ਬੜਾ ਵਿਸ਼ਾਲ ਹੋ ਗਿਆ ਸੀ ਤੇ ਉਨ੍ਹਾਂ ਦੀਆਂ ਦਲੀਲਾਂ ਬੜੀਆਂ ਮੰਨਣ-ਯੋਗ ਹੁੰਦੀਆਂ ਸਨ। ਮੈਂ ਕਈ ਵਾਰੀ ਹੈਰਾਨ ਹੁੰਦਾ ਸਾਂ ਕਿ ਭਾਰਤ ਵਿਚ ਇਹੋ ਜਿਹੀਆਂ ਕਿੰਨੀਆਂ ਕੁ ਔਰਤਾਂ ਹੋਣ ਗੀਆਂ ਜੋ ਉਨ੍ਹਾਂ ਦੇ ਸਮੇਂ ਤੇ ਹਾਲਾਤ ਵਿਚ ਪੈਦਾ ਹੋਈਆਂ ਹੋਣ ਤੇ ਇੰਨੀ ਸਪੱਸ਼ਟਤਾ ਤੇ ਸਾਰਥਕਤਾ ਨਾਲ ਗੱਲ ਕਰ ਸਕਦੀਆਂ ਹੋਣ।

ਮਾਤਾ ਜੀ ਦੀ ਸ਼ਖ਼ਸੀਅਤ ਦੇ ਇਕ ਹੋਰ ਪੱਖ ਦੀ ਮੈਂ ਸਦਾ ਤਾਰੀਫ਼ ਕੀਤੀ ਹੈ। ਉਹ ਪਰਿਵਾਰਕ, ਸਮਾਜਕ, ਨੈਤਿਕ ਤੇ ਧਾਰਮਕ ਪੱਖੋਂ ਤਾਂ ਬੜੇ ਸਮਰੱਥ ਸਨ ਹੀ, ਉਹ ਆਰਥਕ ਪੱਖੋਂ ਵੀ ਬੜੇ ਯੋਗ ਸਨ। ਮੈਂ ਉਨ੍ਹਾਂ ਨੂੰ ਇਕ ਸਫਲ ਅਰਥ-ਸ਼ਾਸਤ੍ਰੀ ਵੀ ਆਖ ਸਕਦਾ ਹਾਂ। ਉਨ੍ਹਾਂ ਨੂੰ ਪੈਸੇ ਨਾਲ ਪਿਆਰ ਸੀ ਤੇ ਉਹ ਪੈਸੇ ਦੀ ਕੀਮਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਨੂੰ ਪੈਸਾ ਕਮਾਉਣਾ ਵੀ ਆਉਂਦਾ ਸੀ ਤੇ ਵਰਤਣਾ ਵੀ। ਸਾਡੇ ਪਰਿਵਾਰ ਵਿਚ ਕਿਸੇ ਨੇ ਵੀ ਪੈਸੇ ਦੀ ਅਹਿਮੀਅਤ ਨੂੰ ਇੰਨੀ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਮੇਰੇ ਪਿਤਾ ਕੋਲ ਤਾਂ ਬਸ 'ਸ਼ਬਦਾਂ ਦਾ ਸਰਮਾਇਆ' ਹੀ ਹੈ ਤੇ ਮਾਤਾ ਜੀ ਇਸ ਗੱਲੋਂ ਉਨ੍ਹਾਂ ਨਾਲ ਹਸਿਆ ਵੀ ਕਰਦੇ ਸਨ। ਸ਼ਾਇਦ ਵਿਜੈ ਤੇ ਮੈਂ ਮਾਤਾ ਜੀ ਦੇ ਜੀਵਨ ਦੇ ਇਸ ਪੱਖ ਨੂੰ ਕਿਸੇ ਹੱਦ ਤੱਕ ਸਮਝ ਸਕਦੇ ਹਾਂ ਤੇ ਸ਼ਾਇਦ ਮੈਂ ਹੀ ਹਾਂ ਜੋ ਇਸ ਬਾਰੇ ਖੁਲ੍ਹ ਕੇ ਕਹਿ ਰਿਹਾ ਹਾਂ। ਉਨ੍ਹਾਂ ਮੈਨੂੰ ਇੱਕ

ਗੱਲ ਦੱਸੀ ਸੀ ਜਿਸ ਦਾ ਸ਼ਾਇਦ ਕਿਸੇ ਨੂੰ ਪਤਾ ਨਹੀਂ, ਮੇਰੇ ਪਿਤਾ ਨੂੰ ਵੀ ਨਹੀਂ। ਪੰਜਾਹਵੇਂ ਦੇ ਦਹਾਕੇ ਦੇ ਮੱਧ ਜਾਂ ਅੰਤ ਵਿਚ ਉਨ੍ਹਾਂ ਨੇ ਆਗਰੇ ਦੇ ਨੇੜੇ ਨੌਂ ਏਕੜ ਦੇ ਕਰੀਬ ਖੇਤੀ ਯੋਗ ਜ਼ਮੀਨ ਵੀ ਖ਼ਰੀਦੀ ਜਿਸ ਲਈ ਉਨ੍ਹਾਂ ਦੇ ਕਿਸੇ ਵਾਕਿਫ਼ ਕਿਸਾਨ ਭਰਾ ਨੇ ਉਨ੍ਹਾਂ ਦੀ ਮਦਦ ਕੀਤੀ। ਕੁਝ ਸਾਲਾਂ ਬਾਅਦ ਉਨ੍ਹਾਂ ਨੇ ਇਹ ਜ਼ਮੀਨ ਚੰਗੇ ਲਾਭ ਤੇ ਵੇਚ ਦਿੱਤੀ। ਆਪਣੇ ਪਰਿਵਾਰ ਦੀ ਭਲਾਈ ਲਈ ਇਹੋ ਜਿਹਾ ਕੋਈ ਬੜੀ ਸੂਝਵਾਨ ਤੇ ਦੂਰਦਰਸ਼ੀ ਔਰਤ ਹੀ ਕਰ ਸਕਦੀ ਹੈ। ਹਰ ਮਾਂ-ਬਾਪ ਨੂੰ ਆਉਂਦੀ ਪੀੜ੍ਹੀ ਲਈ ਆਰਥਕ ਵਸੀਲੇ ਬਣਾਉਣੇ ਪੈਂਦੇ ਹਨ। ਮਾਤਾ ਜੀ ਦਾ ਆਪਣੇ ਬੱਚਿਆਂ ਦੇ ਉੱਜਲ ਭਵਿੱਖ ਲਈ ਕੰਮ ਨਿਸ਼ਚੇ ਹੀ ਉਨ੍ਹਾਂ ਦੀ ਡੂੰਘੀ ਸੋਚ ਤੇ ਅਥਾਹ ਹਿੰਮਤ ਦਾ ਨਤੀਜਾ ਸੀ।

ਮਾਤਾ ਜੀ ਨੂੰ ਨਿਸ਼ਚੇ ਹੀ ਪੈਸੇ ਨਾਲ ਪਿਆਰ ਸੀ। ਨੱਬੇ ਸਾਲ ਤੋਂ ਉੱਪਰ ਹੋਣ ਦੇ ਬਾਵਜੂਦ ਵੀ ਉਹ ਕੰਮ ਕਰਦੇ ਸਨ-ਮਰੀਜ਼ਾਂ ਦੇ ਭਲੇ ਲਈ ਹੀ ਨਹੀਂ, ਪੈਸੇ ਕਮਾਉਣ ਲਈ ਵੀ। ਆਪਣੀ ਹੋਸ਼ ਵਿਚ ਉਨ੍ਹਾਂ ਦੀ ਜ਼ਿੰਦਗੀ ਦਾ ਆਖ਼ਰੀ ਦਿਨ ਵੀ ਉਨ੍ਹਾਂ ਦਾ ਇਕ 'ਵਰਕਿੰਗ ਡੇਅ' ਸੀ ਤੇ ਉਸ ਦਿਨ ਵੀ ਉਨ੍ਹਾਂ ਕਈ ਸੌ ਰੁਪਏ ਪ੍ਰਾਪਤ ਕੀਤੇ ਸਨ। ਉਨ੍ਹਾਂ ਦੇ ਪੈਸੇ ਲਈ ਪਿਆਰ ਬਾਰੇ ਘਰ ਵਿਚ ਕਈ ਵਾਰ ਝਗੜਾ ਵੀ ਹੋ ਜਾਂਦਾ ਪਰ ਉਹ ਆਪਣੇ ਵਿਚਾਰਾਂ ਤੇ ਡਟੇ ਰਹਿੰਦੇ। ਉਹ ਕਰਮ ਕਰਨ ਤੇ ਫਲ ਪਾਉਣ ਵਿਚ ਵਿਸ਼ਵਾਸ ਰਖਦੇ ਸਨ, ਫਲ-ਹੀਨ ਕਰਮ ਵਿਚ ਨਹੀਂ। ਪਰ ਉਹ ਪੈਸੇ ਨੂੰ ਬੜੇ ਧਿਆਨ ਨਾਲ ਵਰਤਦੇ ਤੇ ਦਲੇਰੀ ਨਾਲ ਖ਼ਰਚਦੇ ਸਨ। ਵਿਜੈ ਤੇ ਵਿਨੀਤ ਨੂੰ ਇਸੇ ਪੈਸੇ ਨਾਲ ਹੀ ਉਨ੍ਹਾਂ ਡਾਕਟਰ ਬਣਾਇਆ। ਆਪਣੀਆਂ ਨੂੰਹਾਂ ਤੇ ਧੀਆਂ ਦੀ ਵੀ ਉਨ੍ਹਾਂ ਪੂਰੀ ਮਦਦ ਕੀਤੀ। ਜਦੋਂ ਮੈਂ ਆਪਣਾ ਨਵਾਂ ਮਕਾਨ ਖ਼ਰੀਦਣ ਲੱਗਾ ਤਾਂ ਉਨ੍ਹਾਂ ਮੇਰੀ ਪਲੈਨਿੰਗ ਨੂੰ ਸਹੀ ਆਖਿਆ ਤੇ ਮੈਨੂੰ ਇਕ ਲੱਖ ਰੁਪਇਆ ਦਿੱਤਾ। ਕਈ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੂੰ ਉਹ ਖੁੱਲ੍ਹ ਕੇ ਦਾਨ ਦਿੰਦੇ ਰਹਿੰਦੇ। ਆਰੀਆ ਸਮਾਜ ਬਿਆਸ ਟ੍ਰੱਸਟ ਲਈ ਉਨ੍ਹਾਂ ਇਕ ਲੱਖ ਰੁਪਇਆ ਰਾਖਵਾਂ ਕਰ ਦਿੱਤਾ। ਮੇਰੀ ਜਾਣਕਾਰੀ ਵਿਚ ਉਨ੍ਹਾਂ ਕਦੇ ਪੈਸੇ ਦੀ ਤੰਗੀ ਨਹੀਂ ਵੇਖੀ। ਉਨ੍ਹਾਂ ਹਮੇਸ਼ਾ ਪੈਸਾ ਧਿਆਨ ਨਾਲ ਜੋੜਿਆ, ਵਰਤਿਆ ਤੇ ਖ਼ਰਚਿਆ। ਮੈਂ ਉਨ੍ਹਾਂ ਦੀ ਆਰਥਕ ਸੋਚ ਨੂੰ ਹਮੇਸ਼ਾਂ ਸਲਾਹਿਆ ਤੇ ਸਹੀ ਸਮਝਿਆ ਹੈ।

ਮਾਤਾ ਜੀ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ। ਉਹ ਹਮੇਸ਼ਾਂ ਆਪਣੀਆਂ ਨੂੰਹਾਂ, ਪੋਤ-ਨੂੰਹਾਂ ਤੇ ਜਵਾਨ ਔਰਤਾਂ ਨੂੰ ਸੱਤਾਂ ਪੁੱਤਾਂ ਦੀ ਮਾਂ ਬਣਨ ਦੀ ਆਸ਼ੀਰਵਾਦ ਦਿੰਦੇ। ਭਾਵੇਂ ਉਹ ਧੀਆਂ ਨੂੰ ਵੀ ਬਹੁਤ ਪਿਆਰ ਕਰਦੇ ਸਨ ਪਰ ਪੁੱਤਾਂ ਨਾਲ ਉਨ੍ਹਾਂ ਨੂੰ ਖ਼ਾਸ ਮੋਹ ਸੀ। ਆਪਣੇ ਜਵਾਨ ਪੁੱਤਰ ਦਇਆ ਨੰਦ ਦੀ ਮੌਤ ਨੇ ਜਿਵੇਂ ਉਨ੍ਹਾਂ ਨੂੰ ਅੰਦਰੋਂ ਤੋੜ ਦਿੱਤਾ ਤੇ ਉਨ੍ਹਾਂ ਵਿਚ ਇਕ ਕਮੀ ਦਾ ਅਹਿਸਾਸ ਪੈਦਾ ਕਰ ਦਿੱਤਾ। ਵਿਨੀਤ ਨੂੰ ਗੋਦ ਲੈਣਾ ਕਿਸੇ ਹੱਦ ਤਕ ਇਸ ਕਮੀ ਨੂੰ ਪੂਰਣ ਦਾ ਯਤਨ ਵੀ ਸੀ। ਉਸ ਨੂੰ ਮਾਤਾ ਜੀ ਨੇ ਬੜੇ ਲਾਡ ਨਾਲ ਪਾਲਿਆ ਜਿਸ ਨਾਲ ਸਾਡੇ ਮਨ ਵਿਚ ਈਰਖਾ ਵੀ ਪੈਦਾ ਹੋਈ ਜੋ ਬੱਚਿਆਂ ਵਿਚ ਅਕਸਰ ਹੋ ਜਾਂਦੀ ਹੈ।

ਸ਼ਾਇਦ ਵਧਦੀ ਉਮਰ ਨਾਲ ਮਾਤਾ ਜੀ ਦੇ ਮਨ ਵਿਚ ਕੁਝ ਅਸੁਰਖਿਆ ਦੀ ਭਾਵਨਾ ਪੈਦਾ ਹੋ ਗਈ ਸੀ ਤੇ ਉਹ ਚਾਹੁੰਦੇ ਸਨ ਕਿ ਕੋਈ ਬੱਚਾ ਹਮੇਸ਼ਾ ਉਨ੍ਹਾਂ ਕੋਲ ਰਹੇ। ਭਾਵੇਂ ਵਿਨੀਤ ਦੀ ਸਕੂਲੀ ਤੇ ਕਾਲਿਜ ਦੀ ਸਿਖਿਆ ਲੁਧਿਆਣੇ ਹੀ ਹੋਈ, ਉਹ ਮਾਤਾ ਜੀ ਕੋਲ ਬਹੁਤ ਸਮਾਂ ਰਿਹਾ। ਮੇਰੀ ਅਪਣੀ ਪੜ੍ਹਾਈ ਲੁਧਿਆਣੇ ਤੇ ਚੰਡੀਗੜ੍ਹ ਵਿਚ ਹੋਈ ਤੇ ਮੈਨੂੰ ਬਿਆਸ ਜਾਣ ਦਾ ਮੌਕਾ ਘਟ ਮਿਲਦਾ। ਪਰ ਮੈਂ ਜਦੋਂ ਵੀ ਬਿਆਸ ਜਾਂਦਾ, ਮਾਤਾ ਜੀ ਮੈਨੂੰ ਬੜੇ ਮੋਹ ਨਾਲ ਮਿਲਦੇ। ਮੈਨੂੰ ਲਗਦਾ ਹੈ ਕਿ ਮਾਤਾ ਜੀ ਤੇ ਮੇਰੇ ਵਿਚਕਾਰ ਇਕ ਅਦ੍ਰਿਸ਼ ਸਾਂਝ ਸੀ ਜਿਹੜੀ ਸਦਾ ਕਾਇਮ ਰਹੀ। ਸ਼ਾਇਦ ਸਾਡੀ ਇਹ ਸਾਂਝ ਉਨ੍ਹਾਂ ਦੇ ਕਿਸੇ ਹੋਰ ਪੁੱਤਰ ਜਾਂ ਪੋਤਰੇ ਨਾਲ ਉਨ੍ਹਾਂ ਦੀ ਸਾਂਝ ਨਾਲੋਂ ਵਧੇਰੇ ਪੱਕੀ ਸੀ। ਆਪਣੀ ਜ਼ਿੰਦਗੀ ਦੀ ਆਖ਼ਰੀ ਗੱਲ ਵੀ ਉਨ੍ਹਾਂ ਮੇਰੇ ਨਾਲ ਕੀਤੀ ਜਦੋਂ ਉਹ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਪਏ ਸਨ। "ਆਦੀ! ਆਦੀ!! ਮੈਨੂੰ ਉਠਾ..... ਇਕ ਮਿੰਟ ਲਈ ਉਠਾ...." ਪਰ ਡਾਕਟਰਾਂ ਨੇ ਮੈਨੂੰ ਇਸ ਦੀ ਇਜਾਜ਼ਤ ਨਾ ਦਿੱਤੀ ਤੇ ਮੈਂ ਪਛਤਾਉਂਦਾ ਹੀ ਰਹਿ ਗਿਆ। ਇਹ ਮਾਤਾ ਜੀ ਦੇ ਆਖ਼ਰੀ ਸ਼ਬਦ ਸਨ! ਇਸ ਤੋਂ ਬਾਅਦ ਉਹ ਬੋਲ ਹੀ ਨਾ ਸਕੇ।

ਮੇਰੇ ਪ੍ਰਤੀ ਮਾਤਾ ਜੀ ਦੇ ਵਿਸ਼ੇਸ਼ ਸਨੇਹ ਦੀ ਇਕ ਮਿਸਾਲ ਮੈਨੂੰ ਕਦੇ ਨਹੀਂ ਭੁਲਦੀ। ਵੈਟਰਨਰੀ ਕਾਲਿਜ ਤੋਂ ਆਪਣੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਮੈਂ ਭਾਰਤੀ ਸੈਨਾ ਲਈ ਚੁਣਿਆ ਗਿਆ। ਇਹ ਮੇਰੀ ਜ਼ਿੰਦਗੀ ਦਾ ਇਕ ਉੱਘਾ ਪਲ ਸੀ ਤੇ ਸਾਡੇ ਪਰਿਵਾਰ ਲਈ ਵੀ ਇਹ ਇਕ ਵਿਸ਼ੇਸ਼ ਘਟਨਾ। ਮੇਰੇ ਤਾਇਆ ਜੀ ਦਇਆ ਨੰਦ ਤੋਂ ਬਾਅਦ ਮੈਂ ਫ਼ੌਜ ਵਿਚ ਜਾਣ ਦਾ ਫ਼ੈਸਲਾ ਕੀਤਾ ਸੀ ਤੇ ਮੈਂ ਬੜੇ ਮੁਕਾਬਲੇ ਤੋਂ ਬਾਅਦ ਆਰਮੀ ਵੈਟਰਨਰੀ ਔਫ਼ਸੀਰ ਵਜੋਂ ਚੁਣਿਆ ਗਿਆ ਸਾਂ। ਮਾਤਾ ਜੀ ਆਪ ਮੈਨੂੰ ਰੇਲਵੇਂ ਸਟੇਸ਼ਨ ਤੇ ਵਿਦਾ ਕਰਨ ਲਈ ਆਏ। ਉਨ੍ਹਾਂ ਮੈਨੂੰ ਬੜਾ ਪਿਆਰ ਕੀਤਾ ਤੇ ਨਿੱਘੀ ਆਸ਼ੀਰਵਾਦ ਦਿੱਤੀ। ਉਨ੍ਹਾਂ ਇਹ ਵੀ ਆਖਿਆ ਕਿ ਮੈਂ ਮਿਲਿਟ੍ਰੀ ਦੀ ਨੌਕਰੀ ਨਾ ਛੱਡਾਂ ਤੇ ਕਰਨਲ ਜਾਂ ਜਨਰਲ ਬਣ ਕੇ ਵਾਪਸ ਆਵਾਂ। ਜਦੋਂ ਵੀ ਮੈਂ ਉਨ੍ਹਾਂ ਦੇ ਪੈਰਾਂ ਨੂੰ ਹੱਥ ਲਾਉਂਦਾ ਤਾਂ ਉਹ ਅਜਿਹੇ ਸ਼ਬਦ ਕਹਿੰਦੇ ਜਿਸ ਤੋਂ ਮੈਂ ਮਹਿਸੂਸ ਕਰਦਾ ਸਾਂ ਕਿ ਉਨ੍ਹਾਂ ਦੇ ਦਿਲ ਵਿਚ ਮੇਰੇ ਲਈ ਖ਼ਾਸ ਥਾਂ ਹੈ। ਭਾਵੇਂ ਮੈਂ ਉਨ੍ਹਾਂ ਨੂੰ ਕਈ ਮਹੀਨਿਆਂ ਬਾਅਦ ਮਿਲਣ ਜਾ ਸਕਦਾ, ਮੈਨੂੰ ਉਨ੍ਹਾਂ ਦੇ ਦਿਲ ਵਿਚ ਇਹ ਥਾਂ ਉਸੇ ਤਰ੍ਹਾਂ ਬਰਕਰਾਰ ਜਾਪਦੀ। ਮੇਰੇ ਨਾਲ ਉਹ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਕਰ ਲੈਂਦੇ। ਉਹ ਮੈਨੂੰ ਸਲਾਹ ਦਿੰਦੇ ਵੀ ਤੇ ਮੇਰੇ ਕੋਲੋਂ ਸਲਾਹ ਲੈ ਵੀ ਲੈਂਦੇ। ਮੈਨੂੰ ਉਨ੍ਹਾਂ ਨਾਲ ਬਹਿ ਕੇ ਗੱਲਾਂ ਕਰਨਾ ਬਹੁਤ ਚੰਗਾ ਲਗਦਾ। ਮੈਨੂੰ ਉਨ੍ਹਾਂ ਕੋਲ ਬੜੀ ਸ਼ਾਂਤੀ ਤੇ ਪ੍ਰੇਰਣਾ ਮਿਲਦੀ।

ਜਦੋਂ ਮੈਂ ਛੇ ਸਾਲ ਬਾਅਦ ਆਪਣੀ ਫ਼ੌਜੀ ਨੌਕਰੀ ਤੋਂ ਕੈਪਟਨ ਬਣ ਕੇ ਮੁੜ ਆਇਆ ਤਾਂ ਉਹ ਮੇਰੇ ਨਾਲ ਨਾਰਾਜ਼ ਤਾਂ ਹੋਏ ਪਰ ਗੁੱਸੇ ਨਹੀਂ। ਮੈਂ ਉਨ੍ਹਾਂ ਨੂੰ ਦਸਿਆ ਕਿ ਮੈਂ ਸ਼ੌਰਟ ਸਰਵਿਸ ਕਮੀਸ਼ਨ ਤੇ ਗਿਆ ਸਾਂ ਤੇ ਆਪਣਾ ਕੰਮ ਪੂਰਾ ਕਰ ਕੇ ਆਇਆ ਹਾਂ ਪਰ ਉਨ੍ਹਾਂ ਦੀਆਂ ਆਸਾਂ

ਤਾਂ ਹੋਰ ਸਨ। ਮੇਰੀ ਸ਼ਾਦੀ ਅੰਮ੍ਰਿਤਸਰ ਹੋਈ ਸੀ ਤੇ ਹੁਣ ਮੇਰਾ ਬਿਆਸ ਆਉਣਾ ਜਾਣਾ ਵਧ ਗਿਆ ਸੀ। ਇਸ ਨਾਲ ਮਾਤਾ ਜੀ ਬਹੁਤ ਖ਼ੁਸ਼ ਸਨ। ਮੇਰੀ ਪਤਨੀ ਅਣੂ ਨਾਲ ਉਨ੍ਹਾਂ ਦੀ ਵਿਸ਼ੇਸ਼ ਸਾਂਝ ਪੈਦਾ ਹੋ ਗਈ ਸੀ। ਅਸੀਂ ਪਤੀ-ਪਤਨੀ ਘੰਟਿਆਂ ਬੱਧੀ ਉਨ੍ਹਾਂ ਦੇ ਮੰਜੇ ਤੇ ਬੈਠੇ ਰਹਿੰਦੇ ਤੇ ਖ਼ੂਬ ਗੱਲਾਂ ਕਰਦੇ। ਮੇਰੇ ਬੱਚੇ ਮਿੰਨੂ ਤੇ ਪਾਗੀ ਵੀ ਉਨ੍ਹਾਂ ਨੂੰ ਬਹੁਤ ਪਿਆਰੇ ਲਗਦੇ ਸਨ ਤੇ ਸਾਡੇ ਬਿਆਸ ਆਉਣ ਤੇ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਸੀ। ਮਾਤਾ ਜੀ ਨਾਲ ਬਿਤਾਏ ਪਲ ਸਾਡੀ ਜ਼ਿੰਦਗੀ ਦੀਆਂ ਸਦੀਵੀ ਯਾਦਾਂ ਹਨ ਜਿਨ੍ਹਾਂ ਨਾਲ ਸਾਨੂੰ ਬੜਾ ਸਕੂਨ ਮਿਲਦਾ ਹੈ।

ਮਾਤਾ ਜੀ ਬਹੁਤ ਬਿਰਧ ਹੋ ਗਏ ਸਨ ਤੇ ਉਨ੍ਹਾਂ ਦੀ ਸਿਹਤ ਤੇ ਉਮਰ ਦਾ ਅਸਰ ਦਿਸਣਾ ਸ਼ੁਰੂ ਹੋ ਗਿਆ ਸੀ। ਭਾਵੇਂ ਵਿਜੈ ਤੇ ਵਿਨੀਤ ਦੋਵੇਂ ਡਾਕਟਰ ਸਨ ਤੇ ਉਨ੍ਹਾਂ ਦਾ ਖ਼ਿਆਲ ਵੀ ਰਖਦੇ ਸਨ ਪਰ ਮਾਤਾ ਜੀ ਆਪਣੇ ਇਲਾਜ ਲਈ ਲੁਧਿਆਣੇ ਹੀ ਆਉਣਾ ਪਸੰਦ ਕਰਦੇ ਸਨ। ਅਸੀਂ ਉਨ੍ਹਾਂ ਨੂੰ ਯੂਨੀਵਰਸਿਟੀ ਦੇ ਹਸਪਤਾਲ ਲੈ ਜਾਂਦੇ ਜਿੱਥੇ ਪਹਿਲੋਂ ਡਾ: ਰਤਨ ਸਿੰਘ ਬਾਜਵਾ ਤੇ ਬਾਅਦ ਵਿਚ ਡਾ: ਪੁਸ਼ਪਿੰਦਰ ਸਿੰਘ ਸਿੱਧੂ ਤੋਂ ਉਹ ਆਪਣਾ ਇਲਾਜ ਕਰਵਾਉਂਦੇ। ਕਈ ਵਾਰੀ ਉਨ੍ਹਾਂ ਨੂੰ ਦਇਆ ਨੰਦ ਹਸਪਤਾਲ ਵੀ ਲਿਜਾਣਾ ਪੈਂਦਾ। ਭਾਵੇਂ ਉਹ ਜ਼ਿਆਦਾ ਸਮਾਂ ਬਿਆਸ ਹੀ ਬਿਤਾਉਂਦੇ ਪਰ ਉਨ੍ਹਾਂ ਦਾ ਇਲਾਜ ਲੁਧਿਆਣੇ ਦੇ ਡਾਕਟਰਾਂ ਦੀ ਸਲਾਹ ਅਨੁਸਾਰ ਹੀ ਹੁੰਦਾ। ਇਸ ਕੰਮ ਲਈ ਵੀ ਮੈਂ ਉਨ੍ਹਾਂ ਕੋਲ ਅਕਸਰ ਜਾਂਦਾ ਤੇ ਉਨ੍ਹਾਂ ਦੀ ਸਹਾਇਤਾ ਕਰਦਾ।

ਮਾਤਾ ਜੀ ਨੇ ਆਪਣੀ ਬੀਮਾਰੀ ਦਾ ਮੁਕਾਬਲਾ ਵੀ ਬੜੇ ਹੌਸਲੇ ਤੇ ਵਿਸ਼ਵਾਸ ਨਾਲ ਕੀਤਾ। ਉਨ੍ਹਾਂ ਨੂੰ ਜ਼ਿੰਦਗੀ ਨਾਲ ਬੜਾ ਪਿਆਰ ਸੀ ਤੇ ਉਹ ਸਹੀ ਅਰਥਾਂ ਵਿਚ ਇਕ ਜ਼ਿੰਦਾ-ਦਿਲ ਇਨਸਾਨ ਸਨ। ਉਹ ਜੀਣਾ ਚਾਹੁੰਦੇ ਸਨ, ਹਮੇਸ਼ਾਂ ਲਈ। ਉਹ ਆਪਣਾ ਸੌਵਾਂ ਜਨਮ ਦਿਨ ਮਨਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਉਮਰ ਦੇ ਬਹੁਤੇ ਲੋਕ ਇਹ ਦੁਆ ਕਰਦੇ ਹਨ ਕਿ ਰੱਬ ਉਨ੍ਹਾਂ ਨੂੰ ਮੌਤ ਦੇ ਦੇਵੇ ਤਾਂ ਜੋ ਉਹ ਆਪਣੇ ਦੁੱਖ ਤੋਂ ਛੁਟਕਾਰਾ ਪਾ ਸਕਣ। ਪਰ ਮਾਤਾ ਜੀ ਆਪਣੇ ਦੁੱਖ ਤੇ ਪੀੜ ਨੂੰ ਦਲੇਰੀ ਨਾਲ ਸਹਿੰਦੇ ਸਨ ਤੇ ਜ਼ਿੰਦਗੀ ਲਈ ਲੜਦੇ ਸਨ। ਜਦੋਂ ਮਾਤਾ ਜੀ ਆਪਣੇ ਆਖ਼ਰੀ ਦਿਨਾਂ ਵਿਚ ਹਸਪਤਾਲ ਦੇ ਬਿਸਤਰੇ ਤੇ ਪਏ ਸਨ ਤਾਂ ਉਨ੍ਹਾਂ ਦਾ ਜੀ ਕਰਦਾ ਸੀ ਕਿ ਆਪਣੀਆਂ ਸਾਰੀਆਂ ਪਾਈਪਾਂ ਖਿੱਚ ਕੇ ਸੁੱਟ ਦੇਣ ਦੇ ਉੱਠ ਕੇ ਖੜੇ ਹੋ ਜਾਣ। ਉਨ੍ਹਾਂ ਦੇ ਹਾਵ-ਭਾਵ ਤੋਂ ਲਗਦਾ ਸੀ ਕਿ ਉਹ ਮੌਤ ਨੂੰ ਚੁਣੌਤੀ ਦੇ ਰਹੇ ਹਨ ਜਿਸ ਨੂੰ ਉਹ ਹਰਾ ਦੇਣਾ ਚਾਹੁੰਦੇ ਸਨ। ਭਾਵੇਂ ਇਸ ਜੰਗ ਵਿਚ ਮੌਤ ਜਿੱਤ ਗਈ, ਪਰ ਮਾਤਾ ਜੀ ਇਹ ਜੰਗ ਵੀ ਦਲੇਰਾਂ ਵਾਂਗ ਹਾਰੇ, ਬੁਜ਼ਦਿਲਾਂ ਵਾਂਗ ਨਹੀਂ। ਮੈਂ ਮਿਥਹਾਸ ਵਿਚ ਯਕੀਨ ਨਹੀਂ ਰਖਦਾ ਪਰ ਉਨ੍ਹਾਂ ਨੂੰ ਵੇਖ ਕੇ ਮੈਨੂੰ ਲਗਦਾ ਸੀ ਜਿਵੇਂ ਉਹ ਯਮਾਂ ਨਾਲ ਲੜ ਰਹੇ ਹੋਣ ਤੇ ਅੰਤ ਵਿਚ ਉਹ ਇਸ ਲੜਾਈ ਵਿਚ ਹਾਰ ਗਏ ਪਰ ਪੂਰੇ ਹੌਸਲੇ ਨਾਲ। ਤੇ ਜਦੋਂ ਮੈਂ 21 ਜੁਲਾਈ 2004 ਨੂੰ ਲਗ ਭਗ 11 ਵਜੇ ਇਸ ਅੰਤਿਮ ਲੜਾਈ ਦੇ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਦੇ

ਚਿਹਰੇ ਨੂੰ ਵੇਖਿਆ ਤਾਂ ਮੈਨੂੰ ਲਗਿਆ ਜਿਵੇਂ ਆਖ ਰਹੇ ਹੋਣ : "ਤੇਰੇ ਸੁਪਨੇ ਦੀ ਰਾਣੀ ਹਾਰੀ ਨਹੀਂ ਆਦੀ! ਉਹ ਤੇਰੇ ਸੁਫ਼ਨਿਆਂ ਵਿਚ ਸਦਾ ਜ਼ਿੰਦਾ ਰਹੇ ਗੀ!!"

ਜੇ ਇਸ ਦੇਸ਼ ਦੀਆਂ ਦਸ ਪ੍ਰਤੀਸ਼ਤ ਔਰਤਾਂ ਵੀ ਭਰਾਵਾਂ ਬਾਈ ਵਾਂਗ ਪੱਕੇ ਇਰਾਦੇ ਸਪੱਸ਼ਟ ਸੋਚ, ਪਰਿਵਾਰਕ ਪ੍ਰੇਮ, ਸਮਾਜਕ ਸੂਝ, ਵਿਸ਼ਾਲ ਦ੍ਰਿਸ਼ਟੀ, ਵਿਵੇਕਪੂਰਵਕ ਵਤੀਰੇ,ਤੇ ਮਨੁੱਖੀ ਕਦਰਾਂ ਦੀਆਂ ਧਾਰਣੀ ਬਣ ਸਕਣ ਤਾਂ ਉਹ ਦੇਸ਼ ਤੇ ਰਾਜ ਕਰ ਸਕਦੀਆਂ ਹਨ, ਇਹ ਮੇਰਾ ਵਿਸ਼ਵਾਸ਼ ਹੈ।

**ਡਾ. ਆਦਿਤਯ ਸੇਵਕ**
2998, ਗੁਰਦੇਵ ਨਗਰ
ਲੁਧਿਆਣਾ।

## ਸ਼ਰਧਾਂਜਲੀ

### ਕਾਬਿਲ-ਏ-ਤਾਜ਼ੀਮ ਮੋਹਤਰਮਾ

## ਭਰਾਵਾਂ ਬਾਈ ਜੀ

(ਸ਼ਰੀਕ-ਏ-ਹੱਯਾਤ ਆਂਜਹਾਨੀ ਹਕੀਮ ਟਿਕਾਇਆ ਰਾਮ ਜੀ)

ਕੀ ਮੁਕੱਦਸ ਯਾਦ ਕੇ ਨਾਮ

# ਗੁਲਹਾ-ਏ-ਅਕੀਦਤ

- ਸਰਦਾਰ ਪੰਛੀ

ਆਓ ਮਿਲ ਜੁਲ ਕਰ ਕਰੇਂ, ਯਾਦ-ਏ-ਸਬਾ ਸੇ ਗੁਫ਼ਤਗੂ।
ਜਲ ਕੇ ਸ਼ੱਮਾ ਨੇ ਜੋ ਬਾਂਟੀ, ਉਸ ਜ਼ਿਯਾ ਸੇ ਗੁਫ਼ਤਗੂ।
ਅਜ਼ਮਤ-ਏ-ਕਿਰਦਾਰ ਥੀ ਜੋ, ਉਸ ਰਿਦਾ ਸੇ ਗੁਫ਼ਤਗੂ।
ਰਾਹ-ਏ-ਮੰਜ਼ਿਲ ਕੀ ਜ਼ਮਾਨਤ, ਨਕਸ਼-ਏ-ਪਾ ਸੇ ਗੁਫ਼ਤਗੂ।
ਜੋ ਗਦਾ ਕੋ ਸ਼ਾਹ ਕਰ ਦੇ, ਉਸ ਹੁਮਾ ਸੇ ਗੁਫ਼ਤਗੂ।
ਨਾਵ ਸੇ ਗਿਰਦਾਬ ਸੇ, ਔਰ ਨਾ ਖ਼ੁਦਾ ਸੇ ਗੁਫ਼ਤਗੂ।

ਗੁਫ਼ਤਗੂ ਕੇ ਇਤਨੇ ਪਹਿਲੂ, ਔਰ ਖ਼ਿਲਵਤ ਏਕ ਹੈ।
ਨੇਕੀਆਂ ਹੀ ਨੇਕੀਆਂ ਹੈਂ, ਔਰ ਖ਼ਸਲਤ ਏਕ ਹੈ।
ਕਿਤਨੇ ਹੀ ਅਲਫ਼ਾਜ਼ ਹੈਂ, ਲੇਕਿਨ ਫ਼ਸਾਹਤ ਏਕ ਹੈ।
ਮੁਖ਼ਤਲਿਫ ਅਮਰਾਜ਼ ਮੇਂ ਭੀ, ਸਬ ਕੀ ਹਿਕਮਤ ਏਕ ਹੈ।
ਏਕ ਟਹਿਨੀ ਇਕ ਸ਼ਜਰ ਹੈ, ਸਬ ਕੀ ਰੰਗਤ ਏਕ ਹੈ।
ਫੂਲ ਭੀ ਹੈਂ ਫਲ ਭੀ ਹੈਂ, ਕਲੀਆਂ ਹੈਂ ਸੂਰਤ ਏਕ ਹੈ।

ਲਫ਼ਜ਼ ਤਨਹਾ ਜਾਨਤਾ ਹੈ, ਬਾਤ ਕੇ ਬਾਰੇ ਮੇਂ ਸਬ।
ਕਤਰਾ ਕਤਰਾ ਜਾਨੇ ਹੈ, ਬਰਸਾਤ ਕੇ ਬਾਰੇ ਮੇਂ ਸਬ।

ਏਕ ਜੁਗਨੂ ਜਾਨਤਾ ਹੈ, ਰਾਤ ਕੇ ਬਾਰੇ ਮੇਂ ਸਬ।
ਧੜਕਨੋਂ ਕੋ ਹੈ ਪਤਾ, ਖ਼ਤਰਾਤ ਕੇ ਬਾਰੇ ਮੇਂ ਸਬ।
ਆਜ ਮੌਕਾ ਹੈ ਭਰਾਵਾਂ ਬਾਈ ਕੋ ਪਹਿਚਾਨ ਲੇਂ।
ਉਨ ਕੇ ਅਜ਼ਮ-ਏ-ਮੁਸਤਕਿਲ ਕੋ ਅਪਨੀ ਮੰਜ਼ਿਲ ਜਾਨ ਲੇਂ।

ਦਰਦ ਬੇਵਾ ਕਾ ਮਿਲਾ ਤੋ, ਭਰ ਜਵਾਨੀ ਮੇਂ ਮਿਲਾ।
ਹਾਦਸਾ ਯਿਹ ਮੌਤ ਬਨ ਕਰ, ਜ਼ਿੰਦਗਾਨੀ ਮੇਂ ਮਿਲਾ।
ਤਿਸ਼ਨਗੀ ਕਾ ਗ਼ਮ ਲਬੋਂ ਕੋ, ਖਾਰੇ ਪਾਨੀ ਮੇਂ ਮਿਲਾ।
ਹੌਸਲਾ ਜੀਨੇ ਕਾ ਲੇਕਿਨ, ਜਾਂਫਸ਼ਾਨੀ ਮੇਂ ਮਿਲਾ।
ਉਂਗਲੀਓਂ ਨੇ ਉਨ ਕੀ ਐਸੀ, ਰਗ ਸ਼ਨਾਸੀ ਜਾਨ ਲੀ।
ਹਰ ਮਰਜ਼ ਕੀ ਰੂਪ ਮੇਂ, ਹਿਕਮਤ ਕੀ ਚਾਦਰ ਤਾਨ ਲੀ।

ਹਰ ਨਈ ਤਹਰੀਕ ਲੀ, ਘਰ ਕੇ ਦਰੋ-ਦੀਵਾਰ ਸੇ।
ਜਾਨਿਬੇ ਮੰਜ਼ਿਲ ਬੜ੍ਹੀਂ ਤੋ, ਗਰਮੀ-ਏ-ਰਫ਼ਤਾਰ ਸੇ।
ਫ਼ਲਸਫ਼ੀ ਇਕ ਬੋਲਤਾ ਥਾ, ਆਪ ਕੀ ਗੁਫ਼ਤਾਰ ਸੇ।
ਜਿਸ ਤਰਹ ਬੋਲੇ ਹੈ ਕੋਇਲ, ਪੇੜ ਸਾਇਆਦਾਰ ਸੇ।
ਮਿਲ ਗਈ ਨਾਜ਼ੁਕ ਖ਼ਿਆਲੀ, ਐਸੀ ਆਰਯ ਦੌਰ ਸੇ।
ਜੁੜ ਗਿਆ ਬੇਲੌਸ ਰਿਸ਼ਤਾ, ਉਨ ਕਾ ਦਰਦ-ਏ-ਗ਼ੈਰ ਸੇ।

ਸ਼ੌਹਰ ਉਨ ਕਾ ਕਿਆ ਗਯਾ, ਆਂਗਨ ਕੀ ਖ਼ੁਸ਼ਹਾਲੀ ਗਯੀ।
ਔਰ ਹਯਾਤ-ਏ-ਖ਼ੁਸ਼ਨੁਮਾ ਕੇ, ਰੁਖ਼ ਸੇ ਭੀ ਲਾਲੀ ਗਯੀ।
ਨਰਸ ਬਨ ਕਰ ਘਰ ਸੰਭਾਲਾ, ਘਰ ਸੇ ਕੰਗਾਲੀ ਗਯੀ।
ਲੋਕ ਹੈਰਾਂ ਥੇ ਕਿ ਕੈਸੇ, ਇਨ ਕੀ ਬਦਹਾਲੀ ਗਯੀ।
ਉਨ ਕੀ ਦੂਰ ਅੰਦੇਸ਼ੀ ਨੇ ਹੱਲ, ਕਰ ਦਿਯੇ ਮੁਸ਼ਕਿਲ ਸਵਾਲ।
ਉਨ ਕੇ ਬੱਚੋਂ ਕੋ ਮੁਵਾਫ਼ਿਕ, ਆ ਗਯਾ ਰਿਜ਼ਕ-ਏ-ਹਲਾਲ।

ਦਇਆ ਨੰਦ ਫ਼ਰਜ਼ਮੰਦ ਉਨ ਕਾ, ਫ਼ੌਜੀ ਅਫ਼ਸਰ ਬਨ ਗਯਾ।
ਸਤਿਆ ਨੰਦ ਸੇਵਕ ਭੀ ਪੀ.ਏ.ਯੂ., ਮੇਂ ਪ੍ਰੋਫ਼ੈਸਰ ਹੁਆ।
ਈਸ਼ਵਰ ਦੇਵੀ ਕੋ ਭੀ ਤਦਰੀਸ, ਕਾ ਮੌਕਾ ਮਿਲਾ।

ਅੰਮ੍ਰਿਤਾ ਨੇ ਅਰਸ਼ ਅਪਨੀ, ਉਂਗਲੀਓਂ ਸੇ ਛੂ ਲਿਆ।
ਚਸ਼ਮਾ-ਏ-ਤਹਰੀਕ ਉਨ ਕੇ, ਥੇ ਸਵਾਮੀ ਇੰਦ੍ਰਵੇਸ਼।
ਔਰ ਮੁਆਵਿਨ ਸਰਵਾਨੰਦ ਜੀ, ਔਰ ਸਵਾਮੀ ਅਗਨੀਵੇਸ਼।

ਆਪ ਕਾ ਥਾ ਪ੍ਰੇਮ ਗੀਤਾ, ਵੇਦ ਔਰ ਕੁਰਆਨ ਸੇ।
ਵਾਲਿਹਾਨਾ ਇਸ਼ਕ ਭੀ ਥਾ, ਈਸ਼ਵਰ ਕੇ ਗਿਆਨ ਸੇ।
ਹਕ ਔਰ ਸਚ ਤੋ ਥੇ ਪਿਆਰੇ, ਉਨ ਕੋ ਅਪਨੀ ਜਾਨ ਸੇ।
ਔਰ ਸੱਚਾ ਪਿਆਰ ਅਪਨੇ, ਦੇਸ਼ ਹਿੰਦੁਸਤਾਨ ਸੇ।
ਸ਼ਖ਼ਸੀਅਤ ਕਾ ਰੰਗ ਅਯਾਂ ਹੈ, ਉਨ ਕੇ ਇਸ ਫ਼ਰਮਾਨ ਸੇ।
ਜੀਨਾ ਭੀ ਹੈ ਸ਼ਾਨ ਸੇ ਤੋ, ਮਰਨਾ ਭੀ ਹੈ ਸ਼ਾਨ ਸੇ।

ਆਓ ਚਲਨਾ ਹਮ ਭੀ ਸੀਖੇਂ,ਜ਼ਿੰਦਗੀ ਕੇ ਸਾਥ ਸਾਥ।
ਅਪਨੀ ਸ਼ੱਮਾ ਔਰ ਅਪਨੀ, ਰੌਸ਼ਨੀ ਕੇ ਸਾਥ ਸਾਥ।
ਬਨ ਕੇ ਸਾਗਰ ਭੀ ਚਲੇਂ, ਅਬ ਤਿਸ਼ਨਗੀ ਕੇ ਸਾਥ ਸਾਥ।
ਔਰ ਬਹੇਂ ਬਨ ਕਰ ਅਜ਼ੀਜ਼ੇ, ਹਮ ਨਦੀ ਕੇ ਸਾਥ ਸਾਥ।
ਕਿ ਨਯੇ ਅੰਦਾਜ਼ ਕੇ, ਦੈਰ-ਓ-ਹਰਮ ਕੋ ਚੂਮ ਕਰ।
ਔਰ ਭਰਾਵਾਂ ਬਾਈ ਕੇ, ਨਕਸ਼-ਏ-ਕਦਮ ਕੋ ਚੂਮ ਕਰ।

ਯਾਦ ਇਕ ਬਾਦ-ਏ-ਸਬਾ ਹੈ, ਰੋਜ਼ ਆਤੀ ਜਾਏ ਗੀ।
ਯਿਹ ਹੈ ਸ਼ੱਮਾ ਜੋ ਉਜਾਲੇ, ਹੀ ਲੁਟਾਤੀ ਜਾਏ ਗੀ।
ਚਾਹੇ ਜੁਗਨੂ ਕੀ ਤਰਹ ਹੀ, ਟਿਮਟਿਮਾਤੀ ਜਾਏ ਗੀ।
ਗੁਮਰਹੀ ਕੋ ਰਾਸਤਾ, ਫਿਰ ਵੀ ਦਿਖਾਤੀ ਜਾਏ ਗੀ।
ਯਿਹ ਹੈ ਰੰਗ-ਏ-ਦਰਸ ਐਸੇ, ਸੰਗ ਕੋ ਕਰ ਕੇ ਗੁਲਾਬ
ਇਨ ਸੇ ਜੋ ਕੁਛ ਸੀਖ ਲੇਂਗੇ, ਵੋਹ ਹੀ ਹੋਂਗੇ ਕਾਮਯਾਬ।

ਨਤੀਜਾ-ਏ-ਫ਼ਿਕਰ

**ਸਰਦਾਰ ਪੰਛੀ**

ਨਸ਼ੇਮਨ, ਪੰਜਾਬ ਮਾਤਾ ਨਗਰ

ਲੁਧਿਆਣਾ-141013 ਫ਼ੋਨ : 0161-2564165

ਮੇਰੇ ਗ਼ਜ਼ਲ-ਕਾਵਿ ਸੰਗ੍ਰਹਿ 'ਰੁੱਤ ਕੰਡਿਆਲੀ' ਦੀ ਅੰਤਿਮ ਕਵਿਤਾ

## ਸਮੱਰਪਣ

ਇਹ ਗ਼ਜ਼ਲਾਂ ਤੇ ਕਵਿਤਾਵਾਂ
ਤੈਨੂੰ ਸਮਰਪਿਤ ਹਨ ਮਾਂ
ਜਿਸ ਨੇ ਆਪਣੇ ਦੁੱਧ ਦੇ ਨਾਲ ਨਾਲ
ਮੈਨੂੰ ਆਪਣੀ ਮਾਂ-ਬੋਲੀ ਦਾ ਅੰਮ੍ਰਿਤ ਵੀ ਪਿਆਇਆ
ਤੇ ਮੇਰੀ ਤੋਤਲੀ ਜ਼ਬਾਨ ਨੂੰ
ਨਿੱਕੇ ਨਿੱਕੇ ਆਮ ਲਫ਼ਜ਼ਾਂ ਤੋਂ ਲੈ ਕੇ
ਮਾਂ ਬੋਲੀ ਦੇ ਅਮੀਰ ਖ਼ਜ਼ਾਨੇ ਵਿੱਚੋਂ
ਅਣਗਿਣਤ ਸ਼ਬਦਾਂ ਦਾ ਪ੍ਰਯੋਗ ਸਿਖਾਇਆ।

ਮਾਂ!
ਤੇਰਾ ਖ਼ਿਆਲ ਆਉਂਦਿਆਂ ਹੀ
ਮੈਨੂੰ ਨਸੀਮ ਇਜ਼ਕੀਅਲ ਦੀ ਨਜ਼ਮ
"ਦ' ਨਾਈਟ ਅਯੌਫ ਦ' ਸਕੌਰਪੀਅਨ" ਦੀ
ਯਾਦ ਆਉਂਦੀ ਹੈ
ਜਿਸ ਵਿਚ ਇਕ ਨੂੰਹੇਂ-ਡੰਗੀ ਮਾਂ
ਵੀਹ ਘੰਟੇ ਦੀ ਅਸਹਿ ਪੀੜ ਤੋਂ ਬਾਅਦ
ਕੇਵਲ ਇੰਨਾ ਹੀ ਆਖਦੀ ਹੈ
"ਸ਼ੁਕਰ ਹੈ ਰੱਬਾ ਕਿ ਇਸ ਅਜ਼ਾਬ ਲਈ
ਤੂੰ ਮੇਰੇ ਕਿਸੇ ਬੱਚੇ ਦੀ ਥਾਵੇਂ ਮੈਨੂੰ ਚੁਣਿਆ!"

ਕਿੰਨੀ ਵਾਰ ਮੇਰੀ ਸਿਹਤ ਤੇ ਸਲਾਮਤੀ ਲਈ

ਤੂੰ ਜਾਨ ਤਕ ਵਾਰਣ ਤੋਂ ਗੁਰੇਜ਼ ਨਹੀਂ ਕੀਤਾ।
ਕੀ ਮੈਂ ਭੁੱਲ ਸਕਦਾਂ
ਕਿ ਆਪਣੇ ਬੱਚਿਆਂ ਨੂੰ ਧਾੜਵੀਆਂ ਤੋਂ ਬਚਾਉਣ ਲਈ
ਤੂੰ ਕੋਠੇ ਤੋਂ ਛਾਲ ਮਾਰ ਦਿੱਤੀ
ਤੇ ਸਾਨੂੰ ਆਪਣੇ ਖੰਭਾਂ ਹੇਠ ਲੈ ਲਿਆ
ਉਨ੍ਹਾਂ ਬਾਜ਼ਾਂ ਦੀ ਨਜ਼ਰ ਤੋਂ ਲੁਕਾਉਣ ਲਈ।
ਜਾਂ ਅਜੇ ਕੁਝ ਹੀ ਸਾਲ ਪਹਿਲੇ
ਤੂੰ ਇਕੱਲੀ ਮੌਤ ਨਾਲ ਜੂਝਦੀ ਰਹੀ
ਤੇ ਮੈਨੂੰ ਖ਼ਬਰ ਤਕ ਨਾ ਕੀਤੀ
ਤਾਂ ਜੋ ਮੇਰੀ ਜ਼ਿੰਦਗੀ ਦਾ ਇਕ ਔਖਾ ਕੰਮ
ਨਿਰਵਿਘਨ ਸਮਾਪਤ ਹੋ ਜਾਵੇ।
ਪਤਾ ਨਹੀਂ ਕਿੰਨੀ ਵਾਰ ਤੂੰ
ਮੇਰੇ ਬਚਪਨ ਤੋਂ ਲੈ ਕੇ ਹੁਣ ਤਕ
ਮੇਰੀ ਖ਼ਾਤਿਰ ਅਜਿਹੇ ਤਸੀਹੇ ਝੱਲੇ ਨੇ
ਜਿਹੜੇ ਬਸ ਮਾਂ ਹੀ ਝੱਲ ਸਕਦੀ ਹੈ।

ਪਤਾ ਨਹੀਂ ਇੰਨ੍ਹਾਂ ਗ਼ਜ਼ਲਾਂ ਤੇ ਕਵਿਤਾਵਾਂ ਵਿਚ
ਮੈਂ ਕਿਸੇ ਥਾਂ ਅਚੇਤ ਜਾਂ ਸਚੇਤ
ਤੇਰੇ ਨਾਲ ਜੁੜਿਆ ਹਾਂ
ਪਰ ਮੈਨੂੰ ਇੰਨਾ ਪਤਾ ਜ਼ਰੂਰ ਹੈ
ਕਿ ਇਹ ਸਾਰੇ ਅਹਿਸਾਸ
ਤੇਰੇ ਕੋਮਲ ਅਹਿਸਾਸਾਂ ਦਾ ਹੀ ਅੰਗ ਨੇ
ਇਕ ਛੋਟਾ ਜਿਹਾ ਅੰਗ
ਤੇਰੇ ਸਾਗਰ ਜਿੱਡੇ ਵਿਸ਼ਾਲ ਹਿਰਦੇ ਦੀ
ਬਸ ਇਕ ਤਰੰਗ।

ਅਸਲ ਵਿਚ ਦੁਨੀਆਂ ਦੀ ਪਹਿਲੀ ਕਵਿਤਾ
ਮਾਂ ਨੇ ਹੀ ਲਿਖੀ ਸੀ
ਤੇ ਹਰ ਮਾਂ ਬੱਚੇ ਦੀ ਸ਼ਕਲ ਵਿਚ

ਇਕ ਲੰਮੀ ਕਵਿਤਾ ਸਿਰਜਦੀ ਹੈ
ਇਕ ਸਦੀਵੀ ਗ਼ਜ਼ਲ ਲਿਖਦੀ ਹੈ
ਇਕ ਅਮਰ ਗੀਤ ਗਾਉਂਦੀ ਹੈ
ਜ਼ਿੰਦਗੀ ਦਾ।

ਸਮੇਂ ਨੇ ਤੇਰੇ ਮੋਹ ਭਰੇ ਮੁਖੜੇ ਤੇ
ਅਣਗਿਣਤ ਲੀਕਾਂ ਪਾ ਦਿੱਤੀਆਂ ਨੇ
ਤੇ ਤੇਰੇ ਸੁਡੌਲ ਸਰੀਰ ਨੂੰ
ਨਿਰਬਲ ਤੇ ਨਿਤਾਣਾ ਬਣਾ ਦਿੱਤਾ ਹੈ
ਪਰ ਸਮੇਂ ਨਾਲੋਂ ਵੀ ਕਿਤੇ ਵਧ
ਤੇਰੇ ਇਕ ਲਾਲ ਦੇ ਵਿਛੋੜੇ ਨੇ
ਤੈਨੂੰ ਮਰੋੜ ਕੇ ਰੱਖ ਦਿੱਤਾ
ਸ਼ਾਇਦ ਮੇਰੇ ਬਾਪ ਦੀ ਜੁਦਾਈ ਨੇ
ਜਾਂ ਤੇਰੇ ਸਰੀਰਕ ਰੋਗ ਨੇ ਵੀ
ਤੈਨੂੰ ਇਨਾ ਸੰਤਾਪ ਨਹੀਂ ਸੀ ਦਿੱਤਾ
ਜਿਨਾ ਇਸ ਗ਼ਮ ਨੇ ਦਿੱਤਾ ਹੈ
ਮੋਹਨ ਸਿੰਘ ਨੇ ਠੀਕ ਹੀ ਤਾਂ ਆਖਿਆ ਸੀ :
"ਮਾਂ ਇਕ ਅਜਿਹੀ ਘਣ-ਛਾਵਾਂ ਬੂਟਾ ਹੈ
ਜਿਹੜਾ ਜੜ੍ਹਾਂ ਦੀ ਬਜਾਏ
ਫੁੱਲ ਸੁੱਕਣ ਤੇ ਮੁਰਝਾ ਜਾਂਦਾ ਹੈ।"

ਕਈ ਵਾਰੀ ਮੈਂ ਸੋਚਦਾ ਹਾਂ
ਕਿ ਕੀ ਤੇਰੇ ਅਹਿਸਾਨਾਂ ਦਾ ਬਦਲਾ
ਮੈਂ ਕਦੇ ਚੁਕਾ ਵੀ ਸਕਾਂ ਗਾ?
ਮਨ ਝਟ ਆਖਦਾ ਹੈ
ਇਹ ਕਦੇ ਹੋ ਹੀ ਨਹੀਂ ਸਕਦਾ
ਫਿਰ ਭਲਾ ਇਹ ਗ਼ਜ਼ਲਾਂ ਤੇ ਕਵਿਤਾਵਾਂ
ਤੈਨੂੰ ਸਮਰਪਿਤ ਕਰ ਕੇ
ਮੈਂ ਕੋਈ ਅਹਿਸਾਨ ਚੁਕਾ ਰਿਹਾਂ ?

ਨਹੀਂ, ਇਹ ਗੱਲ ਨਹੀਂ
ਮੈਂ ਤਾਂ ਤੇਰੇ ਅਹਿਸਾਸਾਂ ਦੇ ਖ਼ਜ਼ਾਨੇ 'ਚੋਂ
ਇਹ ਥੋੜ੍ਹੇ ਜਿਹੇ ਅਹਿਸਾਸ
ਆਪਣੀ ਚੇਤਨਾ ਦੇ ਮਾਧਿਅਮ ਰਾਹੀਂ
ਦੁਨੀਆਂ ਨਾਲ ਸਾਂਝੇ ਕਰ ਰਿਹਾਂ
ਤੇ ਇਸ ਨਾਲ ਇਕਬਾਲ ਕਰ ਰਿਹਾਂ
ਕਿ ਇਨ੍ਹਾਂ ਵਿਚ ਮੇਰਾ ਕੁਝ ਨਹੀਂ
ਜੋ ਕੁਝ ਵੀ ਹੈ
ਮੂਲ ਰੂਪ ਵਿਚ ਤੇਰਾ ਹੈ!

ਪਰ ਮਾਂ!
ਮੈਂ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾਂ
ਕਿ ਹਰ ਮਾਂ ਤੇਰਾ ਰੂਪ ਹੁੰਦੀ ਹੈ
ਕਿ ਹਰ ਮਾਂ ਕਵਿਤਾ ਸਿਰਜਦੀ ਹੈ
ਕਿ ਹਰ ਮਾਂ ਗ਼ਜ਼ਲ ਲਿਖਦੀ ਹੈ
ਕਿ ਹਰ ਮਾਂ ਗੀਤ ਗਾਉਂਦੀ ਹੈ
ਇਸੇ ਲਈ ਇਹ ਗ਼ਜ਼ਲਾਂ ਤੇ ਕਵਿਤਾਵਾਂ
ਤੈਨੂੰ ਸਮਰਪਿਤ ਹਨ!
ਹਰ ਮਾਂ ਨੂੰ ਸਮਰਪਿਤ ਹਨ!!

# ਚਿਤ੍ਰਾਵਲੀ

SUCHET